**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage

**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet Mon to Sat. 11am to 3pm Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455 Raj Shergill
rajsshergill@yahoo.com Associate Broker

Twenty First Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 22, May 30, 2020 20451 N. Plum Grove Rd., Palatine, IL 60074 Ph:847-359-0746, Fax:847-705-9388

## ਵਤਨ ਵਾਪਸੀ ਬਹਾਨੇ ਪਰਵਾਸੀ ਭਾਰਤੀਆਂ ਦੀ ਲੁੱਟ

### ਵੰਦੇ ਭਾਰਤ ਮਿਸ਼ਨ ਸਵਾਲਾਂ ਦੇ ਘੇਰੇ 'ਚ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਅਤੇ ਲੌਕਡਾਊਨ ਕਾਰਨ ਵਿਦੇਸ਼ਾਂ ਵਿਚ ਫਸੇ ਭਾਰਤੀਆਂ ਦੀ ਵਾਪਸੀ ਲਈ ਚਲਾਇਆ ਵੰਦੇ ਭਾਰਤ ਮਿਸ਼ਨ ਸਵਾਲਾਂ ਦੇ ਘੇਰੇ ਵਿਚ ਆ ਗਿਆ ਹੈ। ਸਰਕਾਰ ਦਾਅਵਾ ਕਰ ਰਹੀ ਹੈ ਕਿ ਪਿਛਲੇ 30 ਸਾਲਾਂ ਵਿਚ ਇਹ ਸਭ ਤੋਂ ਵੱਡਾ ਏਅਰ ਲਿਫਟ ਹੈ, ਪਰ ਇਸ ਮਿਸ਼ਨ ਆਸਰੇ ਕਿਸ ਤਰ੍ਹਾਂ ਪਰਵਾਸੀਆਂ ਦੀ ਲੁੱਟ ਹੋ ਰਹੀ ਹੈ, ਇਸ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ ਹਨ।

ਵਿਦੇਸ਼ਾਂ ਤੋਂ ਪਰਤੇ ਲੋਕ ਸਵਾਲ ਕਰ ਰਹੇ ਹਨ ਕਿ ਇਕ ਪਾਸੇ ਮੋਦੀ ਸਰਕਾਰ ਇਸ ਨੂੰ 'ਮਿਸ਼ਨ' ਐਲਾਨ ਦਾਅਵਾ ਕਰ ਰਹੀ ਹੈ ਕਿ ਬਿਪਤਾ ਦੀ ਘੜੀ ਵਿਚ ਸਰਕਾਰ ਉਨ੍ਹਾਂ ਦੇ ਨਾਲ ਖੜ੍ਹੀ ਹੈ, ਦੂਜੇ ਪਾਸੇ 3 ਗੁਣਾ ਭਾੜਾ ਵਸੂਲ ਕੇ ਉਨ੍ਹਾਂ ਦੀ ਲੁੱਟ ਕੀਤੀ ਜਾ ਰਹੀ ਹੈ। ਇਹੀ ਨਹੀਂ, ਜਦੋਂ ਇਹ ਲੋਕ ਦਿੱਲੀ ਜਾਂ ਅੰਮ੍ਰਿਤਸਰ ਹਵਾਈ ਅੱਡੇ ਉਤੇ ਉਤਰਦੇ ਹਨ ਤਾਂ ਉਨ੍ਹਾਂ ਅੱਗੇ ਮਹਿੰਗੇ ਹੋਟਲਾਂ ਦੀ ਲਿਸਟ ਰੱਖ ਦਿੱਤੀ ਜਾਂਦੀ ਹੈ, ਜੋ 4 ਤੋਂ 5 ਹਜ਼ਾਰ ਰੁਪਏ ਇਕ ਦਿਨ ਦੇ ਲੈ ਰਹੇ ਹਨ। ਮੈਲਬਰਨ ਤੋਂ ਅੰਮ੍ਰਿਤਸਰ ਪੁੱਜੇ ਕੁਝ ਨੌਜਵਾਨਾਂ ਦਾ ਕਹਿਣਾ ਹੈ ਕਿ ਸਰਕਾਰ ਪੰਜਾਬ ਪੁੱਜਣ ਉਤੇ ਕਰੋਨਾ ਤੋਂ ਬਚਾਅ ਲਈ ਸਮਾਜਿਕ ਦੂਰੀਆਂ ਦੀ ਗੱਲ ਕਰਦੀ ਹੈ ਪਰ ਏਅਰ ਇੰਡੀਆ ਦੇ ਜਹਾਜ਼ ਵਿਚ ਉਨ੍ਹਾਂ ਨੂੰ ਤੂੜ ਕੇ ਲਿਆਂਦਾ ਗਿਆ। ਕੁਝ ਪਰਵਾਸੀਆਂ ਦੀ ਇਹ ਵੀ ਸ਼ਿਕਾਇਤ ਹੈ ਕਿ ਉਨ੍ਹਾਂ ਨੂੰ ਕਰੋਨਾ ਸ਼ੱਕੀ ਦੱਸ ਕੇ ਵੱਖ ਕੀਤਾ ਹੋਇਆ ਹੈ ਪਰ ਨਾ ਤਾਂ ਉਨ੍ਹਾਂ ਦੇ ਟੈਸਟ ਕੀਤੇ ਜਾ ਰਹੇ ਹਨ ਤੇ ਨਾ ਕੋਈ ਡਾਕਟਰੀ ਸਹਾਇਤਾ ਦਿੱਤੀ ਜਾ ਰਹੀ ਹੈ।

ਹਵਾਈ ਅੱਡੇ ਉਤਰਦੇ ਹੀ ਹੋਟਲ ਨੇ 7 ਦਿਨਾਂ ਦੇ ਐਡਵਾਂਸ ਪੈਸੇ ਲੈ ਕੇ ਉਨ੍ਹਾਂ ਨੂੰ ਦਾਖਲ ਹੋਣ ਦਿੱਤਾ। ਮੈਲਬਰਨ ਤੋਂ ਹਰਸੁਖਬੀਰ ਸਿੰਘ ਨੇ ਸਰਕਾਰੀ ਨੀਅਤ ਉਤੇ ਸਵਾਲ ਚੁੱਕਦੇ ਹੋਏ ਕਿਹਾ ਕਿ ਭਾਰਤ ਨੇ ਜਿਹੜਾ ਵੰਦੇ ਭਾਰਤ ਮਿਸ਼ਨ

*(ਬਾਕੀ ਸਫਾ 6 ਉਤੇ)*



### ਪਰਵਾਸੀਆਂ ਨੂੰ ਇਕਾਂਤਵਾਸ 'ਚੋਂ ਹਫਤੇ ਬਾਅਦ ਮਿਲੇਗੀ ਛੁੱਟੀ

ਪੰਜਾਬ ਸਰਕਾਰ ਨੇ ਵਿਦੇਸ਼ ਤੋਂ ਆਉਣ ਵਾਲੇ ਵਿਅਕਤੀਆਂ ਨੂੰ ਇਕਾਂਤਵਾਸ ਕਰਨ ਸਬੰਧੀ ਨਵੀਆਂ ਸੇਧਾਂ ਜਾਰੀ ਕੀਤੀਆਂ ਹਨ। ਇਨ੍ਹਾਂ ਸੇਧਾਂ ਮੁਤਾਬਕ ਵਿਦੇਸ਼ ਤੋਂ ਆਉਣ ਵਾਲੇ ਵਿਅਕਤੀ ਨੂੰ ਹੋਟਲ ਵਿਚ ਸਰਕਾਰੀ ਨਿਗਰਾਨੀ ਵਾਲੇ ਇਕਾਂਤਵਾਸ ਕੇਂਦਰ ਤੋਂ ਇਕ ਹਫਤੇ ਬਾਅਦ ਘਰ ਭੇਜ ਕੇ ਘਰ ਅੰਦਰ ਸੱਤ ਦਿਨਾਂ ਲਈ ਇਕਾਂਤ ਵਿਚ ਰਹਿਣ ਦੀ ਵਿਵਸਥਾ ਕੀਤੀ ਗਈ ਹੈ। ਇਸ ਦੇ ਨਾਲ ਹੀ ਹਰੇਕ ਵਿਅਕਤੀ ਨੂੰ ਰਾਜ ਸਰਕਾਰ ਵੱਲੋਂ ਬਣਾਈ ਗਈ 'ਕੋਵਾ' ਐਪ ਆਪਣੇ ਮੋਬਾਈਲ ਫੋਨ 'ਤੇ ਲਾਜ਼ਮੀ ਅਪਲੋਡ ਕਰਨੀ ਪਵੇਗੀ। ਸਿਹਤ ਵਿਭਾਗ ਵੱਲੋਂ ਜਾਰੀ ਸੇਧਾਂ ਮੁਤਾਬਕ ਵਿਦੇਸ਼ ਤੋਂ ਆਉਣ ਵਾਲੇ ਵਿਅਕਤੀ ਦੀ ਸਕਰੀਨਿੰਗ ਦੌਰਾਨ ਜੇਕਰ ਪਾਜ਼ੇਟਿਵ ਲੱਛਣ ਪਾਏ ਜਾਂਦੇ ਹਨ ਤਾਂ ਸਰਕਾਰੀ ਆਈਸੋਲੇਸ਼ਨ ਕੇਂਦਰ ਵਿਚ ਭੇਜਿਆ ਜਾਵੇਗਾ ਤੇ ਜੇਕਰ ਕੋਈ ਲੱਛਣ ਨਹੀਂ ਹੈ ਤਾਂ ਇਕਾਂਤਵਾਸ ਕੇਂਦਰ ਭੇਜ ਕੇ 5 ਦਿਨਾਂ ਬਾਅਦ ਸੈਂਪਲ ਲਿਆ ਜਾਵੇਗਾ।

## ਹੁਣ ਖੇਤੀ ਬੀਜ ਘੁਟਾਲੇ ਵਿਚ ਘਿਰੀ ਕੈਪਟਨ ਸਰਕਾਰ

**ਚੰਡੀਗੜ੍ਹ:** ਸ਼ਰਾਬ, ਰੇਤ ਦੀ ਖੱਡਾਂ ਦੀ ਨਿਲਾਮੀ ਤੋਂ ਬਾਅਦ ਹੁਣ ਪੰਜਾਬ ਸਰਕਾਰ ਖੇਤੀ ਬੀਜ ਘੁਟਾਲੇ ਵਿਚ ਘਿਰ ਗਈ ਹੈ। ਇਸ ਘੁਟਾਲੇ ਪਿੱਛੇ ਕਈ ਮੰਤਰੀਆਂ ਦੇ ਨਾਮ ਬੋਲਣ ਕਾਰਨ ਕੈਪਟਨ ਸਰਕਾਰ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਅਕਾਲੀ ਦਲ ਬਾਦਲ ਨੇ ਕਿਸਾਨਾਂ ਦੀ ਲੁੱਟ ਕਰਨ ਵਾਲਿਆਂ ਨੂੰ ਨੰਗਾ ਕਰਨ ਲਈ ਜ਼ਿਲ੍ਹਾ ਪੱਧਰੀ ਧਰਨਿਆਂ ਦਾ ਐਲਾਨ ਕਰ ਦਿੱਤਾ ਹੈ। ਉਧਰ, ਕਿਸਾਨਾਂ ਜਥੇਬੰਦੀਆਂ ਨੇ ਐਲਾਨ ਕਰ ਦਿੱਤਾ ਹੈ ਕਿ ਪੰਜਾਬ ਅੰਦਰ ਝੋਨੇ ਦੀ ਪੀ.ਆਰ. 128 ਤੇ ਪੀ.ਆਰ. 129 ਕਿਸਮ ਦੀ ਵਿਕਰੀ 'ਚ ਹੋਏ ਕਰੋੜਾਂ ਰੁਪਏ ਦੇ ਘਪਲੇ ਅਤੇ ਮੰਤਰੀਆਂ ਤੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਕਿਸਾਨਾਂ ਦੀ ਲੁੱਟ ਖਿਲਾਫ ਸੜਕਾਂ 'ਤੇ ਉੱਤਰਨਗੇ।

ਦੋਸ਼ ਹਨ ਕਿ ਪੰਜਾਬ 'ਚ ਗੈਰ-ਤਸਦੀਕਸ਼ੁਦਾ ਖੇਤੀ ਬੀਜ ਵੇਚ ਕੇ ਕਿਸਾਨਾਂ ਨਾਲ ਠੱਗੀ ਦਾ ਵੱਡਾ ਧੰਦਾ ਚੱਲ ਰਿਹਾ ਹੈ। ਬਾਦਲ ਸਰਕਾਰ ਸਮੇਂ ਪੀ.ਆਰ. 201 ਝੋਨੇ ਦੀ ਕਿਸਮ ਵੱਧ ਟੋਟਾ ਆਉਣ ਤੇ ਬਦਰੰਗ ਹੋਣ ਕਾਰਨ ਬੰਦ ਕਰ ਦਿੱਤੀ ਸੀ, ਪਰ ਖੇਤੀ ਯੂਨੀਵਰਸਿਟੀ ਨੇ ਹੁਣ ਇਸ ਦੀ ਸੁਧਾਈ ਕਰਕੇ ਝੋਨੇ ਦੀ ਨਵੀਂ ਕਿਸਮ 128 ਤੇ 129 ਰਿਲੀਜ਼ ਕਰ ਦਿੱਤਾ ਹੈ। ਇਨ੍ਹਾਂ ਨਵੀਆਂ ਕਿਸਮਾਂ ਦਾ ਤਸਦੀਕਸ਼ੁਦਾ ਬੀਜ ਸਿਰਫ ਯੂਨੀਵਰਸਿਟੀ ਵਲੋਂ ਹੀ ਵੇਚਿਆ ਜਾ ਰਿਹਾ ਹੈ ਪਰ ਇਨ੍ਹਾਂ ਨਵੀਆਂ ਕਿਸਮਾਂ ਦਾ ਗੈਰ ਤਸਦੀਕਸ਼ੁਦਾ ਬੀਜ ਧੜੱਲੇ ਨਾਲ ਰਾਜ ਦੇ ਕਈ ਜ਼ਿਲ੍ਹਿਆਂ 'ਚ ਵੱਧ ਭਾਅ 'ਤੇ ਵੇਚਿਆ ਜਾ ਰਿਹਾ ਹੈ। ਖੇਤੀ ਯੂਨੀਵਰਸਿਟੀ ਦੇ ਐਨ ਮੂਹਰੇ ਇਕ ਬੀਜ ਕੇਂਦਰ ਇਹ ਗੈਰ ਤਸਦੀਕਸ਼ੁਦਾ ਬੀਜ ਉਚੇ ਦਰ 'ਤੇ ਵੇਚਦਾ ਫੜਿਆ ਗਿਆ ਹੈ। ਇਸ ਮਾਮਲੇ ਦੇ ਸਾਹਮਣੇ ਆਉਣ ਪਿਛੋਂ ਖੇਤੀ ਵਿਭਾਗ ਨੂੰ ਕਈ ਹੋਰ ਥਾਂਈਂ ਵੀ ਇਹ ਧੰਦਾ ਚੱਲਦਾ ਹੋਣ ਦਾ ਪਤਾ ਲੱਗਾ ਹੈ। ਜਗਰਾਉਂ ਦੇ ਦੁਰਗਾ ਸਟੋਰ, ਬਰਨਾਲਾ ਦੀ ਫਰਮ ਅਰਜਨ ਹਾਈਬਰੋਂ, ਲੁਧਿਆਣਾ 'ਚ ਲਾਡੋਵਾਲੀ ਸੀਡ, ਅੰਮ੍ਰਿਤਸਰ ਦੇ ਦਰਸ਼ਨ ਸੀਡ ਆਦਿ ਫਰਮਾਂ ਦੀ ਵੀ ਖੇਤੀ ਵਿਭਾਗ ਵਲੋਂ ਜਾਂਚ ਕੀਤੀ ਜਾ ਰਹੀ ਹੈ ਤੇ ਮੁਢਲੇ ਤੌਰ 'ਤੇ ਗੈਰ ਤਸਦੀਕਸ਼ੁਦਾ ਬੀਜ ਮਹਿੰਗੇ ਭਾਅ ਵੇਚੇ ਜਾਣ ਦੀ ਪੁਸ਼ਟੀ ਹੋ ਰਹੀ ਹੈ। ਲੁਧਿਆਣਾ 'ਚ ਜਿਸ ਬੀਜ ਸਟੋਰ ਤੋਂ ਗੈਰ ਤਸਦੀਕਸ਼ੁਦਾ ਬੀਜ ਫੜਿਆ ਗਿਆ ਹੈ, ਉਸ ਨੇ ਇਹ ਬੀਜ ਗੁਰਦਾਸਪੁਰ ਦੇ ਵੈਰੋਵਾਲ ਪਿੰਡ 'ਚ ਚੱਲਦੇ ਬੀਜ ਫਾਰਮ ਤੋਂ ਲਿਆਂਦਾ ਹੈ ਪਰ ਇਥੇ ਸਵਾਲ ਤਾਂ ਇਹ ਉਠਦਾ ਹੈ ਕਿ ਝੋਨੇ ਦੀ ਨਵੀਂ ਕਿਸਮ 128-129 ਦਾ ਬੀਜ ਤਿਆਰ ਕਰਨ ਦਾ ਤਾਂ ਇਸ ਫਰਮ ਕੋਲ ਅਖਤਿਆਰ ਹੀ ਨਹੀਂ, ਫਿਰ ਵੱਡੀ ਮਾਤਰਾ ਵਿਚ ਉਸ ਕੋਲ ਇਹ ਬੀਜ ਕਿੱਥੋਂ ਆ ਗਿਆ ਹੈ ਤੇ ਫਿਰ ਇਹ ਗੈਰ ਤਸਦੀਕਸ਼ੁਦਾ ਬੀਜ ਧੜੱਲੇ ਨਾਲ ਵਿਕ ਕਿੱਦਾਂ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ 'ਤੇ ਕਰੋੜਾਂ ਰੁਪਏ ਦੇ ਬੀਜ ਘੁਟਾਲੇ ਨੂੰ ਉਤਸ਼ਾਹਤ ਕਰਨ ਦੇ ਦੋਸ਼ ਲਾਉਂਦਿਆਂ ਸੀ.ਬੀ.ਆਈ ਤੋਂ ਸੁਤੰਤਰ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ। ਸਰਕਾਰ ਉਤੇ ਦੋਸ਼ ਹਨ ਕਿ ਇਸ ਸਬੰਧੀ 11 ਮਈ ਨੂੰ ਖੇਤੀਬਾੜੀ ਵਿਭਾਗ ਵੱਲੋਂ ਦਰਜ ਕਰਵਾਈ ਐਫ.ਆਈ.ਆਰ. ਦੇ ਬਾਵਜੂਦ ਕੁਲਫੀਆਂ ਵੇਚਣ ਵਾਲੇ ਤੋਂ ਬੀਜ ਉਤਪਾਦਕ ਬਣੇ ਲੱਕੀ ਢਿੱਲੋਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਕਿਉਂਕਿ ਉਸ ਨੂੰ ਸੁਖਜਿੰਦਰ ਰੰਧਾਵਾ ਦੀ ਕਥਿਤ ਪੁਸ਼ਤਪਨਾਹੀ ਹਾਸਲ ਹੈ। ਕਿਸਾਨਾਂ ਵੱਲੋਂ ਖੇਤੀਬਾੜੀ ਵਿਭਾਗ ਨੂੰ ਜਾਣਕਾਰੀ ਦਿੱਤੀ ਗਈ ਕਿ ਪੀ.ਏ.ਯੂ. ਵਲੋਂ ਪ੍ਰਮਾਣਿਤ ਨਾ ਕੀਤੇ ਗਏ ਨਕਲੀ ਬੀਜ ਨੂੰ ਪੀ.ਆਰ.-128 ਤੇ ਪੀ.ਆਰ.-129 ਵੰਨਗੀਆਂ ਵਜੋਂ ਮਾਰਕੀਟ 'ਚ ਉਤਾਰਨ ਪਿਛੋਂ 200 ਰੁਪਏ ਪ੍ਰਤੀ ਕਿਲੋ ਵੇਚਿਆ ਜਾ ਰਿਹਾ ਹੈ। ਇਸ ਪਿਛੋਂ ਵਿਭਾਗ ਨੇ ਲੁਧਿਆਣਾ 'ਚ ਕੇਸ ਦਰਜ ਕਰਵਾਇਆ।

**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

**WorldWide Travel, Inc**
ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ
ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details

**Regal Jewels**
2625 W. Devon Ave. Chicago, IL 60659
773-262-4377 773-517-0517
WWW.REGALJEWELS.COM
Open 11am to 8pm Closed on Tuesday

# ਵਿਦੇਸ਼ੀ ਨਿਵੇਸ਼ਕਾਂ ਨੇ ਭਾਰਤ ਵਿਚੋਂ 16 ਅਰਬ ਡਾਲਰ ਕੱਢੇ

**ਵਾਸ਼ਿੰਗਟਨ:** ਕਰੋਨਾ ਵਾਇਰਸ ਮਹਾਮਾਰੀ ਕਰਕੇ ਆਲਮੀ ਅਰਥਚਾਰੇ ਵਿਚ ਆਈ ਮੰਦੀ ਦੇ ਮੱਦੇਨਜ਼ਰ ਵਿਦੇਸ਼ੀ ਨਿਵੇਸ਼ਕਾਂ ਨੇ ਭਾਰਤ ਵਿਚੋਂ 16 ਅਰਬ ਡਾਲਰ ਤੋਂ ਵੱਧ ਦੀ ਰਾਸ਼ੀ ਬਾਹਰ ਕੱਢ ਲਈ ਹੈ। ਉਂਜ ਨਿਵੇਸ਼ਕਾਂ ਨੇ ਏਸ਼ੀਆ ਦੇ ਵਿਕਾਸਸ਼ੀਲ ਅਰਥਚਾਰਿਆਂ ਵਿਚੋਂ ਅਨੁਮਾਨਿਤ 26 ਅਰਬ ਅਮਰੀਕੀ ਡਾਲਰ ਵਾਪਸ ਖਿੱਚੇ ਹਨ।

ਇਹ ਦਾਅਵਾ ਅਮਰੀਕੀ ਕਾਂਗਰਸ ਦੀ ਇਕ ਰਿਪੋਰਟ 'ਚ ਕੀਤਾ ਗਿਆ ਹੈ। ਰਿਪੋਰਟ ਮੁਤਾਬਕ ਕਰੋਨਾ ਵਾਇਰਸ ਕਰਕੇ ਜਿਥੇ ਵਿਸ਼ਵ ਦੇ ਸਾਰੇ ਪ੍ਰਮੁੱਖ ਅਰਥਚਾਰੇ ਸੁੰਗੜ ਜਾਣਗੇ, ਉਥੇ ਸਿਰਫ ਤਿੰਨ ਮੁਲਕ ਚੀਨ, ਭਾਰਤ ਤੇ ਇੰਡੋਨੇਸ਼ੀਆ ਦਾ ਅਰਥਚਾਰਾ ਸਾਲ 2020 ਵਿਚ ਸਕਾਰਾਤਮਕ ਦਰ ਨਾਲ ਵਧੇ ਫੁੱਲੇਗਾ। ਅਮਰੀਕੀ ਕਾਂਗਰਸ ਦੇ ਆਜ਼ਾਦਾਨਾ ਖੋਜ ਸੈਂਟਰ ਨੇ ਕੋਵਿਡ-19 ਦੇ ਆਲਮੀ ਅਰਥਚਾਰੇ 'ਤੇ ਪੈਣ ਵਾਲੇ ਅਸਰ ਬਾਰੇ ਆਪਣੀ ਸੱਜਰੀ ਰਿਪੋਰਟ ਵਿਚ ਕਿਹਾ, 'ਨਿਵੇਸ਼ਕਾਂ ਨੇ ਏਸ਼ੀਆ ਦੇ ਵਿਕਾਸਸ਼ੀਲ ਅਰਥਚਾਰਿਆਂ 'ਚੋਂ ਅਨੁਮਾਨਿਤ 26 ਅਰਬ ਅਮਰੀਕੀ ਡਾਲਰ ਅਤੇ ਭਾਰਤ ਵਿਚੋਂ 16 ਅਰਬ ਅਮਰੀਕੀ ਡਾਲਰ ਤੋਂ ਵੱਧ ਦੀ ਰਾਸ਼ੀ ਵਾਪਸ ਕੱਢ ਲਈ ਹੈ।'

ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਵਿਦੇਸ਼ੀ ਨਿਵੇਸ਼ਕਾਂ ਦੀ ਇਸ ਪੇਸ਼ਕਦਮੀ ਨਾਲ ਏਸ਼ੀਆ ਵਿਚ ਵੱਡੀ ਆਰਥਿਕ ਮੰਦੀ ਨੂੰ ਲੈ ਕੇ ਫਿਕਰਮੰਦੀ ਵਧ ਗਈ ਹੈ। ਯੂਰਪ ਵਿਚ ਜਰਮਨੀ, ਫਰਾਂਸ, ਯੂਕੇ, ਸਪੇਨ ਤੇ ਇਟਲੀ ਦੇ ਤਿੰਨ ਕਰੋੜ ਲੋਕਾਂ ਨੇ ਆਰਥਿਕ ਮੰਦੀ ਤੋਂ ਉਭਰਨ ਲਈ ਸਰਕਾਰ ਤੋਂ ਸਹਿਯੋਗ ਮੰਗਿਆ ਹੈ ਜਦੋਂਕਿ ਸਾਲ 2020 ਦੀ ਪਹਿਲੀ ਤਿਮਾਹੀ ਦੇ ਅੰਕੜਿਆਂ ਤੋਂ ਸਾਫ ਹੈ ਕਿ ਯੂਰਪੀਅਨ ਅਰਥਚਾਰਾ 3.8% ਤੱਕ ਸੁੰਗੜ ਗਿਆ ਹੈ, ਜੋ ਸਾਲ 1995 ਪਿਛੋਂ



ਕਿਸੇ ਤਿਮਾਹੀ 'ਚ ਸਭ ਤੋਂ ਵੱਡਾ ਨਿਘਾਰ ਹੈ। ਅਮਰੀਕਾ 'ਚ ਸ਼ੁਰੂਆਤੀ ਅੰਕੜਿਆਂ ਤੋਂ ਇਹੀ ਸੰਕੇਤ ਮਿਲਦਾ ਹੈ ਕਿ 2020 ਦੀ ਪਹਿਲੀ ਤਿਮਾਹੀ ਵਿਚ ਵਿਕਾਸ ਦਰ 4.8% ਤੱਕ ਡਿੱਗੇਗੀ।

ਰਿਪੋਰਟ ਮੁਤਾਬਕ ਮਹਾਮਾਰੀ ਸੰਕਟ ਮੌਕੇ ਮੁਦਰਾ ਤੇ ਵਿੱਤੀ ਨੀਤੀਆਂ ਨੂੰ ਲਾਗੂ ਕਰਨਾ ਸਰਕਾਰਾਂ ਲਈ ਵੱਡੀ ਚੁਣੌਤੀ ਹੋਵੇਗਾ, ਕਿਉਂਕਿ ਸਰਕਾਰਾਂ ਨੂੰ ਨਾਲੋਂ ਨਾਲ ਕਰੋਨਾ ਦੇ ਟਾਕਰੇ ਲਈ ਵੈਕਸੀਨ ਵਿਕਸਤ ਕਰਨ ਤੇ ਆਪਣੀ ਨਾਗਰਿਕਾਂ ਦੀ ਸਲਾਮਤੀ ਦੇ ਪ੍ਰਬੰਧ ਵੀ ਕਰਨੇ ਹੋਣਗੇ।

## ਭਿਆਨਕ ਵਿਤੀ ਮੰਦਵਾੜੇ ਦੀ ਚਿਤਾਵਨੀ

**ਲੰਡਨ:** ਅਰਥਸ਼ਾਸਤਰੀ ਨੌਰੀਅਲ ਰੂਬਿਨੀ ਨੇ ਚਿਤਾਵਨੀ ਦਿੱਤੀ ਹੈ ਕਿ ਕਰੋਨਾ ਵਾਇਰਸ ਕਾਰਨ ਆਏ ਮੰਦਵਾੜੇ ਤੋਂ ਉਭਰਨ ਲਈ ਲੰਮਾ ਸਮਾਂ ਲੱਗੇਗਾ। ਡਾ. ਡੂਮ ਦੇ ਨਾਂ ਨਾਲ ਮਸ਼ਹੂਰ ਪ੍ਰੋ. ਰੂਬਿਨੀ ਨੇ ਕਿਹਾ ਕਿ ਕੁਝ ਨੌਕਰੀਆਂ ਜੋ ਖੁੱਸ ਗਈਆਂ ਹਨ, ਇਸ ਸੰਕਟ ਦੇ ਮੁੱਕਣ ਤੋਂ ਬਾਅਦ ਮੁੜ ਕਦੀ ਨਹੀਂ ਮਿਲਣਗੀਆਂ। ਉਨ੍ਹਾਂ ਕਿਹਾ ਕਿ ਜੇਕਰ ਇਸ ਸਾਲ ਆਲਮੀ ਆਰਥਿਕਤਾ ਲੀਹ 'ਤੇ ਆ ਜਾਂਦੀ ਹੈ ਤਾਂ ਵੀ ਇਸ 'ਚ ਪਹਿਲਾਂ ਵਾਲਾ ਜੋਸ਼ ਨਹੀਂ ਹੋਵੇਗਾ। ਉਨ੍ਹਾਂ ਅਣਕਿਆਸੇ ਮੰਦਵਾੜੇ ਦੀ ਚਿਤਾਵਨੀ ਦਿੱਤੀ ਹੈ। ਜ਼ਿਕਰਯੋਗ ਹੈ ਕਿ ਪ੍ਰੋ. ਰੂਬਿਨੀ ਨੇ ਹੋਰਾਂ ਤੋਂ ਕਈ ਸਾਲ ਪਹਿਲਾਂ 2008 'ਚ ਵਿੱਤੀ ਮੰਦਵਾੜੇ ਦੀ ਭਵਿੱਖਬਾਣੀ ਕੀਤੀ ਸੀ। ਉਨ੍ਹਾਂ ਕਿਹਾ ਕਿ ਜੇਕਰ ਖੁੱਸੇ ਹੋਏ ਰੁਜ਼ਗਾਰ ਵਾਪਸ ਮਿਲ ਵੀ ਗਏ, ਉਹ ਘੱਟ ਤਨਖਾਹਾਂ ਵਾਲੇ, ਬਿਨਾਂ ਲਾਭ ਜਾਂ ਪਾਰਟ-ਟਾਈਮ ਵਾਲੇ ਹੋਣਗੇ।

## ਚੀਨ ਨੇ ਇਸ ਸਾਲ ਜੀ.ਡੀ.ਪੀ. ਦਾ ਟੀਚਾ ਤੈਅ ਨਹੀਂ ਕੀਤਾ

**ਪੇਇਚਿੰਗ:** ਚੀਨ ਵਿਚ ਕਰੋਨਾ ਵਾਇਰਸ ਮਹਾਮਾਰੀ ਕਾਰਨ ਲਟਕਿਆ ਸੰਸਦ ਦਾ ਸਾਲਾਨਾ ਸੈਸ਼ਨ ਸ਼ੁਰੂ ਹੋਇਆ ਅਤੇ ਸਰਕਾਰ ਨੇ ਇਸ ਬਿਮਾਰੀ ਕਾਰਨ ਪੈਦਾ ਹੋਈ ਬੇਯਕੀਨੀ, ਚੀਨ ਅਤੇ ਕੌਮਾਂਤਰੀ ਅਰਥਚਾਰਿਆਂ ਵਿਚ ਮੰਦੀ ਤੋਂ ਇਲਾਵਾ ਵਪਾਰ ਡਿੱਗਣ ਦਾ ਹਵਾਲਾ ਦਿੰਦਿਆਂ ਇਸ ਸਾਲ ਦਾ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦਾ ਟੀਚਾ ਤੈਅ ਨਹੀਂ ਕੀਤਾ। ਨੈਸ਼ਨਲ ਪੀਪਲਜ਼ ਕਾਂਗਰਸ (ਐਨ.ਪੀ.ਸੀ.) ਦਾ ਸੈਸ਼ਨ ਗ੍ਰੇਟ ਹਾਲ ਆਫ ਪੀਪਲ ਵਿਚ 2,900 ਮੈਂਬਰਾਂ ਨਾਲ ਸ਼ੁਰੂ ਹੋਇਆ। ਚੀਨ ਦੇ ਪ੍ਰਧਾਨ ਮੰਤਰੀ ਲੀ ਕੇਕਿਆਂਗ ਨੇ ਐਨ.ਸੀ.ਪੀ. ਨੂੰ ਸੌਂਪੀ 23 ਸਫਿਆਂ ਦੀ ਰਿਪੋਰਟ ਵਿਚ ਕਿਹਾ, 'ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਸ ਸਾਲ ਆਰਥਿਕ ਵਿਕਾਸ ਲਈ ਕੋਈ ਖਾਸ ਟੀਚਾ ਨਿਰਧਾਰਤ ਨਹੀਂ ਕੀਤਾ ਹੈ।' ਚੀਨ ਨੇ ਦੇਸ਼ ਦੇ ਲਗਭਗ ਸਾਰੇ ਹਿੱਸੇ ਖੋਲ੍ਹ ਦਿੱਤੇ ਹਨ। ਸੰਸਦ ਦਾ ਸੈਸ਼ਨ ਮਾਰਚ ਵਿਚ ਹੋਣਾ ਸੀ ਪਰ ਕਰੋਨਾ ਵਾਇਰਸ ਮੁਲਤਵੀ ਕਰ ਦਿੱਤਾ ਗਿਆ ਸੀ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਪ੍ਰਧਾਨ ਮੰਤਰੀ ਦੇ ਨਾਲ, ਸੱਤਾਧਾਰੀ 'ਕਮਿਊਨਿਸਟ ਪਾਰਟੀ ਆਫ ਚਾਈਨਾ' ਦੇ ਚੋਟੀ ਦੇ ਨੇਤਾ ਬਿਨਾਂ ਕਿਸੇ ਮਾਸਕ ਤੋਂ ਸੈਸ਼ਨ ਵਿਚ ਸ਼ਾਮਲ ਹੋਏ, ਜਦੋਂ ਕਿ 2,897 ਮੈਂਬਰਾਂ ਨੇ ਮਾਸਕ ਪਾਇਆ ਹੋਇਆ ਸੀ।

## ਤਾਲਾਬੰਦੀ ਹੁਣ ਕਾਰਗਰ ਨਹੀਂ ਹੋਵੇਗੀ: ਮਾਹਿਰ

**ਨਵੀਂ ਦਿੱਲੀ:** ਉਘੇ ਜੀਵਾਣੂ ਮਾਹਿਰ ਸ਼ਾਹਿਦ ਜਮੀਲ ਦਾ ਕਹਿਣਾ ਹੈ ਕਿ ਭਾਰਤ ਦੀ ਕੋਵਿਡ-19 ਖਿਲਾਫ ਜੰਗ ਵਿਚ ਹੁਣ ਦੇਸ਼ਵਿਆਪੀ ਤਾਲਾਬੰਦੀ ਕਾਰਗਰ ਸਾਬਤ ਨਹੀਂ ਹੋਵੇਗੀ ਬਲਕਿ ਇਸ ਦੀ ਬਜਾਏ ਸਥਾਨਕ ਭਾਈਚਾਰੇ ਦੀ ਮਦਦ ਨਾਲ ਕੰਟੇਨਮੈਂਟ ਤੇ ਇਕਾਂਤਵਾਸ ਸਬੰਧੀ ਰਣਨੀਤੀ ਤਿਆਰ ਕੀਤੀ ਜਾਵੇ। ਸਾਇੰਸ ਅਤੇ ਟੈਕਨਾਲੋਜੀ ਲਈ ਸ਼ਾਂਤੀ ਸਵਰੂਪ ਭਟਨਾਗਰ ਪੁਰਸਕਾਰ ਜੇਤੂ ਜਮੀਲ ਨੇ ਜ਼ੋਰ ਦੇ ਕੇ ਕਿਹਾ ਕਿ ਕਰੋਨਾ ਵਾਇਰਸ ਦੇ ਸਭ ਤੋਂ ਵੱਧ ਕੇਸਾਂ ਵਾਲੇ ਖੇਤਰਾਂ (ਹੌਟਸਪੌਟ) ਦੀ ਪਛਾਣ ਕਰਨ ਲਈ ਵੱਡੇ ਪੱਧਰ 'ਤੇ ਟੈਸਟਿੰਗ ਕੀਤੀ ਜਾਵੇ ਅਤੇ ਅਜਿਹੇ ਖੇਤਰਾਂ ਨੂੰ ਵੱਖ ਕੀਤਾ ਜਾਵੇ।

ਇੰਟਰਵਿਊ ਦੌਰਾਨ ਜਮੀਲ ਨੇ ਕਿਹਾ, "ਸਾਡੀ ਮੌਜੂਦਾ ਟੈਸਟਿੰਗ ਦਰ 10 ਲੱਖ ਪਿੱਛੇ 1,744 ਹੈ, ਜੋ ਕਿ ਵਿਸ਼ਵ ਭਰ ਵਿਚੋਂ ਸਭ ਤੋਂ ਘੱਟ ਹੈ। ਸਾਨੂੰ ਦੋਵੇਂ ਐਂਟੀਬਾਡੀ ਟੈਸਟ ਅਤੇ ਪੀ.ਸੀ.ਆਰ. ਟੈਸਟ ਸ਼ੁਰੂ ਕਰਨੇ ਚਾਹੀਦੇ ਹਨ। ਇਨ੍ਹਾਂ ਨਾਲ ਸਾਨੂੰ ਲਾਗ ਪ੍ਰਭਾਵਿਤ ਖੇਤਰਾਂ ਅਤੇ ਬੀਤੇ ਸਮੇਂ ਦੌਰਾਨ ਠੀਕ ਹੋਏ ਲੋਕਾਂ ਬਾਰੇ ਜਾਣਕਾਰੀ ਮਿਲੇਗੀ। ਇਸ ਨਾਲ ਸਾਡੇ ਕੋਲ ਅੰਕੜੇ ਆ ਜਾਣਗੇ, ਜਿਨ੍ਹਾਂ ਦੀ ਮਦਦ ਨਾਲ ਹੌਲੀ-ਹੌਲੀ ਤਾਲਾਬੰਦੀ ਖੋਲ੍ਹ ਕੇ ਆਰਥਿਕ ਗਤੀਵਿਧੀਆਂ ਸ਼ੁਰੂ ਕੀਤੀਆਂ ਜਾ ਸਕਣਗੀਆਂ।

# ਹਾਈਡ੍ਰੋਕਲੋਰੋਕੁਇਨ ਦੀ ਵਰਤੋਂ ਬਾਰੇ ਮੁੜ ਸਲਾਹ ਜਾਰੀ

**ਨਵੀਂ ਦਿੱਲੀ:** ਸਰਕਾਰ ਵਲੋਂ ਗੈਰ-ਕੋਵਿਡ-19 ਹਸਪਤਾਲਾਂ ਵਿਚ ਕੰਮ ਕਰਦੇ ਬਿਨਾਂ ਲੱਛਣਾਂ ਵਾਲੇ ਸਿਹਤ-ਸੰਭਾਲ ਕਾਮਿਆਂ, ਕੰਟੇਨਮੈਂਟ ਜ਼ੋਨਾਂ ਵਿਚ ਨਿਗਰਾਨੀ ਰੱਖ ਰਹੇ ਮੂਹਰਲੀ ਕਤਾਰ ਦੇ ਅਮਲੇ ਅਤੇ ਕਰੋਨਾ ਵਾਇਰਸ ਲਾਗ ਸਬੰਧੀ ਗਤੀਵਿਧੀਆਂ ਵਿਚ ਸ਼ਾਮਲ ਪੈਰਾਮਿਲਟਰੀ/ਪੁਲਿਸ ਮੁਲਾਜ਼ਮਾਂ ਨੂੰ ਬਚਾਅ ਵਜੋਂ ਹਾਈਡ੍ਰੋਕਲੋਰੋਕੁਇਨ (ਐਚ.ਸੀ.ਕਿਊ.) ਦਵਾਈ ਦੀ ਵਰਤੋਂ ਕਰਨ ਦੀ ਸਿਫਾਰਸ਼ ਕਰਦਿਆਂ ਮੁੜ ਸਲਾਹ ਜਾਰੀ ਕੀਤੀ ਗਈ ਹੈ।

ਪਹਿਲਾਂ ਜਾਰੀ ਸਲਾਹ ਵਾਂਗ ਇਹ ਦਵਾਈ ਲਾਗ ਖਿਲਾਫ ਸਾਰੇ ਬਿਨਾਂ ਲੱਛਣਾਂ ਵਾਲੇ ਸਿਹਤ ਕਾਮਿਆਂ, ਜੋ ਕੋਵਿਡ ਦੀ ਰੋਕਥਾਮ ਅਤੇ ਇਲਾਜ ਵਿਚ ਜੁਟੇ ਹੋਏ ਹਨ ਅਤੇ ਲੈਬਾਰਟਰੀ ਵਲੋਂ ਪੁਸ਼ਟੀ ਕੀਤੇ ਕੇਸਾਂ ਦੇ ਘਰਾਂ ਵਿਚਲੇ ਜੀਆਂ ਨੂੰ ਵੀ ਦੇਣ ਦੀ ਸਿਫਾਰਸ਼ ਕੀਤੀ ਗਈ ਹੈ। ਆਈ. ਸੀ. ਐਮ. ਆਰ. ਵਲੋਂ ਮੁੜ ਜਾਰੀ ਕੀਤੀ ਇਸ ਸਲਾਹ ਵਿਚ ਚੌਕਸ ਕੀਤਾ ਗਿਆ ਹੈ ਕਿ ਦਵਾਈ ਲੈਣ ਪਿਛੋਂ ਪੂਰੀ ਤਰ੍ਹਾਂ ਸੁਰੱਖਿਅਤ ਹੋਣ ਦੀ ਗਲਤਫਹਿਮੀ ਨਾ ਪਾਲੀ ਜਾਵੇ। ਇਹ ਸਿਫਾਰਸ਼ਾਂ ਸਾਂਝੇ ਨਿਗਰਾਨ ਸਮੂਹ ਵਲੋਂ ਸਿਹਤ ਸੇਵਾਵਾਂ ਦੇ ਡਾਇਰੈਕਟੋਰੇਟ ਜਨਰਲ (ਡੀ.ਜੀ.ਐਚ.ਐਸ.) ਦੀ ਅਗਵਾਈ ਹੇਠ ਹੋਈ ਮਾਹਿਰਾਂ ਦੀ ਬੈਠਕ ਵਿਚ ਲਿਆ ਗਿਆ।

ਇਸ ਬੈਠਕ 'ਚ ਏਮਜ਼, ਆਈ. ਸੀ. ਐਮ. ਆਰ., ਨੈਸ਼ਨਲ ਸੈਂਟਰ ਫਾਰ ਡਿਜ਼ੀਜ਼ ਕੰਟਰੋਲ, ਕੌਮੀ ਆਫਤ ਪ੍ਰਬੰਧਨ ਅਥਾਰਿਟੀ, ਵਿਸ਼ਵ ਸਿਹਤ ਸੰਗਠਨ ਤੇ ਕੇਂਦਰ ਦੇ ਸਰਕਾਰੀ ਹਸਪਤਾਲਾਂ ਦੇ ਨੁਮਾਇੰਦੇ ਸ਼ਾਮਲ ਹੋਏ, ਜਿਨ੍ਹਾਂ ਨੇ ਐਚ.ਸੀ.ਕਿਊ. ਦੀ ਵਰਤੋਂ ਦਾ ਘੇਰਾ ਗੈਰ-ਕੋਵਿਡ ਸਿਹਤ ਕਾਮਿਆਂ ਤੇ ਹੋਰ ਮੂਹਰਲੀ ਕਤਾਰ ਦੇ ਅਮਲੇ ਤੱਕ ਵਧਾਉਣ ਉਤੇ ਚਰਚਾ ਕੀਤੀ। ਤਾਜ਼ਾ ਸਲਾਹ ਵਿਚ ਤਿੰਨ ਨਵੀਆਂ ਸ਼੍ਰੇਣੀਆਂ ਸ਼ਾਮਲ ਕੀਤੀਆਂ ਗਈਆਂ ਹਨ- ਜਿਨ੍ਹਾਂ ਵਿਚ ਬਿਨਾਂ ਲੱਛਣਾਂ ਵਾਲੇ ਸਾਰੇ ਸਿਹਤ-ਸੰਭਾਲ ਕਾਮੇ ਜੋ ਕਿ ਕੋਵਿਡ ਹਸਪਤਾਲਾਂ/ਬਲਾਕਾਂ ਦੇ ਗੈਰ-ਕੋਵਿਡ ਹਸਪਤਾਲਾਂ/ਖੇਤਰਾਂ ਵਿਚ ਕੰਮ ਕਰਦੇ ਹਨ, ਕੰਟੇਨਮੈਂਟ ਜ਼ੋਨਾਂ ਵਿਚ ਨਿਗਰਾਨੀ ਰੱਖ ਰਹੇ ਬਿਨਾਂ ਲੱਛਣਾਂ ਵਾਲੇ ਮੂਹਰਲੀ ਕਤਾਰ ਦੇ ਅਮਲੇ ਦੇ ਮੈਂਬਰਾਂ ਅਤੇ ਕਰੋਨਾ ਵਾਇਰਸ ਲਾਗ ਸਬੰਧੀ ਗਤੀਵਿਧੀਆਂ ਵਿਚ ਸ਼ਾਮਲ ਪੈਰਾਮਿਲਟਰੀ/ਪੁਲਿਸ ਮੁਲਾਜ਼ਮ ਸ਼ਾਮਲ ਹਨ।


Bridging Care Home Health Plus
(IDPH Licensed and Medicare Certified Home Health)
ਬ੍ਰਿਜਿੰਗ ਕੇਅਰ ਹੋਮ ਹੈਲਥ ਪਲੱਸ
(ਆਈ.ਡੀ.ਪੀ.ਐਚ. ਤੋਂ ਲਾਈਸੈਂਸ ਪ੍ਰਾਪਤ ਅਤੇ ਮੈਡੀਕੇਅਰ ਹੋਮ ਹੈਲਥ)
ਸੋਲ ਕੇਅਰ ਸਰਵਿਸਿਜ਼, ਇੰਕ.
Soul Care Services, Inc.
dba
Bridging Care
Home Health Plus
ਤੁਹਾਡੇ ਘਰ ਹੇਠ ਲਿਖੀਆਂ ਸੇਵਾਵਾਂ ਪੁੱਜਦੀਆਂ ਕਰਨ ਦਾ ਮੁਕੰਮਲ ਪ੍ਰਬੰਧ
*ਨਰਸਿੰਗ Nursing
*ਫਿਜ਼ੀਕਲ ਥੈਰੇਪੀ Physical Therapy
*ਆਕਿਊਪੇਸ਼ਨਲ ਥੈਰੇਪੀ Occupational Therapy
*ਸਪੀਚ ਥੈਰੇਪੀ Speech Therapy
*ਹੋਮ ਹੈਲਥ ਏਡ Home Health Aide
*ਸੋਸ਼ਲ ਵਰਕਰ ਸਰਵਿਸਿਜ਼ Social Worker Services
ਡੀ.ਐਮ.ਈ. ਸਪਲਾਈਜ਼ ਦਾ ਪ੍ਰਬੰਧ-ਕੇਨ, ਵਾਕਰ, ਵ੍ਹੀਲਚੇਅਰ, ਡਾਇਪਰਜ਼, ਡਾਇਬਟਿਕ ਸਪਲਾਈਜ਼, ਡਾਇਬਟੀਜ਼ ਸ਼ੂਜ਼, ਫਿਜ਼ੀਸ਼ੀਅਨ ਸੇਵਾਵਾਂ ਦਾ ਪ੍ਰਬੰਧ
ਬਲੱਡ ਟੈਸਟ, ਐਕਸ-ਰੇਅ, 2-ਡੀ ਈਕੋ, ਅਲਟ੍ਰਾਸਾਊਂਡ, ਈ.ਕੇ.ਜੀ., ਡੋਪਲਰ ਟੈਸਟ
ਜੇ ਤੁਸੀਂ ਹਿੰਦੀ ਜਾਂ ਉਰਦੂ ਬੋਲਣ ਵਾਲੇ ਸਪੈਸ਼ਲਿਸਟ ਡਾਕਟਰਾਂ ਜਿਵੇਂ ਦਿਲ ਦੇ ਡਾਕਟਰ, ਹੱਡੀਆਂ ਦੇ ਡਾਕਟਰ, ਦਰਦ ਨਾਲ ਸਬੰਧਤ ਫਿਜ਼ੀਸ਼ੀਅਨ, ਜੋ ਦਰਦ ਤੋਂ ਰਾਹਤ ਲਈ ਤੁਹਾਨੂੰ ਇੰਜੈਕਸ਼ਨ ਰਾਹੀਂ ਦਵਾਈਆਂ ਦੇ ਸਕਦੇ ਹਨ, ਦਾ ਪ੍ਰਬੰਧ ਹੈ।
ਇਹ ਸੇਵਾਵਾਂ ਮੈਡੀਕੇਅਰ, ਇੰਸ਼ੋਰੈਂਸ ਕੰਪਨੀਆਂ ਅਤੇ ਪ੍ਰਾਈਵੇਟ ਪੇਅ ਤਹਿਤ ਕਵਰ ਹਨ।
ਕਿਰਪਾ ਕਰ ਕੇ ਇਸ ਨੰਬਰ 'ਤੇ ਕਾਲ ਕਰੋ: 847-260-5140
www.soulcareservices.com
ਹਿੰਦੀ/ਗੁਜਰਾਤੀ ਵਿਚ ਜਾਣਕਾਰੀ ਲਈ:
ਫੋਨ: 847-372-5423

# ਸ੍ਰੀ ਹਰਿਮੰਦਰ ਸਾਹਿਬ ਵਿਚ ਸੰਗਤ ਦੀ ਆਮਦ ਵਧੀ

**ਅੰਮ੍ਰਿਤਸਰ:** ਕਰਫਿਊ ਖਤਮ ਹੋਣ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਆਉਣ ਵਾਲੀ ਸੰਗਤ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਦੱਸ ਦਈਏ ਕਿ ਤਾਲਾਬੰਦੀ ਦੇ ਚੌਥੇ ਪੜਾਅ ਦੌਰਾਨ ਭਾਵੇਂ ਕਰਫਿਊ ਖ਼ਤਮ ਹੋ ਗਿਆ ਹੈ ਪਰ ਸਰਕਾਰ ਵੱਲੋਂ ਧਾਰਮਿਕ ਅਸਥਾਨਾਂ ਵਿਚ ਸ਼ਰਧਾਲੂਆਂ ਦੀ ਆਮਦ 'ਤੇ ਰੋਕ ਨੂੰ ਕਾਇਮ ਰੱਖਿਆ ਗਿਆ ਹੈ। ਫਿਰ ਵੀ ਇਥੇ ਸ੍ਰੀ ਹਰਿਮੰਦਰ ਸਾਹਿਬ ਵਿਚ ਸੰਗਤ ਦੀ ਆਮਦ ਵਿਚ ਵਾਧਾ ਹੋ ਰਿਹਾ ਹੈ। ਇਸ ਦੌਰਾਨ ਇਥੇ ਹਰਿਮੰਦਰ ਸਾਹਿਬ ਨੂੰ ਆਉਣ ਵਾਲੇ ਰਸਤਿਆਂ 'ਤੇ ਪੁਲਿਸ ਵੱਲੋਂ ਨਾਕੇ ਲਾਉਣੇ ਜਾਰੀ ਹਨ। ਕੰਪਲੈਕਸ ਅੰਦਰ ਤਾਂ ਨਿਯਮਾਂ ਦਾ ਪੂਰਾ ਧਿਆਨ ਰੱਖਿਆ ਜਾ ਰਿਹਾ ਹੈ ਪਰ ਕੰਪਲੈਕਸ ਦੇ ਬਾਹਰ ਅਤੇ ਗੁਰਦੁਆਰੇ ਦੇ ਰਸਤਿਆਂ 'ਚ ਲੱਗੇ ਨਾਕਿਆਂ ਉਤੇ ਨਿਯਮਾਂ ਦੀ ਅਣਦੇਖੀ ਹੋ ਰਹੀ ਹੈ, ਜੋ ਭਵਿੱਖ ਵਿਚ ਖਤਰੇ ਦੀ ਘੰਟੀ ਸਾਬਤ ਹੋ ਸਕਦੀ ਹੈ।



ਘੰਟਾ ਘਰ ਵਾਲੇ ਪਾਸੇ ਆਉਣ ਵਾਲੇ ਦੋ ਰਸਤੇ ਜਲ੍ਹਿਆਂਵਾਲਾ ਬਾਗ ਅਤੇ ਕਟੜਾ ਆਹਲੂਵਾਲੀਆ ਸਮੇਤ ਮਾਈ ਸੇਵਾ ਵਾਲੇ ਬਾਜ਼ਾਰ ਵਿਚ ਬੈਰੀਕੇਡ ਲਾ ਕੇ ਨਾਕਾ ਲਾਇਆ ਗਿਆ ਹੈ, ਜਿਥੇ ਸੰਗਤ ਨੂੰ ਰੋਕਿਆ ਜਾਂਦਾ ਹੈ। ਜਦੋਂਕਿ ਬ੍ਰਹਮ ਬੂਟਾ ਮਾਰਕੀਟ ਅਤੇ ਆਟਾ ਮੰਡੀ ਰਸਤੇ ਸ਼ਰਧਾਲੂ ਆ-ਜਾ ਰਹੇ ਹਨ। ਇਥੇ ਵੀ ਨਾਕਾ ਲਾਇਆ ਹੋਇਆ ਹੈ ਪਰ ਇਥੇ ਸ਼ਰਧਾਲੂਆਂ ਨੂੰ ਕੁਝ ਰਾਹਤ ਦਿੱਤੀ ਗਈ ਹੈ। ਇਨ੍ਹਾਂ ਨਾਕਿਆਂ ਉਤੇ ਸੰਗਤ ਇਕੱਠੀ ਹੋ ਜਾਂਦੀ ਹੈ, ਜਿਥੇ ਆਪਸੀ ਦੂਰੀ ਬਣਾ ਕੇ ਰੱਖਣ ਤੇ ਮਾਸਕ ਨਾ ਪਹਿਨੇ ਜਾਣ ਵਰਗੇ ਨਿਯਮਾਂ ਦੀ ਅਣਦੇਖੀ ਹੋ ਰਹੀ ਹੈ। ਇਸ ਤੋਂ ਇਲਾਵਾ ਗੁਰਦੁਆਰੇ 'ਚ ਦਾਖਲ ਹੋਣ ਤੋਂ ਪਹਿਲਾਂ ਸ਼ਰਧਾਲੂਆਂ ਦੀ ਸਕਰੀਨਿੰਗ ਲਈ ਪੱਕੇ ਕੈਂਪ ਲਾਏ ਗਏ ਹਨ ਪਰ ਇਥੇ ਸਿਹਤ ਵਿਭਾਗ ਦੇ ਮੁਲਾਜ਼ਮ ਗੈਰ-ਹਾਜ਼ਰ ਦਿਖਾਈ ਦਿੱਤੇ। ਗੁਰਦੁਆਰੇ ਅੰਦਰ ਮਾਸਕ ਪਹਿਨਣ ਅਤੇ ਦੂਰੀ ਬਣਾ ਕੇ ਚੱਲਣ ਦੇ ਨਿਯਮਾਂ ਦੀ ਪਾਲਣਾ ਹੋ ਰਹੀ ਹੈ। ਦਰਸ਼ਨੀ ਡਿਉਢੀ ਤੋਂ ਅੰਦਰ ਜਾਣ ਵੇਲੇ ਵੀ ਸ਼੍ਰੋਮਣੀ ਕਮੇਟੀ ਵੱਲੋਂ ਦੂਰੀ ਬਣਾ ਕੇ ਰੱਖਣ ਲਈ ਘੱਟ ਗਿਣਤੀ ਵਿਚ ਸ਼ਰਧਾਲੂਆਂ ਨੂੰ ਅੰਦਰ ਨਤਮਸਤਕ ਹੋਣ ਲਈ ਭੇਜਿਆ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਗੁਰੂ ਘਰ ਵਿਚ ਮਰਿਆਦਾ ਤੇ ਨਿਯਮਾਂ ਦੀ ਪਾਲਣਾ ਲਈ ਸ਼੍ਰੋਮਣੀ ਕਮੇਟੀ ਜ਼ਿੰਮੇਵਾਰ ਹੈ। ਇਸ ਤਹਿਤ ਸ਼ਰਧਾਲੂਆਂ ਨੂੰ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨ ਵਾਸਤੇ ਲਗਾਤਾਰ ਆਖਿਆ ਜਾਂਦਾ ਹੈ। ਕੈਂਪਸ ਤੋਂ ਬਾਹਰ ਜ਼ਿੰਮੇਵਾਰੀ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤਾਇਨਾਤ ਮੁਲਾਜ਼ਮਾਂ ਦੀ ਹੈ।

## ਵਿਦਿਆਰਥੀ ਇਕੋ ਸਮੇਂ ਦੋ ਡਿਗਰੀਆਂ ਕਰ ਸਕਣਗੇ

**ਨਵੀਂ ਦਿੱਲੀ:** ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਨੇ ਵਿਦਿਆਰਥੀਆਂ ਵਲੋਂ ਇਕੋ ਸਮੇਂ ਦੋ ਡਿਗਰੀ ਕੋਰਸ ਕੀਤੇ ਜਾਣ ਸਬੰਧੀ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਪਰ ਇਨ੍ਹਾਂ 'ਚੋਂ ਇਕ ਡਿਗਰੀ ਰੈਗੂਲਰ ਹੋਣੀ ਚਾਹੀਦੀ ਹੈ ਅਤੇ ਦੂਜੀ ਆਨਲਾਈਨ ਡਿਸਟੈਂਸ ਲਰਨਿੰਗ (ਓ. ਡੀ. ਐੱਲ.) ਰਾਹੀਂ ਹੋਣੀ ਚਾਹੀਦੀ ਹੈ। ਯੂ.ਜੀ.ਸੀ. ਦੇ ਸਕੱਤਰ ਰਜਨੀਸ਼ ਜੈਨ ਨੇ ਕਿਹਾ ਕਿ ਭਾਰਤ ਦੇ ਵਿਦਿਆਰਥੀਆਂ ਵਲੋਂ ਇਕੋ ਸਮੇਂ ਦੋ ਡਿਗਰੀਆਂ ਕਰਨ ਸਬੰਧੀ ਤਜਵੀਜ਼ ਨੂੰ ਕਮਿਸ਼ਨ ਦੀ ਤਾਜ਼ਾ ਮੀਟਿੰਗ ਵਿਚ ਪ੍ਰਵਾਨਗੀ ਦੇ ਦਿੱਤੀ ਗਈ ਹੈ।


Singh Tax & Accounting Services LLC.
Individual & Business Taxes, Accounting, Payroll & Financial Consulting Services.
Please contact us to File Individual, Partnership, Corporation and Modified Tax Returns, Consultation for tax matters. Notary Public Services & response to IRS Tax matters services.
ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ
ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ
Ph: 248-982-2036


Mohan Singh
M.COM, MBA (Finance), ACA
Master in Taxation.
IRS Enrolled agent,
Notary Public
Office Locations
Michigan: 38565 Joy Rd, Westland, MI 48185
Minnesota: 6043 Hudson Rd, Suite#399A Woodbury, Minnesota 55125
Email : jhand_mohan@yahoo.com; www.SinghTaxServices.com

## ਆਰ.ਬੀ.ਆਈ. ਨੇ ਰੈਪੋ ਦਰ 0.40% ਹੋਰ ਘਟਾਈ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਅਚਾਨਕ ਫੈਸਲਾ ਲੈਂਦਿਆਂ ਆਧਾਰ ਅੰਕਾਂ 'ਚ ਕਟੌਤੀ ਕਰਨ ਦੇ ਨਾਲ ਨਾਲ ਦੇਸ਼ ਦੀ ਜੀ.ਡੀ.ਪੀ. ਨਕਾਰਾਤਮਕ ਰਹਿਣ ਦੀ ਗੱਲ ਕਹੀ ਹੈ। ਇਸੇ ਦੇ ਨਾਲ ਹੀ ਬੈਂਕ ਨੇ ਕਰਜ਼ਿਆਂ ਦੀਆਂ ਕਿਸ਼ਤਾਂ ਭਰਨ ਲਈ ਤਿੰਨ ਹੋਰ ਮਹੀਨਿਆਂ ਦੀ ਰਾਹਤ ਵੀ ਦਿੱਤੀ ਹੈ।

ਆਰ.ਬੀ.ਆਈ. ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਕਿਹਾ ਕਿ ਉਨ੍ਹਾਂ ਰੈਪੋ ਦਰ 40 ਆਧਾਰ ਅੰਕ ਘਟਾ ਕੇ 4 ਫੀਸਦ ਕਰ ਦਿੱਤੀ ਹੈ ਜਦਕਿ ਰਿਵਰਸ ਰੈਪੋ ਦਰ ਹੁਣ 3.35 ਫੀਸਦ ਹੋ ਗਈ ਹੈ। ਵੀਡੀਓ ਕਾਨਫਰੰਸ ਦੌਰਾਨ ਸ੍ਰੀ ਦਾਸ ਨੇ ਕਿਹਾ ਕਿ ਬੈਂਕ ਦੀ ਮੁਦਰਾ ਨੀਤੀ ਕਮੇਟੀ (ਐਮ.ਪੀ.ਸੀ.) ਸਰਬਸੰਮਤੀ ਨਾਲ ਇਹ ਫੈਸਲਾ ਲਿਆ ਹੈ ਅਤੇ ਕਮੇਟੀ ਦੇ ਛੇ ਮੈਂਬਰਾਂ 'ਚੋਂ ਪੰਜ ਨੇ ਰੈਪੋ ਦਰ ਘਟਾਉਣ ਦੇ ਹੱਕ 'ਚ ਵੋਟ ਦਿੱਤੀ ਹੈ। ਉਨ੍ਹਾਂ ਕਿਹਾ ਕਿ ਐਮ.ਪੀ.ਸੀ. ਦੀ ਮੀਟਿੰਗ ਅਗਲੇ ਮਹੀਨੇ ਹੋਣੀ ਸੀ ਪਰ ਇਹ ਤੈਅ ਸਮੇਂ ਤੋਂ ਪਹਿਲਾਂ ਕੀਤੀ ਗਈ ਹੈ। ਰੈਪੋ ਦਰ ਘਟਾਉਣ ਤੋਂ ਇਲਾਵਾ ਆਰ.ਬੀ.ਆਈ. ਨੇ ਕਰਜ਼ਿਆਂ ਦੀ ਕਿਸ਼ਤਾਂ ਭਰਨ ਲਈ 31 ਅਗਸਤ ਤੱਕ ਤਿੰਨ ਹੋਰ ਮਹੀਨਿਆਂ ਦੀ ਛੋਟ ਦਿੱਤੀ ਹੈ। ਸ਼ਕਤੀਕਾਂਤ ਦਾਸ ਨੇ ਕਿਹਾ ਹੈ ਕਿ ਲੌਕਡਾਊਨ ਤੇ ਕਰੋਨਾ ਵਾਇਰਸ ਦੇ ਮੱਦੇਨਜ਼ਰ ਹੁਣ ਕਰਜ਼ਿਆਂ ਦੀਆਂ ਕਿਸ਼ਤਾਂ ਭਰਨ ਲਈ ਤਿੰਨ ਹੋਰ ਮਹੀਨਿਆਂ ਲਈ 1 ਜੂਨ ਤੋਂ 31 ਅਗਸਤ ਤੱਕ ਦੀ ਰਾਹਤ ਦਿੱਤੀ ਗਈ ਹੈ।' ਆਰ.ਬੀ.ਆਈ. ਨੇ ਬਰਾਮਦ ਲਈ ਲਦਾਈ ਤੋਂ ਪਹਿਲਾਂ ਤੇ ਬਾਅਦ ਵਿਚ ਦਿੱਤੇ ਜਾਣ ਵਾਲੇ ਕਰਜ਼ੇ ਦੀ ਸਮਾਂ ਸੀਮਾ ਇਕ ਤੋਂ ਵਧਾ ਕੇ 15 ਮਹੀਨੇ ਕਰ ਦਿੱਤੀ ਹੈ ਅਤੇ ਵਿਦੇਸ਼ੀ ਨਿਵੇਸ਼ਕਾਂ ਨੂੰ ਆਪਣੀਆਂ ਨਿਵੇਸ਼ ਜ਼ਰੂਰਤਾਂ ਪੂਰੀਆਂ ਕਰਨ ਲਈ ਤਿੰਨ ਮਹੀਨੇ ਦਾ ਹੋਰ ਸਮਾਂ ਦਿੱਤਾ ਗਿਆ ਹੈ।

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.


Madan Khatri
Want to Buy/Sell Homes, THs, Condos!
Call Madan Khatri
Ph: 847-530-1550
www.PropertyZoo.com
CALL TO BUY / SELL HOME TODAY!
Top Producer at the office in 2011-2013-2014
*****A Broker who can work with you from Beginning to End, Call Now!!!*****
BHHS American Heritage
1010 Rohwing Road, Elk Grove Village, IL

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ

*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ
Raj Jamarai Cell:734-644-1010 Office:734-747-4298

Personalized Service-Committed To Quality
Solutions Financial Mortgage Company
Purchase & Refinance Your Home Loans


Cell 312-608-0006
2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@gosfmc.com
Web: www.gosfmc.com

# ਬਾਗੀ ਸੁਰਾਂ ਨਾਲ ਠੱਲ੍ਹਣ ਲਈ ਕੈਪਟਨ ਦੀ ਹੁਣ 'ਲੰਚ ਡਿਪਲੋਮੇਸੀ' ਉਤੇ ਟੇਕ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਸਕੱਤਰ ਦੇ ਮਸਲੇ 'ਤੇ ਉਠ ਰਹੀਆਂ ਬਗਾਵਤੀ ਸੁਰਾਂ ਨਾਲ ਸਿੱਝਣ ਲਈ 'ਲੰਚ ਡਿਪਲੋਮੇਸੀ' ਦੀ ਟੇਕ ਲੈਣੀ ਪਈ। ਉਨ੍ਹਾਂ ਵੱਲੋਂ ਖਾਣਾ ਖੁਆਉਣ ਮਗਰੋਂ ਨਾਰਾਜ਼ ਵਜ਼ੀਰ ਤੇ ਕੁਝ ਵਿਧਾਇਕ ਸੰਜਮ 'ਚ ਨਜ਼ਰ ਆਏ।

ਦੱਸਣਯੋਗ ਹੈ ਕਿ ਤਿੰਨ ਵਜ਼ੀਰਾਂ ਦਾ ਸਿੱਧੇ ਤੌਰ ਉਤੇ ਮੁੱਖ ਸਕੱਤਰ ਨਾਲ ਪੇਚਾ ਪਿਆ ਹੋਇਆ ਹੈ। ਦੁਪਹਿਰ ਦੇ ਖਾਣੇ ਮੌਕੇ ਤਿੰਨੋਂ ਵਜ਼ੀਰਾਂ 'ਚੋਂ ਸਿਰਫ ਸਹਿਕਾਰਤਾ ਸੁਖਜਿੰਦਰ ਸਿੰਘ ਰੰਧਾਵਾ ਹੀ ਹਾਜ਼ਰ ਸਨ ਜਦਕਿ ਵਿੱਤ ਮੰਤਰੀ ਮਨਪ੍ਰੀਤ ਬਾਦਲ ਹਾਲੇ ਵਾਪਸ ਨਹੀਂ ਆਏ ਹਨ। ਸੂਤਰ ਦੱਸਦੇ ਹਨ ਕਿ ਵਜ਼ੀਰ ਸੁਖਜਿੰਦਰ ਰੰਧਾਵਾ ਨੇ ਸਾਥੀ ਮੰਤਰੀ ਚਰਨਜੀਤ ਚੰਨੀ ਨੂੰ ਲੰਚ ਵਾਸਤੇ ਨਾਲ ਲਿਜਾਣ ਲਈ ਫੋਨ ਖੜਕਾਏ ਪਰ ਉਨ੍ਹਾਂ ਪੱਲਾ ਨਾ ਫੜਾਇਆ। ਵੇਰਵਿਆਂ ਅਨੁਸਾਰ ਬਾਗੀ ਸੁਰ ਰੱਖਣ ਵਾਲੇ ਖੇਮੇ 'ਚੋਂ ਬਹੁਤੇ ਵਿਧਾਇਕ ਲੰਚ ਤੋਂ ਵਾਂਝੇ ਰਹਿ ਗਏ ਜਿਨ੍ਹਾਂ ਨੇ ਗੈਰ-ਰਸਮੀ ਤੌਰ 'ਤੇ ਵੱਖਰੀ ਸਿਆਸੀ ਮਿਲਣੀ ਕੀਤੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ, ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਧਾਇਕ ਪ੍ਰਗਟ ਸਿੰਘ ਅਤੇ ਵਿਧਾਇਕ ਸੰਗਤ ਸਿੰਘ ਗਿਲਜੀਆ ਨੂੰ ਦੁਪਹਿਰ ਦੇ ਖਾਣੇ ਉਤੇ ਬੁਲਾਇਆ ਗਿਆ ਜੋ ਕਰੀਬ ਤਿੰਨ ਘੰਟੇ ਮੁੱਖ ਮੰਤਰੀ ਦੇ ਸਿਸਵਾਂ ਰਿਜ਼ੋਰਟ 'ਤੇ ਰਹੇ। ਸੂਤਰਾਂ ਅਨੁਸਾਰ ਲੰਚ ਦੇ ਟੇਬਲ ਉਤੇ ਮੁੱਖ ਮੰਤਰੀ ਨੇ ਮੁੱਖ ਸਕੱਤਰ ਦਾ ਪੱਖ ਪੂਰ ਕੇ ਸਿਆਸੀ ਮਨਸ਼ਾ ਜ਼ਾਹਰ ਕਰ ਦਿੱਤੀ। ਉਨ੍ਹਾਂ ਤਰਕ ਦਿੱਤਾ ਕਿ ਮੁੱਖ ਸਕੱਤਰ ਤਾਂ ਪਹਿਲਾਂ ਹੀ ਮੁਆਫੀ ਮੰਗ ਚੁੱਕੇ ਹਨ। ਜਦੋਂ ਸ੍ਰੀ ਰੰਧਾਵਾ ਨੇ ਗੱਲ ਕੱਟੀ ਤਾਂ ਫੌਰੀ ਚੀਫ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਨਾਲ ਮੁੱਖ ਮੰਤਰੀ ਨੇ ਫੋਨ ਉਤੇ ਗੱਲ ਕੀਤੀ ਜਿਥੋਂ ਪਤਾ ਲੱਗਾ ਕਿ ਮੁੱਖ ਸਕੱਤਰ ਨੇ ਮੀਟਿੰਗ ਮਗਰੋਂ ਗੱਡੀ 'ਚ ਬੈਠੇ ਮਨਪ੍ਰੀਤ ਬਾਦਲ ਕੋਲ ਜਾ ਕੇ ਮੁਆਫੀ ਮੰਗੀ ਸੀ। ਸ੍ਰੀ ਰੰਧਾਵਾ ਨੇ ਮੁੱਖ ਸਕੱਤਰ ਨੂੰ ਲਾਂਭੇ ਕਰਨ ਦੀ ਗੱਲ ਰੱਖੀ।

ਇਸ ਦੌਰਾਨ ਰਾਜਾ ਵੜਿੰਗ ਨੇ ਮੁੱਖ ਸਕੱਤਰ ਦਾ ਮੁੱਦਾ ਚੁੱਕਿਆ। ਵਿਧਾਇਕ ਸੰਗਤ ਸਿੰਘ ਗਿਲਜੀਆ ਨੇ ਇਕ ਐਸ.ਡੀ.ਐਮ. ਵਾਲਾ ਮਾਮਲਾ ਮੁੜ ਚੁੱਕਿਆ। ਵਿਧਾਇਕ ਪ੍ਰਗਟ ਸਿੰਘ ਨੇ ਦੋ ਵਾਰ ਬਰਗਾੜੀ ਕਾਂਡ ਦੇ ਮੁੱਦੇ ਉਤੇ ਗੱਲ



ਤੋਰਨੀ ਚਾਹੀ ਪਰ ਕੋਈ ਨਾ ਕੋਈ ਵਿਘਨ ਪੈਂਦਾ ਰਿਹਾ। ਉਨ੍ਹਾਂ ਮੁੱਖ ਮੰਤਰੀ ਨੂੰ ਚੌਕਸ ਕੀਤਾ ਕਿ ਅਫਸਰਸ਼ਾਹੀ ਸਭ ਕੁਝ ਗੋਲ ਕਰ ਰਹੀ ਹੈ। ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਜਦੋਂ ਮੁੱਖ ਸਕੱਤਰ ਦੇ ਹੈਂਕੜ ਵਤੀਰੇ ਦੀ ਗੱਲ ਕੀਤੀ ਤਾਂ ਅੱਗਿਓਂ ਮੁੱਖ ਮੰਤਰੀ ਨੇ ਕਿਹਾ ਕਿ ਮੁੱਖ ਸਕੱਤਰ ਪਹਿਲਾਂ ਤਾਂ ਠੀਕ-ਠਾਕ ਸਨ। ਸ੍ਰੀ ਜਾਖੜ ਨੇ ਚੌਕਸ ਕੀਤਾ ਕਿ ਅਫਸਰਸ਼ਾਹੀ ਨੂੰ ਸਰਕਾਰ ਚਲਾਉਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਵਿਧਾਇਕ ਰਾਜਾ ਵੜਿੰਗ ਨੇ ਕਿਹਾ ਕਿ ਉਨ੍ਹਾਂ ਦੇ ਮੁੱਖ ਮੰਤਰੀ ਨਾਲ ਕੋਈ ਮਤਭੇਦ ਨਹੀਂ ਹਨ। ਜਦੋਂ ਮੁੱਖ ਮੰਤਰੀ ਬੁਲਾਉਣਗੇ, ਉਹ ਆਉਣਗੇ। ਉਨ੍ਹਾਂ ਕਿਹਾ ਕਿ ਆਬਕਾਰੀ ਘਾਟੇ ਲਈ ਮੁੱਖ ਸਕੱਤਰ ਦੀ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਕਿਹਾ ਕਿ ਲੰਚ ਖੁਣੋਂ ਰਹਿ ਗਏ ਵਿਧਾਇਕਾਂ ਨੇ ਹੀ ਸ੍ਰੀ ਰੰਧਾਵਾ ਨੂੰ ਮੀਟਿੰਗ ਲਈ ਅਧਿਕਾਰਤ ਕੀਤਾ ਸੀ। ਮੁੱਖ ਮੰਤਰੀ ਦਫਤਰ ਨੇ ਰਾਜਨੀਤੀ ਬਰਾਂਚ-1 'ਚ ਤਾਇਨਾਤ ਬੁਕਿੰਗ ਸਹਾਇਕ ਰਜਨੀਸ਼ ਮੈਣੀ ਨੂੰ ਬਦਲਣ ਦੇ ਜ਼ਬਾਨੀ ਹੁਕਮ ਦੇ ਦਿੱਤੇ ਹਨ। ਬੁਕਿੰਗ ਸਹਾਇਕ ਖਿਲਾਫ ਵਿਧਾਇਕਾਂ ਨੇ ਰੌਲਾ ਪਾਇਆ ਸੀ ਕਿ ਦਿੱਲੀ ਦੇ ਪੰਜਾਬ ਭਵਨ ਦੇ ਬਲਾਕ-ਏ ਵਿਚ ਬੁਕਿੰਗ ਨਹੀਂ ਦਿੱਤੀ ਜਾਂਦੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਮਹੱਤਵਪੂਰਨ ਮੁੱਦਿਆਂ ਉਤੇ ਰਾਇ ਦੇਣ ਵਾਲੇ ਆਗੂਆਂ ਦੀ ਕਦਰ ਕਰਦੇ ਹਨ। ਉਨ੍ਹਾਂ ਨੇ ਆਗੂਆਂ ਨੂੰ ਭਰੋਸਾ ਦਿਵਾਇਆ ਹੈ ਕਿ ਕੋਵਿਡ- 19 ਦੇ ਪ੍ਰਭਾਵ ਘਟਣ ਕਰਨ ਲਈ ਉਹ ਹਰ ਸੰਭਵ ਉਪਾਅ ਕਰ ਰਹੇ ਹਨ। ਸਰਕਾਰ ਲੋਕਾਂ ਦੇ ਦੁੱਖ ਦੂਰ ਕਰਨ ਲਈ ਯਤਨਸ਼ੀਲ ਹੈ। ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਨਿਰਵਿਵਾਦ ਨੇਤਾ ਹਨ। ਸ਼ਰਾਬ ਤਸਕਰੀ 'ਚ ਕਾਂਗਰਸੀ ਆਗੂਆਂ ਦੀ ਸ਼ਮੂਲੀਅਤ ਬਾਰੇ ਸ੍ਰੀ ਰੰਧਾਵਾ ਨੇ ਕਿਹਾ ਕਿ ਜੇਕਰ ਕੋਈ ਵੀ ਗੈਰ-ਕਾਨੂੰਨੀ ਕੰਮ ਕਰਦਾ ਹੈ ਤਾਂ ਉਸ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ।

# ਕੈਪਟਨ ਸਰਕਾਰ ਦਾ ਸ਼ਰਾਬ ਵੇਚ ਕੇ ਖਜਾਨਾ ਭਰਨ ਦਾ ਸੁਪਨਾ ਟੁੱਟਿਆ

**ਚੰਡੀਗੜ੍ਹ:** ਸ਼ਰਾਬ ਦੀ ਨਿਲਾਮੀ ਤੋਂ ਵੱਡੀ ਆਮਦਨ ਦੀ ਆਸ ਲਾਈ ਬੈਠੀ ਕੈਪਟਨ ਸਰਕਾਰ ਦਾ ਸੁਪਨਾ ਟੁੱਟਦਾ ਜਾਪ ਰਿਹਾ ਹੈ। ਪੰਜਾਬ ਸਰਕਾਰ ਦੇ ਕਰੀਬ 2000 ਕਰੋੜ ਰੁਪਏ ਦੇ ਮਾਲੀਏ ਵਾਲੇ ਠੇਕਿਆਂ ਦੀ ਨਿਲਾਮੀ ਲਈ ਕਿਸੇ ਵੀ ਠੇਕੇਦਾਰ ਨੇ ਦਰਖਾਸਤ ਨਹੀਂ ਦਿੱਤੀ। ਦੂਜੇ ਪਾਸੇ ਸਰਕਾਰ ਡੇਢ ਮਹੀਨਾ ਠੇਕੇ ਬੰਦ ਰੱਖਣ ਉਤੇ ਹੁਣ ਵਿਕਰੀ ਬੇਹੱਦ ਘੱਟ ਹੋਣ ਕਾਰਨ ਪੈ ਰਹੇ ਘਾਟੇ ਦਾ ਮੁਆਵਜ਼ਾ ਦੇਣ ਲਈ ਤਿਆਰ ਨਹੀਂ।



ਇਸ ਕਰਕੇ ਵੱਡੇ ਘਾਟੇ ਦਾ ਖਦਸ਼ਾ ਮਹਿਸੂਸ ਕਰਦਿਆਂ ਬਹੁਤ ਸਾਰੇ ਠੇਕੇਦਾਰਾਂ ਨੇ ਪਹਿਲਾਂ ਲਏ ਠੇਕਿਆਂ ਨੂੰ ਵੀ ਤਾਲੇ ਮਾਰਨੇ ਸ਼ੁਰੂ ਕਰ ਦਿੱਤੇ ਹਨ। ਪਤਾ ਲੱਗਾ ਹੈ ਕਿ ਨਿਲਾਮ ਹੋਣ ਤੋਂ ਰਹਿ ਗਏ ਠੇਕਿਆਂ ਲਈ ਦਰਖਾਸਤ ਲੈਣ ਦੇ ਆਖਰੀ ਦਿਨ ਵੀ ਕੋਈ ਗਰੁੱਪ ਅੱਗੇ ਨਹੀਂ ਆਇਆ। ਪਤਾ ਲੱਗਾ ਹੈ ਕਿ ਸਰਕਾਰ ਨੇ ਠੇਕੇਦਾਰਾਂ ਨੂੰ 16 ਫੀਸਦੀ ਛੋਟ ਦੇਣ ਦੀ ਪੇਸ਼ਕਸ਼ ਕੀਤੀ ਸੀ ਪਰ ਠੇਕੇਦਾਰਾਂ ਨੂੰ ਇਹ ਮਨਜ਼ੂਰ ਨਹੀਂ। ਉਨ੍ਹਾਂ ਦਾ ਕਹਿਣਾ ਹੈ ਇੰਨਾ ਹਰਜਾਨਾ ਤਾਂ ਉਨ੍ਹਾਂ ਨੂੰ ਦੋ ਮਹੀਨੇ ਠੇਕੇ ਪੱਛੜ ਕੇ ਚੱਲਣ ਦਾ ਹੀ ਪੈ ਜਾਣਾ ਹੈ ਤੇ ਪਿਛਲੇ ਸਾਲ ਵੀ ਇਨ੍ਹਾਂ ਠੇਕਿਆਂ 'ਚੋਂ ਠੇਕੇਦਾਰਾਂ ਨੇ ਵੱਡਾ ਘਾਟਾ ਹੀ ਖਾਧਾ ਹੈ। ਇਸ ਕਰਕੇ ਉਹ ਠੇਕੇ ਲੈਣ ਲਈ ਤਿਆਰ ਨਹੀਂ। ਪਤਾ ਲੱਗਾ ਹੈ ਕਿ ਲੁਧਿਆਣਾ ਜ਼ੋਨ ਵਿਚ 28 ਗਰੁੱਪਾਂ ਨੇ ਠੇਕਿਆਂ ਨੂੰ ਤਾਲਾ ਮਾਰ ਕੇ ਸਰਕਾਰ ਨੂੰ ਲਿਖਤੀ ਰੂਪ 'ਚ ਕਹਿ ਦਿੱਤਾ ਹੈ ਕਿ ਉਹ ਠੇਕੇ ਚਲਾਉਣ ਦੇ ਸਮਰੱਥ ਨਹੀਂ। ਇਸੇ ਤਰ੍ਹਾਂ ਜਲੰਧਰ ਜ਼ੋਨ 'ਚ ਹੁਸ਼ਿਆਰਪੁਰ ਦੇ-ਦੋ ਗਰੁੱਪ ਹੱਥ ਖੜੇ ਕਰ ਗਏ ਹਨ।

ਜਾਣਕਾਰੀ ਅਨੁਸਾਰ ਸਾਬਕਾ ਵਿਧਾਇਕ ਦੀਪ ਮਲਹੋਤਰਾ ਨੇ ਕਈ ਜ਼ਿਲ੍ਹਿਆਂ ਵਿਚ ਸ਼ਰਾਬ ਦੇ ਠੇਕੇ ਬੰਦ ਕਰ ਦਿੱਤੇ ਹਨ। ਫਰੀਦਕੋਟ ਵਿਚ ਚਾਰ ਗਰੁੱਪ ਅੱਧ-ਵਿਚਾਲੇ ਛੱਡ ਦਿੱਤੇ ਗਏ ਹਨ ਜਦਕਿ ਫਾਜ਼ਿਲਕਾ ਵਿਚ 13 ਗਰੁੱਪਾਂ ਤਹਿਤ ਚੱਲਦੇ ਸੈਂਕੜੇ ਠੇਕਿਆਂ ਨੂੰ ਤਾਲੇ ਮਾਰ ਦਿੱਤੇ ਗਏ ਹਨ। ਸਭ ਤੋਂ ਵੱਧ ਅਸਰ ਜ਼ਿਲ੍ਹਾ ਲੁਧਿਆਣਾ ਉਤੇ ਪਿਆ ਹੈ। ਪਰਵਾਸੀ ਮਜ਼ਦੂਰਾਂ ਦੇ ਜਾਣ ਕਾਰਨ ਦੇਸੀ ਸ਼ਰਾਬ ਦੀ ਵਿਕਰੀ ਨਾਮਾਤਰ ਰਹਿ ਗਈ ਹੈ। ਲੁਧਿਆਣਾ ਵਿਚ ਚਾਰ-ਪੰਜ ਕੰਪਨੀਆਂ ਨੇ ਕਰੀਬ 17 ਗਰੁੱਪ ਛੱਡ ਦਿੱਤੇ ਹਨ। ਚੱਢਾ ਗਰੁੱਪ ਨੇ ਤਾਂ ਕਈ ਜ਼ਿਲ੍ਹਿਆਂ ਵਿਚ ਕਾਰੋਬਾਰ ਸਮੇਟ ਦਿੱਤਾ ਹੈ। ਕਈ ਕੰਪਨੀਆਂ ਨੇ ਘੱਟ ਵਿਕਰੀ ਵਾਲੇ ਠੇਕੇ ਬੰਦ ਕਰ ਦਿੱਤੇ ਹਨ। ਉਂਜ, ਤਾਲਾਬੰਦੀ ਦੌਰਾਨ ਸਵੇਰੇ 7 ਤੋਂ ਸ਼ਾਮ 7 ਵਜੇ ਤੱਕ ਦੁਕਾਨਾਂ ਅਤੇ ਠੇਕੇ ਖੋਲ੍ਹਣ ਦੀ ਛੋਟ ਦਿੱਤੀ ਗਈ ਹੈ ਪਰ ਸ਼ਰਾਬ ਦੇ ਠੇਕਿਆਂ ਨੂੰ ਰਾਤ ਦੇ 9 ਵਜੇ ਤੱਕ ਦੀ ਖੋਲ੍ਹਣ ਦੀ ਜ਼ਬਾਨੀ ਤੌਰ ਉਤੇ ਪੰਜਾਬ 'ਚ ਰਿਆਇਤ ਦਿੱਤੀ ਗਈ ਹੈ। ਪੰਜਾਬ ਵਿਚ ਸ਼ਰਾਬ ਵੀ ਸਰਕਾਰੀ ਭਾਅ ਤੋਂ ਵੱਧ ਕੀਮਤ ਉਤੇ ਵੇਚੀ ਜਾ ਰਹੀ ਹੈ। ਸੂਤਰ ਆਖਦੇ ਹਨ ਕਿ ਸਰਕਾਰ ਠੇਕੇਦਾਰਾਂ ਨੂੰ ਚੋਗਾ ਪਾਉਣ ਦੇ ਰੌਂਅ 'ਚ ਵੀ ਹੈ।

ਜਲੰਧਰ 'ਚ ਸਭ ਤੋਂ ਵਧੇਰੇ ਗਰੁੱਪ ਚਲਾ ਰਹੇ ਕਾਰੋਬਾਰੀ ਦਾ ਕਹਿਣਾ ਹੈ ਕਿ ਸਰਕਾਰੀ ਅਧਿਕਾਰੀ ਉਚੀ ਵਿਕਰੀ ਵਾਲੇ ਠੇਕੇ ਨੂੰ ਆਧਾਰ ਬਣਾ ਕੇ ਵਿਕਰੀ ਵਧ ਰਹੀ ਦੱਸ ਦਿੰਦੇ ਹਨ ਜਦਕਿ ਔਸਤਨ ਸ਼ਰਾਬ ਦੀ ਵਿਕਰੀ 35 ਤੋਂ 40 ਫੀਸਦੀ ਵਿਚਕਾਰ ਹੀ ਚੱਲ ਰਹੀ ਹੈ। ਅੰਮ੍ਰਿਤਸਰ ਖੇਤਰ ਦੇ ਇਕ ਸ਼ਰਾਬ ਕਾਰੋਬਾਰੀ ਦਾ ਵੀ ਕਹਿਣਾ ਹੈ ਕਿ ਇਸ ਖੇਤਰ 'ਚ ਕਿਧਰੇ ਵੀ ਪਿਛਲੇ ਸਾਲ ਦੇ ਹਿਸਾਬ 40 ਫੀਸਦੀ ਤੋਂ ਵਧੇਰੇ ਵਿਕਰੀ ਨਹੀਂ ਹੈ। ਉਪ ਕਰ ਤੇ ਆਬਕਾਰੀ ਕਮਿਸ਼ਨਰ ਜਲੰਧਰ ਸਾਲਿਨ ਵਾਲੀਆ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਖੇਤਰ ਵਿਚ ਵਿਕਰੀ 55 ਤੋਂ 60 ਫੀਸਦੀ ਤੱਕ ਹੈ ਤੇ ਇਹ ਵਧ ਰਹੀ ਹੈ। ਦੁਆਬੇ ਦੇ ਪੇਂਡੂ ਖੇਤਰਾਂ ਦੇ ਸ਼ਰਾਬ ਕਾਰੋਬਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਵਲੋਂ ਠੇਕਿਆਂ ਉਪਰ ਪਿਛਲੇ ਸਾਲ ਨਾਲੋਂ ਸ਼ਰਾਬ ਦੀ ਵਿਕਰੀ 35 ਫੀਸਦੀ ਤੋਂ ਵੀ ਘੱਟ ਹੈ। ਸ਼ਰਾਬ ਕਾਰੋਬਾਰੀਆਂ ਦਾ ਕਹਿਣਾ ਹੈ ਕਿ ਦੁਨੀਆਂ ਭਰ 'ਚ ਮੰਦੀ ਛਾਈ ਰਹੀ ਹੈ ਤੇ ਆਮਦਨ ਬੇਹੱਦ ਘੱਟੀ ਹੈ, ਫਿਰ ਭਲਾ ਪੰਜਾਬ ਦੇ ਸ਼ਰਾਬ ਕਾਰੋਬਾਰੀ ਇਸ ਤੋਂ ਪਾਸੇ ਕਿਵੇਂ ਰਹਿ ਸਕਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਹਿਮਾਚਲ ਪ੍ਰਦੇਸ਼ ਨੇ 1 ਮਹੀਨੇ ਦੀ ਛੂਟ ਦੇ ਦਿੱਤੀ ਹੈ ਤੇ ਹਰਿਆਣਾ ਨੇ ਮਾਲੀਏ 'ਚ ਵੱਡੀ ਛੋਟ ਦਿੱਤੀ ਹੈ, ਪਰ ਪੰਜਾਬ ਸਰਕਾਰ 6 ਤੋਂ 13 ਮਈ ਤੱਕ ਬੰਦ ਠੇਕਿਆਂ ਦੀ ਵੀ ਪੂਰੀ ਫੀਸ ਮੰਗ ਰਹੀ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਸਰਕਾਰ ਖੁਦ ਵੀ ਮੰਨ ਰਹੀ ਹੈ ਕਿ ਸ਼ਰਾਬ ਦੀ ਵਿਕਰੀ ਅੱਧ ਤੋਂ ਵੀ ਹੇਠਾਂ ਹੈ। ਫਿਰ ਠੇਕੇਦਾਰਾਂ ਉਪਰ ਪੂਰਾ ਕੋਟਾ ਚੁੱਕਣ 'ਤੇ ਕਰੋਨਾ ਵਾਇਰਸ ਤੋਂ ਪਹਿਲੀ ਵਾਲੀ ਫੀਸ ਕਿਉਂ ਮੰਗੀ ਜਾ ਰਹੀ ਹੈ।

## ਤਸਕਰਾਂ ਖਿਲਾਫ ਕਾਰਵਾਈ 'ਚ ਕੈਪਟਨ ਨਾਕਾਮ: ਚੀਮਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਾਰੇ ਮਾਮਲੇ ਦੀ ਜਾਣਕਾਰੀ ਹੋਣ ਦੇ ਬਾਵਜੂਦ ਸ਼ਰਾਬ ਦੀ ਤਸਕਰੀ ਕਰਨ ਵਾਲੇ ਕਾਂਗਰਸੀ ਆਗੂਆਂ ਖਿਲਾਫ ਕਾਰਵਾਈ ਕਰਨ ਦਾ ਸੰਵਿਧਾਨਕ ਫਰਜ਼ ਨਿਭਾਉਣ 'ਚ ਨਾਕਾਮ ਸਾਬਤ ਹੋਏ ਹਨ। ਪਾਰਟੀ ਨੇ ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੂੰ ਇਸ ਮਾਮਲੇ ਵਿਚ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਪਾਰਟੀ ਦੇ ਸੀਨੀਅਰ ਪਾਰਟੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਦੀ ਪ੍ਰਦੇਸ਼ ਕਾਂਗਰਸ ਮੁਖੀ ਸਮੇਤ ਕਾਂਗਰਸੀ ਆਗੂਆਂ ਨਾਲ ਹੋਈ ਮੀਟਿੰਗ ਦੌਰਾਨ ਖੁਲਾਸਾ ਹੋ ਗਿਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਦੀ ਜਾਣਕਾਰੀ ਸੀ। ਅਕਾਲੀ ਆਗੂ ਨੇ ਕਿਹਾ ਕਿ ਇਸ ਤੱਥ ਦੀ ਪੁਸ਼ਟੀ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਕੀਤੀ ਸੀ। ਸ੍ਰੀ ਚੀਮਾ ਅਨੁਸਾਰ ਕੋਈ ਵੀ ਮੁੱਖ ਮੰਤਰੀ ਸੂਬੇ ਦੇ ਹਿੱਤਾਂ ਨਾਲ ਧ੍ਰੋਹ ਨਹੀਂ ਕਰ ਸਕਦਾ।


## ਸ਼ਰਾਬ ਖਿਲਾਫ ਮਤਾ: ਜਾਖੜ ਨੇ ਅਕਾਲੀਆਂ ਨੂੰ ਵੰਗਾਰਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਜੇਕਰ ਪਾਰਟੀ 'ਚ ਹਿੰਮਤ ਹੈ ਤਾਂ ਉਹ ਸ਼ਰਾਬਬੰਦੀ ਦਾ ਮਤਾ ਵਿਧਾਨ ਸਭਾ ਵਿਚ ਲੈ ਕੇ ਆਵੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਸ਼ਾ ਤਸਕਰੀ ਰੋਕਣ ਲਈ ਪੂਰੀ ਵਾਹ ਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਥਕ ਪਾਰਟੀ ਹੈ। ਗੱਠਜੋੜ ਸਰਕਾਰ ਦੇ ਦਸ ਵਰ੍ਹਿਆਂ ਦੇ ਰਾਜ ਭਾਗ ਨੇ ਪੰਜਾਬ ਵਿਚ ਏਨੇ ਕੰਡੇ ਬੀਜ ਦਿੱਤੇ ਹਨ ਜਿਨ੍ਹਾਂ ਦਾ ਸੰਤਾਪ ਲੰਮਾ ਸਮਾਂ ਝੱਲਣਾ ਪਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਨੇ ਪੰਜਾਬ ਵਿਚ ਚਿੱਟੇ ਲਈ ਰਾਹ ਖੋਲ੍ਹੇ। ਵਿਰੋਧੀ ਧਿਰਾਂ ਦਾ ਰੌਲਾ ਫਜ਼ੂਲ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵਿਚ ਪੰਜਾਬ ਦੇ ਤਿੰਨ ਮੰਤਰੀ ਹਨ ਜਿਨ੍ਹਾਂ ਕਦੇ ਵੀ ਪੰਜਾਬ ਦੇ ਹੱਕ 'ਚ ਆਵਾਜ਼ ਨਹੀਂ ਚੁੱਕੀ।

# ਭਾਰਤ 'ਚ ਕਰੋਨਾ ਦੇ ਇਲਾਜ ਲਈ 4 ਵੈਕਸੀਨ ਦੂਜੇ ਪੜਾਅ ਵਿਚ

**ਨਵੀਂ ਦਿੱਲੀ:** ਕੇਂਦਰੀ ਸਿਹਤ ਮੰਤਰੀ ਡਾ. ਹਰਸ਼ਵਰਧਨ ਨੇ ਕਿਹਾ ਹੈ ਕਿ ਦੇਸ਼ 'ਚ ਤਾਲਾਬੰਦੀ ਸਹੀ ਸਮੇਂ ਉਤੇ ਕੀਤੀ ਗਈ ਸੀ ਅਤੇ ਇਸ ਦੇ ਸਕਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ। ਕੇਂਦਰੀ ਸਿਹਤ ਮੰਤਰੀ ਨੇ ਕਿਹਾ ਕਿ ਦੇਸ਼ 'ਚ ਤਾਲਾਬੰਦੀ ਕਰਨ ਦਾ ਫੈਸਲਾ ਸਹੀ ਸਮੇਂ 'ਤੇ ਲਿਆ ਗਿਆ ਸੀ।


ਕੁਝ ਦੇਸ਼ਾਂ 'ਚ ਤਾਂ ਤਾਲਾਬੰਦੀ ਕਰਨ ਦਾ ਫੈਸਲਾ ਉਦੋਂ ਲਿਆ ਗਿਆ, ਜਦੋਂ ਸਥਿਤੀ ਕਾਬੂ ਤੋਂ ਬਾਹਰ ਹੋ ਗਈ। ਦੇਸ਼ 'ਚ ਕਰੋਨਾ ਵਾਇਰਸ ਦੀ ਸਥਿਤੀ ਨੂੰ ਲੈ ਕੇ ਉਨ੍ਹਾਂ ਕਿਹਾ ਕਿ ਜੇਕਰ ਤਾਲਾਬੰਦੀ ਤੋਂ ਪਹਿਲਾਂ ਭਾਰਤ 'ਚ ਕਰੋਨਾ ਦੇ ਮਾਮਲੇ ਦੁੱਗਣੇ ਹੋਣ ਦਾ ਸਮਾਂ 3.4 ਦਿਨ ਸੀ, ਉਹ ਹੁਣ ਵਧ ਕੇ 13 ਦਿਨ ਤੋਂ ਵੀ ਜ਼ਿਆਦਾ ਹੋ ਗਿਆ ਹੈ। ਤਾਲਾਬੰਦੀ ਅਤੇ ਇਸ ਦੇ ਦਿਸ਼ਾ-ਨਿਰਦੇਸ਼ਾਂ ਨੇ ਇਕ ਪ੍ਰਭਾਵੀ 'ਸੋਸ਼ਲ ਵੈਕਸੀਨ' ਦੀ ਤਰ੍ਹਾਂ ਕੰਮ ਕੀਤਾ ਹੈ। ਇਸ ਤੋਂ ਇਲਾਵਾ ਸੋਸ਼ਲ



ਮੀਡੀਆ 'ਤੇ ਭਾਜਪਾ ਨੇਤਾ ਜੀ.ਵੀ.ਐਲ. ਨਰਸਿਮਹਾ ਰਾਓ ਨਾਲ ਗੱਲਬਾਤ 'ਚ ਸਿਹਤ ਮੰਤਰੀ ਹਰਸ਼ਵਰਧਨ ਨੇ ਕਿਹਾ ਕਿ ਦੇਸ਼ 'ਚ ਕਰੋਨਾ ਵਾਇਰਸ ਦੇ ਇਲਾਜ ਲਈ 14 ਵੈਕਸੀਨਾਂ 'ਚੋਂ ਚਾਰ ਦੂਜੇ ਪੜਾਅ ਵਿਚ ਪ੍ਰਵੇਸ਼ ਕਰ ਸਕਦੀਆਂ ਹਨ। ਸਿਹਤ ਮੰਤਰੀ ਨੇ ਕਿਹਾ ਕਿ ਪੂਰੀ ਦੁਨੀਆਂ ਕਰੋਨਾ ਵਾਇਰਸ ਦੇ ਇਲਾਜ ਲਈ ਖੋਜ ਕਰ ਰਹੀ ਹੈ ਅਤੇ 100 ਤੋਂ ਵੱਧ ਵੈਕਸੀਨ ਇਸ ਦੌੜ 'ਚ ਸ਼ਾਮਲ ਹਨ। ਭਾਰਤ 'ਚ ਵੀ 14 ਵੈਕਸੀਨ ਉਤੇ ਕੰਮ ਕੀਤਾ ਜਾ ਰਿਹਾ ਹੈ ਅਤੇ ਇਹ ਅਜੇ ਵੱਖ-ਵੱਖ ਪੜਾਵਾਂ 'ਤੇ ਹਨ।

# ਸਬਸਿਡੀਆਂ 'ਤੇ ਭਾਰੀ ਪੈ ਸਕਦੈ ਬਿਜਲੀ ਸੋਧ ਬਿੱਲ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਸੋਧ ਬਿਲ-2020 ਨੂੰ ਪੰਜਾਬ ਅਤੇ ਪੰਜਾਬੀਆਂ ਦੇ ਹੱਕਾਂ ਉਤੇ ਡਾਕਾ ਕਰਾਰ ਦਿੰਦੇ ਹੋਏ ਸੂਬਾ ਸਰਕਾਰ ਕੋਲੋਂ ਮੰਗ ਕੀਤੀ ਕਿ ਇਸ ਘਾਤਕ ਬਿੱਲ ਖਿਲਾਫ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਇਆ ਜਾਵੇ।



ਇਸ ਬਿਲ ਬਾਰੇ ਟਿੱਪਣੀ ਕਰਨ ਲਈ ਪੰਜਾਬ ਕੋਲ 5 ਜੂਨ ਤੱਕ ਦਾ ਸਮਾਂ ਹੈ। ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਅਤੇ ਉਪ ਆਗੂ ਬੀਬੀ ਸਰਬਜੀਤ ਕੌਰ ਮਾਣੂੰਕੇ ਨੇ ਕਿਹਾ ਕਿ ਇਹ ਬਿਜਲੀ ਸੋਧ ਬਿਲ-2020 ਨਵੇਂ ਕਾਨੂੰਨ ਵਜੋਂ ਆ ਗਿਆ ਤਾਂ ਪੰਜਾਬ ਦੇ ਹੱਥ ਕੁੱਝ ਨਹੀਂ ਬਚੇਗਾ। ਬਿਜਲੀ ਬਾਰੇ ਤਮਾਮ ਨਿੱਕੇ ਵੱਡੇ ਫੈਸਲੇ ਕੇਂਦਰ ਸਰਕਾਰ ਦੇ ਹੱਥਾਂ 'ਚ ਚਲੇ ਜਾਣਗੇ। ਸੂਬੇ ਦਾ 80-85 ਪ੍ਰਤੀਸ਼ਤ ਬਿਜਲੀ ਉਤਪਾਦਨ ਨਿੱਜੀ ਅਤੇ ਨੈਸ਼ਨਲ ਥਰਮਲ ਪਾਵਰ-ਕਾਰਪੋਰੇਸ਼ਨ ਕੋਲ ਜਾ ਚੁੱਕਿਆ ਹੈ। ਚੀਮਾ ਨੇ ਕਿਹਾ ਕਿ ਮੋਦੀ ਸਰਕਾਰ ਦਾ ਬਿਜਲੀ ਸੋਧ ਬਿਲ 2020 ਰਾਹੀਂ ਹਰ ਅਮੀਰ-ਗਰੀਬ ਖਪਤਕਾਰ ਦੀ ਜੇਬ ਸਮੇਤ ਰਾਜਾਂ ਦੇ ਅਧਿਕਾਰਾਂ ਉਤੇ ਸਿੱਧਾ ਡਾਕਾ ਹੈ। ਇੰਨਾ ਹੀ ਨਹੀਂ ਇਸ ਬਿਲ ਰਾਹੀਂ ਸਥਾਪਿਤ ਕੀਤੀ ਜਾ ਰਹੀ ਬਿਜਲੀ ਇਕਰਾਰਨਾਮਾ ਅਥਾਰਿਟੀ ਨੂੰ ਜਿਸ ਤਰੀਕੇ ਇਕਪਾਸੜ ਕਾਨੂੰਨੀ ਅਧਿਕਾਰ ਦਿੱਤੇ ਜਾ ਰਹੇ ਹਨ, ਉਹ ਭਾਰਤੀ ਨਿਆਂਪਾਲਿਕਾ ਨੂੰ ਮਿਲੀਆਂ ਸੰਵਿਧਾਨਕ ਸ਼ਕਤੀਆਂ ਉਤੇ ਵੀ ਡਾਕਾ ਹਨ। ਬੀਬੀ ਮਾਣੂੰਕੇ ਨੇ ਕਿਹਾ ਕਿ ਬਿਜਲੀ ਸੁਧਾਰ ਬਿਲ-2020 ਰਾਹੀਂ ਗਰੀਬਾਂ/ ਦਲਿਤਾਂ ਅਤੇ ਕਿਸਾਨਾਂ ਨੂੰ ਬਿਜਲੀ ਉਤੇ ਮਿਲਦੀ ਸਬਸਿਡੀ 'ਤੇ ਵੀ ਤਲਵਾਰ ਲਟਕ ਜਾਵੇਗੀ। ਉਨ੍ਹਾਂ ਮੰਗ ਕੀਤੀ ਕਿ ਸੂਬਾ ਸਰਕਾਰ ਬਿਜਲੀ ਸੁਧਾਰ ਬਿਲ-2020 ਵਿਰੁੱਧ ਵਿਧਾਨ ਸਭਾ 'ਚ ਮਤਾ ਪਾਸ ਕਰਨ ਦੇ ਨਾਲ-ਨਾਲ ਪਿਛਲੀ ਬਾਦਲ ਸਰਕਾਰ ਵੱਲੋਂ ਪ੍ਰਾਈਵੇਟ ਥਰਮਲਾਂ ਨਾਲ ਕੀਤੇ ਘਾਤਕ ਇਕਰਾਰਨਾਮੇ ਵੀ ਰੱਦ ਕਰਨ ਲਈ ਵਿਸ਼ੇਸ਼ ਸੈਸ਼ਨ ਸੱਦੇ।

# ਕੌਮਾਂਤਰੀ ਸਿਵਲ ਟਰਮੀਨਲ ਲਈ ਰਾਹ ਪੱਧਰਾ

**ਲੁਧਿਆਣਾ:** ਹਲਵਾਰਾ ਹਵਾਈ ਅੱਡੇ ਵਿਚ ਕੌਮਾਂਤਰੀ ਸਿਵਲ ਟਰਮੀਨਲ ਦੇ ਨਿਰਮਾਣ ਲਈ ਰਾਹ ਪੱਧਰਾ ਹੋ ਗਿਆ ਹੈ ਜਿਸ ਨਾਲ ਇਸ ਹਵਾਈ ਅੱਡੇ ਤੋਂ ਅੰਤਰਰਾਸ਼ਟਰੀ ਉਡਾਣਾਂ ਦਾ ਸੁਪਨਾ ਜਲਦ ਸੱਚ ਹੋਣ ਜਾ ਰਿਹਾ ਹੈ। ਇਸ ਟਰਮੀਨਲ ਦੇ ਨਿਰਮਾਣ ਲਈ ਲੋੜੀਂਦੀ 161.27 ਏਕੜ ਜ਼ਮੀਨ ਐਕੁਆਇਰ ਕਰ ਲਈ ਗਈ ਹੈ ਅਤੇ ਇਸ ਸਬੰਧੀ ਗਲਾਡਾ ਵੱਲੋਂ ਮੌਕੇ ਦਾ ਕਬਜ਼ਾ ਵੀ ਲੈ ਲਿਆ ਗਿਆ ਹੈ।

ਇਹ ਜਾਣਕਾਰੀ ਡਿਪਟੀ ਕਮਿਸ਼ਨਰ ਪ੍ਰਦੀਪ ਕੁਮਾਰ ਅਗਰਵਾਲ ਨੇ ਦਿੱਤੀ। ਡੀ.ਸੀ. ਨੇ ਦੱਸਿਆ ਕਿ ਇਸ ਜ਼ਮੀਨ ਬਦਲੇ ਕਿਸਾਨਾਂ ਨੂੰ 20,61,314 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਯੋਗ ਪਾਏ ਜਾਣ ਵਾਲੇ ਪਰਿਵਾਰ ਨੂੰ 5,50,000 ਰੁਪਏ ਪੁਨਰ ਵਸੇਬਾ ਭੱਤਾ ਵੀ ਦਿੱਤਾ ਜਾਵੇਗਾ। ਗਲਾਡਾ ਵੱਲੋਂ ਸਾਰੀਆਂ ਕਾਰਵਾਈਆਂ ਮੁਕੰਮਲ ਕਰਨ ਉਪਰੰਤ ਇਸ ਜ਼ਮੀਨ ਦਾ ਐਵਾਰਡ ਨੰਬਰ 7 ਫਰਵਰੀ ਨੂੰ ਐਲਾਨਿਆ ਗਿਆ ਸੀ ਅਤੇ ਜ਼ਮੀਨ ਦਾ ਕਬਜ਼ਾ 22 ਮਈ ਨੂੰ ਜ਼ਮੀਨ ਮਾਲਕਾਂ ਅਤੇ ਪਿੰਡ ਨਿਵਾਸੀਆਂ ਦੀ ਹਾਜ਼ਰੀ ਵਿਚ ਲੈ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਏਅਰਪੋਰਟ ਅਥਾਰਟੀ ਆਫ ਇੰਡੀਆ ਅਤੇ ਪੰਜਾਬ ਸਰਕਾਰ ਦੇ ਸਾਂਝੇ ਉਦਮ ਨਾਲ ਪਿੰਡ ਐਤੀਆਣਾ ਤਹਿਸੀਲ ਰਾਏਕੋਟ ਦੀ ਜ਼ਮੀਨ ਵਿਚ ਕੌਮਾਂਤਰੀ ਸਿਵਲ ਅਤੇ ਕਾਰਗੋ ਟਰਮੀਨਲ ਬਣਾਇਆ ਜਾ ਰਿਹਾ ਹੈ। ਇਸ ਨਾਲ ਇਲਾਕੇ ਵਿਚ ਨਿਗਮੀ ਅਤੇ ਵਪਾਰਕ ਕੰਪਨੀਆਂ ਨੂੰ ਆਰਥਿਕ ਗਤੀਵਿਧੀਆਂ ਚਲਾਉਣ ਦਾ ਮੌਕਾ ਮਿਲੇਗਾ। ਇਸ ਨਾਲ ਹੋਰ ਖੇਤਰਾਂ ਵਿਚ ਖਾਸ ਤੌਰ ਉਤੇ ਰੁਜ਼ਗਾਰ ਦੇ ਮੌਕੇ ਮਿਲਣਗੇ ਅਤੇ ਸੈਰ-ਸਪਾਟੇ ਨੂੰ ਵੀ ਹੁਲਾਰਾ ਮਿਲੇਗਾ।

ਦੱਸਣਯੋਗ ਹੈ ਕਿ ਇਸ ਪ੍ਰੋਜੈਕਟ ਦੇ ਪਹਿਲੇ ਪੜਾਅ ਦਾ ਕੰਮ ਤਿੰਨ ਸਾਲਾਂ ਵਿਚ ਪੂਰਾ ਕੀਤਾ ਜਾਵੇਗਾ। ਇਹ ਪ੍ਰੋਜੈਕਟ ਜੁਆਇੰਟ ਵੈਂਚਰ ਕੰਪਨੀ (ਜੇ.ਵੀ.ਸੀ) ਰਾਹੀਂ ਲਾਗੂ ਕੀਤਾ ਜਾਵੇਗਾ ਜਿਸ ਵਿਚ 51 ਫੀਸਦੀ ਹਿੱਸੇਦਾਰੀ ਏਏਆਈ ਦੀ ਹੈ ਜਦਕਿ ਗਰੇਟਰ ਲੁਧਿਆਣਾ ਵਿਕਾਸ ਅਥਾਰਟੀ (ਗਲਾਡਾ) ਰਾਹੀਂ ਸੂਬਾ ਸਰਕਾਰ ਦੀ ਹਿੱਸੇਦਾਰੀ 49 ਫੀਸਦੀ ਹੈ। ਇਹ ਅੰਤਰਰਾਸ਼ਟਰੀ ਹਵਾਈ ਅੱਡਾ ਸਿਰਫ ਵਪਾਰਕ ਉਡਾਣਾਂ ਲਈ ਹੀ ਨਹੀਂ ਹੋਵੇਗਾ ਸਗੋਂ ਸੂਬੇ ਵਿਚ ਯਾਤਰੀਆਂ ਨੂੰ ਹਵਾਈ ਸੰਪਰਕ ਦੀਆਂ ਵਧੀਆ ਸਹੂਲਤਾਂ ਵੀ ਮੁਹੱਈਆ ਕਰਵਾਏਗਾ।

# ਭਾਰਤ 'ਚ ਪੰਜ ਕਰੋੜ ਤੋਂ ਵੱਧ ਲੋਕਾਂ ਕੋਲ ਹੱਥ ਧੋਣ ਦੀ ਸਹੂਲਤ ਹੀ ਨਹੀਂ

**ਨਵੀਂ ਦਿੱਲੀ:** ਭਾਰਤ ਵਿਚ ਪੰਜ ਕਰੋੜ ਤੋਂ ਵੱਧ ਭਾਰਤੀਆਂ ਕੋਲ ਹੱਥ ਧੋਣ ਦਾ ਸਹੀ ਪ੍ਰਬੰਧ ਹੀ ਨਹੀਂ ਹੈ, ਜਿਸ ਕਾਰਨ ਉਨ੍ਹਾਂ ਨੂੰ ਕਰੋਨਾ ਹੋਣ ਅਤੇ ਉਨ੍ਹਾਂ ਤੋਂ ਦੂਜਿਆਂ ਤੱਕ ਫੈਲਣ ਦਾ ਬਹੁਤ ਖਤਰਾ ਹੈ। ਅਮਰੀਕਾ ਦੀ ਵਾਸ਼ਿੰਗਟਨ ਯੂਨੀਵਰਸਿਟੀ ਵਿਚ ਇੰਸਟੀਚਿਊਟ ਆਫ ਹੈਲਥ ਮੈਟ੍ਰਿਕਸ ਐਂਡ ਈਵੈਲੂਏਸ਼ਨ (ਆਈ.ਐਚ.ਐਮ.ਈ.) ਦੇ ਖੋਜੀਆਂ ਨੇ ਕਿਹਾ ਕਿ ਅਮੀਰ ਦੇਸ਼ਾਂ ਦੇ ਲੋਕਾਂ ਦੇ ਮੁਕਾਬਲੇ ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਦੇਸ਼ਾਂ ਵਿਚ ਦੋ ਅਰਬ ਤੋਂ ਜ਼ਿਆਦਾ ਲੋਕਾਂ ਨੂੰ ਸਾਬਣ ਅਤੇ ਸਾਫ ਪਾਣੀ ਦੀ ਘਾਟ ਕਾਰਨ ਵਾਇਰਸ ਹੋਣ ਦਾ ਖਤਰਾ ਹੈ।



ਇਹ ਗਿਣਤੀ ਵਿਸ਼ਵ ਦੀ ਆਬਾਦੀ ਦਾ ਚੌਥਾਈ ਹਿੱਸਾ ਹੈ। ਇਨਵਾਇਰਨਮੈਂਟਲ ਹੈਲਥ ਪ੍ਰੋਸਪੈਕਟਿਵਜ ਜਰਨਲ ਵਿਚ ਪ੍ਰਕਾਸ਼ਤ ਅਧਿਐਨ ਅਨੁਸਾਰ, ਉਪ-ਸਹਾਰਾ ਅਫਰੀਕਾ ਅਤੇ ਓਸ਼ੇਨੀਆ ਵਿਚ 50 ਪ੍ਰਤੀਸ਼ਤ ਤੋਂ ਵੱਧ ਲੋਕਾਂ ਕੋਲ ਹੱਥ ਧੋਣ ਦੀ ਸਹੀ ਸਹੂਲਤ ਨਹੀਂ ਹੈ। ਆਈ.ਐਚ.ਐਮ.ਈ. ਦੇ ਪ੍ਰੋਫੈਸਰ ਮਾਈਕਲ ਬ੍ਰਾਊਏਰ ਨੇ ਕਿਹਾ, "ਹੱਥ ਧੋਣਾ ਕੋਵਿਡ -19 ਦੀ ਲਾਗ ਨੂੰ ਰੋਕਣ ਲਈ ਇਕ ਮਹੱਤਵਪੂਰਨ ਉਪਾਅ ਹੈ। ਇਹ ਨਿਰਾਸ਼ਾਜਨਕ ਹੈ ਕਿ ਇਹ ਸਹੂਲਤ ਬਹੁਤ ਸਾਰੇ ਦੇਸ਼ਾਂ ਵਿਚ ਪੂਰੀ ਤਰ੍ਹਾਂ ਉਪਲਬਧ ਨਹੀਂ ਹੈ। ਖੋਜ ਨੇ ਦਰਸਾਇਆ ਕਿ 46 ਦੇਸ਼ਾਂ ਦੀ ਅੱਧੀ ਤੋਂ ਵੱਧ ਆਬਾਦੀ ਦੀ ਸਾਬਣ ਅਤੇ ਸਾਫ ਪਾਣੀ ਤੱਕ ਪਹੁੰਚ ਨਹੀਂ ਹੈ। ਇਸ ਹਿਸਾਬ ਨਾਲ ਭਾਰਤ, ਪਾਕਿਸਤਾਨ, ਚੀਨ, ਬੰਗਲਾਦੇਸ਼, ਨਾਈਜੀਰੀਆ, ਇਥੋਪੀਆ, ਕਾਂਗੋ ਅਤੇ ਇੰਡੋਨੇਸ਼ੀਆ ਦੇ ਪੰਜ-ਪੰਜ ਕਰੋੜ ਤੋਂ ਵੱਧ ਲੋਕਾਂ ਕੋਲ ਹੱਥ ਧੋਣ ਦੀ ਸੁਵਿਧਾ ਨਹੀਂ ਹੈ।




The Law Firm
Of Fatima Johnson
3737 N. Meridian St., Ste 106, Indianapolis, IN 46208

vitalvisa
THE LAW FIRM OF FATIMA JOHNSON

ਤੁਸੀਂ ਸਾਡੇ ਲਈ ਬਹੁਤ ਅਹਿਮ ਹੋ

Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?

We are experienced in.
•Deportation Defense •VAWA •Asylum •Work Permit
•Family and Marriage Based •Investor Visa (H1B, E-2, EB-5)
•SIJS (Special Immigration Juvenile Status)

Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ

Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ

Licensed to Practice Immigration Law in all 50 States.
Ph: 317-252-0013
info@vitalvisa.com
*This is an attorney advertisement*




SERVING
Wisconsin & Illinois State

Residential or Commercial
Buying, Selling, Renting or Investing

Buy thru us Get Best Service
+ Thousands of Dollars cash back.

Buying: Have access to more than 60 websites to find your dream home or future investment!
New constructions homes-Get 60% cash back.
Affordable Listing Commission.
Selling: Your listing will be posted to 60 websites and 80 interconnected websites as well as on social media. Have opportunities to market through Pro-photo, Video Open Houses and many more options!



For the best deal call:
Jesse Singh (e-PRO, SFR , CIAS)
Broker/Realtor
Cell: 847-606-3664
Email: jsingh@remax.net
Web Site: jsingh.illinoisproperty.com

12 years experience (Full time service)
Sold: #780 Homes and #82 Commercials.

RE/MAX COMMERCIAL · RE/MAX PLATINUM CLUB · e-PRO REALTOR · SFR SHORT SALES & FORECLOSURE RESOURCE · CIAS Certified Investor Agent Specialist






MIDWAY Business Broker
We Build Your Dreams

For All Your Commercial Real Estate Needs
*Gas Station *Commercial
*Liquor Store *Hotel/Motel
*Miscellaneous Store

MIDWAY REALTY GROUP
We Build Your Dreams
MIDWAY REALTY GROUP
For all your Residential Real Estate Needs
Join our team, we are hiring real estate agents.

We help you to
▸ Home Selling ▸ New Construction
▸ Home Buying ▸ Foreclosed / Short Sale
▸ Rental / Lease ▸ REO'S / HUD Property

WE WILL ASSIST YOU TO PROVIDE FUNDING FROM $25K TO 500K IN 48HRS

List your business at
WWW.MBBBIZ.COM
AJEET SINGH : 847-529-9778
NICK VERMA : 630-664-1435

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਰਤੀ ਅਰਥ ਸ਼ਾਸਤਰੀ ਨੂੰ ਵਿਸ਼ਵ ਬੈਂਕ 'ਚ ਅਹਿਮ ਅਹੁਦਾ


**ਵਾਸ਼ਿੰਗਟਨ:** ਵਿਸ਼ਵ ਬੈਂਕ ਨੇ ਭਾਰਤੀ ਅਰਥ ਸ਼ਾਸਤਰੀ ਆਭਾਸ ਝਾਅ ਨੂੰ ਦੱਖਣੀ ਏਸ਼ੀਆ ਵਿਚ ਵਿਸ਼ਵ ਬੈਂਕ ਦੇ ਇਕ ਅਹਿਮ ਅਹੁਦੇ ਉਤੇ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੂੰ ਵਿਸ਼ਵ ਬੈਂਕ ਦਾ ਦੱਖਣੀ ਏਸ਼ੀਆ ਵਿਚ ਕਲਾਈਮੇਟ ਚੇਂਜ ਐਂਡ ਡਿਜ਼ਾਸਟਰ ਰਿਸਕ ਮੈਨੇਜਮੈਂਟ ਦਾ ਪ੍ਰੈਕਟਿਸ ਮੈਨੇਜਰ ਬਣਾਇਆ ਗਿਆ ਹੈ। ਝਾਅ ਦੀ ਨਿਯੁਕਤੀ ਅਜਿਹੇ ਸਮੇਂ ਹੋਈ ਹੈ, ਜਦੋਂ ਅੰਫਾਨ ਚੱਕਰਵਾਤ ਨਾਲ ਭਾਰਤ ਦੇ ਪੱਛਮੀ ਬੰਗਾਲ, ਉੜੀਸਾ ਅਤੇ ਬੰਗਲਾਦੇਸ਼ ਵਿਚ ਜਾਨੀ-ਮਾਲੀ ਨੁਕਸਾਨ ਹੋਇਆ ਹੈ। ਸ੍ਰੀ ਝਾਅ ਹੋਰ ਪ੍ਰੈਕਟਿਸ ਮੈਨੇਜਰਾਂ, ਆਲਮੀ ਆਗੂਆਂ ਅਤੇ ਗਲੋਬਲ ਸੋਲਿਊਸ਼ਨਜ਼ ਗਰੁੱਪਾਂ ਨਾਲ ਮਿਲ ਕੇ ਵਾਤਾਵਰਨ ਤਬਦੀਲੀ 'ਤੇ ਕੰਮ ਕਰੇਗਾ। ਝਾਅ 2001 ਵਿਚ ਵਿਸ਼ਵ ਬੈਂਕ ਨਾਲ ਜੁੜੇ ਸਨ ਅਤੇ ਇਸ ਦੌਰਾਨ ਉਨ੍ਹਾਂ ਕਈ ਮਹੱਤਵਪੂਰਨ ਅਹੁਦਿਆਂ ਉਤੇ ਕੰਮ ਕੀਤਾ ਹੈ।

# ਪੰਜਾਬ ਨੇ ਕਰੋਨਾ ਦੀ ਖਤਰਨਾਕ ਸਥਿਤੀ ਨੂੰ ਕੀਤਾ ਪਾਰ: ਮਾਹਿਰ

**ਬੰਗਲੌਰ:** ਉਘੇ ਜਨਤਕ ਸਿਹਤ ਮਾਹਿਰ ਤੇ ਹੈਦਰਾਬਾਦ ਦੇ ਇੰਡੀਅਨ ਇੰਸਟੀਚਿਊਟ ਆਫ ਪਬਲਿਕ ਹੈਲਥ ਦੇ ਡਾਇਰੈਕਟਰ ਪ੍ਰੋਫੈਸਰ ਜੀ.ਵੀ.ਐਸ. ਮੂਰਤੀ ਨੇ ਕਿਹਾ ਹੈ ਕਿ ਤਾਜ਼ਾ ਹਾਲਾਤ ਤੋਂ ਲੱਗਦਾ ਹੈ ਕਿ ਕੇਰਲਾ, ਪੰਜਾਬ ਅਤੇ ਹਰਿਆਣਾ ਕਰੋਨਾ ਵਾਇਰਸ ਦੇ ਮਾਮਲਿਆਂ ਵਿਚ ਸਿਖਰ ਵਾਲੀ ਸਥਿਤੀ (ਖਤਰਨਾਕ) ਤੋਂ ਲੰਘ ਗਏ ਲੱਗਦੇ ਹਨ। ਇਸ ਮਾਹਰ ਨੂੰ ਲੱਗਦਾ ਹੈ ਕਿ ਜਿਵੇਂ ਦੇਸ਼ ਵਿਚ ਕੋਵਿਡ ਪ੍ਰੋਟੋਕਲ ਦੀ ਸਖਤੀ ਨਾਲ ਪਾਲਣਾ ਕਰਵਾਈ ਜਾ ਰਹੀ ਹੈ ਤੇ ਹਸਪਤਾਲਾਂ ਨੂੰ ਚੌਕਸ ਰੱਖਿਆ ਗਿਆ ਹੈ, ਉਸ ਨਾਲ ਭਾਰਤ ਵਿਚ ਕੋਵਿਡ -19 ਨਾਲ ਮੌਤਾਂ 8,000 ਤੋਂ ਵੀ ਘੱਟ ਹੋਣਗੀਆਂ।

# ਓਲੰਪੀਅਨ ਬਲਬੀਰ ਸਿੰਘ ਸੀਨੀਅਰ ਨਹੀਂ ਰਹੇ

**ਮੁਹਾਲੀ:** ਦੁਨੀਆਂ ਦੇ ਮਹਾਨ ਹਾਕੀ ਖਿਡਾਰੀ, ਪਦਮ ਸ੍ਰੀ ਅਤੇ ਅਰਜੁਨ ਐਵਾਰਡੀ ਓਲੰਪੀਅਨ ਬਲਬੀਰ ਸਿੰਘ ਸੀਨੀਅਰ (96) ਜ਼ਿੰਦਗੀ ਦੀ ਜੰਗ ਹਾਰ ਗਏ। ਉਹ 8 ਮਈ ਤੋਂ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਦਾਖਲ ਸਨ, ਜਿਥੇ ਉਨ੍ਹਾਂ ਆਖਰੀ ਸਾਹ ਲਏ। ਚੰਡੀਗੜ੍ਹ ਦੇ



ਸੈਕਟਰ 25 ਦੇ ਬਿਜਲਈ ਸ਼ਮਸ਼ਾਨਘਾਟ ਵਿਚ ਸਰਕਾਰੀ ਸਨਮਾਨਾਂ ਨਾਲ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀਆਂ ਅੰਤਿਮ ਰਸਮਾਂ ਦੋਹਤੇ ਕਬੀਰ ਸਿੰਘ ਨੇ ਨਿਭਾਈਆਂ।

ਬਲਬੀਰ ਸਿੰਘ ਸੀਨੀਅਰ ਤੇਜ਼ ਬੁਖਾਰ ਅਤੇ ਨਿਮੋਨੀਏ ਦੀ ਸ਼ਿਕਾਇਤ ਮਗਰੋਂ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਜੇਰੇ ਇਲਾਜ ਸਨ। ਉਨ੍ਹਾਂ ਦੀ ਕਰੋਨਾ ਰਿਪੋਰਟ ਨੈਗੇਟਿਵ ਆਈ ਸੀ। ਉਨ੍ਹਾਂ ਦੀ ਮੌਤ ਦੀ ਖਬਰ ਨਾਲ ਦੇਸ਼ ਭਰ ਵਿਚ ਸੋਗ ਦੀ ਲਹਿਰ ਦੌੜ ਗਈ। ਬਲਬੀਰ ਸਿੰਘ ਸੀਨੀਅਰ ਦਾ ਜਨਮ 10 ਅਕਤੂਬਰ 1924 ਨੂੰ ਪਿਤਾ ਗਿਆਨੀ ਦਲੀਪ ਸਿੰਘ ਅਤੇ ਮਾਤਾ ਕਰਮ ਕੌਰ ਦੇ ਘਰ ਨਾਨਕੇ ਪਿੰਡ ਹਰੀਪੁਰ ਖਾਲਸਾ (ਮੋਗਾ) ਵਿਚ ਹੋਇਆ ਸੀ। ਉਨ੍ਹਾਂ ਆਪਣਾ ਕੌਮਾਂਤਰੀ ਹਾਕੀ ਕਰੀਅਰ 1947 ਤੋਂ ਸ਼ੁਰੂ ਕੀਤਾ ਅਤੇ ਭਾਰਤ ਦੀ ਝੋਲੀ ਤਿੰਨ ਓਲੰਪਿਕ (1948, 1952 ਅਤੇ 1956) ਸੋਨ ਤਗਮੇ ਪਾਏ। ਉਨ੍ਹਾਂ 1975 ਵਿਚ ਪੰਜਾਬ ਖੇਡ ਵਿਭਾਗ ਦੇ ਡਾਇਰੈਕਟਰ ਹੁੰਦਿਆਂ ਭਾਰਤੀ ਹਾਕੀ ਟੀਮ ਦੇ ਕੋਚ ਅਤੇ ਮੈਨੇਜਰ ਵਜੋਂ ਵਿਸ਼ਵ ਕੱਪ ਜਿਤਾਉਣ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਦੋ ਪੁਸਤਕਾਂ (ਦਿ ਗੋਲਡਨ ਹੈਟ੍ਰਿਕ ਅਤੇ ਦਿ ਗੋਲਡਨ ਯਾਰਡ ਸਟਿੱਕ) ਵੀ ਲਿਖੀਆਂ। ਮਹਾਰਾਜਾ ਰਣਜੀਤ ਸਿੰਘ ਖੇਡ ਐਵਾਰਡ ਸਣੇ ਦਰਜਨਾਂ ਵੱਕਾਰੀ ਇਨਾਮ ਉਨ੍ਹਾਂ ਦੀ ਝੋਲੀ ਪਏ।

*(ਵਿਸ਼ੇਸ਼ ਲੇਖ ਪੰਨਾ 16 ਉਤੇ ਪੜ੍ਹੋ)*

# ਨਿਊ ਯਾਰਕ ਟਾਈਮਜ਼ ਨੇ ਕਰੋਨਾ ਨਾਲ ਮਰਨ ਵਾਲਿਆਂ ਦੀ ਸੂਚੀ ਛਾਪੀ

**ਨਿਊ ਯਾਰਕ:** ਅਮਰੀਕਾ ਦੇ ਅਖਬਾਰ 'ਨਿਊ ਯਾਰਕ ਟਾਈਮਜ਼' ਨੇ ਆਪਣੇ ਮੁੱਖ ਪੰਨੇ 'ਤੇ ਕਰੋਨਾ ਮਹਾਮਾਰੀ ਨਾਲ ਮਰਨ ਵਾਲੇ ਲੋਕਾਂ ਦੀ ਲੰਮੀ ਸੂਚੀ ਛਾਪੀ ਹੈ। 'ਅਮਰੀਕਾ ਵਿਚ ਲਗਭਗ ਇਕ ਲੱਖ ਮੌਤਾਂ, ਬਹੁਤ ਵੱਡਾ ਘਾਟਾ' ਸਿਰਲੇਖ ਹੇਠ ਛਪੀ ਖਬਰ ਦੇ ਛੇ ਕਾਲਮਾਂ ਵਿਚ ਦੇਸ਼ 'ਚ ਮਰਨ ਵਾਲਿਆਂ ਦੇ ਨਾਮ ਅਤੇ ਉਨ੍ਹਾਂ ਬਾਰੇ ਸੰਖੇਪ ਵੇਰਵਾ ਦਿੱਤਾ ਗਿਆ ਹੈ। ਇਸ ਖਬਰ ਦੀ ਦੂਜੀ ਸੁਰਖੀ ਸੀ, "ਸੂਚੀ ਵਿਚ ਸਿਰਫ ਸਾਧਾਰਨ ਨਾਮ ਨਹੀਂ ਸਗੋਂ ਇਹ ਸਾਡੇ ਆਪਣੇ ਸਨ।"

# ਵਤਨ ਵਾਪਸੀ ਬਹਾਨੇ ਪਰਵਾਸੀ ਭਾਰਤੀਆਂ ਦੀ ਲੁੱਟ

*(ਸਫਾ ਇਕ ਦੀ ਬਾਕੀ)*

ਚਲਾਇਆ ਹੈ, ਉਸ ਤਹਿਤ ਏਅਰ ਇੰਡੀਆ ਦੀ ਜਿਹੜੀ ਫਲਾਈਟ ਮੈਲਬਰਨ ਆਉਂਦੀ ਹੈ, ਉਸ ਦਾ ਆਸਟਰੇਲੀਅਨ ਸਰਕਾਰ ਨਾਲ ਸਮਝੌਤਾ ਹੈ। ਇਸ ਲਈ ਭਾਰਤ ਤੋਂ ਇਹ ਫਲਾਈਟ ਖਾਲੀ ਨਹੀਂ ਆ ਰਹੀ। ਇਸ ਦੀ ਘੱਟੋ ਘੱਟ ਟਿਕਟ 2200 ਡਾਲਰ ਹੈ। ਜਿਹੜੇ ਲੋਕ ਇਥੋਂ ਜਾ ਰਹੇ ਹਨ, ਉਨ੍ਹਾਂ ਤੋਂ 4 ਹਜ਼ਾਰ ਤੋਂ 4500 ਡਾਲਰ ਦੀ ਟਿਕਟ ਲਈ ਜਾ ਰਹੀ ਹੈ, ਜਦ ਕਿ ਦਿੱਲੀ ਤੱਕ ਦੀ ਆਮ ਟਿਕਟ 1700 ਡਾਲਰ ਹੈ। 13 ਘੰਟੇ ਦੇ ਸਫਰ ਵਿਚ ਉਹ ਬਿਨਾਂ ਕੁਝ ਖਾਧੇ ਇਥੇ ਪੁੱਜੇ ਹਨ।

ਉਸ ਨੇ ਤਰਲਾ ਮਾਰਿਆ ਕਿ ਏਅਰ ਇੰਡੀਆ ਭਾਵੇਂ ਜਿੰਨੇ ਮਰਜ਼ੀ ਪੈਸੇ ਲਵੇ ਪਰ ਇਸ ਨੂੰ ਵੰਦੇ ਭਾਰਤ ਮਿਸ਼ਨ ਨਾ ਕਹੋ, ਇਹ ਖਰਚਾ ਤਾਂ ਲੋਕ ਆਪਣੇ ਪੱਲਿਉਂ ਕਰ ਰਹੇ ਹਨ। ਦੱਸ ਦਈਏ ਕਿ ਮੋਦੀ ਸਰਕਾਰ ਨੇ ਵਿਦੇਸ਼ਾਂ ਵਿਚ ਫਸੇ ਭਾਰਤੀਆਂ ਨੂੰ ਵਤਨ ਲਿਆਉਣ ਲਈ ਪਿਛਲੇ ਦਿਨੀਂ ਵੰਦੇ ਭਾਰਤ ਮਿਸ਼ਨ ਸ਼ੁਰੂ ਕੀਤਾ ਸੀ। ਇਸ ਮਿਸ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਵਤਨ ਵਾਪਸੀ ਦੀ ਇੱਛਾ ਰੱਖਣ ਵਾਲਿਆਂ ਨੂੰ ਆਨਲਾਈਨ ਅਪਲਾਈ ਕਰਨ ਲਈ ਆਖਿਆ ਸੀ। ਇਹ ਸੁਣ ਅਜਿਹੇ ਲੋਕਾਂ ਨੂੰ ਚਾਅ ਚੜ੍ਹ ਗਿਆ ਸੀ ਜੋ ਕੰਮ ਨਾ ਮਿਲਣ ਕਾਰਨ ਇਥੇ ਕਾਫੀ ਦਿਨਾਂ ਤੋਂ ਵਿਹਲੇ ਬੈਠੇ ਸਨ। ਪਰ ਸਰਕਾਰ ਨੇ ਨਾਲ ਦੀ ਨਾਲ ਆਖ ਦਿੱਤਾ ਕਿ ਜਹਾਜ਼ ਦੀ ਟਿਕਟ ਖੁਦ ਲੈਣੀ ਪਵੇਗੀ। ਇਹ ਸੁਣ ਪਿਛਲੇ 2 ਮਹੀਨਿਆਂ ਤੋਂ ਵਿਹਲੇ ਬੈਠੇ ਇਨ੍ਹਾਂ ਨੌਜਵਾਨਾਂ ਦੇ ਹੌਸਲੇ ਟੁੱਟ ਗਏ। ਕੁਝ ਤਾਂ ਪੈਸਿਆਂ ਦਾ ਜੁਗਾੜ ਕਰਨ ਵਿਚ ਸਫਲ ਰਹੇ ਪਰ ਜ਼ਿਆਦਾਤਰ, ਖਾਸ ਕਰਕੇ ਖਾੜੀ ਦੇਸ਼ਾਂ ਵਿਚ ਫਸੇ ਨੌਜਵਾਨ ਵਤਨ ਵਾਪਸੀ ਦੀ ਆਸ ਛੱਡ ਬੈਠੇ।

ਯਾਦ ਰਹੇ ਕਿ ਵਿਦੇਸ਼ਾਂ ਤੋਂ ਪਰਤ ਰਹੇ ਪੰਜਾਬੀਆਂ ਵਿਚ ਜ਼ਿਆਦਾਤਰ ਵਿਦਿਆਰਥੀ ਹਨ, ਜੋ ਪੜ੍ਹਾਈ ਬਹਾਨੇ ਵਿਦੇਸ਼ਾਂ ਵਿਚ ਚੰਗੇ ਭਵਿੱਖ ਦੀ ਆਸ ਲੈ ਕੇ ਗਏ ਸਨ ਪਰ ਪਿਛਲੇ 2 ਮਹੀਨਿਆਂ ਤੋਂ ਲੌਕਡਾਊਨ ਕਾਰਨ ਇਨ੍ਹਾਂ ਨੂੰ ਕੋਈ ਕੰਮ ਨਹੀਂ ਮਿਲਿਆ। ਹੁਣ ਇਨ੍ਹਾਂ ਕੋਲ ਪੈਸੇ ਮੁੱਕਣ ਲੱਗੇ ਸਨ। ਪੰਜਾਬ ਦੇ ਕੁਝ ਨੌਜਵਾਨਾਂ ਨੇ ਹੱਡ ਬੀਤੀ ਸੁਣਾਉਂਦਿਆਂ ਦੱਸਿਆ ਕਿ ਉਹ ਜ਼ਮੀਨਾਂ ਵੇਚ ਕੇ ਘਰ-ਬਾਰ ਏਜੰਟਾਂ ਨੂੰ ਲੁਟਾ ਕੇ ਸੁਨਹਿਰੀ ਭਵਿੱਖ ਲਈ ਅਮਰੀਕਾ 'ਚ ਰੋਜ਼ੀ-ਰੋਟੀ ਕਮਾਉਣ ਦੇ ਸੁਪਨੇ ਲੈ ਕੇ ਗਏ ਸਨ। ਪਹਿਲਾਂ ਤਾਂ ਜੰਗਲਾਂ 'ਚ ਦੁੱਖ ਅਤੇ ਕਸ਼ਟ ਝੱਲ ਕੇ ਉਹ ਮੈਕਸੀਕੋ ਪਹੁੰਚੇ ਅਤੇ ਫਿਰ ਅਮਰੀਕਾ ਪੁਲਿਸ ਦੇ ਹੱਥੇ ਚੜ੍ਹ ਗਏ। ਇਨ੍ਹਾਂ ਨੌਜਵਾਨਾਂ ਨੇ ਕਿਹਾ ਕਿ ਕਰੋਨਾ ਤਾਂ ਪਤਾ ਨਹੀਂ ਜ਼ਿੰਦਗੀ ਨੂੰ ਕੀ ਕਰੂ ਪਰ ਸਭ ਕੁੱਝ ਗੁਆ ਕੇ ਜਦੋਂ ਭਵਿੱਖ ਹੀ ਹਨੇਰੀ ਸੁਰੰਗ ਸਾਹਮਣੇ ਖੜ੍ਹਾ ਦਿਖਾਈ ਦੇ ਰਿਹਾ ਹੋਵੇ ਤਾਂ ਮਹਾਮਾਰੀ ਤੋਂ ਘੱਟ ਡਰਾਉਣਾ ਨਹੀਂ ਲੱਗਦਾ।

ਵਿਦੇਸ਼ ਤੋਂ ਪਰਤੇ ਪੰਜਾਬੀਆਂ ਨੂੰ ਮਿਲਣ ਪੁੱਜੇ ਲੋਕ ਇਨਸਾਫ ਪਾਰਟੀ ਦੇ ਮੁਖੀ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਸਵਾਲ ਚੁੱਕੇ ਕਿ ਜੋ ਲੋਕ ਹੋਟਲ ਦਾ ਖਰਚਾ ਨਹੀਂ ਦੇ ਸਕਦੇ, ਸਰਕਾਰ ਉਨ੍ਹਾਂ ਨੂੰ ਸਕੂਲਾਂ ਜਾਂ ਕੈਂਪਾਂ ਵਿਚ ਮੁਫਤ ਰੱਖਣ ਦਾ ਦਾਅਵਾ ਕਰ ਰਹੀ ਹੈ, ਪਰ ਹੁਣ ਇਨ੍ਹਾਂ ਤੋਂ 1000 ਰੁਪਏ ਲੈਣਾ ਸ਼ੁਰੂ ਕਰ ਦਿੱਤਾ ਹੈ। ਵਿਧਾਇਕ ਬੈਂਸ ਦਾ ਕਹਿਣਾ ਹੈ ਕਿ ਲੁਧਿਆਣਾ ਦੇ ਦੋਵਾਂ ਇਕਾਂਤਵਾਸ ਕੇਂਦਰਾਂ 'ਚ ਦੁਬਈ, ਬੈਂਕਾਂਕ, ਮਸਕਟ, ਥਾਈਲੈਂਡ ਅਤੇ ਹੋਰਨਾਂ ਦੇਸ਼ਾਂ ਤੋਂ ਆਏ ਲੋਕ ਸ਼ਾਮਲ ਹਨ। ਪਹਿਲਾਂ ਤਾਂ ਉਨ੍ਹਾਂ ਦਾ ਲੌਕਡਾਊਨ ਦੌਰਾਨ ਕੰਮ ਬੰਦ ਹੋ ਗਿਆ। ਹੁਣ ਇਥੇ ਵੀ ਉਹ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਠੱਗੀ ਦਾ ਸ਼ਿਕਾਰ ਹੋ ਰਹੇ ਹਨ। ਲੋਕਾਂ ਨੇ ਵਿਧਾਇਕ ਬੈਂਸ ਨੂੰ ਦੱਸਿਆ ਕਿ ਪਹਿਲਾਂ ਉਨ੍ਹਾਂ ਨੂੰ ਅੰਮ੍ਰਿਤਸਰ ਤੋਂ ਲਿਆਂਦਾ ਗਿਆ ਤਾਂ ਉਨ੍ਹਾਂ ਕੋਲੋਂ ਪੈਸੇ ਮੰਗੇ ਗਏ। ਲੋਕਾਂ ਨੇ ਸ਼ਿਕਾਇਤ ਕੀਤੀ ਕਿ ਪਿਛਲੇ ਦੋ ਦਿਨਾਂ ਤੋਂ ਪੀਣ ਵਾਲਾ ਪਾਣੀ ਵੀ ਬੰਦ ਕਰ ਦਿੱਤਾ ਗਿਆ ਹੈ।

# ਅਮਰੀਕਾ 'ਚ 3.90 ਕਰੋੜ ਲੋਕਾਂ ਦੀਆਂ ਨੌਕਰੀਆਂ ਖੁੱਸੀਆਂ

**ਵਾਸ਼ਿੰਗਟਨ:** ਅਮਰੀਕਾ 'ਚ ਲੰਘੇ ਦੋ ਮਹੀਨਿਆਂ ਦੌਰਾਨ 3.90 ਕਰੋੜ ਲੋਕਾਂ ਨੂੰ ਨੌਕਰੀਆਂ ਤੋਂ ਕੱਢਿਆ ਜਾ ਚੁੱਕਾ ਹੈ। ਸਰਕਾਰ ਨੇ ਇਸ ਸਬੰਧੀ ਅੰਕੜੇ ਜਾਰੀ ਕਰਦਿਆਂ ਕਿਹਾ ਕਿ ਲੰਘੇ ਹਫਤੇ 24 ਲੱਖ ਤੋਂ ਵੱਧ ਲੋਕਾਂ ਨੇ ਬੇਰੁਜ਼ਗਾਰੀ ਭੱਤੇ ਲਈ ਅਰਜ਼ੀਆਂ ਪਾਈਆਂ ਹਨ। ਕਿਰਤ ਵਿਭਾਗ ਨੇ ਦੱਸਿਆ ਕਿ ਕੌਮੀ ਪੱਧਰੀ ਲੌਕਡਾਊਨ ਕਾਰਨ ਦੇਸ਼ ਦੀ ਆਰਥਿਕਤਾ ਗੋਡਿਆਂ ਭਾਰ ਹੋ ਚੁੱਕੀ ਹੈ।

# ਗੁਰਦੁਆਰੇ 'ਚ ਭੰਨ-ਤੋੜ; ਪਾਕਿਸਤਾਨੀ ਗ੍ਰਿਫਤਾਰ

**ਲੰਡਨ:** ਕਸ਼ਮੀਰ ਮਸਲੇ 'ਤੇ ਇੰਗਲੈਂਡ ਵਿਚ ਸਿੱਖਾਂ ਨੂੰ ਭਾਰਤ ਖਿਲਾਫ ਜਥੇਬੰਦ ਕਰਨ ਦੀ ਕੋਸ਼ਿਸ਼ ਕਰਨ ਵਾਲੇ ਇਕ ਪਾਕਿਸਤਾਨੀ ਵਿਅਕਤੀ ਨੇ ਡਰਬੀ ਦੇ ਗੁਰੂ ਅਰਜਨ ਦੇਵ ਗੁਰਦੁਆਰੇ ਵਿਚ ਭੰਨ-ਤੋੜ ਕਰ ਦਿੱਤੀ। ਹਾਲਾਂਕਿ ਬਾਅਦ 'ਚ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਗੁਰਦੁਆਰਾ ਪ੍ਰਬੰਧਕਾਂ ਵੱਲੋਂ ਜਾਰੀ ਬਿਆਨ ਮੁਤਾਬਕ, ਸਵੇਰੇ ਲਗਭਗ ਛੇ ਵਜੇ ਗੁਰਦੁਆਰਾ ਸਾਹਿਬ ਅੰਦਰ ਦਾਖਲ ਹੋਏ ਇਕ ਵਿਅਕਤੀ ਨੇ ਹਜ਼ਾਰਾਂ ਪੌਂਡ ਦੇ ਸਾਮਾਨ ਦੀ ਭੰਨ-ਤੋੜ ਕੀਤੀ। ਹਾਲਾਂਕਿ ਇਸ ਦੌਰਾਨ ਕੋਈ ਨਿੱਜੀ ਨੁਕਸਾਨ ਨਹੀਂ ਹੋਇਆ। ਗੁਰਦੁਆਰੇ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰੇ ਵਿਚ ਸਾਫ ਪਤਾ ਚੱਲ ਰਿਹਾ ਹੈ ਕਿ ਗੁਰਦੁਆਰੇ ਦੇ ਸ਼ੀਸ਼ੇ ਦੇ ਦਰਵਾਜ਼ੇ ਟੁੱਟੇ ਹੋਏ ਹਨ ਅਤੇ ਸਾਰੇ ਫਰਸ਼ 'ਤੇ ਕੱਚ ਦੇ ਟੁੱਕੜੇ ਖਿੰਡੇ ਪਏ ਹਨ ਅਤੇ ਇਹ ਵਿਅਕਤੀ ਵੀ ਉਥੇ ਮੌਜੂਦ ਹੈ। ਉਸ ਵਿਅਕਤੀ ਨੇ ਗੁਰਦੁਆਰੇ ਵਿਚ ਇਕ ਕਾਗਜ਼ ਦਾ ਟੁਕੜਾ ਵੀ ਛੱਡਿਆ, ਜਿਸ 'ਤੇ ਟੁੱਟੀ-ਫੁਟੀ ਅੰਗਰੇਜ਼ੀ ਵਿਚ ਸਿੱਖਾਂ ਨੂੰ 'ਕਸ਼ਮੀਰੀ ਲੋਕਾਂ ਦੀ ਮਦਦ ਕਰਨ' ਦੀ ਅਪੀਲ ਕੀਤੀ ਗਈ ਹੈ। ਕਾਗਜ਼ ਦੇ ਕੋਨਿਆਂ 'ਤੇ 'ਪਾਕ ਅੱਲ੍ਹਾ ਪਾਕ' ਲਿਖਿਆ ਹੋਇਆ ਹੈ ਅਤੇ ਆਪਣਾ ਮੋਬਾਈਲ ਨੰਬਰ ਵੀ ਦਿੱਤਾ ਹੈ। ਪੁਲਿਸ ਨੇ ਇਸ ਵਿਅਕਤੀ ਦੀ ਪਛਾਣ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

# ਜੀਓ ਨੇ 2.32 ਫੀਸਦ ਹਿੱਸੇਦਾਰੀ ਅਮਰੀਕੀ ਕੰਪਨੀ ਕੇ. ਕੇ. ਆਰ. ਨੂੰ ਵੇਚੀ

**ਨਵੀਂ ਦਿੱਲੀ:** ਰਿਲਾਇੰਸ ਇੰਡਸਟਰੀਜ਼ ਨੇ ਜੀਓ ਪਲੇਟਫਾਰਮਸ ਵਿਚ 2.32 ਫੀਸਦੀ ਹਿੱਸੇਦਾਰੀ ਅਮਰੀਕੀ ਕੰਪਨੀ ਕੇ.ਕੇ.ਆਰ. ਨੂੰ 11,367 ਕਰੋੜ ਰੁਪਏ ਵਿਚ ਵੇਚਣ ਦਾ ਐਲਾਨ ਕੀਤਾ ਹੈ। ਮੁਕੇਸ਼ ਅੰਬਾਨੀ ਦੀ ਕੰਪਨੀ ਵੱਲੋਂ ਪਿਛਲੇ ਇਕ ਮਹੀਨੇ ਵਿਚ ਕੀਤਾ ਗਿਆ ਇਹ ਪੰਜਵਾਂ ਵੱਡਾ ਸੌਦਾ ਹੈ। ਇਸ ਸਮਝੌਤੇ ਵਿਚ ਕੇ.ਕੇ.ਆਰ. ਨੇ ਰਿਲਾਇੰਸ ਗਰੁੱਪ ਦੀ ਡਿਜੀਟਲ ਕਾਰੋਬਾਰ ਇਕਾਈ ਜੀਓ ਪਲੇਟਫਾਰਮ ਦੀ ਕੁੱਲ ਕੀਮਤ 4.91 ਲੱਖ ਕਰੋੜ ਰੁਪਏ ਰੱਖੀ। ਇਕ ਮਹੀਨਾ ਪਹਿਲਾਂ ਫੇਸਬੁੱਕ ਦੇ ਨਿਵੇਸ਼ ਦੇ ਨਾਲ ਜਿਓ ਪਲੇਟਫਾਰਮਸ ਵਿਚ ਨਿਵੇਸ਼ ਦੀ ਪ੍ਰਕਿਰਿਆ ਸ਼ੁਰੂ ਹੋਈ ਸੀ। ਹੁਣ ਤੱਕ ਜੀਓ ਪਲੇਟਫਾਰਮਸ ਵਿਚ ਕੁੱਲ ਪੰਜ ਵੱਡੇ ਨਿਵੇਸ਼ਕਾਂ ਦੁਆਰਾ ਕੁੱਲ 78,562 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾ ਚੁੱਕਾ ਹੈ।

# ਅਯੁੱਧਿਆ 'ਚ ਰਾਮ ਮੰਦਿਰ ਦੀ ਥਾਂ ਬੋਧੀਆਂ ਦਾ ਧਰਮ ਸਥਾਨ ਹੋਣ ਦਾ ਦਾਅਵਾ

**ਲਖਨਊ:** ਅਯੁੱਧਿਆ 'ਚ ਰਾਮ ਮੰਦਿਰ ਵਾਲੀ ਪ੍ਰਸਤਾਵਿਤ ਥਾਂ ਤੋਂ ਪਿਛਲੇ ਹਫਤੇ ਕੁਝ ਪੁਰਾਤਨ ਅਵਸ਼ੇਸ਼ ਮਿਲੇ ਹਨ। ਕਾਂਗਰਸ ਆਗੂ ਉਦਿਤ ਰਾਜ ਨੇ ਦਾਅਵਾ ਕੀਤਾ ਹੈ ਕਿ ਰਾਮ ਜਨਮਭੂਮੀ ਵਾਲੇ ਸਥਾਨ 'ਤੇ ਜ਼ਮੀਨ ਦੀ ਖੁਦਾਈ ਦੌਰਾਨ ਮਿਲੀਆਂ ਪੁਰਾਤਨ ਵਸਤਾਂ ਤੋਂ ਸਾਬਤ ਹੁੰਦਾ ਹੈ ਕਿ ਉਥੇ ਬੋਧੀਆਂ ਦਾ ਧਾਰਮਿਕ ਸਥਾਨ ਸੀ।

ਉਨ੍ਹਾਂ ਮੰਗ ਕੀਤੀ ਕਿ ਭਾਰਤੀ ਪੁਰਾਤਤਵ ਸਰਵੇਖਣ ਵਿਭਾਗ (ਏ.ਐਸ.ਆਈ.) ਵੱਲੋਂ ਉਥੋਂ ਮਿਲੇ ਅਵਸ਼ੇਸ਼ਾਂ ਦਾ ਅਧਿਐਨ ਕੀਤਾ ਜਾਣਾ ਚਾਹੀਦਾ ਹੈ। ਸਾਬਕਾ ਸੰਸਦ ਮੈਂਬਰ ਨੇ ਟਵੀਟ ਕਰ ਕੇ ਕਿਹਾ ਕਿ ਉਥੋਂ 'ਧਾਮ ਚੱਕਰ' ਅਤੇ 'ਸਤੂਪ' ਮਿਲੇ ਹਨ ਜੋ ਉਨ੍ਹਾਂ ਦੇ ਦਾਅਵੇ ਦੀ ਜਾਮਨੀ ਭਰਦੇ ਹਨ। ਉਨ੍ਹਾਂ ਕਿਹਾ ਕਿ ਚੀਨੀ ਬੋਧੀ ਫੈਕਸਿਆਨ ਨੇ ਭਾਰਤ ਦੌਰੇ ਮਗਰੋਂ ਅਯੁੱਧਿਆ 'ਚ 100 ਅਸ਼ੋਕ ਸਤੂਪ ਹੋਣ ਬਾਰੇ ਲਿਖਿਆ ਸੀ। ਜ਼ਿਕਰਯੋਗ ਹੈ ਕਿ ਰਾਮ ਮੰਦਿਰ ਦੀ ਉਸਾਰੀ ਲਈ ਉਥੇ ਜ਼ਮੀਨ ਪੱਧਰੀ ਕਰਨ ਦਾ ਕੰਮ 11 ਮਈ ਤੋਂ ਸ਼ੁਰੂ ਹੋਇਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# 15 ਵਰ੍ਹਿਆਂ ਦੀ ਜੋਤੀ ਬਣੀ 'ਸਰਵਣ ਕੁਮਾਰ'

**ਦਰਬੰਗਾ (ਬਿਹਾਰ):** ਆਪਣੇ ਜਖਮੀ ਪਿਤਾ ਨੂੰ ਪਿੱਛੇ ਬਿਠਾ ਕੇ 1,200 ਕਿਲੋਮੀਟਰ ਸਾਈਕਲ ਚਲਾ ਕੇ ਗੁਰੂਗ੍ਰਾਮ ਤੋਂ ਬਿਹਾਰ ਪਹੁੰਚੀ 15 ਵਰ੍ਹਿਆਂ ਦੀ ਜੋਤੀ ਕੁਮਾਰੀ ਦੇ ਦ੍ਰਿੜ੍ਹ ਇਰਾਦੇ ਅੱਗੇ ਰਾਹ ਵਿਚ ਆਈਆਂ ਵੱਡੀਆਂ ਮੁਸ਼ਕਲਾਂ ਦੀ ਇਕ ਨਾ ਚੱਲੀ। ਇਸ ਲੜਕੀ ਨੇ ਆਪਣੇ ਪਿਤਾ ਮੋਹਨ ਪਾਸਵਾਨ ਨੂੰ ਸਾਈਕਲ ਦੀ ਪਿਛਲੀ ਸੀਟ 'ਤੇ ਬਿਠਾ ਕੇ ਹਰਿਆਣਾ ਦੇ ਗੁਰੂਗ੍ਰਾਮ ਤੋਂ ਆਪਣਾ ਸਫਰ ਸ਼ੁਰੂ ਕੀਤਾ ਸੀ।




ਬਿਹਾਰ ਦੇ ਦਰਬੰਗਾ ਜ਼ਿਲ੍ਹੇ ਵਿਚ ਪੁੱਜੀ ਇਹ ਲੜਕੀ ਅਤੇ ਉਸ ਦਾ ਪਿਤਾ ਇਸ ਵੇਲੇ ਆਪਣੇ ਪਿੰਡ ਸਿਰਹੁੱਲੀ ਨੇੜੇ ਇਕਾਂਤਵਾਸ ਕੇਂਦਰ ਵਿਚ ਰੱਖੇ ਗਏ ਹਨ। ਮੋਹਨ ਪਾਸਵਾਨ ਨੇ ਦੱਸਿਆ ਕਿ ਉਹ ਗੁਰੂਗ੍ਰਾਮ ਵਿਚ ਈ-ਰਿਕਸ਼ਾ ਚਲਾਉਂਦਾ ਸੀ ਅਤੇ ਕੁਝ ਮਹੀਨੇ ਪਹਿਲਾਂ ਹਾਦਸੇ ਵਿਚ ਜਖਮੀ ਹੋਣ ਕਾਰਨ ਪਰਿਵਾਰ ਦੇ ਗੁਜ਼ਾਰੇ ਲਈ ਪੈਸਾ ਕਮਾਉਣ ਤੋਂ ਅਸਮਰੱਥ ਸੀ। ਉਸ ਦਾ ਮਕਾਨ ਮਾਲਕ ਉਸ ਤੋਂ ਲਗਾਤਾਰ ਕਿਰਾਇਆ ਮੰਗ ਰਿਹਾ ਸੀ ਪਰ ਤਾਲਾਬੰਦੀ ਕਾਰਨ ਨਾ ਤਾਂ ਉਸ ਨੂੰ ਕੋਈ ਕੰਮ ਮਿਲ ਰਿਹਾ ਸੀ ਅਤੇ ਨਾ ਹੀ ਉਹ ਵਾਪਸ ਜਾਣ ਜੋਗਾ ਸੀ।

ਉਸ ਨੇ ਧੀ ਦੇ ਜ਼ੋਰ ਪਾਉਣ 'ਤੇ ਕੁਝ ਜੁਗਾੜ ਕਰਕੇ ਪੁਰਾਣਾ ਸਾਈਕਲ ਖਰੀਦਿਆ ਅਤੇ ਬਿਹਾਰ ਵੱਲ ਚਾਲੇ ਪਾ ਦਿੱਤੇ। ਜੋਤੀ ਨੇ ਦੱਸਿਆ ਕਿ ਉਹ ਰੋਜ਼ਾਨਾ 30-40 ਕਿਲੋਮੀਟਰ ਸਾਈਕਲ ਚਲਾਉਂਦੀ ਅਤੇ ਕਈ ਥਾਈਂ ਉਨ੍ਹਾਂ 'ਤੇ ਤਰਸ ਖਾ ਕੇ ਟਰੱਕਾਂ ਵਾਲੇ ਲਿਫਟ ਦੇ ਦਿੰਦੇ ਅਤੇ ਉਨ੍ਹਾਂ ਨੂੰ ਰਸਤੇ ਵੱਖ ਹੋਣ ਤੱਕ ਛੱਡ ਦਿੰਦੇ। ਉਹ ਕਈ ਥਾਈਂ ਰੁਕਦੇ ਅਤੇ ਸਥਾਨਕ ਲੋਕਾਂ ਵਲੋਂ ਲਾਏ ਲੰਗਰ ਤੋਂ ਖਾਣਾ ਖਾ ਲੈਂਦੇ।

# ਸ਼ਰਾਬ ਦੀ ਨਿਗਰਾਨੀ 'ਤੇ ਲਾਈ ਅਧਿਆਪਕਾਂ ਦੀ ਡਿਊਟੀ

**ਚੰਡੀਗੜ੍ਹ:** ਸਰਕਾਰ ਵਲੋਂ ਗੁਰਦਾਸਪੁਰ ਜ਼ਿਲ੍ਹੇ ਦੇ ਅਧਿਆਪਕਾਂ ਦੀ ਡਿਊਟੀ ਸ਼ਰਾਬ ਦੀਆਂ ਫੈਕਟਰੀਆਂ ਤੋਂ ਹੁੰਦੀ ਅਲਕੋਹਲ ਦੀ ਸਪਲਾਈ ਦੀ ਨਿਗਰਾਨੀ ਕਰਨ ਸਬੰਧੀ ਲਗਾਏ ਜਾਣ ਤੋਂ ਬਾਅਦ ਵਿਰੋਧੀ ਪਾਰਟੀਆਂ ਅਤੇ ਅਧਿਆਪਕ ਜਥੇਬੰਦੀਆਂ ਵਲੋਂ ਇਸ ਦਾ ਸਖਤ ਵਿਰੋਧ ਕੀਤੇ ਜਾਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਇਸ ਸਬੰਧੀ ਆਪਣਾ ਹੁਕਮ ਵਾਪਸ ਲੈ ਲਿਆ।

ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਹਰਦੀਪ ਸਿੰਘ ਨੇ ਦੱਸਿਆ ਕਿ ਅਧਿਆਪਕਾਂ ਦੀ ਡਿਊਟੀ ਸਬੰਧੀ ਜੋ ਆਦੇਸ਼ ਜਾਰੀ ਕੀਤਾ ਗਿਆ ਸੀ, ਉਸ ਨੂੰ ਵਾਪਸ ਲੈ ਲਿਆ ਗਿਆ ਹੈ। 20 ਮਈ ਨੂੰ ਜਾਰੀ ਆਦੇਸ਼ 'ਚ ਅਧਿਆਪਕਾਂ ਨੂੰ ਬਟਾਲਾ ਦੇ ਕੀੜੀ ਅਫਗਾਨਾ ਸਥਿਤ ਚਾਰ ਸ਼ਰਾਬ ਫੈਕਟਰੀਆਂ (ਡਿਸਟਿਲਰੀਆਂ) ਏ.ਬੀ. ਗ੍ਰੇਨਸ ਸਪਿਰਟ ਪ੍ਰਾਈਵੇਟ ਲਿਮਟਿਡ, ਚੱਢਾ ਸ਼ੂਗਰ ਐਂਡ ਇੰਡ. ਲਿਮਟਿਡ ਯੂਨਿਟ 1 ਅਤੇ 2 ਅਤੇ ਐਡੀ ਬ੍ਰੋਸਵੋਨ ਬ੍ਰੀਵੇਰੀਸ ਤੋਂ ਹੁੰਦੀ ਅਲਕੋਹਲ ਦੀ ਸਪਲਾਈ ਦੀ ਨਿਗਰਾਨੀ ਕਰਨ ਅਤੇ ਇਸ ਸਬੰਧੀ ਨੋਡਲ ਅਧਿਕਾਰੀ ਨੂੰ ਵੇਰਵੇ ਦੇਣ ਲਈ ਕਿਹਾ ਗਿਆ ਸੀ, ਜਿਸ ਸਬੰਧੀ ਸਵੇਰੇ 6 ਤੋਂ ਦੁਪਹਿਰ 2 ਵਜੇ, ਦੁਪਹਿਰ 2 ਵਜੇ ਤੋਂ ਰਾਤ 10 ਵਜੇ ਤੱਕ ਅਤੇ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਅਧਿਆਪਕਾਂ ਦੀ ਡਿਊਟੀ ਲਗਾਈ ਗਈ ਸੀ। ਜਿਸ ਦਾ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਸਖਤ ਵਿਰੋਧ ਕਰਦਿਆਂ ਇਸ ਨੂੰ ਸਰਕਾਰ ਦਾ ਬਹੁਤ ਹੀ ਸ਼ਰਮਨਾਕ ਕਾਰਾ ਦੱਸਿਆ।

ਅਧਿਆਪਕ ਜਥੇਬੰਦੀਆਂ ਨੇ ਵੀ ਇਸ ਦਾ ਸਖਤ ਵਿਰੋਧ ਕੀਤਾ। 'ਆਪ' ਵਿਧਾਇਕ ਅਮਨ ਅਰੋੜਾ ਨੇ ਇਸ ਸਬੰਧੀ ਟਵੀਟ ਕੀਤਾ ਕਿ ਨਾਕਿਆਂ ਅਤੇ ਮੰਡੀਆਂ ਤੋਂ ਬਾਅਦ ਅਧਿਆਪਕਾਂ ਦੀ 24 ਘੰਟੇ ਸ਼ਰਾਬ ਦੀ ਸਪਲਾਈ ਦੀ ਨਿਗਰਾਨੀ ਕਰਨ ਸਬੰਧੀ ਡਿਊਟੀ ਲਗਾਉਣਾ ਬਹੁਤ ਹੀ ਸ਼ਰਮਨਾਕ ਹੈ, ਜੋ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਰਾਸ਼ਟਰ ਨਿਰਮਾਤਾ ਅਧਿਆਪਕਾਂ ਪ੍ਰਤੀ ਘਟੀਆ ਮਾਨਸਿਕਤਾ ਨੂੰ ਦਰਸਾਉਂਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਤੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਵੀ ਇਸ ਮੁੱਦੇ ਉਤੇ ਸੂਬਾ ਸਰਕਾਰ ਦੀ ਸਖਤ ਅਲੋਚਨਾ ਕਰਦਿਆਂ ਕਿਹਾ ਕਿ ਇਸ ਤੋਂ ਹੋਰ ਸ਼ਰਮਨਾਕ ਕੀ ਹੋ ਸਕਦਾ ਹੈ? ਅਧਿਆਪਕਾਂ ਦਾ ਸਾਡੇ ਸਮਾਜ 'ਚ ਅਹਿਮ ਸਥਾਨ ਹੈ ਅਤੇ ਵਿਦਿਆਰਥੀ ਉਨ੍ਹਾਂ ਦਾ ਬਹੁਤ ਸਨਮਾਨ ਕਰਦੇ ਹਨ।


SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-673-3825

*EARLY BIRD SALE!!!!*

Domestic fares available



Wanted Workers

Need workers for Restaurant and Gas stations In Eureka, CA.

*Housing and food provide.*

ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ

ਰਿਹਾਇਸ਼ ਅਤੇ ਖਾਣਾ ਮੁਫਤ

Call, Gurpreet Singh Sohal

Ph: 707-498-9325

redwoodpetroleum@gmail.com

20-23



Shan Grill Indian Restaurant

1910 N. Rand Rd., Palatine, IL 60074

ਭਾਰਤੀ ਤੇ ਪਾਕਿਸਤਾਨੀ ਸਵਾਦੀ ਖਾਣਿਆਂ ਲਈ ਪਧਾਰੋ

ਸਾਡੀ ਸਪੈਸ਼ਲਟੀ ਚਿਕਨ ਸੀਖ ਕਬਾਬ

*Our speciality: Chicken Seekh Kabob*

Special Catering offer $10 package
Minimum 25 people

Ph: 847-358-1900

9-


## -ਸੰਯੁਕਤ ਰਾਸ਼ਟਰ-
## ਕਰੋਨਾ ਸੰਕਟ ਦੌਰਾਨ ਸਾਈਬਰ ਹਮਲੇ ਵਧੇ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ (ਯੂ.ਐਨ.) ਦੇ ਨਿਸ਼ਸਤਰੀਕਰਨ ਮੁਖੀ ਨੇ ਚਿਤਾਵਨੀ ਦਿੱਤੀ ਹੈ ਕਿ ਕੋਵਿਡ-19 ਮਹਾਮਾਰੀ ਦੇ ਸੰਕਟ ਦੌਰਾਨ ਸਾਈਬਰ ਹਮਲਿਆਂ ਵਿਚ ਵਾਧਾ ਹੋਇਆ ਹੈ, ਖਾਸ ਕਰਕੇ ਫਰਜ਼ੀ ਈਮੇਲਜ਼ ਰਾਹੀਂ ਹਮਲੇ ਛੇ ਸੌ ਫੀਸਦੀ ਤੱਕ ਵਧੇ ਹਨ। ਯੂ.ਐਨ. ਸੁਰੱਖਿਆ ਕੌਂਸਲ ਦੀ ਗੈਰ-ਰਸਮੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਨੀਅਰ ਅਧਿਕਾਰੀ ਇਜ਼ੂਮੀ ਨਾਕਾਮਿਤਸੂ ਨੇ ਕਿਹਾ ਕਿ ਕਰੋਨਾ ਸੰਕਟ ਦੁਨੀਆਂ ਨੂੰ ਉਚ ਪਾਏ ਦੀ ਤਕਨੀਕ ਅਤੇ ਆਨਲਾਈਨ ਸਹਿਯੋਗ ਵੱਲ ਲੈ ਕੇ ਜਾ ਰਿਹਾ ਹੈ, ਪਰ ਇਸ ਦੌਰਾਨ ਸਾਈਬਰ ਹਮਲੇ ਵੀ ਵਧੇ ਹਨ। ਉਨ੍ਹਾਂ ਕਿਹਾ, "ਦੁਨੀਆਂ ਭਰ ਵਿਚ ਸਿਹਤ ਸੰਸਥਾਵਾਂ ਅਤੇ ਮੈਡੀਕਲ ਖੋਜ ਕੇਂਦਰਾਂ ਖਿਲਾਫ ਸਾਈਬਰ ਹਮਲਿਆਂ ਦੀਆਂ ਚਿੰਤਾਜਨਕ ਰਿਪੋਰਟਾਂ ਵੀ ਆਈਆਂ ਹਨ।" ਉਨ੍ਹਾਂ ਕਿਹਾ ਕਿ ਡਿਜੀਟਲ ਨਿਰਭਰਤਾ ਵਧਣ ਨਾਲ ਸਾਈਬਰ ਹਮਲੇ ਦੀ ਸੰਭਾਵਨਾ ਵਧ ਗਈ ਹੈ। ਅੰਦਾਜ਼ੇ ਮੁਤਾਬਕ ਹਰੇਕ 39 ਸੈਕਿੰਡ ਵਿਚ ਸਾਈਬਰ ਹਮਲਾ ਹੁੰਦਾ ਹੈ।

# Matrimonials

## ਲੜਕੀ ਦੀ ਲੋੜ ਹੈ

Looking for a beautiful citizen/green card holder girl in USA for handsome Nandha Sikh Boy (clean shaven), 26 yrs, 5'-8", living in San Francisco and working as a Software Engineer in top IT firm. MS in computer science. Cast no bar. Pl. Contact, Ph: 925-378-8025 21-24

Looking for a suitable girl for Sehajdhari Sikh boy, 32 yrs, tee-totter, born in New York, US MD. Doctor preferred. Family is vegetarian. Contact, Ph: 321-888-5109 or E-mail: billsinghtech@gmail.com 21-24

Wanted a beautiful, educated and cultured girl for a Lubana Sikh boy, 29 yrs, 5'-10", B.Tech. (Mech), MBA (Finance) working as lead analyst in a MNC in Gurgaon, handsome salary, Father retired PCS officer, mother advocate, sister elder and married. Cast no bar. Simple marriage. Interested may contact, Ph: +91-98144-02444 18-

ਸੈਣੀ ਸਿੱਖ ਉਮਰ 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 11-

## ਲੜਕੇ ਦੀ ਲੋੜ ਹੈ

Wanted suitable match in USA Born or raised and we consider student visa also for good looking Punjabi Brahmin girl, 28 yrs, 5'-4", well educated BBA, working as a HR Manager in multinational company. Please contact Hindu family only. Please email: pk-1960@hotmail.com, Ph: 216-288-1676 21-24

Wanted a suitable match in USA/CANADA for Jatt Sikh Grewal Canadian citizen girl, 34, 5'9", slim & fair. Convent educated, was Nurse in India & will do refresher course for RN license. Innocent divorcee. Ph. 1-587-438-1662, 91-9915881881, 775-813-0586 8-11

Moderate Babbar-Koshal family seeks US citizen or green card holder girl for their non veg, manglik son, 31 yrs, 5'-8", B. A., Business man, living in Jalandhar (PB); father business man, One brother settled in USA & two sisters locally married. Call, Ph: 718-709-1908 17-20


Punjab Times
*Punjabtimes1@gmail.com*
*Ph: 847-359-0746*
*punjabtimesusa.com*



ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

'ਦੇਸੀ ਬਾਜ਼ਾਰ' ਗਰੀਨਵੁੱਡ, ਇੰਡੀਆਨਾ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ: 317-888-2040



Desi Bazar

Under new management.

*916 E. Main Street #118, Greenwood, IN, 46143*
**Tel: 317-888-2040, Fax: 317-887-6116**

Lakhvir S. Johal, Ph: 317-709-7800

Help Wanted in the Kitchen

*We specialize in all kind of Indian Groceries and Sweets*

- FRESH VEGETABLES EVERY THURSDAY
- FRESH GOAT MEAT

*10% off on all Gurudwara supplies and Religious programs!!*

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਕਰੋਨਾ 'ਤੇ ਫਤਿਹ ਹੁਣ ਛੇਤੀ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਹਫਤਾਵਾਰੀ ਲਾਈਵ ਪ੍ਰੋਗਰਾਮ ਦੌਰਾਨ ਲੋਕਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਕਿਹਾ ਕਿ ਹਾਲਾਂਕਿ ਪੰਜਾਬ 'ਚ ਹੋਰਨਾਂ ਸੂਬਿਆਂ ਤੋਂ ਹਾਲਾਤ ਬਿਹਤਰ ਹਨ, ਪਰ ਇਹ ਨਾ ਸਮਝ ਲਿਆ ਜਾਵੇ ਕਿ ਅਸੀਂ ਲੜਾਈ ਜਿੱਤ ਲਈ ਹੈ।

ਉਨ੍ਹਾਂ ਕਿਹਾ ਕਿ ਅਸੀਂ ਮਿਲ ਕੇ ਕਰੋਨਾ ਖਿਲਾਫ ਜੰਗ 'ਚ ਜ਼ਰੂਰ ਫਤਹਿ ਹਾਸਲ ਕਰਾਂਗੇ। ਉਨ੍ਹਾਂ ਕਿਹਾ ਕਿ ਬਾਹਰੀ ਸੂਬਿਆਂ ਤੇ ਵਿਦੇਸ਼ਾਂ ਤੋਂ ਆਉਣ ਵਾਲੇ ਹਰ ਨਾਗਰਿਕ ਦਾ ਪੰਜਾਬ 'ਚ ਦਾਖਲਾ ਹੋਣ ਉਤੇ ਟੈਸਟ ਹੋਵੇਗਾ ਤੇ ਉਨ੍ਹਾਂ ਨੂੰ 14 ਦਿਨ ਦੇ ਇਕਾਂਤਵਾਸ 'ਚ ਭੇਜਿਆ ਜਾਵੇਗਾ। ਇਸ ਮੌਕੇ ਉਨ੍ਹਾਂ ਕਿਹਾ ਕਿ ਜੋ ਸਕੂਲ ਵੱਧ ਫੀਸ ਮੰਗਣਗੇ, ਉਨ੍ਹਾਂ 'ਤੇ ਕਾਰਵਾਈ ਹੋਵੇਗੀ। ਕੈਪਟਨ ਨੇ ਕਿਹਾ ਕਿ ਰੈਪਿਡ ਟੈਸਟਿੰਗ ਟੀਮਾਂ ਘਰਾਂ 'ਚ ਇਕਾਂਤਵਾਸ ਵਿਚ ਰੱਖੇ ਵਿਅਕਤੀਆਂ ਦੀ ਜਾਂਚ ਕਰਨੀਆਂ ਜਦਕਿ ਲੱਛਣ ਵਾਲੇ ਵਿਅਕਤੀਆਂ ਦੀ ਵਿਸਥਾਰਤ ਜਾਂਚ ਹਸਪਤਾਲਾਂ/ ਅਲਹਿਦਗੀ ਕੇਂਦਰਾਂ 'ਚ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿੰਮ ਖੋਲ੍ਹਣ ਸਬੰਧੀ ਫੈਸਲਾ 31 ਮਈ ਤੋਂ ਬਾਅਦ ਲਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਖੇਤੀਬਾੜੀ ਤੇ ਹੋਰ ਕੰਮਾਂ ਲਈ ਸੂਬੇ 'ਚ ਕਾਮਿਆਂ ਦੀ ਕਮੀ ਨਹੀਂ ਆਵੇਗੀ ਕਿਉਂਕਿ ਪੰਜਾਬ 'ਚ ਹਾਲਾਤ ਬਿਹਤਰ ਹੋਣ ਦੇ ਚੱਲਦਿਆਂ ਸਿਰਫ 3 ਲੱਖ ਕਾਮੇ ਹੀ ਆਪਣੇ ਘਰਾਂ ਨੂੰ ਪਰਤੇ ਹਨ ਜਦਕਿ 10 ਲੱਖ ਅਜੇ ਵੀ ਪੰਜਾਬ 'ਚ ਹੀ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਜਿਸ ਢੰਗ ਨਾਲ ਅਸੀਂ ਸਥਿਤੀ ਉਤੇ ਕਾਬੂ ਪਾ ਚੁੱਕੇ ਹਾਂ, ਉਹ ਆਸ ਕਰਦੇ ਹਨ ਕਿ ਸੂਬੇ ਨੂੰ ਦੁਬਾਰਾ ਸਖਤੀ



ਨਾਲ ਲੌਕਡਾਊਨ ਦੀ ਲੋੜ ਹੀ ਨਹੀਂ ਪਵੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪਰਵਾਸੀ ਕਿਰਤੀਆਂ ਦੇ ਜਾਣ ਲਈ ਵਿਸ਼ੇਸ਼ ਰੇਲ ਗੱਡੀਆਂ ਦੀ ਸਹੂਲਤ ਤੋਂ ਇਲਾਵਾ 607 ਬੱਸਾਂ ਰਾਹੀਂ ਉਨ੍ਹਾਂ ਦੇ ਜੱਦੀ ਸੂਬਿਆਂ 'ਚ ਭੇਜਿਆ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸੂਬੇ 'ਚ 2.56 ਲੱਖ ਉਦਯੋਗ ਵਿਚੋਂ 1.5 ਲੱਖ ਉਦਯੋਗ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਕੈਪਟਨ ਨੇ ਕਿਹਾ ਕਿ ਕੋਵਿਡ-19 ਤੋਂ ਬਾਅਦ ਸੂਬੇ ਦੇ ਅਰਥਚਾਰੇ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਦੇ ਸੰਦਰਭ ਵਿਚ ਉਨ੍ਹਾਂ ਦੀ ਸਰਕਾਰ ਨੇ ਵੱਖ-ਵੱਖ ਮੁਲਕਾਂ ਦੇ ਦੂਤਘਰਾਂ ਨੂੰ ਪੱਤਰ ਲਿਖੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਵੱਧ ਤੋਂ ਵੱਧ ਨਿਵੇਸ਼ਕਾਰ ਸੂਬੇ 'ਚ ਆਪਣਾ ਕਾਰੋਬਾਰ ਮੁੜ ਸ਼ੁਰੂ ਕਰਨ 'ਚ ਦਿਲਚਸਪੀ ਦਿਖਾ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਦੌਰਾਨ ਕਣਕ ਦੀ ਖਰੀਦ ਦੀਆਂ ਗਤੀਵਿਧੀਆਂ ਦੇ ਬਾਵਜੂਦ ਪੰਜਾਬ 'ਚ ਬੱਚਿਆਂ ਨੂੰ ਪੋਲੀਓ ਦੀ ਦਵਾ ਦੇਣ ਤੇ ਬੀ.ਸੀ.ਜੀ ਦੇ ਟੀਕਾਕਰਨ ਦਾ 96 ਫੀਸਦੀ ਦਾ ਟੀਚਾ ਪੂਰਾ ਕੀਤਾ ਗਿਆ ਹੈ। ਕਿਸਾਨਾਂ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ 125 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ ਤੇ 127 ਲੱਖ ਦਾ ਟੀਚਾ ਵੀ ਜਲਦ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸਾਨਾਂ ਦੀ ਅਦਾਇਗੀ ਵਿਚ ਕੋਈ ਵੀ ਦੇਰੀ ਹੁੰਦੀ ਹੈ ਤਾਂ ਕਿਸਾਨ ਤੁਰਤ ਉਨ੍ਹਾਂ ਦੇ ਧਿਆਨ ਵਿਚ ਲਿਆਉਣ।

### 'ਦੁਬਾਰਾ ਲੌਕਡਾਊਨ ਦੀ ਲੋੜ ਨਹੀਂ ਪੈਣੀ'

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਕਿ ਕੋਵਿਡ-19 ਖਿਲਾਫ ਜੰਗ 'ਚ ਪੰਜਾਬ ਦਾ 'ਮਿਸ਼ਨ ਫਤਿਹ' ਕਾਮਯਾਬ ਰਿਹਾ ਹੈ ਅਤੇ ਇਸ ਮਹਾਮਾਰੀ ਨੂੰ ਹੁਣ ਪੰਜਾਬ 'ਚ ਹੋਰ ਫੈਲਣ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਸ ਤਰੀਕੇ ਨਾਲ ਮਹਾਮਾਰੀ ਨੂੰ ਕਾਬੂ ਕੀਤਾ ਗਿਆ ਹੈ, ਉਸ ਤੋਂ ਸਾਫ ਹੈ ਕਿ ਪੰਜਾਬ 'ਚ ਦੁਬਾਰਾ ਸਖਤੀ ਨਾਲ ਲੌਕਡਾਊਨ ਲਾਗੂ ਕਰਨ ਦੀ ਲੋੜ ਨਹੀਂ ਪਵੇਗੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਵੀ ਉਪਰਾਲੇ ਸ਼ੁਰੂ ਕਰ ਦਿੱਤੇ ਹਨ।

# ਪੰਜਾਬ ਦੇ ਪ੍ਰਾਈਵੇਟ ਹਸਪਤਾਲ ਵੀ ਕਰੋਨਾ ਖਿਲਾਫ ਜੰਗ ਦੇ ਘੇਰੇ 'ਚ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕੋਵਿਡ-19 ਖਿਲਾਫ ਵਿੱਢੀ ਲੜਾਈ ਦਾ ਘੇਰਾ ਹੋਰ ਮੋਕਲਾ ਕਰਦਿਆਂ ਰਾਜ ਵਿਚਲੇ ਪ੍ਰਾਈਵੇਟ ਹਸਪਤਾਲਾਂ ਨੂੰ ਵੀ ਇਸ ਵਿਚ ਸ਼ਾਮਲ ਕਰ ਲਿਆ ਹੈ। ਪੰਜਾਬ ਸਰਕਾਰ ਨੇ ਇਸ ਲਈ ਆਰਡੀਨੈਂਸ ਦਾ ਰਾਹ ਅਖਤਿਆਰ ਕੀਤਾ ਹੈ। ਸਰਕਾਰ ਵੱਲੋਂ ਪੰਜਾਬ ਕਲੀਨਿਕਲ ਅਸਟੈਬਲਿਸ਼ਮੈਂਟ (ਰਜਿਸਟਰੇਸ਼ਨ ਤੇ ਰੈਗੂਲੇਸ਼ਨ) ਆਰਡੀਨੈਂਸ 2020 ਦੀ ਉਪ ਧਾਰਾ (3) ਦੀ ਧਾਰਾ 1 ਤਹਿਤ ਜਾਰੀ ਨੋਟੀਫਿਕੇਸ਼ਨ ਵਿਚ 50 ਬਿਸਤਰਿਆਂ ਤੋਂ ਵੱਧ ਦੀ ਸਮਰੱਥਾ ਵਾਲੇ ਹਸਪਤਾਲਾਂ ਨੂੰ ਆਰਡੀਨੈਂਸ ਵਿਚਲੀਆਂ ਵਿਵਸਥਾਵਾਂ ਦੇ ਘੇਰੇ ਵਿਚ ਲਿਆਂਦਾ ਜਾਵੇਗਾ। ਮੁੱਖ ਮੰਤਰੀ ਦਫਤਰ ਦੇ ਤਰਜਮਾਨ ਨੇ ਕਿਹਾ ਕਿ ਇਹ ਫੈਸਲਾ 10 ਅਪਰੈਲ ਨੂੰ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਲਏ ਫੈਸਲਿਆਂ ਦੀ ਤਰਜ਼ 'ਤੇ ਲਿਆ ਗਿਆ ਹੈ। ਤਰਜਮਾਨ ਨੇ ਦੱਸਿਆ ਕਿ ਇਹ ਆਰਡੀਨੈਂਸ ਪ੍ਰਾਈਵੇਟ ਹਸਪਤਾਲਾਂ ਨੂੰ ਰਜਿਸਟ੍ਰੇਸ਼ਨ ਤੇ ਰੈਗੂਲੇਸ਼ਨ ਲਈ ਪੇਸ਼ੇਵਰ ਢੰਗ ਨਾਲ ਢੁਕਵੀਂ ਵਿਧੀ ਮੁਹੱਈਆ ਕਰਵਾਏਗਾ ਤਾਂ ਕਿ ਸਹੂਲਤਾਂ ਅਤੇ ਸੇਵਾਵਾਂ ਦੇ ਘੱਟੋ-ਘੱਟ ਮਾਪਦੰਡਾਂ ਦੀ ਪਾਲਣਾ ਦੇ ਨਾਲ-ਨਾਲ ਆਮ ਵਿਅਕਤੀ ਨੂੰ ਸਹੀ ਤਰੀਕੇ ਨਾਲ ਸਿਹਤ ਸੇਵਾਵਾਂ ਦੇਣ ਲਈ ਇਨ੍ਹਾਂ ਹਸਪਤਾਲਾਂ ਦੇ ਕੰਮਕਾਜ ਦੀ ਪਾਰਦਰਸ਼ਤਾ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਦੇ ਨਾਲ ਹੀ 100 ਬਿਸਤਰਿਆਂ ਜਾਂ ਇਸ ਤੋਂ ਵੱਧ ਸਮਰੱਥਾ ਵਾਲੇ ਇਲਾਜ ਸੰਸਥਾਨਾਂ ਦੀ ਰਜਿਸਟ੍ਰੇਸ਼ਨ ਲਈ ਰਾਜ ਪੱਧਰੀ ਰਜਿਸਟਰੇਸ਼ਨ ਅਥਾਰਟੀ ਵੀ ਗਠਿਤ ਕੀਤੀ ਗਈ ਹੈ।

# ਉਲੰਪੀਅਨ ਬਲਬੀਰ ਸਿੰਘ ਸੀਨੀਅਰ ਦੇ ਅਕਾਲ ਚਲਾਣੇ 'ਤੇ ਦੁਖ ਜਾਹਰ

**ਅੰਮ੍ਰਿਤਸਰ (ਬਿਊਰੋ):** ਹਾਕੀ ਦੇ ਉਚ ਕੋਟੀ ਦੇ ਖਿਡਾਰੀ ਸ. ਬਲਬੀਰ ਸਿੰਘ ਸੀਨੀਅਰ ਦੇ ਅਕਾਲ ਚਲਾਣੇ 'ਤੇ ਖਾਲਸਾ ਕਾਲਜ ਗਵਰਨਿੰਗ ਕੌਂਸਲ, ਪ੍ਰਿੰਸੀਪਲਜ਼, ਸਟਾਫ ਅਤੇ ਵਿਦਿਆਰਥੀਆਂ ਨੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ। ਜ਼ਿਕਰਯੋਗ ਹੈ ਕਿ ਸ. ਬਲਬੀਰ ਸਿੰਘ ਖਾਲਸਾ ਕਾਲਜ 'ਚ ਸੰਨ 1942 ਤੋਂ 1945 ਤੱਕ ਬੀ. ਏ. ਦੇ ਵਿਦਿਆਰਥੀ ਰਹੇ, ਹਾਕੀ ਦੀ ਮੁੱਢਲੀ ਸ਼ੁਰੂਆਤ ਕਾਲਜ ਦੇ ਖੇਡ ਮੈਦਾਨ 'ਚ ਕੀਤੀ।

ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਨੇ ਕਿਹਾ ਕਿ ਉਹ ਭਾਰਤ ਦੇ ਸਭ ਤੋਂ ਵਧੇਰੇ ਐਵਾਰਡਾਂ ਨਾਲ ਸਨਮਾਨਿਤ ਐਥਲੀਟ ਸਨ, ਜਿਨ੍ਹਾਂ ਦੇ ਉਲੰਪਿਕਸ 'ਚ ਬਣਾਏ ਰਿਕਾਰਡ ਅਜੇ ਤੱਕ ਵੀ ਅਟੁੱਟ ਹਨ। ਉਹ ਪਹਿਲੀ ਖੇਡ ਸ਼ਖਸੀਅਤ ਸਨ, ਜਿਨ੍ਹਾਂ ਨੂੰ 1957 'ਚ ਪਦਮ ਸ੍ਰੀ ਪੁਰਸਕਾਰ ਨਾਲ ਨਿਵਾਜਿਆ ਗਿਆ ਸੀ।

ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਸਵਰਗੀ ਬਲਬੀਰ ਸਿੰਘ ਨੂੰ ਯਾਦ ਕਰਦਿਆਂ ਕਿਹਾ ਕਿ ਉਹ 2016 'ਚ ਕਾਲਜ ਦੀ ਐਲੂਮਨੀ ਮੀਟ 'ਚ ਸ਼ਮੂਲੀਅਤ ਕਰਨ ਲਈ ਕੈਂਪਸ ਪਹੁੰਚੇ ਸਨ ਅਤੇ ਹਮੇਸ਼ਾ ਹੀ ਇੱਥੋਂ ਦੇ ਕਲਾਸ ਰੂਮ, ਹੋਸਟਲਾਂ ਅਤੇ ਖੇਡ ਮੈਦਾਨਾਂ ਨੂੰ ਉਹ ਯਾਦ ਕਰਦੇ ਸਨ। ਉਨ੍ਹਾਂ ਕਿਹਾ ਕਿ ਜਲਦ ਹੀ ਸਿੱਖ ਇਤਿਹਾਸ ਖੋਜ ਕੇਂਦਰ ਅਤੇ ਮਿਊਜ਼ੀਅਮ 'ਚ ਉਨ੍ਹਾਂ ਦਾ ਵਿਸ਼ਾਲ ਤਸਵੀਰ ਲਾਈ ਜਾਵੇਗੀ ਅਤੇ ਉਨ੍ਹਾਂ ਦੇ ਨਾਂ 'ਤੇ ਹਾਕੀ ਦਾ ਇਕ ਐਵਾਰਡ ਵੀ ਐਲਾਨਿਆ ਜਾਵੇਗਾ।

ਖਾਲਸਾ ਕਾਲਜ ਗਲੋਬਲ ਐਲੂਮਨੀ ਦੇ ਕਨਵੀਨਰ ਦਵਿੰਦਰ ਸਿੰਘ ਛੀਨਾ ਨੇ ਵੀ ਸ. ਬਲਬੀਰ ਸਿੰਘ ਸੀਨੀਅਰ ਦੇ ਅਕਾਲ ਚਲਾਣੇ 'ਤੇ ਦੁਖ ਜਾਹਰ ਕੀਤਾ ਅਤੇ ਉਨ੍ਹਾਂ ਨੂੰ ਦੇਸ਼ ਦਾ ਸਰਵਉਚ ਹਾਕੀ ਖਿਡਾਰੀ ਦੱਸਿਆ। ਉਨ੍ਹਾਂ ਤੋਂ ਇਲਾਵਾ ਕਰਤਾਰ ਸਿੰਘ ਪਹਿਲਵਾਨ ਆਈ. ਪੀ. ਐਸ., ਮੁਖਵਿੰਦਰ ਸਿੰਘ ਛੀਨਾ ਆਈ. ਪੀ. ਐਸ. (ਆਈ. ਜੀ. ਪੀ.), ਕੈਨੇਡੀਅਨ ਚੈਪਟਰ ਦੇ ਡਾਇਰੈਕਟਰ ਸੁੱਖ ਧਾਲੀਵਾਲ ਵਿਧਾਇਕ ਕੈਨੇਡਾ, ਮੀਡੀਆ ਕੋਆਰਡੀਨੇਟਰ ਹਰਪ੍ਰੀਤ ਸਿੰਘ ਭੱਟੀ, ਯੂਰਪੀਅਨ ਚੈਪਟਰ ਦੇ ਮੁੱਖੀ ਭੁਪਿੰਦਰ ਸਿੰਘ ਹਾਲੈਂਡ, ਯੂ. ਕੇ. ਚੈਪਟਰ ਦੇ ਮੁੱਖੀ ਇੰਦਰ ਸਿੰਘ ਜੰਮੂ, ਕੈਲੀਫੋਰਨੀਆ ਚੈਪਟਰ ਦੇ ਮੁੱਖੀ ਦਲਜੀਤ ਸਿੰਘ ਸੰਧੂ ਨੇ ਵੀ ਦੁਖ ਪ੍ਰਗਟ ਕਰਦਿਆਂ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ।

# ਪ੍ਰਾਈਵੇਟ ਸਕੂਲ ਲੈ ਸਕਦੇ ਨੇ 70 ਫੀਸਦੀ ਫੀਸ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਕੂਲੀ ਫੀਸਾਂ ਮਾਮਲੇ ਦੀ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਕਿ ਉਹ 12 ਜੂਨ ਤੱਕ ਪ੍ਰਾਈਵੇਟ ਸਕੂਲਾਂ ਦੀ ਮਦਦ ਕਰਨ ਬਾਰੇ ਆਪਣੀ ਵਿਸਥਾਰਤ ਰਿਪੋਰਟ ਪੇਸ਼ ਕਰੇ ਪਰ ਉਦੋਂ ਤੱਕ ਨਿੱਜੀ ਸਕੂਲ ਕੁੱਲ ਫੀਸ ਦਾ 70 ਫੀਸਦੀ ਹਿੱਸਾ ਮਾਪਿਆਂ ਤੋਂ ਵਸੂਲ ਕਰ ਸਕਦੇ ਹਨ। ਅਦਾਲਤ ਨੇ ਆਖਿਆ ਕਿ ਸਕੂਲ ਉਦੋਂ ਤੱਕ ਆਪਣੇ ਅਧਿਆਪਕਾਂ ਨੂੰ 70 ਫੀਸਦੀ ਤਨਖਾਹ ਦੀ ਅਦਾਇਗੀ ਕਰਨ। ਹਾਈ ਕੋਰਟ ਨੇ ਸਕੂਲਾਂ ਨੂੰ ਹਦਾਇਤ ਕੀਤੀ ਕਿ ਉਹ ਸਾਲਾਨਾ ਦਾਖਲਾ ਫੀਸ ਯਕਮੁਸ਼ਤ ਦੀ ਬਜਾਏ ਦੋ ਕਿਸ਼ਤਾਂ ਵਿਚ ਲੈਣ ਤੇ ਮਾਪਿਆਂ ਨੂੰ ਦਾਖਲਾ ਫੀਸ ਛੇ ਮਹੀਨਿਆਂ ਵਿਚ ਜਮ੍ਹਾਂ ਕਰਨ ਦੀ ਖੁੱਲ੍ਹ ਦੇਣ।

ਇਸ ਤੋਂ ਪਹਿਲਾਂ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਸੂਬੇ ਦੇ ਸਾਰੇ ਸਕੂਲਾਂ ਨੂੰ ਹਦਾਇਤ ਕੀਤੀ ਸੀ ਕਿ ਉਹ ਤਾਲਾਬੰਦੀ ਦੌਰਾਨ ਸਿਰਫ ਟਿਊਸ਼ਨ ਫੀਸ ਹੀ ਲੈ ਸਕਦੇ ਹਨ ਤੇ ਸਕੂਲਾਂ ਨੂੰ ਬਾਕੀ ਫੰਡ ਲੈਣ ਤੋਂ ਰੋਕਿਆ ਗਿਆ ਸੀ। ਬੋਰਡ ਨੇ ਸਕੂਲਾਂ ਨੂੰ ਕਿਹਾ ਸੀ ਕਿ ਇਸ ਸਮੇਂ ਵਿਚ ਅਧਿਆਪਕਾਂ ਦੀਆਂ ਤਨਖਾਹਾਂ ਵਿਚ ਵੀ ਕਟੌਤੀ ਨਾ ਕੀਤੀ ਜਾਵੇ। ਇਸ ਤੋਂ ਬਾਅਦ ਇੰਡੀਪੈਂਡੈਂਟ ਸਕੂਲ ਐਸੋਸੀਏਸ਼ਨ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਅਪੀਲ ਕਰਦਿਆਂ ਇਨ੍ਹਾਂ ਹੁਕਮਾਂ ਨੂੰ ਚੁਣੌਤੀ ਦਿੱਤੀ ਸੀ। ਉਨ੍ਹਾਂ ਆਖਿਆ ਸੀ ਕਿ ਉਹ ਵਿਦਿਆਰਥੀਆਂ ਤੋਂ ਫੀਸਾਂ ਲਏ ਬਗੈਰ ਅਧਿਆਪਕਾਂ ਨੂੰ ਤਨਖਾਹਾਂ ਨਹੀਂ ਦੇ ਸਕਦੇ। ਇਸ ਮਾਮਲੇ ਦੀ ਸੁਣਵਾਈ ਜੱਜ ਰਿਤੂ ਬਾਹਰੀ ਦੀ ਅਦਾਲਤ ਵਿਚ ਹੋਈ ਤੇ ਪੰਜਾਬ ਸਰਕਾਰ ਵੱਲੋਂ ਡਿਪਟੀ ਐਡਵੋਕੇਟ ਜਨਰਲ ਅਨੂ ਪਾਲ ਪੇਸ਼ ਹੋਏ। ਅਦਾਲਤ ਨੇ ਸੂਬਾ ਸਰਕਾਰ ਨੂੰ ਅਗਲੀ ਸੁਣਵਾਈ ਤੱਕ ਵਿਸਥਾਰਤ ਰਿਪੋਰਟ ਪੇਸ਼ ਕਰਨ ਅਤੇ ਇਹ ਦੱਸਣ ਲਈ ਆਖਿਆ ਹੈ ਕਿ ਰਿਜ਼ਰਵ ਫੰਡ ਦੇ ਪੈਸੇ ਨੂੰ ਸਕੂਲ ਸੈਨੇਟਾਈਜ਼ ਕਰਨ ਲਈ ਕਿਵੇਂ ਵਰਤਿਆ ਜਾ ਸਕਦਾ ਹੈ। ਨਿੱਜੀ ਸਕੂਲਾਂ ਵੱਲੋਂ ਪੇਸ਼ ਹੋਏ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਪੰਜਾਬ ਦੇ ਨਿੱਜੀ ਸਕੂਲਾਂ ਨੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਕੋਲ ਰਿਜ਼ਰਵ ਫੰਡ ਜਮ੍ਹਾਂ ਕਰਵਾਏ ਹਨ ਤੇ ਇਸ ਵੇਲੇ ਇਹ ਰਾਸ਼ੀ 77 ਕਰੋੜ ਰੁਪਏ ਦੇ ਕਰੀਬ ਬੋਰਡ ਕੋਲ ਜਮ੍ਹਾਂ ਹੈ।

# ਮੁਲਤਾਨੀ ਅਗਵਾ ਕੇਸ: ਸਾਬਕਾ ਇੰਸਪੈਕਟਰ ਜਾਂਚ 'ਚ ਸ਼ਾਮਲ

**ਮੁਹਾਲੀ:** ਸਾਬਕਾ ਆਈ.ਏ.ਐਸ. ਅਧਿਕਾਰੀ ਦੇ ਪੁੱਤਰ ਤੇ ਸਿਟਕੋ ਦੇ ਜੂਨੀਅਰ ਇੰਜੀਨੀਅਰ (ਜੇਈ) ਬਲਵੰਤ ਸਿੰਘ ਮੁਲਤਾਨੀ ਨੂੰ 29 ਸਾਲ ਪਹਿਲਾਂ ਅਗਵਾ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਚਾਰ ਸਾਬਕਾ ਪੁਲਿਸ ਇੰਸਪੈਕਟਰ ਹਰ ਸਹਾਏ ਸ਼ਰਮਾ (69) ਵਾਸੀ ਸੈਕਟਰ 51ਡੀ, ਜਗੀਰ ਸਿੰਘ (70) ਵਾਸੀ ਸੈਕਟਰ 51, ਅਨੋਖ ਸਿੰਘ (65) ਵਾਸੀ ਸੈਕਟਰ 21 ਅਤੇ ਕੁਲਦੀਪ ਸਿੰਘ ਸੰਧੂ (66) ਵਾਸੀ ਮਨੀਮਾਜਰਾ ਜਾਂਚ ਵਿਚ ਸ਼ਾਮਲ ਹੋਏ। ਮੁਲਜ਼ਮ ਆਪਣੇ ਵਕੀਲ ਨਾਲ ਮੁਹਾਲੀ ਦੇ ਮਟੌਰ ਥਾਣੇ ਵਿਚ ਪਹੁੰਚੇ ਅਤੇ 50-50 ਹਜ਼ਾਰ ਰੁਪਏ ਦਾ ਨਿੱਜੀ ਮੁਚੱਲਕਾ ਭਰਨ ਮਗਰੋਂ ਆਪਣੇ ਪਾਸਪੋਰਟ ਜਮ੍ਹਾਂ ਕਰਵਾਏ।

ਇਸ ਮਾਮਲੇ ਦੇ ਮੁਲਜ਼ਮ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਨੂੰ ਵੀ ਜ਼ਮਾਨਤ ਮਿਲ ਚੁੱਕੀ ਹੈ ਅਤੇ ਉਹ ਦੋ ਵਾਰ ਜਾਂਚ ਵਿਚ ਸ਼ਾਮਲ ਹੋ ਕੇ ਬਿਆਨ ਦਰਜ ਕਰਵਾ ਚੁੱਕੇ ਹਨ। ਇਸ ਸਬੰਧੀ ਥਾਣਾ ਮਟੌਰ ਵਿਚ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਛੇ ਪੁਲਿਸ ਮੁਲਾਜ਼ਮਾਂ ਖਿਲਾਫ ਧਾਰਾ 364, 201, 344, 330 ਅਤੇ 120-ਬੀ ਤਹਿਤ ਕੇਸ ਦਰਜ ਕੀਤਾ ਗਿਆ ਸੀ।

ਇਨ੍ਹਾਂ ਚਾਰ ਸਾਬਕਾ ਇੰਸਪੈਕਟਰਾਂ ਤੋਂ ਇਲਾਵਾ ਨਾਮਜ਼ਦ ਐਸ.ਪੀ. ਬਲਦੇਵ ਸਿੰਘ ਸੈਣੀ ਅਤੇ ਇੰਸਪੈਕਟਰ ਸਤਵੀਰ ਸਿੰਘ ਦੀ ਮੌਤ ਹੋ ਚੁੱਕੀ ਹੈ। ਚਾਰੇ ਮੁਲਜ਼ਮ ਯੂਟੀ ਪੁਲਿਸ 'ਚੋਂ ਇੰਸਪੈਕਟਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਹਨ ਅਤੇ ਚੰਡੀਗੜ੍ਹ ਵਿਚ ਤਾਇਨਾਤੀ ਦੌਰਾਨ ਸੁਮੇਧ ਸੈਣੀ ਦੇ ਚਹੇਤੇ ਸਨ।

## ਲੱਦਾਖ 'ਚ ਭਾਰਤੀ ਤੇ ਚੀਨੀ ਫੌਜਾਂ ਆਹਮੋ-ਸਾਹਮਣੇ

**ਨਵੀਂ ਦਿੱਲੀ:** ਪੂਰਬੀ ਲੱਦਾਖ ਵਿਚ ਅਸਲ ਕੰਟਰੋਲ ਰੇਖਾ ਦੇ ਨਾਲ ਭਾਰਤ ਤੇ ਚੀਨ ਦੀਆਂ ਫੌਜਾਂ ਦਰਮਿਆਨ ਜਾਰੀ ਟਕਰਾਅ ਸਾਲ 2017 ਵਿਚ ਡੋਕਲਾਮ ਵਿਚ ਵਾਪਰੇ ਘਟਨਾਕ੍ਰਮ ਨਾਲੋਂ ਵੱਡਾ ਫੌਜੀ ਟਕਰਾਅ ਸਾਬਤ ਹੋ ਸਕਦਾ ਹੈ। ਸਿਖਰਲੇ ਫੌਜੀ ਸੂਤਰਾਂ ਨੇ ਕਿਹਾ ਕਿ ਭਾਰਤ ਨੇ ਪੈਂਗੋਗ ਸੋ ਤੇ ਗਲਵਾਨ ਵਾਦੀ ਵਿਚ ਆਪਣੀ ਨਫਰੀ ਵਧਾ ਦਿੱਤੀ ਹੈ।

ਸੂਤਰਾਂ ਦੀ ਮੰਨੀਏ ਤਾਂ ਚੀਨੀ ਫੌਜ ਨੇ ਅਸਲ ਕੰਟਰੋਲ ਰੇਖਾ ਨਾਲ ਲੱਗਦੇ ਵਿਵਾਦਤ ਖੇਤਰ ਵਿਚ ਆਰਜ਼ੀ ਬੁਨਿਆਦੀ ਢਾਂਚਾ ਵਿਕਸਤ ਕਰਨ ਦੇ ਨਾਲ ਦੋ ਤੋਂ ਢਾਈ ਹਜ਼ਾਰ ਦੇ ਕਰੀਬ ਫੌਜੀ ਤਾਇਨਾਤ ਕੀਤੇ ਹੋਏ ਹਨ। ਥਲ ਸੈਨਾ ਦੇ ਇਕ ਸਿਖਰਲੇ ਅਧਿਕਾਰੀ ਨੇ ਆਪਣੀ ਪਛਾਣ ਜ਼ਾਹਿਰ ਨਾ ਕਰਨ ਦੀ ਸ਼ਰਤ 'ਤੇ ਕਿਹਾ, 'ਖੇਤਰ ਵਿਚ ਭਾਰਤੀ ਫੌਜ ਦੀ ਸਮਰੱਥਾ ਆਪਣੇ ਗੁਆਂਢੀ ਮੁਲਕ ਨਾਲੋਂ ਕਿਤੇ ਬਿਹਤਰ ਹੈ।' ਉਂਜ ਭਾਰਤ ਲਈ ਗਲਵਾਨ ਵਾਦੀ ਵਿਚ ਭਾਰਤੀ ਚੌਕੀ ਕਿਲੋਮੀਟਰ 120 ਦੇ ਨਾਲ ਡਾਰਬੁਕ-ਸ਼ਾਯੋਕ-ਦੌਲਤ ਬੇਗ ਓਲਡੀ ਰੋਡ ਉਤੇ ਚੀਨੀ ਫੌਜ ਦੀ ਮੌਜੂਦਗੀ ਵੱਡੀ ਫਿਕਰਮੰਦੀ ਦਾ ਵਿਸ਼ਾ ਹੈ।

# ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਆੜ੍ਹਤੀਆਂ ਨੂੰ ਝਟਕਾ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਆੜ੍ਹਤੀਆਂ ਦੇ ਢਾਈ ਫੀਸਦੀ ਕਮਿਸ਼ਨ ਦੇ ਮਾਮਲੇ ਉਤੇ ਪੰਜਾਬ ਨੂੰ ਨਵਾਂ ਝਟਕਾ ਦਿੱਤਾ ਹੈ। ਕੇਂਦਰੀ ਖੁਰਾਕ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਪੱਤਰ ਭੇਜ ਕੇ ਸਪਸ਼ਟ ਕੀਤਾ ਕਿ ਐਤਕੀਂ ਹਾੜ੍ਹੀ ਦੀ ਜਿਣਸ ਦੀ ਖਰੀਦ ਉਤੇ ਆੜ੍ਹਤੀਆਂ ਨੂੰ ਪ੍ਰਤੀ ਕੁਇੰਟਲ ਪਿੱਛੇ 46 ਰੁਪਏ ਕਮਿਸ਼ਨ ਮਿਲੇਗਾ ਜਦਕਿ ਪਹਿਲਾਂ ਸਰਕਾਰੀ ਭਾਅ ਦੇ ਉਪਰ ਢਾਈ ਫੀਸਦੀ ਦੇ ਹਿਸਾਬ ਨਾਲ ਆੜ੍ਹਤੀਆਂ ਨੂੰ ਕਮਿਸ਼ਨ ਮਿਲਦਾ ਸੀ। ਐਤਕੀਂ ਕਣਕ ਦਾ ਸਰਕਾਰੀ ਭਾਅ 1925 ਰੁਪਏ ਪ੍ਰਤੀ ਕੁਇੰਟਲ ਹੈ ਅਤੇ ਇਸ 'ਤੇ ਢਾਈ ਫੀਸਦੀ ਦੇ ਲਿਹਾਜ਼ ਨਾਲ ਆੜ੍ਹਤੀਆਂ ਦਾ ਕਮਿਸ਼ਨ ਪ੍ਰਤੀ ਕੁਇੰਟਲ 48 ਰੁਪਏ ਬਣਦਾ ਹੈ ਪਰ ਕੇਂਦਰ ਸਰਕਾਰ ਨੇ ਇਸ ਦੀ ਥਾਂ ਉਤੇ 46 ਰੁਪਏ ਦੇਣ ਦਾ ਫੈਸਲਾ ਕੀਤਾ ਹੈ। ਪੰਜਾਬ ਦੀਆਂ ਮੰਡੀਆਂ 'ਚੋਂ ਹੁਣ ਤੱਕ 125 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਕੇਂਦਰੀ ਕਟ



ਕਾਰਨ ਆੜ੍ਹਤੀਆਂ ਨੂੰ ਕਰੀਬ 25 ਕਰੋੜ ਰੁਪਏ ਘੱਟ ਮਿਲਣਗੇ। ਆੜ੍ਹਤੀ ਵੀ ਇਸ ਗੱਲੋਂ ਔਖੇ ਹੋ ਗਏ ਹਨ ਜਿਨ੍ਹਾਂ ਨੇ ਫੌਰੀ ਮਸਲਾ ਪੰਜਾਬ ਸਰਕਾਰ ਕੋਲ ਉਠਾਇਆ ਹੈ। ਪੰਜਾਬ ਸਰਕਾਰ ਵੱਲੋਂ ਹੁਣ ਤੱਕ 20,500 ਕਰੋੜ ਰੁਪਏ ਦੀ ਅਦਾਇਗੀ ਕਿਸਾਨਾਂ ਨੂੰ ਕਰ ਦਿੱਤੀ ਗਈ ਹੈ ਜੋ ਕਿ 107 ਲੱਖ ਮੀਟਰਿਕ ਟਨ ਦੀ ਬਣਦੀ ਹੈ। ਉਂਜ ਤਾਂ ਪੰਜਾਬ ਵਿਚ ਰਜਿਸਟਰਡ ਆੜ੍ਹਤੀਆਂ ਦੀ ਗਿਣਤੀ 45 ਹਜ਼ਾਰ ਦੇ ਕਰੀਬ ਬਣਦੀ ਹੈ ਪਰ ਅਮਲੀ ਤੌਰ ਉਤੇ ਕਰੀਬ 30 ਕੁ ਹਜ਼ਾਰ ਆੜ੍ਹਤੀ ਕੰਮ ਕਰਦੇ ਹਨ।

ਦੇਖਿਆ ਜਾਵੇ ਤਾਂ ਕੇਂਦਰ ਸਰਕਾਰ ਨੇ ਟੇਢੇ ਤਰੀਕੇ ਨਾਲ ਆੜ੍ਹਤੀਆਂ ਦੇ ਕਮਿਸ਼ਨ ਨੂੰ ਘੱਟੋ ਘੱਟ ਸਮਰਥਨ ਨਾਲੋਂ ਅਲੱਗ ਕਰ ਦਿੱਤਾ ਹੈ ਜਦੋਂ ਕਿ ਪਹਿਲਾਂ ਇਹ ਸਰਕਾਰੀ ਭਾਅ ਦਾ ਹੀ ਹਿੱਸਾ ਹੁੰਦਾ ਸੀ। ਪੰਜਾਬ ਸਰਕਾਰ ਤਰਫੋਂ ਪਹਿਲਾਂ ਆਪਣੇ ਪੱਧਰ 'ਤੇ ਇਹ ਕਮਿਸ਼ਨ ਦਿੱਤਾ ਜਾਂਦਾ ਹੈ ਅਤੇ ਅਗਿਓਂ ਰਾਜ ਸਰਕਾਰ ਕੇਂਦਰ ਤੋਂ ਵਸੂਲਦੀ ਹੈ। ਕੇਂਦਰੀ ਖੁਰਾਕ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਸੂਬਾਈ ਖੁਰਾਕ ਮੰਤਰੀਆਂ ਨਾਲ ਵੀਡੀਓ ਕਾਨਫਰੰਸ ਕੀਤੀ ਹੈ। ਪੰਜਾਬ ਦੇ ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਕੇਂਦਰੀ ਮੰਤਰੀ ਪਾਸਵਾਨ ਕੋਲ ਵੀ ਇਹ ਮੁੱਦਾ ਉਠਾਇਆ ਹੈ।

ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਦਾ ਕਹਿਣਾ ਹੈ ਕਿ ਕੇਂਦਰ ਦਾ ਇਹ ਤਾਨਾਸ਼ਾਹੀ ਫੈਸਲਾ ਹੈ ਕਿਉਂਕਿ ਇਸ ਨਾਲ ਖਰੀਦ ਪ੍ਰਕਿਰਿਆ ਵਿਚ ਅੜਿੱਕੇ ਖੜ੍ਹੇ ਹੋਣਗੇ। ਉਨ੍ਹਾਂ ਆਖਿਆ ਕਿ ਪੰਜਾਬ ਵਿਚ ਆੜ੍ਹਤੀਆਂ ਦਾ ਕਮਿਸ਼ਨ ਸਟੈਚੂਟਰੀ ਚਾਰਜਿਜ਼ ਦਾ ਹਿੱਸਾ ਹੈ ਜਿਸ ਨੂੰ ਸਰਕਾਰੀ ਭਾਅ ਤੋਂ ਉਦੋਂ ਤੱਕ ਵੱਖ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਵਿਧਾਨ ਸਭਾ ਦੁਆਰਾ ਨਿਯਮਾਂ ਅਧੀਨ ਸ਼ਰਤ ਵਿਧਾਨ ਵਿਚ ਸੋਧ ਨਹੀਂ ਕੀਤੀ ਜਾਂਦੀ।

# ਮਜ਼ਦੂਰਾਂ ਦੀ ਹਿਜਰਤ ਦਾ ਸਿਆਸੀ ਲਾਹਾ ਲੈਣ ਦੀ ਲੱਗੀ ਹੋੜ

**ਨਵੀਂ ਦਿੱਲੀ:** ਪਰਵਾਸੀ ਮਜ਼ਦੂਰਾਂ ਦੇ ਘਰਾਂ ਨੂੰ ਪਰਤਣ ਦਾ ਸਿਲਸਿਲਾ ਜਾਰੀ ਹੈ। ਸਰਕਾਰਾਂ ਵੀ ਇਨ੍ਹਾਂ ਬਿਪਤਾ ਮਾਰਿਆਂ ਦਾ ਹੱਥ ਫੜਨ ਤੋਂ ਭੱਜ ਗਈਆਂ ਹਨ। ਇਸ ਮੁੱਦੇ ਉਤੇ ਜਿਥੇ ਸਿਆਸੀ ਧਿਰਾਂ ਇਕ ਦੂਜੇ ਉਤੇ ਦੋਸ਼ ਮੜ੍ਹ ਰਹੀਆਂ ਹਨ, ਉਥੇ ਇਸ ਦਾ ਸਿਆਸੀ ਲਾਹਾ ਲੈਣ ਲਈ ਵੀ ਜ਼ੋਰ-ਅਜ਼ਮਾਈ ਸ਼ੁਰੂ ਹੋ ਗਈ ਹੈ।

ਕਾਂਗਰਸ ਵੱਲੋਂ ਮਜ਼ਦੂਰਾਂ ਨੂੰ ਉੱਤਰ ਪ੍ਰਦੇਸ਼ 'ਚ ਆਪਣੇ ਘਰ ਵਾਪਸ ਲੈ ਕੇ ਜਾਣ ਲਈ 1,000 ਬੱਸਾਂ ਦਾ ਬੰਦੋਬਸਤ ਕਰਨ ਤੋਂ ਬਾਅਦ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਅਤੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵਿਚਕਾਰ ਕਾਫੀ ਖਿੱਚੋਤਾਣ ਹੋਈ ਹੈ। ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਯੋਗੀ ਸਰਕਾਰ ਨੇ ਇਨ੍ਹਾਂ ਬੱਸਾਂ ਨੂੰ ਵੱਖ-ਵੱਖ ਥਾਵਾਂ 'ਤੇ ਰੋਕਿਆ; ਕਦੇ ਉਨ੍ਹਾਂ ਨੂੰ ਗਾਜ਼ੀਆਬਾਦ ਆਉਣ ਲਈ ਕਿਹਾ ਗਿਆ ਅਤੇ ਕਦੇ ਨੋਇਡਾ। ਕਾਫੀ ਅੜਿੱਕੇ ਪਾਉਣ ਦੇ ਬਾਅਦ ਜਦ ਕਈ ਬੱਸਾਂ ਨੂੰ ਜਾਣ ਦੀ ਇਜਾਜ਼ਤ ਦਿੱਤੀ ਤਾਂ ਉਨ੍ਹਾਂ ਨੂੰ ਆਗਰਾ ਤੇ ਹੋਰ ਜ਼ਿਲ੍ਹਿਆਂ ਦੀਆਂ ਸਰਹੱਦਾਂ 'ਤੇ ਰੋਕਿਆ ਗਿਆ। ਕਈ ਥਾਈਂ ਹਾਲਤ ਅਜੇ ਵੀ ਤਣਾਅ ਵਾਲੀ ਹੈ। ਬਹੁਤ ਸਾਰੇ ਪਰਵਾਸੀ ਮਜ਼ਦੂਰਾਂ ਨੇ ਪੈਦਲ ਤੁਰਨਾ ਸ਼ੁਰੂ ਕਰ ਦਿੱਤਾ। ਉਤਰ ਪ੍ਰਦੇਸ਼ ਸਰਕਾਰ ਨੇ ਦੋਸ਼ ਲਾਇਆ ਕਿ ਕਾਂਗਰਸ ਵੱਲੋਂ ਬੱਸਾਂ ਬਾਰੇ ਦਿੱਤੀ ਜਾਣਕਾਰੀ ਵਿਚ ਕਈ ਗਲਤੀਆਂ ਸਨ; ਉਨ੍ਹਾਂ ਵਿਚੋਂ ਕਈ ਨੰਬਰ ਟੈਂਪੂ, ਥ੍ਰੀ-ਵ੍ਹੀਲਰ



ਅਤੇ ਹੋਰ ਵਾਹਨਾਂ ਦੇ ਸਨ। ਸਵਾਲ ਇਹ ਉਠ ਰਹੇ ਹਨ ਕਿ ਜਦ ਕੇਂਦਰ ਸਰਕਾਰ ਨੇ ਲੌਕਡਾਊਨ ਕਾਰਨ ਆਵਾਜਾਈ ਦਸਤਾਵੇਜ਼ਾਂ ਵਿਚ ਢਿੱਲ ਦਿੱਤੀ ਗਈ ਹੈ ਤਾਂ ਯੂਪੀ ਸਰਕਾਰ ਵੱਲੋਂ ਅਜਿਹੇ ਅੜਿੱਕੇ ਡਾਹੁਣਾ ਦਾ ਮਕਸਦ ਸਿਰਫ ਸਿਆਸੀ ਲਾਹਾ ਲੈਣਾ ਹੈ। ਉੱਤਰ ਪ੍ਰਦੇਸ਼ ਸਰਕਾਰ ਨੇ ਬੱਸਾਂ ਦਾ ਬੰਦੋਬਸਤ ਕਰਨ ਬਾਰੇ ਉੱਤਰ ਪ੍ਰਦੇਸ਼ ਕਾਂਗਰਸ ਦੇ ਮੁਖੀ ਅਤੇ ਪ੍ਰਿਯੰਕਾ ਗਾਂਧੀ ਦੇ ਨਿੱਜੀ ਸਕੱਤਰ ਵਿਰੁੱਧ ਕੇਸ ਦਰਜ ਕੀਤੇ ਹਨ।

ਕੇਂਦਰ ਸਰਕਾਰ ਵਿਰੋਧੀ ਪਾਰਟੀਆਂ ਅਤੇ ਸੂਬਾ ਸਰਕਾਰਾਂ ਨੂੰ ਕਹਿ ਰਹੀ ਹੈ ਕਿ ਕੋਵਿਡ-19 ਦੇ ਸੰਕਟ 'ਤੇ ਸਿਆਸਤ ਨਹੀਂ ਕੀਤੀ ਜਾਣੀ ਚਾਹੀਦੀ ਪਰ ਭਾਰਤੀ ਜਨਤਾ ਪਾਰਟੀ ਦੀਆਂ ਕਈ ਸੂਬਾ ਸਰਕਾਰਾਂ ਇਸ ਮੁੱਦੇ 'ਤੇ ਕਈ ਤਰ੍ਹਾਂ ਦੀ ਸਿਆਸਤ ਕਰ ਰਹੀਆਂ ਹਨ। ਇਸ ਸੰਕਟ ਦੌਰਾਨ ਪਰਵਾਸੀ ਮਜ਼ਦੂਰਾਂ ਦੀ ਸਮੱਸਿਆ ਵੱਡੇ ਮਨੁੱਖੀ ਦੁਖਾਂਤ ਵਜੋਂ ਉੱਭਰੀ ਹੈ। ਕੇਂਦਰੀ ਅਤੇ ਸੂਬਾ ਸਰਕਾਰਾਂ ਇਸ ਸਮੱਸਿਆ ਬਾਰੇ ਸਹੀ ਅੰਦਾਜ਼ਾ ਨਹੀਂ ਲਗਾ ਸਕੀਆਂ।

ਦੱਸ ਦਈਏ ਕਿ 25 ਮਾਰਚ ਤੋਂ ਦੇਸ਼ ਵਿਚ ਤਾਲਾਬੰਦੀ ਵੀ ਲਗਾਤਾਰ ਜਾਰੀ ਹੈ। ਪੂਰੀ ਤਰ੍ਹਾਂ ਹਰ ਕੰਮ ਰੁਕ ਜਾਣ ਕਰਕੇ ਪਰਵਾਸੀ ਮਜ਼ਦੂਰਾਂ ਲਈ ਇਸ ਕਰਕੇ ਵੱਡਾ ਸੰਕਟ ਪੈਦਾ ਹੋ ਗਿਆ ਸੀ ਕਿਉਂਕਿ ਦੇਸ਼ ਭਰ ਵਿਚ ਜਿਨ੍ਹਾਂ ਵੱਖ-ਵੱਖ ਰਾਜਾਂ ਵਿਚ ਉਹ ਕੰਮ ਕਰ ਰਹੇ ਸਨ, ਕੰਮ-ਧੰਦਿਆਂ ਦੇ ਰੁਕ ਜਾਣ ਕਾਰਨ ਉਥੇ ਉਹ ਰੁਜ਼ਗਾਰ ਤੋਂ ਵਾਂਝੇ ਹੋ ਗਏ। ਤਾਲਾਬੰਦੀ ਵਿਚ ਹਰ ਤਰ੍ਹਾਂ ਦੀ ਆਵਾਜਾਈ ਬੰਦ ਹੋਣ ਕਰਕੇ ਉਹ ਜਿਥੇ ਸਨ, ਉਥੇ ਹੀ ਫਸ ਗਏ, ਜਿਸ ਕਰਕੇ ਉਨ੍ਹਾਂ ਨੂੰ ਨਿੱਤ ਦਿਨ ਦੀਆਂ ਦੁਸ਼ਵਾਰੀਆਂ ਨੂੰ ਵੀ ਝੱਲਣਾ ਪੈ ਰਿਹਾ ਹੈ।

ਭਿਆਨਕ ਬਿਮਾਰੀ ਦਾ ਸਾਹਮਣਾ ਅਤੇ ਕੰਮ ਕਰਨ ਵਾਲੀਆਂ ਥਾਵਾਂ ਦੀ ਅਨਿਸ਼ਚਿਤਤਾ ਕਾਰਨ ਇਨ੍ਹਾਂ ਕਾਮਿਆਂ ਨੇ ਆਪੋ-ਆਪਣੇ ਘਰਾਂ ਨੂੰ ਜਾਣ 'ਚ ਹੀ ਬਿਹਤਰੀ ਸਮਝੀ। ਪਰ ਅਜਿਹੇ ਹਾਲਾਤ ਵਿਚ ਉਨ੍ਹਾਂ ਦਾ ਆਪਣੇ ਘਰਾਂ ਨੂੰ ਪਰਤਣਾ ਬੇਹੱਦ ਦੁਖਦਾਈ ਹੋ ਨਿੱਬੜਿਆ। ਬੱਸਾਂ ਅਤੇ ਗੱਡੀਆਂ ਦੀ ਉਡੀਕ 'ਚ ਵੱਡੀਆਂ ਭੀੜਾਂ ਇਕੱਠੀਆਂ ਹੋ ਗਈਆਂ। ਰੇਲ ਮੰਤਰਾਲੇ ਵਲੋਂ ਕਿਰਤੀਆਂ ਲਈ ਵਿਸ਼ੇਸ਼ ਗੱਡੀਆਂ 12 ਮਈ ਤੋਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਪਰ ਮਜ਼ਦੂਰਾਂ ਦੀ ਵੱਡੀ ਗਿਣਤੀ ਸਾਹਮਣੇ ਇਹ ਗੱਡੀਆਂ ਨਾਕਾਫੀ ਸਾਬਤ ਹੋਈਆਂ। ਦੂਜੇ ਪਾਸੇ ਕੇਂਦਰ ਤੇ ਸੂਬਿਆਂ ਵਿਚਾਲੇ ਰੇਲ ਭਾੜੇ ਨੂੰ ਲੈ ਕੇ ਸ਼ੁਰੂ ਹੋਏ ਵਿਵਾਦ ਨੇ ਵੀ ਮਜ਼ਦੂਰਾਂ ਦੀਆਂ ਉਮੀਦਾਂ ਤੋੜ ਦਿੱਤੀਆਂ। ਇਸ ਸਮੇਂ ਕਾਂਗਰਸ ਨੇ ਆਪਣੇ ਪਾਰਟੀ ਫੰਡ ਵਿਚੋਂ ਮਜ਼ਦੂਰਾਂ ਨੂੰ ਘਰ ਪਹੁੰਚਾਉਣ ਦਾ ਐਲਾਨ ਕੀਤਾ ਤਾਂ ਸਿਆਸਤ ਭਖ ਗਈ, ਹੁਣ ਹਾਲਾਤ ਇਹ ਹਨ ਕਿ ਹਰ ਸਿਆਸੀ ਧਿਰ ਮਜ਼ਦੂਰਾਂ ਦੀ ਸੱਚੀ ਹਮਾਇਤੀ ਬਣਨ ਦੀਆਂ ਕੋਸ਼ਿਸ਼ਾਂ ਵਿਚ ਜੁਟੀ ਹੋਈ ਹੈ।

## ਸੋਨੀਆ ਗਾਂਧੀ ਖਿਲਾਫ ਕੇਸ ਦਰਜ

**ਬੰਗਲੂਰੂ:** ਕਰਨਾਟਕ ਵਿਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਖਿਲਾਫ ਪਾਰਟੀ ਦੇ ਅਧਿਕਾਰਤ ਹੈਂਡਲ 'ਤੇ ਪ੍ਰਧਾਨ ਮੰਤਰੀ ਕੇਅਰਜ਼ ਫੰਡ ਦੀ ਕਥਿਤ ਦੁਰਵਰਤੋਂ ਕਰਨ ਦਾ ਦੋਸ਼ ਲਾਉਂਦਿਆਂ ਪੋਸਟ ਕੀਤੇ ਟਵੀਟ ਲਈ ਕੇਸ ਦਰਜ ਕੀਤਾ ਗਿਆ ਹੈ। ਕੇਸ ਪ੍ਰਵੀਨ ਕੇ.ਵੀ. ਨਾਂ ਦੇ ਸ਼ਖਸ ਦੀ ਸ਼ਿਕਾਇਤ ਉਤੇ ਦਰਜ ਕੀਤਾ ਗਿਆ ਹੈ। ਕੇਸ ਆਈ.ਪੀ.ਸੀ. ਦੀ ਧਾਰਾ 153 ਤੇ 505 ਤਹਿਤ ਦਰਜ ਕੀਤਾ ਗਿਆ ਹੈ। ਕਰਨਾਟਕ ਕਾਂਗਰਸ ਦੇ ਕੇਸ ਦਰਜ ਕੀਤੇ ਜਾਣ ਦੀ ਨਿਖੇਧੀ ਕੀਤੀ ਹੈ।

## ਮਦਦ ਕਰਨ ਵਾਲਿਆਂ ਨੂੰ ਜੇਲ੍ਹ ਡੱਕ ਰਹੀ ਹੈ ਯੂ.ਪੀ. ਸਰਕਾਰ

**ਲਖਨਊ:** ਕਾਂਗਰਸ ਵੱਲੋਂ ਪਰਵਾਸੀ ਮਜ਼ਦੂਰਾਂ ਦੀ ਮਦਦ ਲਈ ਇਕ ਹਜ਼ਾਰ ਬੱਸਾਂ ਚਲਾਉਣ ਦੀ ਆਗਿਆ ਦੇਣ ਦੇ ਵਿਸ਼ੇ 'ਤੇ ਭਾਜਪਾ ਦੀ ਅਗਵਾਈ ਵਾਲੀ ਉਤਰ ਪ੍ਰਦੇਸ਼ ਸਰਕਾਰ ਅਤੇ ਕਾਂਗਰਸ ਵਿਚਕਾਰ ਛਿੜੀ ਸ਼ਬਦੀ ਜੰਗ ਤੋਂ ਬਾਅਦ ਪ੍ਰਿਯੰਕਾ ਗਾਂਧੀ ਵਾਡਰਾ ਨੇ ਦਾਅਵਾ ਕੀਤਾ ਕਿ ਪਰਵਾਸੀ ਮਜ਼ਦੂਰਾਂ ਦੀ ਮਦਦ ਕਰਨ ਵਾਲਿਆਂ ਨੂੰ ਸੂਬਾ ਸਰਕਾਰ ਜੇਲ੍ਹ ਭੇਜ ਰਹੀ ਹੈ। ਉਨ੍ਹਾਂ ਪਾਰਟੀ ਕਾਰਕੁਨਾਂ ਨੂੰ ਸੰਘਰਸ਼ ਜਾਰੀ ਰੱਖਣ ਦਾ ਸੱਦਾ ਦਿੱਤਾ।

# ਛੱਤੀਸਗੜ੍ਹ ਵਿਚ 'ਨਿਆਏ' ਸਕੀਮ ਲਾਗੂ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਵੀਡੀਓ ਕਾਨਫਰੰਸਿੰਗ ਜ਼ਰੀਏ ਛੱਤੀਸਗੜ੍ਹ ਵਿਚ ਰਾਜੀਵ ਗਾਂਧੀ ਕਿਸਾਨ ਨਿਆਏ ਸਕੀਮ ਦੀ ਸ਼ੁਰੂਆਤ ਕੀਤੀ। ਛੱਤੀਸਗੜ੍ਹ, ਕਾਂਗਰਸ ਦੇ ਇਸ ਮਹੱਤਵਸ਼ਾਲੀ ਪ੍ਰੋਗਰਾਮ ਨੂੰ ਲਾਗੂ ਕਰਨ ਵਾਲਾ ਪਹਿਲਾ ਸੂਬਾ ਬਣ ਗਿਆ ਹੈ।

ਕਾਂਗਰਸ ਨੇ ਪਿਛਲੇ ਸਾਲ ਸੰਸਦੀ ਚੋਣਾਂ ਮੌਕੇ ਆਪਣੇ ਚੋਣ ਮੈਨੀਫੈਸਟੋ 'ਚ ਇਸ ਪ੍ਰੋਗਰਾਮ ਨੂੰ ਪ੍ਰਮੁੱਖਤਾ ਨਾਲ ਉਭਾਰਦਿਆਂ ਕੇਂਦਰ 'ਚ ਸਰਕਾਰ ਬਣਨ ਦੀ ਸੂਰਤ ਵਿਚ ਪੂਰੇ ਦੇਸ਼ ਵਿਚ ਲਾਗੂ ਕਰਨ ਦਾ ਐਲਾਨ ਕੀਤਾ ਸੀ। 'ਨਿਆਏ' ਸਕੀਮ ਤਹਿਤ 19 ਲੱਖ ਕਿਸਾਨਾਂ ਨੂੰ ਚਾਰ ਕਿਸ਼ਤਾਂ 'ਚ 5750 ਕਰੋੜ ਰੁਪਏ ਵੰਡੇ ਜਾਣਗੇ। ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਕਿਹਾ ਕਿ 1500 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਕਿਸਾਨਾਂ ਦੇ ਬੈਂਕ ਖਾਤਿਆਂ 'ਚ ਤਬਦੀਲ ਕਰ ਦਿੱਤੀ ਗਈ ਹੈ। ਰਾਜੀਵ ਗਾਂਧੀ ਦੀ ਬਰਸੀ ਮੌਕੇ ਸਕੀਮ ਦਾ ਆਗਾਜ਼ ਕਰਦਿਆਂ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਇਸ ਨਾਲ ਕਿਸਾਨਾਂ ਦੀ ਜ਼ਿੰਦਗੀ ਵਿਚ ਵੱਡਾ ਬਦਲਾਅ ਆਏਗਾ ਤੇ ਉਨ੍ਹਾਂ ਨੂੰ ਆਤਮ-ਨਿਰਭਰ ਬਣਾਉਣ ਵਿਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਅਜਿਹੀਆਂ ਸਕੀਮਾਂ ਜ਼ਮੀਨੀ ਪੱਧਰ ਉਤੇ ਲਾਗੂ ਹੋਣੀਆਂ ਚਾਹੀਦੀਆਂ ਹਨ। ਮੁੱਖ ਮੰਤਰੀ ਭੁਪੇਸ਼ ਬਘੇਲ ਨੇ ਕਿਹਾ ਕਿ ਸਕੀਮ ਤਹਿਤ ਮਿਲਣ ਵਾਲਾ ਪੈਸਾ ਮੌਜੂਦਾ ਕਰੋਨਾ ਸੰਕਟ ਮੌਕੇ ਕਿਸਾਨਾਂ ਦੇ ਕੰਮ ਆਏਗਾ।

## ਓਲਾ ਕਰੇਗੀ 1400 ਸਟਾਫ ਮੈਂਬਰਾਂ ਦੀ ਛਾਂਟੀ



**ਨਵੀਂ ਦਿੱਲੀ:** ਕਰੋਨਾ ਵਾਇਰਸ ਕਾਰਨ ਮੁਲਕ 'ਚ ਲੱਗੇ ਕਰਫਿਊ ਤੇ ਤਾਲਾਬੰਦੀ ਕਾਰਨ ਕੰਪਨੀ ਓਲਾ ਦੀ ਆਮਦਨ ਪਿਛਲੇ ਦੋ ਮਹੀਨਿਆਂ 'ਚ 95 ਫੀਸਦੀ ਤੱਕ ਘਟਣ ਕਾਰਨ ਕੰਪਨੀ ਵੱਲੋਂ ਕੈਬ ਤੇ ਵਿੱਤੀ ਸੇਵਾਵਾਂ ਤੇ ਖਾਣੇ ਦੇ ਕਾਰੋਬਾਰ 'ਚ ਲੱਗੇ ਆਪਣੇ 1,400 ਸਟਾਫ ਮੈਂਬਰਾਂ ਦੀ ਛਾਂਟੀ ਕਰਨ ਦਾ ਫੈਸਲਾ ਲਿਆ ਗਿਆ ਹੈ। ਸੀ.ਈ.ਓ. ਭਾਵੀਸ਼ ਅਗਰਵਾਲ ਨੇ ਮੁਲਾਜ਼ਮਾਂ ਨੂੰ ਭੇਜੀ ਈ-ਮੇਲ 'ਚ ਸਪੱਸ਼ਟ ਕੀਤਾ ਹੈ ਕਿ ਇਸ ਕਾਰੋਬਾਰ ਦਾ ਭਵਿੱਖ ਬਹੁਤ ਹੀ ਧੁੰਦਲਾ ਤੇ ਅਨਿਸ਼ਚਿਤ ਹੋ ਗਿਆ ਹੈ ਤੇ ਸਾਡੇ ਲਈ ਇਹ ਸੰਕਟ ਅਜੇ ਹੋਰ ਲੰਮਾ ਸਮਾਂ ਚੱਲੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰਕਿਰਿਆ ਇਕ ਵਾਰ 'ਚ ਹੀ ਮੁਕੰਮਲ ਕੀਤੀ ਜਾਵੇਗੀ ਤੇ ਇੰਡੀਆ ਮੋਬੀਲਿਟੀ ਬਿਜ਼ਨਸ ਲਈ ਇਸ ਹਫਤੇ ਦੇ ਅਖੀਰ ਤੱਕ ਤੇ ਓਲਾ ਫੂਡ ਤੇ ਓਲਾ ਫਾਇਨੈਂਸ਼ੀਅਲ ਸਰਵਿਸਿਜ਼ ਲਈ ਅਗਲੇ ਹਫਤੇ ਦੇ ਅਖੀਰ ਤੱਕ ਮੁਕੰਮਲ ਕਰ ਲਈ ਜਾਵੇਗੀ।

# 'ਹੁਣ ਕੋਈ ਟੂਰਨਾਮੈਂਟ ਨਹੀਂ, ਖਿਡਾਰੀ ਦਰਸ਼ਕਾਂ ਬਿਨਾ ਖੇਡਣਾ ਸਿੱਖਣ'

**ਨਵੀਂ ਦਿੱਲੀ:** ਕੇਂਦਰੀ ਖੇਡ ਮੰਤਰੀ ਕਿਰਨ ਰਿਜੀਜੂ ਨੇ ਕਿਹਾ ਹੈ ਕਿ ਕੋਵਿਡ-19 ਮਹਾਮਾਰੀ ਦੇ ਮੱਦੇਨਜ਼ਰ ਨੇੜ ਭਵਿੱਖ ਵਿਚ ਭਾਰਤ ਕਿਸੇ ਵੀ ਅੰਤਰਰਾਸ਼ਟਰੀ ਟੂਰਨਾਮੈਂਟ ਦੀ ਮੇਜ਼ਬਾਨੀ ਨਹੀਂ ਕਰੇਗਾ ਅਤੇ ਪ੍ਰਸੰਸਕ ਨੂੰ ਖਾਲੀ ਸਟੇਡੀਅਮ ਵਿਚ ਹੋਣ ਵਾਲੀਆਂ ਗਤੀਵਿਧੀਆਂ ਦਾ ਅਨੰਦ ਲੈਣ ਦੀ ਆਦਤ ਪਾਉਣੀ ਪਵੇਗੀ।

ਮੰਤਰੀ ਦੇ ਇਸ ਬਿਆਨ ਤੋਂ ਸਾਫ ਹੈ ਕਿ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) ਉਤੇ ਇਸ ਦਾ ਪ੍ਰਭਾਵ ਪਵੇਗਾ। ਆਸਟਰੇਲੀਆ ਵਿਚ ਪ੍ਰਸਤਾਵਿਤ ਟੀ -20 ਵਰਲਡ ਕੱਪ ਦੇ ਮੁਲਤਵੀ ਹੋਣ ਦੀ ਸਥਿਤੀ ਵਿਚ ਭਾਰਤੀ ਕ੍ਰਿਕਟ ਬੋਰਡ (ਬੀ.ਸੀ.ਸੀ.ਆਈ.) ਇਸ ਦੀ ਮੇਜ਼ਬਾਨੀ ਅਕਤੂਬਰ-ਨਵੰਬਰ ਵਿਚ ਕਰਨ ਦੀ ਯੋਜਨਾ ਬਣਾ ਰਿਹਾ ਹੈ। ਰਿਜੀਜੂ ਨੇ ਇੰਡੀਆ ਟੂਡੇ ਨੂੰ ਦੱਸਿਆ, "ਅਸੀਂ ਲੰਬੇ ਸਮੇਂ ਤੋਂ ਖੇਡ ਗਤੀਵਿਧੀਆਂ ਨੂੰ ਦੁਬਾਰਾ ਸ਼ੁਰੂ ਕਰਨ ਲਈ ਕੰਮ ਕਰ ਰਹੇ ਹਾਂ ਪਰ ਇਸ ਤੋਂ ਪਹਿਲਾਂ ਸਾਨੂੰ ਅਭਿਆਸ ਅਤੇ ਸਿਖਲਾਈ ਬਾਰੇ ਸੋਚਣਾ ਹੋਵੇਗਾ। ਅਸੀਂ ਟੂਰਨਾਮੈਂਟ ਤੁਰਤ ਸ਼ੁਰੂ ਕਰਨ ਦੀ ਸਥਿਤੀ ਵਿਚ ਨਹੀਂ ਹਾਂ।" ਉਨ੍ਹਾਂ ਕਿਹਾ, ਸਾਨੂੰ ਅਜਿਹੀ ਸਥਿਤੀ ਨਾਲ ਜਿਉਣਾ ਸਿੱਖਣਾ ਪਏਗਾ ਜਿਥੇ ਸਟੇਡੀਅਮ ਵਿਚ ਦਰਸ਼ਕਾਂ ਤੋਂ ਬਿਨਾਂ ਖੇਡ ਗਤੀਵਿਧੀਆਂ ਚਲਾਈਆਂ ਜਾਣਗੀਆਂ।"ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਦੇਸ਼ ਵਿਚ ਕਿਸੇ ਵੀ ਟੂਰਨਾਮੈਂਟ ਦੇ ਸਬੰਧੀ ਫੈਸਲੇ ਲੈਣ ਦਾ ਅਧਿਕਾਰ ਹੈ।

# ਵਿਸ਼ਵ ਬੈਂਕ ਦੀ ਪਾਕਿ ਨੂੰ ਕਰਜ਼ੇ ਦੀ ਪ੍ਰਵਾਨਗੀ

**ਇਸਲਾਮਾਬਾਦ:** ਵਿਸ਼ਵ ਬੈਂਕ ਨੇ ਪਾਕਿਸਤਾਨ ਨੂੰ ਕਰੋਨਾ ਵਾਇਰਸ ਮਹਾਮਾਰੀ ਨਾਲ ਲੜਨ ਲਈ 50 ਕਰੋੜ ਡਾਲਰ ਦੇ ਕਰਜ਼ੇ ਨੂੰ ਪ੍ਰਵਾਨਗੀ ਦਿੱਤੀ ਹੈ। ਵਿਸ਼ਵ ਬੈਂਕ ਨੇ ਚਾਰ ਸਾਲਾਂ ਮਗਰੋਂ ਪਾਕਿਸਤਾਨ ਨੂੰ ਕਰਜ਼ਾ ਦਿੱਤਾ ਹੈ। ਇਹ ਰਾਸ਼ੀ ਪਾਕਿਸਤਾਨ ਸਿਹਤ ਸੰਭਾਲ ਅਤੇ ਸਿੱਖਿਆ ਦੀ ਗੁਣਵੱਤਾ ਸੁਧਾਰਨ ਉਤੇ ਖਰਚੇਗਾ। ਉਂਜ, ਵਿਸ਼ਵ ਬੈਂਕ ਨੇ 50 ਕਰੋੜ ਡਾਲਰ ਦੀ ਇਕ ਹੋਰ ਕਿਸ਼ਤ ਨੂੰ ਅਜੇ ਪ੍ਰਵਾਨਗੀ ਨਹੀਂ ਦਿੱਤੀ ਹੈ। ਵਿਸ਼ਵ ਬੈਂਕ ਨੇ ਅਰਥਚਾਰੇ ਦੀ ਵਿਗੜਦੀ ਹਾਲਤ ਕਾਰਨ ਪਾਕਿਸਤਾਨ ਨੂੰ 2017 'ਚ ਕਰਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਸੀ। ਪਹਿਲਾਂ ਇਹ ਸਹਾਇਤਾ 25 ਕਰੋੜ ਡਾਲਰ ਦੀ ਸੀ ਪਰ ਕਰੋਨਾ ਮਹਾਮਾਰੀ ਫੈਲਣ ਮਗਰੋਂ ਵਿਸ਼ਵ ਬੈਂਕ ਨੇ ਇਹ ਰਾਸ਼ੀ ਵਧਾ ਕੇ ਦੁੱਗਣੀ ਕਰ ਦਿੱਤੀ। ਪਾਕਿਸਤਾਨ 30 ਸਾਲਾਂ 'ਚ ਕਰਜ਼ੇ ਦੀ ਅਦਾਇਗੀ ਕਰੇਗਾ।

## ਪਾਕਿਸਤਾਨ ਨੂੰ ਹਮੇਸ਼ਾ ਪਹਿਲ ਦੇਵਾਂਗੇ: ਚੀਨ

**ਪੇਈਚਿੰਗ:** ਚੀਨ ਨੇ ਕਿਹਾ ਕਿ ਉਹ ਗੁਆਂਢੀ ਮੁਲਕਾਂ ਨਾਲ ਕੂਟਨੀਤਕ ਸਬੰਧਾਂ ਤਹਿਤ ਪਾਕਿਸਤਾਨ ਨੂੰ ਪਹਿਲ ਦੇਣਾ ਜਾਰੀ ਰੱਖੇਗਾ। ਚੀਨ ਨੇ ਪਾਕਿਸਤਾਨ ਨਾਲ ਆਪਣੇ ਕੂਟਨੀਤਕ ਸਬੰਧਾਂ ਦੇ 69 ਵਰ੍ਹੇ ਪੂਰੇ ਹੋਣ ਮੌਕੇ ਇਹ ਗੱਲ ਕਹੀ। ਜ਼ਿਕਰਯੋਗ ਹੈ ਕਿ ਚੀਨ ਵੱਲੋਂ ਭਾਰਤ ਨੂੰ ਮਾਨਤਾ ਦਿੱਤੇ ਜਾਣ ਤੋਂ ਇਕ ਸਾਲ ਬਾਅਦ 1951 'ਚ



ਚੀਨ ਨੇ ਪਾਕਿਸਤਾਨ ਨੂੰ ਮਾਨਤਾ ਦਿੱਤੀ ਸੀ। ਭਾਰਤ ਏਸ਼ੀਆ ਦਾ ਪਹਿਲਾ ਗੈਰ-ਕਮਿਊਨਿਸਟ ਮੁਲਕ ਸੀ ਜਿਸ ਨੇ ਚੀਨ ਨਾਲ ਕੂਟਨੀਤਕ ਸਬੰਧ ਬਣਾਏ ਸੀ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਜ਼ਾਓ ਨੇ ਕਿਹਾ, 'ਅੱਜ ਚੀਨ ਤੇ ਪਾਕਿਸਤਾਨ ਦੇ ਕੂਟਨੀਤਕ ਸਬੰਧਾਂ ਦਾ 69ਵਾਂ ਸਾਲ ਹੈ। ਮੈਂ ਪਾਕਿਸਤਾਨ ਨੂੰ ਇਸ ਦੀ ਵਧਾਈ ਦਿੰਦਾ ਹਾਂ। ਅਸੀਂ ਭਵਿੱਖ 'ਚ ਵੀ ਪਾਕਿਸਤਾਨ ਨੂੰ ਗੁਆਂਢੀ ਮੁਲਕਾਂ ਨਾਲ ਕੂਟਨੀਤਕ ਰਿਸ਼ਤਿਆਂ ਦੇ ਮਾਮਲੇ 'ਚ ਹਮੇਸ਼ਾ ਪਹਿਲ ਦੇਵਾਂਗੇ।'

## ਕਰੋਨਾ: ਲਾਹੌਰ 'ਚ ਤਹਿਰੀਕ ਆਗੂ ਦੀ ਮੌਤ

**ਇਸਲਾਮਾਬਾਦ:** ਪਾਕਿਸਤਾਨ ਤਹਿਰੀਕ-ਏ-ਇਨਸਾਫ ਦੀ ਪ੍ਰਾਂਤਕ ਅਸੈਂਬਲੀ ਮੈਂਬਰ ਸ਼ਾਹੀਨ ਰਜ਼ਾ ਦੀ ਕਰੋਨਾ ਵਾਇਰਸ ਕਾਰਨ ਲਾਹੌਰ ਦੇ ਮੇਓ ਹਸਪਤਾਲ ਵਿਚ ਮੌਤ ਹੋ ਗਈ। 'ਦਿ ਐਕਸਪ੍ਰੈਸ ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਕੁਝ ਦਿਨ ਪਹਿਲਾਂ ਐਮ.ਪੀ.ਏ. ਰਜ਼ਾ ਵਿਚ ਇਸ ਵਾਇਰਸ ਦੇ ਲੱਛਣ ਮਿਲੇ ਸਨ ਤੇ ਉਨ੍ਹਾਂ ਦਾ ਇਲਾਜ ਪ੍ਰਾਈਵੇਟ ਡਾਕਟਰਾਂ ਵੱਲੋਂ ਕੀਤਾ ਜਾ ਰਿਹਾ ਸੀ।

ਉਨ੍ਹਾਂ ਨੂੰ ਜ਼ਿਲ੍ਹਾ ਹੈੱਡਕੁਆਰਟਰ ਹਸਪਤਾਲ 'ਚ ਰੈਫਰ ਕਰਨ ਤੋਂ ਬਾਅਦ ਮੇਓ ਹਸਪਤਾਲ ਰੈਫਰ ਕਰ ਦਿੱਤਾ ਗਿਆ ਸੀ, ਜਿਥੇ ਇਸ ਅਲਾਮਤ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਮੇਓ ਹਸਪਤਾਲ ਮੁਤਾਬਕ ਰਜ਼ਾ ਸ਼ੂਗਰ ਦੀ ਮਰੀਜ਼ ਸੀ ਤੇ ਬਲੱਡ ਪ੍ਰੈਸ਼ਰ ਨਾਲ ਸਬੰਧਤ ਅਲਾਮਤਾਂ ਨਾਲ ਵੀ ਜੂਝ ਰਹੀ ਸੀ।

# ਕੌਮੀ ਕਮਿਸ਼ਨ ਦੇ ਹਲੂਣੇ ਮਗਰੋਂ ਪੰਜਾਬ ਸਰਕਾਰ ਦੀ ਜਾਗ ਖੁੱਲ੍ਹੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਰਵਾਸੀ ਕਾਮਿਆਂ ਨੂੰ ਪੈਦਲ ਚਾਲੇ ਨਾ ਪਾਉਣ ਦੀ ਨਸੀਹਤ ਦਿੱਤੀ ਹੈ ਜੋ ਆਪਣੇ ਘਰੀਂ ਪਰਤਣ ਲਈ ਕਾਹਲੇ ਹਨ। ਹਾਲਾਂਕਿ ਪੰਜਾਬ 'ਚੋਂ ਪਹਿਲਾਂ ਹੀ ਵੱਡੀ ਗਿਣਤੀ 'ਚ ਕਾਮੇ ਪੈਦਲ ਜਾਂ ਫਿਰ ਸਾਈਕਲਾਂ ਉਤੇ ਜਾ ਚੁੱਕੇ ਹਨ। ਦੱਸਣਯੋਗ ਹੈ ਕਿ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਹਲੂਣੇ ਮਗਰੋਂ ਪੰਜਾਬ ਸਰਕਾਰ ਦੀ ਜਾਗ ਖੁੱਲ੍ਹੀ ਹੈ।

ਪੰਜਾਬ ਪਿਛਲੇ ਦਿਨੀਂ ਉਦੋਂ ਚਰਚਾ 'ਚ ਆਇਆ ਸੀ ਜਦੋਂ ਪੰਜਾਬ ਵਿਚੋਂ ਇਕ ਪਰਵਾਸੀ ਮਾਂ ਬੱਚੇ ਨੂੰ ਸੂਟਕੇਸ 'ਤੇ ਲਿਟਾ ਕੇ ਲਿਜਾਂਦੀ ਹੋਈ ਨਜ਼ਰ ਆਈ ਸੀ। ਕੌਮੀ ਅਧਿਕਾਰ ਕਮਿਸ਼ਨ ਨੇ ਇਸ ਦਾ ਨੋਟਿਸ ਲੈਂਦਿਆਂ 15 ਮਈ ਨੂੰ ਪੰਜਾਬ ਸਰਕਾਰ ਅਤੇ ਉਤਰ ਪ੍ਰਦੇਸ਼ ਸਰਕਾਰ ਤੋਂ ਇਲਾਵਾ ਆਗਰਾ ਦੇ ਡਿਪਟੀ ਕਮਿਸ਼ਨਰ ਨੂੰ ਨੋਟਿਸ ਜਾਰੀ ਕੀਤਾ ਸੀ। ਇਹ ਔਰਤ ਪੰਜਾਬ ਦੇ ਕਿਸੇ ਜ਼ਿਲ੍ਹੇ 'ਚੋਂ ਰਵਾਨਾ ਹੋਈ ਸੀ। ਸੂਤਰਾਂ ਮੁਤਾਬਕ ਉਸ



ਮਗਰੋਂ ਹੀ ਸਰਕਾਰ ਨੇ ਚੌਕਸੀ ਵਧਾਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਮੂਹ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਹਦਾਇਤ ਕੀਤੀ ਹੈ ਕਿ ਪੰਜਾਬ 'ਚੋਂ ਕੋਈ ਵੀ ਪਰਵਾਸੀ ਕਾਮਾ ਆਪਣੇ ਘਰ ਪੈਦਲ ਵਾਪਸ ਨਾ ਜਾਵੇ ਅਤੇ ਸੂਬੇ 'ਚ ਰਹਿੰਦਿਆਂ ਕੋਈ ਕਾਮਾ ਭੁੱਖਾ ਵੀ ਨਾ ਸੌਂਵੇਂ। ਜਿਥੇ ਕਿਤੇ ਵੀ ਪੈਦਲ ਜਾ ਰਹੇ ਕਾਮਿਆਂ ਦੀ ਸੂਚਨਾ ਮਿਲੇ, ਉਨ੍ਹਾਂ ਨੂੰ ਫੌਰੀ ਨੇੜਲੇ ਉਸ ਸ਼ਹਿਰ 'ਚ ਠਹਿਰਾਇਆ ਜਾਵੇ ਜਿਥੋਂ ਉਹ ਵਾਪਸੀ ਲਈ ਰੇਲ ਗੱਡੀ ਫੜ੍ਹ ਸਕਣ।

ਮੁੱਖ ਮੰਤਰੀ ਨੇ ਕਿਹਾ ਕਿ ਵਾਪਸ ਜਾਣ ਦਾ ਚਾਹਵਾਨ ਕੋਈ ਵੀ ਕਾਮਾ ਕਿਸੇ ਘਬਰਾਹਟ 'ਚ ਨਾ ਆਵੇ, ਪੰਜਾਬ ਸਰਕਾਰ ਉਨ੍ਹਾਂ ਲਈ ਮੁਫਤ ਭੋਜਨ ਤੇ ਸਫਰ ਦਾ ਪ੍ਰਬੰਧ ਕਰੇਗੀ। ਮੁੱਖ ਮੰਤਰੀ ਨੇ ਦੱਸਿਆ ਪੰਜਾਬ ਤੋਂ ਬਾਹਰ ਜਾਣ ਲਈ ਇੱਛੁਕ 10 ਲੱਖ ਤੋਂ ਵੱਧ ਕਾਮਿਆਂ ਨੇ ਨਾਂ ਦਰਜ ਕਰਾਏ ਹਨ। ਸਰਕਾਰ ਵੱਲੋਂ ਉਨ੍ਹਾਂ ਨੂੰ ਫੋਨ ਕਰ ਕੇ ਪੁੱਛਿਆ ਜਾ ਰਿਹਾ ਹੈ ਕਿ ਉਹ ਵਾਪਸ ਪਰਤਣਾ ਚਾਹੁੰਦੇ ਹਨ ਜਾਂ ਨਹੀਂ ਕਿਉਂਕਿ ਹੁਣ ਪੰਜਾਬ 'ਚ ਉਦਯੋਗ ਖੁੱਲ੍ਹ ਗਏ ਹਨ। ਉਨ੍ਹਾਂ ਅਨੁਸਾਰ ਪੰਜਾਬ ਵਿਚੋਂ ਰੇਲ ਗੱਡੀਆਂ ਰਾਹੀਂ ਹੁਣ ਤੱਕ 3.90 ਲੱਖ ਪਰਵਾਸੀ ਕਾਮੇ ਵਾਪਸ ਭੇਜੇ ਜਾ ਚੁੱਕੇ ਹਨ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 91-81950-25579

# ਮਨਮਤਿ ਹੋਈ ਪ੍ਰਧਾਨ, ਰੋਕੇ ਕੌਣ?

ਸਾਰੀ ਉਮਰ ਪੁਰਾਤਨ ਸਿੰਘ-ਸਭੀਆਂ ਵਾਂਗ ਅਸੂਲ-ਪ੍ਰਸਤ ਜ਼ਿੰਦਗੀ ਗੁਜਾਰ ਕੇ ਸਾਡੇ ਪਿਤਾ ਜੀ ਸੰਨ 2000 ਵਿਚ ਅਕਾਲ ਚਲਾਣਾ ਕਰ ਗਏ। ਅੰਤਿਮ ਸਸਕਾਰ ਪਿਛੋਂ ਅਸਥ ਚੁਗਣ ਵੇਲੇ ਅਸੀਂ ਤਿੰਨਾਂ ਭਰਾਵਾਂ ਨੇ ਸਲਾਹ ਕੀਤੀ ਕਿ ਭਾਈਆ ਜੀ ਆਖਰੀ ਸਵਾਸ ਤੱਕ ਜਿਸ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਦੇ ਹਵਾਲੇ ਦੇ ਦੇ ਕੇ ਲੋਕਾਂ ਨੂੰ ਸਹਿਜ ਸਾਦਗੀ ਜਾਂ ਗੁਰਮਤਿ ਅਪਨਾਉਣ ਲਈ ਬਹਿਸ ਮੁਬਾਹਿਸੇ ਕਰਦੇ ਰਹਿੰਦੇ ਸਨ, ਹੁਣ ਉਨ੍ਹਾਂ ਦੀਆਂ ਅੰਤਿਮ ਰਸਮਾਂ ਨਿਭਾਉਣ ਵੇਲੇ ਵੀ ਅਸੀਂ ਫਜ਼ੂਲ ਦੇ ਕਰਮ ਕਾਂਡ ਬਿਲਕੁਲ ਨਹੀਂ ਕਰਨੇ। ਖਾਸ ਕਰਕੇ ਜਿਵੇਂ ਉਹ ਸਾਨੂੰ ਦੱਸਦੇ ਹੁੰਦੇ ਸਨ ਕਿ ਆਮ ਰਿਵਾਜ ਦੇ ਉਲਟ ਮੈਂ ਆਪਣੇ ਮਾਂ-ਬਾਪ ਦੀਆਂ ਅਸਥੀਆਂ 'ਪ੍ਰਵਾਹਿਤ' ਕਰਨ ਲਈ ਕਿਤੇ ਨਹੀਂ ਸੀ ਗਿਆ, ਸਗੋਂ ਸ਼ਮਸ਼ਾਨ ਘਾਟ ਦੇ ਇਕ ਪਾਸੇ ਹੀ ਟੋਆ ਪੱਟ ਕੇ ਦੱਬ ਦਿੱਤੀਆਂ ਸਨ। ਭੈਣਾਂ ਸਾਥੋਂ ਵੱਡੀਆਂ ਹੋਣ ਕਰਕੇ ਭਾਈਆ ਜੀ ਨੂੰ ਸਾਥੋਂ ਵੀ ਵੱਧ 'ਜਾਣਦੀਆਂ' ਸਨ। ਉਹ ਤਾਂ ਸਾਡੇ ਨਾਲ ਝੱਟ ਹੀ ਸਹਿਮਤ ਹੋ ਗਈਆਂ, ਪਰ ਇਕ-ਦੋ ਰਿਸ਼ਤੇਦਾਰ ਅਤੇ ਕੁਝ ਗੁਆਂਢੀ ਸਾਡੇ 'ਤੇ ਨੱਕ ਬੁੱਲ੍ਹ ਵੱਟਣ ਲੱਗ ਪਏ। ਅਖੇ ਤੁਸੀਂ 'ਨਵੇਂ ਹੀ ਕੰਮ' ਕਰਦੇ ਰਹਿੰਨੇ ਓਂ!

ਫਿਰ ਅਸੀਂ ਬੇਟ ਦੀ ਸ਼ਮਸ਼ਾਨ ਭੂਮੀ ਵਾਲੀ ਜ਼ਮੀਨ ਬਹੁਤ ਸਖਤ ਹੋਣ ਕਾਰਨ ਟੋਆ ਪੁੱਟਣ ਦੀ ਥਾਂ ਸਾਰੀ ਸੁਆਹ ਥੈਲੇ ਵਿਚ ਪਾ ਲਈ ਅਤੇ ਆਪਣੇ ਪਿੰਡੋਂ ਡੇਢ੍ਹ ਕੁ ਮੀਲ ਦੂਰ ਵਗਦੇ ਸਤਲੁਜ ਦਰਿਆ ਬੁਰਦ ਕਰ ਆਏ। ਇਸ ਪਿਛੋਂ ਸਾਡੇ ਆਂਢੀਆਂ-ਗੁਆਂਢੀਆਂ ਅਤੇ ਕਈ ਸੱਜਣਾਂ ਮਿੱਤਰਾਂ ਨੇ ਫਿਰ ਸਾਨੂੰ 'ਪੁੱਠੇ ਕੰਮ' ਕਰਦੇ ਰਹਿਣ ਵਾਲੇ ਗਰਦਾਨਿਆ, ਜਦ ਅਸੀਂ ਮ੍ਰਿਤਕ ਪ੍ਰਾਣੀ ਦੀ ਯਾਦ ਵਿਚ ਬਾਰਾਂ ਵਜੇ ਤੋਂ ਬਾਅਦ ਹੀ ਪਾਠ ਅਰੰਭ ਕਰਨ ਜਾਂ ਭੋਗ ਪਾਉਣ ਵਾਲੇ ਨਿਰੇ ਪੁਰੇ ਵਹਿਮ ਦਾ ਖੰਡਨ ਕਰਨ ਹਿਤ ਖੁਦ ਹੀ ਦਸ ਕੁ ਵਜੇ ਸਹਿਜ ਪਾਠ ਅਰੰਭ ਕਰ ਲਿਆ। ਇਸੇ ਤਰ੍ਹਾਂ ਭੋਗ ਵੀ ਸਵਖਤੇ ਪਾਇਆ ਸੀ। ਭਾਵੇਂ ਉਦੋਂ ਸ਼੍ਰੋਮਣੀ ਕਮੇਟੀ ਦਾ ਮੈਂਬਰ ਹੋਣ ਕਰਕੇ ਭੋਗ ਪਿਛੋਂ ਬੇਲੋੜਾ ਸ਼ਰਧਾਂਜਲੀ ਸਮਾਗਮ ਇਕ ਦੋ ਵਜੇ ਤੱਕ ਚਲਦਾ ਰਿਹਾ ਸੀ।



ਗੋਬਿੰਦ ਸਿੰਘ ਲੌਂਗੋਵਾਲ



ਆਪਣੇ ਪਿਤਾ ਦੀਆਂ ਅਸਥੀਆਂ 'ਤੇ ਟਾਹਲੀ ਲਾਉਂਦੇ ਹੋਏ ਮਨਪ੍ਰੀਤ ਸਿੰਘ ਬਾਦਲ

ਇਹ ਸਾਰਾ ਬਿਰਤਾਂਤ ਮੈਨੂੰ ਲੰਘੀ 14 ਮਈ ਦੀ ਇਕ ਖਬਰ ਨੇ ਮੁੜ ਯਾਦ ਕਰਵਾ ਦਿੱਤਾ। ਇਸ ਤਰੀਕ ਦੀ ਅਖਬਾਰ 'ਪੰਜਾਬੀ ਟ੍ਰਿਬਿਊਨ' ਵਿਚ ਪੜ੍ਹਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸਦੀਵੀ ਵਿਛੋੜਾ ਦੇ ਗਈ ਆਪਣੀ ਧਰਮ ਸੁਪਤਨੀ ਦੀਆਂ ਅਸਥੀਆਂ ਸ੍ਰੀ ਪਤਾਲਪੁਰੀ ਕੀਰਤਪੁਰ ਸਾਹਿਬ ਵਿਖੇ ਜਲ-ਪ੍ਰਵਾਹ ਕਰਨ ਲਈ ਪਹੁੰਚੇ। ਠੰਢਾ ਹਉਕਾ ਭਰਦਿਆਂ ਮੈਂ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਦਾ ਕਿਤਾਬਚਾ ਫਰੋਲਣ ਲੱਗਾ! ਇਸ ਦੇ ਸਫਾ 25-26 ਉਤੇ 'ਮ੍ਰਿਤਕ ਸੰਸਕਾਰ' ਦੇ ਇੰਦਰਾਜ ਹੇਠ (ਕ) ਅਤੇ (ਖ) ਮਦ ਵਿਚ ਸਪਸ਼ਟ ਲਿਖਿਆ ਹੋਇਆ ਹੈ,

(ਕ) ਮ੍ਰਿਤਕ ਪ੍ਰਾਣੀ ਦਾ 'ਅੰਗੀਠਾ' ਠੰਢਾ ਹੋਣ 'ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ ਜਾਂ ਉਥੇ ਹੀ ਦੱਬ ਕੇ ਜਿਮੀਂ ਬਰਾਬਰ ਕਰ ਦਿੱਤੀ ਜਾਵੇ।

(ਖ) ਅੰਗੀਠੇ ਵਿਚੋਂ ਫੁੱਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਂਵਾਂ ਵਿਚ ਜਾ ਕੇ ਪਾਉਣੇ ਮਨਮਤਿ ਹੈ।

ਮ੍ਰਿਤਕਾਂ ਦੇ ਫੁੱਲ ਚੁਗ ਕੇ ਕਿਤੇ ਲੈਜਾ ਕੇ ਪਾਉਣ ਨੂੰ ਮਨਮਤਿ ਦੱਸ ਰਹੀ ਇਸ ਪੰਥਕ ਮਰਿਆਦਾ ਦਾ ਲਗਭਗ ਨੌਂ ਦਸ ਦਹਾਕਿਆਂ ਤੋਂ ਕੇਂਦਰੀ ਪੰਥਕ ਜਥੇਬੰਦੀ ਸ਼੍ਰੋਮਣੀ ਕਮੇਟੀ ਡਟ ਕੇ ਪ੍ਰਚਾਰ-ਪਸਾਰ ਕਰਦੀ ਆ ਰਹੀ ਹੈ, ਪਰ ਇਸ ਦੇ ਮੌਜੂਦਾ ਪ੍ਰਧਾਨ ਸਾਹਿਬ ਖੁਦ ਹੀ ਲਿਖਤ ਮਰਿਆਦਾ ਨੂੰ ਪਿੱਠ ਦੇ ਕੇ ਮਨਮਤਿ ਕਰ ਰਹੇ ਹਨ! ਖਬਰ ਅਨੁਸਾਰ ਅਸਥ ਪਾਉਣ ਮੌਕੇ ਪ੍ਰਧਾਨ ਦੇ ਨਾਲ ਉਨ੍ਹਾਂ ਦੇ ਪਰਿਵਾਰਕ ਜੀਆਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਕੁਝ ਸੀਨੀਅਰ ਮੈਂਬਰ ਅਤੇ ਕਮੇਟੀ ਦੇ ਕਈ ਉਚ ਅਧਿਕਾਰੀ ਵੀ ਮੌਜੂਦ ਸਨ। ਇਨ੍ਹਾਂ 'ਚੋਂ ਕਿਸੇ 'ਮਾਈ ਦੇ ਲਾਲ' ਵੱਲੋਂ ਮਨਮਤਿ ਵੱਲ ਧਿਆਨ ਦਿਵਾਉਣ ਦਾ ਖਬਰ ਵਿਚ ਕੋਈ ਜ਼ਿਕਰ ਨਹੀਂ ਸੀ। ਹਾਂ, ਇਹ ਜ਼ਰੂਰ ਉਚੇਚੇ ਤੌਰ 'ਤੇ ਲਿਖਿਆ ਹੋਇਆ ਸੀ, ਅਖੇ ਪ੍ਰਧਾਨ ਲੌਂਗੋਵਾਲ ਨੇ ਮੀਡੀਆ ਤੋਂ ਦੂਰੀ ਬਣਾਈ ਰੱਖੀ। ਖਬਰ ਲਿਖਣ ਵਾਲੇ ਪੱਤਰਕਾਰ ਵੀਰ ਨੂੰ ਸ਼ਾਇਦ ਇਹ ਜਾਣਕਾਰੀ ਨਾ ਹੋਵੇਗੀ ਕਿ 'ਮਾਣਯੋਗ ਪ੍ਰਧਾਨ ਸਾਬ੍ਹ' ਨੇ 'ਕੱਲੇ ਮੀਡੀਏ ਤੋਂ ਹੀ ਦੂਰੀ ਨਹੀਂ ਬਣਾਈ, ਸਗੋਂ ਕੌਮ ਦੀ ਰਹਿਤ ਮਰਿਆਦਾ ਨੂੰ ਵੀ ਅਣਡਿੱਠ ਕਰ ਦਿੱਤਾ!

ਚਿ: ਕੁਫਰ ਅਜ ਕਾਅਬਾ ਬਰਖੇਜਦ।
ਕੁਜਾ ਮਾਨਦ ਮੁਸਲਮਾਨੀ। (ਫਾਰਸੀ ਕਹਾਵਤ)

(ਅਰਥਾਤ, ਜੇ ਮੱਕੇ ਵਿਚ ਹੀ ਕੁਫਰ ਹੋਣ ਲੱਗ ਪਵੇ ਤਾਂ ਇਸਲਾਮ ਕਿੱਥੇ ਰਹੇਗਾ?)

ਇੱਥੋਂ ਤੱਕ ਲਿਖੀ ਹੋਈ ਉਕਤ ਇਬਾਰਤ ਕਈ ਦਿਨ ਮੇਰੇ ਮਨ ਮਸਤਕ ਵਿਚ ਰਿੜਕ ਹੁੰਦੀ ਰਹੀ, ਪਰ ਇਸ ਨੂੰ ਲਿਖਤੀ ਰੂਪ ਵਿਚ ਕਾਗਜ਼ 'ਤੇ ਉਤਾਰਨ ਲਈ ਮੇਰਾ ਹੌਸਲਾ ਨਹੀਂ ਸੀ ਪੈਂਦਾ। ਜਦੋਂ ਦਾ ਸਿਰਸੇ ਵਾਲੇ ਰਾਮ ਰਹੀਮ ਨੂੰ ਮੁਆਫ ਕਰਨ ਵਾਲਾ ਹੁਕਮਨਾਮਾ ਜਾਰੀ ਕਰਕੇ ਫਿਰ ਰੱਦ ਕਰਨ ਦਾ ਸਿਆਸੀ ਡਰਾਮਾ ਖੇਡ ਕੇ ਪੰਥਕ ਕੇਂਦਰ ਦੀ ਜੱਗ ਹਸਾਈ ਕਰਵਾਈ ਗਈ ਸੀ, ਮੈਂ ਉਦੋਂ ਦਾ ਹੀ ਮਾਯੂਸੀ ਕਾਰਨ ਸਿੱਖ ਮਸਲਿਆਂ, ਖਾਸ ਕਰਕੇ ਸ਼੍ਰੋਮਣੀ ਕਮੇਟੀ ਨਾਲ ਸਬੰਧਿਤ ਮੁੱਦਿਆਂ ਬਾਬਤ ਲਿਖਣ ਤੋਂ ਕਿਨਾਰਾ ਕਰੀ ਬੈਠਾ ਹਾਂ, ਕਿਉਂਕਿ ਸ਼੍ਰੋਮਣੀ ਕਮੇਟੀ ਦੇ ਕਰਤਿਆਂ-ਧਰਤਿਆਂ ਦੇ ਕੰਨਾਂ ਉਤੇ ਲਿਖਤਾਂ-ਲੁਖਤਾਂ ਦਾ ਕੋਈ ਅਸਰ ਨਹੀਂ ਹੁੰਦਾ।

ਪਰ 18 ਮਈ 2020 ਦੀ 'ਪੰਜਾਬੀ ਟ੍ਰਿਬਿਊਨ' ਦੀ ਹੀ ਇਕ ਖਬਰ ਨੇ ਮੈਨੂੰ ਇਹ ਲੇਖ ਲਿਖਣ ਲਈ ਮਜਬੂਰ ਕਰ ਦਿੱਤਾ।

ਇਸ ਦਿਨ ਦੀ ਅਖਬਾਰ ਦੇ ਸਫਾ ਤਿੰਨ ਉਤੇ ਛਪੀ ਖਬਰ ਵਿਚ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਗੁਰਦਾਸ ਸਿੰਘ ਬਾਦਲ ਦੇ ਅੰਤਿਮ ਸੰਸਕਾਰ ਬਾਰੇ ਦੱਸਿਆ ਗਿਆ ਸੀ ਕਿ ਉਨ੍ਹਾਂ ਦੇ ਸਪੁੱਤਰ ਮਨਪ੍ਰੀਤ ਸਿੰਘ ਬਾਦਲ (ਖਜਾਨਾ ਮੰਤਰੀ ਪੰਜਾਬ) ਨੇ ਸ਼ਮਸ਼ਾਨ ਘਾਟ ਵਿਖੇ ਆਪਣੇ ਪਿਤਾ ਦੀਆਂ ਅਸਥੀਆਂ ਨੂੰ ਕਿਤੇ ਲੈਜਾ ਕੇ ਜਲ-ਪ੍ਰਵਾਹ ਕਰਨ ਦੀ ਥਾਂ ਪਿੰਡ ਬਾਦਲ ਦੀ ਰਿਹਾਇਸ਼ ਅੰਦਰ ਖੇਤ ਵਿਚ ਮਿੱਟੀ ਹੇਠਾਂ ਦੱਬ ਕੇ ਉਸ ਉਪਰ ਟਾਹਲੀ ਦਾ ਬੂਟਾ ਲਾਇਆ। ਇਸ ਤੋਂ ਪਹਿਲਾਂ ਬੀਤੇ 19 ਮਾਰਚ ਨੂੰ ਫੌਤ ਹੋਏ ਖਜਾਨਾ ਮੰਤਰੀ ਦੇ ਮਾਤਾ ਬੀਬੀ ਹਰਮਿੰਦਰ ਕੌਰ ਦੀਆਂ ਅਸਥੀਆਂ ਨੂੰ ਵੀ ਮਿੱਟੀ 'ਚ ਦੱਬ ਕੇ ਉਸ 'ਤੇ ਵੀ ਟਾਹਲੀ ਲਾਈ ਗਈ ਸੀ। ਖਬਰ ਵਿਚ ਇਹ ਵੀ ਜ਼ਿਕਰ ਹੈ ਕਿ ਮਾਤਾ-ਪਿਤਾ ਦੀਆਂ ਅਸਥੀਆਂ ਉਪਰ ਲਾਏ ਗਏ ਟਾਹਲੀਆਂ ਦੇ ਬੂਟੇ ਨੇੜੇ-ਨੇੜੇ ਹੀ ਹਨ।

ਮਰਿਆਦਾ ਅਤੇ ਮਨਮਤਿ ਦੇ ਜ਼ਿਕਰ ਪਿਛੋਂ ਹੁਣ ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਬਜੁਰਗਾਂ ਦੀਆਂ ਅਸਥੀਆਂ ਉਤੇ ਦਰਖਤ ਲਾਉਣ ਲਈ ਸਿਰਫ ਟਾਹਲੀ ਦੀ ਹੀ ਚੋਣ ਕਿਉਂ ਕੀਤੀ ਹੋਵੇਗੀ? ਇਹਦੇ ਬਾਰੇ ਵੀ ਵਿਚਾਰ ਕਰ ਲਈਏ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਵਾਰ ਮਨਪ੍ਰੀਤ ਸਿੰਘ ਬਾਦਲ ਬਾਰੇ ਕਿਹਾ ਸੀ ਕਿ ਉਹ ਲੀਡਰ ਨਾਲੋਂ ਕਿਤੇ ਵੱਧ 'ਰੀਡਰ' ਹੈ। ਉਸ ਦੇ ਰੀਡਰ ਮਤਲਬ ਪੜ੍ਹਾਕੂ ਹੋਣ ਬਾਰੇ ਸਭ ਜਾਣਦੇ ਨੇ ਕਿ ਉਹ ਸਾਹਿਤ ਅਤੇ ਇਤਿਹਾਸ ਵਿਚ ਡੂੰਘੀ ਦਿਲਚਸਪੀ ਰੱਖਦਾ ਹੈ।

ਸੋ, ਅਸਥੀਆਂ ਉਤੇ ਦਰਖਤ ਲਾਉਣ ਵੇਲੇ ਜਾਂ ਤਾਂ ਉਸ ਦੇ ਜ਼ਿਹਨ ਵਿਚ 'ਮੜ੍ਹੀ ਦਾ ਦੀਵਾ' ਵਾਲੀ ਟਾਹਲੀ ਘੁੰਮਣ ਲੱਗ ਪਈ ਹੋਵੇਗੀ ਜਾਂ ਫਿਰ 'ਉਚੀਏ ਲੰਮੀਏ ਟਾਹਲੀਏ ਨੀ...!' ਜਿਹਾ ਕੋਈ ਲੋਕ ਗੀਤ ਤੈਰਨ ਲੱਗ ਪਿਆ ਹੋਵੇ ਗਿਆ। ਇਸ ਤੋਂ ਇਲਾਵਾ ਮਨਪ੍ਰੀਤ ਸਿੰਘ ਬਾਦਲ ਦਾ ਧਿਆਨ ਮਾਲਵੇ ਦੇ 'ਟਾਹਲੀਆਂ ਫੱਤੂ ਸੰਮੂ ਦੀ' ਇਤਿਹਾਸਕ ਪਿੰਡ ਵੱਲ ਵੀ ਚਲਾ ਗਿਆ ਹੋ ਸਕਦਾ ਹੈ। ਸ੍ਰੀ ਮੁਕਤਸਰ ਸਾਹਿਬ ਲਾਗੇ ਦੇ ਇਸ ਪਿੰਡ ਬਾਰੇ 'ਮਹਾਨ ਕੋਸ਼' ਦੇ ਸਫਾ 550 ਉਤੇ ਲਿਖਿਆ ਹੋਇਆ ਹੈ ਕਿ ਫੱਤੂ ਅਤੇ ਸੰਮੂ ਨਾਂ ਦੇ ਦੋ ਡੋਗਰ ਭਰਾਵਾਂ ਨੇ ਇਹ ਪਿੰਡ ਵਸਾਇਆ ਹੋਇਆ ਹੈ। ਜਾਣਕਾਰੀ ਵਿਚ ਇਹ ਵੀ ਦਰਜ ਹੈ ਕਿ ਇਨ੍ਹਾਂ ਦੋਹਾਂ ਭਰਾਵਾਂ ਨੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰੇਮਾ ਭਾਵ ਨਾਲ ਸੇਵਾ ਕੀਤੀ ਸੀ ਅਤੇ ਵਿਦਾਇਗੀ ਵੇਲੇ ਮਲਵਈ ਰਿਵਾਜ ਮੁਤਾਬਿਕ ਗੁਰੂ ਸਾਹਿਬ ਨੂੰ ਲੁੰਗੀ ਅਤੇ ਖੇਸ ਅਰਪਿਆ ਸੀ।

# ਕਰੋਨਾ ਵਾਇਰਸ ਸਬੰਧੀ ਔਰਤਾਂ ਦੀ ਕਾਰਗੁਜ਼ਾਰੀ

ਪ੍ਰਿੰਸੀਪਲ ਕੰਵਲਪ੍ਰੀਤ ਕੌਰ ਪੰਨੂ

ਲਗਭਗ ਸਾਢੇ ਕੁ ਪੰਜ ਮਹੀਨੇ ਕਰੋਨਾ ਵਾਇਰਸ ਨਾਲ ਸੰਘਰਸ਼ ਕਰਨ ਪਿਛੋਂ ਹੁਣ ਕੁਝ ਕੁ ਦੇਸ਼ਾਂ ਤੋਂ ਹਾਲਾਤ 'ਤੇ ਕਾਬੂ ਪਾਉਣ ਦੀਆਂ ਖਬਰਾਂ ਆਉਣ ਲੱਗ ਪਈਆਂ ਹਨ। ਬੇਸ਼ੱਕ ਅਮਰੀਕਾ ਸਮੇਤ ਕੁਝ ਮੁਲਕਾਂ ਵਿਚ ਸਥਿਤੀ ਹਾਲੇ ਵੀ ਗੰਭੀਰ ਬਣੀ ਹੋਈ ਹੈ, ਪਰ ਜਦ ਵੀ ਕੋਈ ਚੰਗੀ ਖਬਰ ਆਉਂਦੀ ਹੈ ਤਾਂ ਥੋੜ੍ਹਾ ਹੌਸਲਾ ਹੁੰਦਾ ਹੈ। ਇਸ ਦੇ ਨਾਲ ਹੀ ਧਿਆਨ ਜਾਂਦਾ ਹੈ, ਸਰਕਾਰਾਂ ਦੀ ਕਾਰਗੁਜ਼ਾਰੀ ਵੱਲ। ਜੇ ਇਸ ਦਾ ਵਿਸ਼ਲੇਸ਼ਣ ਕਰੀਏ ਤਾਂ ਜਿੱਥੇ ਬਹੁਤ ਸਾਰੇ ਦੇਸ਼ਾਂ ਦੇ ਪੁਰਸ਼ ਆਗੂਆਂ ਨੇ ਸਮੇਂ ਸਿਰ ਚੰਗੇ ਫੈਸਲੇ ਲੈ ਕੇ ਵਧੀਆ ਕੰਮ ਕੀਤਾ, ਉਥੇ ਔਰਤਾਂ ਦੀ ਅਗਵਾਈ ਵਾਲੇ ਦੇਸ਼ਾਂ ਦੀ ਕਾਰਗੁਜ਼ਾਰੀ ਵੀ ਬਹੁਤ ਸ਼ਲਾਗਾਯੋਗ ਰਹੀ। ਇਸ ਵਕਤ ਕਰੀਬ 23 ਮੁਲਕਾਂ ਦੀ ਅਗਵਾਈ ਔਰਤਾਂ ਕਰ ਰਹੀਆਂ ਹਨ।

ਤਾਇਵਾਨ ਨੂੰ ਦੁਨੀਆਂ ਦੇ ਉਨ੍ਹਾਂ ਸਥਾਨਾਂ ਵਿਚੋਂ ਇੱਕ ਵੇਖਿਆ ਜਾਂਦਾ ਹੈ, ਜਿਸ ਨੇ ਕਰੋਨਾ ਵਾਇਰਸ ਦੇ ਫੈਲਣ ਨੂੰ ਬਹੁਤ ਹੀ ਸਫਲਤਾਪੂਰਵਕ ਢੰਗ ਨਾਲ ਰੋਕਿਆ। ਜਿਸ ਤਰ੍ਹਾਂ ਇਹ ਦੇਸ਼ ਚੀਨ ਦੇ ਨੇੜੇ ਹੈ, ਵਾਇਰਸ ਫੈਲਣ ਦੀ ਸੰਭਾਵਨਾ ਕਾਫੀ ਸੀ, ਪਰ ਰਾਸ਼ਟਰਪਤੀ ਵਲੋਂ ਤੇਜ਼ੀ ਨਾਲ ਚੁੱਕੇ ਗਏ ਕਦਮ ਕਰੋਨਾ ਵਾਇਰਸ ਖਿਲਾਫ ਸਫਲ ਸਾਬਤ ਹੋਏ। ਤਾਇਵਾਨ ਵਿਚ ਕਰੋਨਾ ਵਾਇਰਸ ਦਾ ਪਹਿਲਾ ਕੇਸ 21 ਜਨਵਰੀ ਨੂੰ ਸਾਹਮਣੇ ਆਇਆ, ਜੋ ਬਹੁਤ ਹੀ ਗੰਭੀਰਤਾ ਨਾਲ ਲਿਆ ਗਿਆ। ਰਾਸ਼ਟਰਪਤੀ ਵੱਲੋਂ ਇਸ ਵਾਇਰਸ ਨੂੰ ਰੋਕਣ ਲਈ 124 ਉਪਾਅ ਪੇਸ਼ ਕੀਤੇ ਗਏ, ਜਿਨ੍ਹਾਂ ਵਿਚ ਕੌਮਾਂਤਰੀ ਯਾਤਰੀਆਂ 'ਤੇ ਪਾਬੰਦੀ, ਜਨਤਕ ਥਾਂਵਾਂ 'ਤੇ ਸਫਾਈ ਆਦਿ ਸ਼ਾਮਿਲ ਹਨ। ਤਾਇਵਾਨ 'ਚ ਹੁਣ ਤੱਕ ਕਰੋਨਾ ਵਾਇਰਸ ਦੇ 440 ਕੇਸ ਅਤੇ 7 ਮੌਤਾਂ ਦਰਜ ਹੋਈਆਂ ਹਨ, ਇਹ ਅੰਕੜੇ ਆਪ ਹੀ ਤਾਇਵਾਨ ਦੀ ਕਾਮਯਾਬੀ ਨੂੰ ਦਰਸਾਉਂਦੇ ਹਨ।

ਨਿਊ ਜ਼ੀਲੈਂਡ ਵਿਚ ਕਰੋਨਾ ਵਾਇਰਸ ਦਾ ਪਹਿਲਾ ਕੇਸ 28 ਫਰਵਰੀ ਨੂੰ ਸਾਹਮਣੇ ਆਇਆ, ਜੋ ਬਹੁਤ ਹੀ ਗੰਭੀਰਤਾ ਨਾਲ ਲਿਆ ਗਿਆ। ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਦੀ ਸਰਕਾਰ ਨੇ ਇਸ ਸੰਕਟ ਦੀ ਗੰਭੀਰਤਾ ਨੂੰ ਸਮਝਦਿਆਂ ਸਮੇਂ ਸਿਰ ਫੈਸਲੇ ਲਏ। ਕੌਮਤਰੀ ਯਾਤਰੀਆਂ 'ਤੇ ਪਾਬੰਦੀ ਲਾ ਦਿੱਤੀ ਗਈ, ਨਾਗਰਿਕਾਂ ਨੂੰ ਨਿਊ ਜ਼ੀਲੈਂਡ ਪਹੁੰਚਣ 'ਤੇ 14 ਦਿਨ ਵਾਸਤੇ ਸਵੈ-ਇਕਾਂਤਵਾਸ ਵਿਚ ਰੱਖਿਆ, ਲੋਕਾਂ ਦੇ ਇੱਕਠਾਂ ਦੀ ਹੱਦ ਨਿਰਧਾਰਿਤ ਕਰ ਦਿੱਤੀ ਗਈ ਅਤੇ ਸਭ ਤੋਂ ਅਹਿਮ ਤਾਲਾਬੰਦੀ ਦਾ ਫੈਸਲਾ ਲਿਆ ਗਿਆ। ਪ੍ਰਧਾਨ ਮੰਤਰੀ ਆਰਡਨ ਨੇ ਦੇਸ਼ ਦੇ ਲੋਕਾਂ ਨੂੰ ਬਹੁਤ ਵਧੀਆ ਤਰੀਕੇ ਨਾਲ ਸੰਬੋਧਨ ਕੀਤਾ ਤੇ ਤਾਲਾਬੰਦੀ ਦਾ ਕਾਰਨ ਸਪੱਸ਼ਟ ਕੀਤਾ। ਪ੍ਰਧਾਨ ਮੰਤਰੀ ਨੇ ਹਰ ਰੋਜ਼ ਕਿਸੇ ਨਾ ਕਿਸੇ ਤਾਰੀਕੇ ਦੇਸ਼ ਦੀ ਜਨਤਾ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਇਆ, ਜੋ ਬਹੁਤ ਪ੍ਰਭਾਵਸ਼ਾਲੀ ਰਿਹਾ। ਉਸ ਦਾ ਸੰਦੇਸ਼ 'ਘਰ ਰਹੋ, ਜਾਨਾਂ ਬਚਾਓ', ਲੋਕਾਂ ਨੇ ਸੁਣਿਆ ਤੇ ਮੰਨਿਆ। ਹੁਣ ਤੱਕ ਨਿਊ ਜ਼ੀਲੈਂਡ 'ਚ 1499 ਕੇਸ ਅਤੇ 21 ਮੌਤਾਂ ਦਰਜ ਹੋਈਆਂ ਹਨ। ਸਥਿਤੀ ਕਾਬੂ ਵਿਚ ਹੋਣ ਦੇ ਬਾਵਜੂਦ ਆਰਡਨ ਸਰਕਾਰ ਬਹੁਤ ਸਾਵਧਾਨੀ ਵਰਤ ਰਹੀ ਹੈ।

ਜਦ ਜਰਮਨ ਵਿਚ ਕਰੋਨਾ ਵਾਇਰਸ ਦਾ ਪਹਿਲਾ ਕੇਸ ਸਾਹਮਣੇ ਆਇਆ ਤਾਂ ਉਥੋਂ ਦੀ ਚਾਂਸਲਰ ਐਂਜਲਾ ਮਾਰਕੇਲ ਨੇ ਲੋਕਾਂ ਨੂੰ ਦੱਸਿਆ ਕਿ 70% ਲੋਕ ਪ੍ਰਭਾਵਿਤ ਹੋ ਸਕਦੇ ਹਨ। ਮਾਰਕੇਲ, ਜਿਸ ਨੇ ਆਪ ਕੁਆਂਟਮ ਕੈਮਿਸਟਰੀ ਵਿਚ ਡਾਕਟਰੇਟ ਦੀ ਡਿਗਰੀ ਕੀਤੀ ਹੈ, ਉਸ ਨੇ ਆਪਣੇ ਨਾਗਰਿਕਾਂ ਨੂੰ ਬਹੁਤ ਵਧੀਆ ਤਰੀਕੇ ਨਾਲ ਵਿਗਿਆਨਿਕ ਤੱਥ ਸਮਝਾਏ ਤੇ ਨਾਗਰਿਕਾਂ ਨੂੰ ਦੱਸਿਆ ਕਿ ਇਹ ਗੰਭੀਰ ਮਸਲਾ ਹੈ। ਮਾਰਕੇਲ ਵਲੋਂ ਸਹੀ ਸਮੇਂ 'ਤੇ ਚੁੱਕੇ ਗਏ ਕਦਮਾਂ ਕਾਰਨ ਜਰਮਨੀ ਕਰੋਨਾ ਵਾਇਰਸ ਦੇ ਫੈਲਣ ਨੂੰ ਰੋਕਣ ਵਾਲਾ ਪਹਿਲਾ ਵੱਡਾ ਲੋਕਤੰਤਰ ਸਾਬਿਤ ਹੋਇਆ, ਜਿਸ ਨੇ ਯੂਰਪ ਵਿਚ ਸਭ ਤੋਂ ਵੱਡੇ ਪੱਧਰ 'ਤੇ ਟੈਸਟ ਕੀਤੇ। ਜਰਮਨ ਵਿਚ ਕਰੋਨਾ ਵਾਇਰਸ ਦਾ ਪਹਿਲਾ ਕੇਸ 27 ਜਨਵਰੀ ਨੂੰ ਸਾਹਮਣੇ ਆਇਆ ਸੀ ਅਤੇ ਹੁਣ ਤੱਕ ਜਰਮਨੀ ਨੇ 1,76,625 ਕੇਸ ਦਰਜ ਕੀਤੇ ਹਨ, ਜਿਸ ਵਿਚੋਂ 1,53,400 ਲੋਕ ਠੀਕ ਹੋ ਚੁਕੇ ਹਨ, ਜਦੋਂ ਕਿ 8048 ਮੌਤਾਂ ਦਰਜ਼ ਕੀਤੀਆਂ ਗਈਆਂ ਹਨ।

ਸਿੰਟ ਮਾਰਟੀਨ ਦੀ ਪ੍ਰਧਾਨ ਮੰਤਰੀ ਸਿਲਵਰਿਆ ਜੈਕਬਜ਼ ਦਾ ਆਪਣੇ ਰਾਸ਼ਟਰ ਨੂੰ ਸੰਬੋਧਨ ਕਰਨ ਦਾ ਇੱਕ ਵੀਡੀਓ ਬਹੁਤ ਵਾਇਰਸ ਹੋਇਆ, ਜਿਸ ਵਿਚ ਉਸ ਨੇ ਕਿਹਾ, "ਜੇ ਤੁਹਾਡੇ ਘਰ ਵਿਚ ਤੁਹਾਡੀ ਪਸੰਦੀ ਦੀ ਬਰੈਡ ਨਹੀਂ ਹੈ ਤਾਂ ਕਰੈਕਰ ਖਾਓ, ਸੀਰੀਅਲ ਖਾਓ ਜਾਂ ਜਵੀ (ਓਟਸ) ਖਾਓ, ਪਰ ਤੁਹਾਡਾ ਘਰੋਂ ਬਾਹਰ ਜਾਣ ਦਾ ਕੋਈ ਵੀ ਬਹਾਨਾ ਸਵੀਕਾਰ ਨਹੀਂ ਹੈ।" 42,796 ਦੀ ਆਬਾਦੀ ਵਾਲੇ ਇਸ ਟਾਪੂ ਵਿਚ ਕਰੋਨਾ ਵਾਇਰਸ ਦਾ ਪਹਿਲਾ ਕੇਸ ਮਾਰਚ ਵਿਚ ਸਾਹਮਣੇ ਆਇਆ ਅਤੇ ਹੁਣ ਤੱਕ ਸਿੰਟ ਮਾਰਟੀਨ ਵੱਲੋਂ 77 ਕੇਸ ਤੇ 15 ਮੌਤਾਂ ਦਰਜ ਕੀਤੀਆਂ ਗਈਆਂ ਹਨ। ਪ੍ਰਧਾਨ ਮੰਤਰੀ ਜੈਕਬਜ਼ ਨੇ ਲੋਕਾਂ ਨੂੰ ਸਖਤ ਚਿਤਾਵਨੀ ਵੀ ਦਿੱਤੀ ਸੀ।

ਨਾਰਵੇ ਨੇ ਵੀ ਵਾਇਰਸ ਉਤੇ ਕਾਬੂ ਪਾਉਣ ਵਿਚ ਸਫਲਤਾ ਹਾਸਲ ਕੀਤੀ ਹੈ। ਇੱਥੋਂ ਦੀ ਪ੍ਰਧਾਨ ਮੰਤਰੀ ਏਰਨਾ ਸੋਲਬਰਗ ਦਾ ਕਹਿਣਾ ਹੈ ਕਿ ਹੁਣ ਜ਼ਰੂਰੀ ਹੈ ਕਿ ਇਸ ਰੋਕਥਾਮ ਨੂੰ ਬਰਕਰਾਰ ਰੱਖਿਆ ਜਾਵੇ। ਨਾਰਵੇ ਵਿਚ ਕਰੋਨਾ ਦਾ ਪਹਿਲਾ ਕੇਸ 26 ਫਰਵਰੀ ਨੂੰ ਸਾਹਮਣੇ ਆਇਆ ਅਤੇ ਹੁਣ ਤੱਕ 8244 ਕੇਸ ਤੇ 232 ਮੌਤਾਂ ਦਰਜ ਕੀਤੀਆਂ ਗਈਆਂ। ਅਸਲ ਵਿਚ ਨਾਰਵੇ ਕਰੋਨਾ ਵਾਇਰਸ 'ਤੇ ਕਾਬੂ ਪਾਉਣ ਲਈ ਰੋਕਾਂ ਲਾਉਣ ਵਾਲਾ ਪਹਿਲਾ ਯੂਰਪੀਅਨ ਦੇਸ਼ ਹੈ। ਪ੍ਰਧਾਨ ਮੰਤਰੀ ਸੋਲਬਰਗ ਮੁਤਾਬਿਕ ਉਹ ਹੌਲੀ-ਹੌਲੀ ਤਾਲਾਬੰਦੀ ਖੋਲ ਰਹੇ ਹਨ, ਪਰ ਪ੍ਰਮੁੱਖ ਖੇਡਾਂ ਅਤੇ ਸੱਭਿਆਚਾਰਕ ਸਮਾਗਮਾਂ 'ਤੇ 15 ਜੂਨ ਤੱਕ ਪਾਬੰਦੀ ਰਹੇਗੀ।

ਜੇ ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫਰੈਡਰਿਕਸਨ ਦੇ ਬਿਆਨ ਵੱਲ ਦੇਖੀਏ ਤਾਂ ਉਸ ਨੇ ਵੀ 29 ਅਪਰੈਲ ਨੂੰ ਸਪੱਸ਼ਟ ਕੀਤਾ, "ਕਰੋਨਾ ਵਾਇਰਸ ਕਾਬੂ ਵਿਚ ਹੈ ਅਤੇ ਡੈਨਮਾਰਕ ਦੀ ਨੀਤੀ ਪਹਿਲੇ ਤੇ ਮੁਸ਼ਕਿਲ ਪੜਾਅ ਵਿਚ ਸਫਲ ਸਾਬਤ ਹੋਈ ਹੈ।" ਨਾਲ ਹੀ ਡੈਨਮਾਰਕ ਵਿਚ ਕੁਝ ਕਾਰੋਬਾਰ ਖੋਲ੍ਹੇ ਗਏ ਅਤੇ 10 ਮਈ ਨੂੰ ਦੂਜੇ ਪੜਾਅ ਦੇ ਕਾਰੋਬਾਰ ਖੁਲ੍ਹਣੇ ਸ਼ੁਰੂ ਹੋਣਗੇ। ਡੈਨਮਾਰਕ 'ਚ ਹੁਣ ਤੱਕ 10,927 ਕੇਸ ਅਤੇ 547 ਮੌਤਾਂ ਦਰਜ ਕੀਤੀਆਂ ਗਈਆਂ। 27 ਫਰਵਰੀ ਨੂੰ ਡੈਨਮਾਰਕ ਵਿਚ ਪਹਿਲਾ ਕੇਸ ਸਾਹਮਣੇ ਆਇਆ ਸੀ ਤੇ 13 ਮਾਰਚ ਨੂੰ ਤਾਲਾਬੰਦੀ ਕਰ ਦਿੱਤੀ ਸੀ।

ਫਿਨਲੈਂਡ ਦੀ ਪ੍ਰਧਾਨ ਮੰਤਰੀ ਸਨਾ ਮੈਰਿਨ ਨੇ ਵੀ 16 ਮਾਰਚ ਨੂੰ ਮੁੱਖ ਪਾਬੰਦੀਆਂ ਦਾ ਐਲਾਨ ਕਰ ਦਿੱਤਾ ਸੀ। ਸ਼ੁਰੂ ਵਿਚ ਇਹ ਪਾਬੰਦੀਆਂ 13 ਅਪਰੈਲ ਤੱਕ ਸਨ, ਜੋ 13 ਮਈ ਤੱਕ ਵਧਾ ਦਿੱਤੀਆਂ ਗਈਆਂ। ਫਿਨਲੈਂਡ ਵਿਚ ਹੁਣ ਤੱਕ 6347 ਕੇਸ ਤੇ 298 ਮੌਤਾਂ ਦਰਜ ਕੀਤੀਆਂ ਗਈਆਂ ਹਨ। ਫਿਨਲੈਂਡ ਦੀ ਪ੍ਰਧਾਨ ਮੰਤਰੀ ਸਨਾ ਮੈਰਿਨ, ਵਿਸ਼ਵ ਦੀ ਸਭ ਤੋਂ ਛੋਟੀ ਉਮਰ ਦੀ ਮਹਿਲਾ ਪ੍ਰਧਾਨ ਮੰਤਰੀ ਹੈ।

ਕੈਟਰੀਨ ਜੈਕੋਬਸਦਤੀਰ, ਆਈਲੈਂਡ ਦੀ ਪ੍ਰਧਾਨ ਮੰਤਰੀ ਨੇ ਆਪਣੇ ਸਾਰੇ ਨਾਗਰਿਕਾਂ ਨੂੰ ਮੁਫਤ ਕਰੋਨਾ ਵਾਇਰਸ ਦੇ ਟੈਸਟ ਦੀ ਪੇਸ਼ਕਸ਼ ਕੀਤੀ। ਅਸੀਂ ਦੇਖਿਆ ਹੈ ਕਿ ਬਹੁਤੇ ਦੇਸ਼ਾਂ ਵਿਚ ਸਿਰਫ ਲੱਛਣਾਂ ਵਾਲੇ ਲੋਕਾਂ ਦੇ ਹੀ ਟੈਸਟ ਕੀਤੇ ਗਏ, ਪਰ ਆਈਲੈਂਡ ਦੀ ਪ੍ਰਧਾਨ ਮੰਤਰੀ ਨੇ ਕੁਝ ਅਲੱਗ ਫੈਸਲਾ ਲਿਆ। ਉਥੇ ਹੁਣ ਤੱਕ ਕੁੱਲ 1802 ਕੇਸ ਅਤੇ 10 ਮੌਤਾਂ ਹੋਣ ਦੀ ਖਬਰ ਹੈ। ਪ੍ਰਧਾਨ ਮੰਤਰੀ ਅਨੁਸਾਰ ਸਮੇਂ ਸਿਰ ਲਏ ਗਏ ਫੈਸਲੇ ਹੀ ਉਨ੍ਹਾਂ ਲਈ ਸਫਲਤਾ ਦੀ ਕੁੰਜੀ ਹਨ।

ਨੇਪਾਲ ਦੀ ਰਾਸ਼ਟਰਪਤੀ ਵਿੱਦਿਆ ਦੇਵੀ ਭੰਡਾਰੀ ਨੇ ਵੀ 24 ਮਾਰਚ ਨੂੰ ਤਾਲਾਬੰਦੀ ਕਰ ਦਿੱਤੀ ਸੀ ਅਤੇ ਦੇਸ਼ ਦੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਦੇਸ਼ ਵਿਚ ਕਰੋਨਾਵਾਇਰਸ ਮਹਾਂਮਾਰੀ ਨੂੰ ਰੋਕਣ ਲਈ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਸਮਰਥਨ ਕਰਨ। ਨੇਪਾਲ ਵਿਚ ਹੁਣ ਤੱਕ ਕੁੱਲ 295 ਕੇਸ ਅਤੇ 2 ਮੌਤਾਂ ਦਰਜ ਹੋਏ ਹਨ।

ਜਿੱਥੇ ਵੱਖ-ਵੱਖ ਦੇਸ਼ਾਂ ਦੀਆਂ ਮਹਿਲਾ ਆਗੂਆਂ ਦੀ ਕਾਰਗੁਜ਼ਾਰੀ ਸ਼ਲਾਘਾਯੋਗ ਰਹੀ,

(ਬਾਕੀ ਅਗਲੇ ਸਫੇ 'ਤੇ)

# ਕਰੋਨਾ ਨੂੰ ਚੋਣ ਮੁੱਦਾ ਬਣਾਉਣ ਤੁਰ ਪਿਆ ਹੈ ਟਰੰਪ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪਿਛਲੀ ਇੱਕ ਛਿਮਾਹੀ ਵਿਚ ਦੁਨੀਆਂ ਭਰ ਦੇ ਲੋਕਾਂ ਨੇ ਅਤੇ ਪਿਛਲੇ ਲਗਾਤਾਰ ਦੋ ਮਹੀਨਿਆਂ ਦੌਰਾਨ ਭਾਰਤ ਤੇ ਸਾਡੇ ਪੰਜਾਬ ਦੇ ਲੋਕਾਂ ਨੇ ਬਹੁਤ ਦੁੱਖ ਭੋਗਿਆ ਹੈ। ਇਹ ਦੁੱਖ ਕਈ ਤਰ੍ਹਾਂ ਦਾ ਸੀ ਤੇ ਅਜੇ ਵੀ ਜਾਰੀ ਹੈ। ਪਹਿਲਾ ਦੁੱਖ ਤਾਂ ਕਰੋਨਾ ਵਾਇਰਸ ਦੀ ਬਿਮਾਰੀ ਦਾ ਸੀ, ਜਿਸ ਦੀ ਜੜ੍ਹ ਅੱਜ ਤੱਕ ਪਤਾ ਨਹੀਂ ਲੱਗ ਸਕੀ, ਪਰ ਦੁਨੀਆਂ ਦੇ ਦੋ ਪ੍ਰਮੁੱਖ ਦੇਸ਼ਾਂ ਵਿਚ ਖਹਿਬਾਜ਼ੀ ਚੱਲੀ ਜਾਂਦੀ ਹੈ। ਅਮਰੀਕਾ ਦੇ ਲੋਕ ਤੇ ਖਾਸ ਕਰ ਕੇ ਉਨ੍ਹਾਂ ਦਾ ਰਾਸ਼ਟਰਪਤੀ ਸਿਰਫ ਚੀਨ ਨੂੰ ਸਾਰੇ ਸੰਕਟ ਦਾ ਦੋਸ਼ੀ ਮੰਨ ਕੇ ਆਪਣੀ ਰੱਟ ਲਾਈ ਜਾਂਦੇ ਹਨ। ਜਦੋਂ ਤੱਕ ਇਹ ਗੱਲ ਸਾਬਤ ਨਹੀਂ ਹੁੰਦੀ ਅਤੇ ਇਹ ਛੇਤੀ ਕੀਤੇ ਸਾਬਤ ਹੁੰਦੀ ਵੀ ਨਹੀਂ ਜਾਪਦੀ, ਉਦੋਂ ਤੱਕ ਕਿਸੇ ਇੱਕ ਧਿਰ ਨੂੰ ਦੋਸ਼ੀ ਠਹਿਰਾਉਣਾ ਵੀ ਔਖਾ ਹੈ। ਉਂਜ ਸ਼ੱਕ ਵਾਲੀ ਗੰਢ ਇੱਕ ਵਾਰੀ ਬੱਝ ਜਾਵੇ ਤਾਂ ਛੇਤੀ ਖਹਿੜਾ ਨਹੀਂ ਛੱਡਦੀ ਹੁੰਦੀ।



ਚੀਨ ਖਿਲਾਫ ਇਹ ਦੋਸ਼ ਵੀ ਜ਼ੋਰ ਨਾਲ ਲਾਇਆ ਜਾਂਦਾ ਰਿਹਾ ਕਿ ਉਸ ਦੀ ਮੀਟ ਮਾਰਕੀਟ ਇਸ ਬਿਮਾਰੀ ਦਾ ਮੁਢਲਾ ਕਾਰਨ ਹੋ ਸਕਦੀ ਹੈ ਅਤੇ ਇਹ ਵੀ ਕਿਹਾ ਗਿਆ ਕਿ ਚੀਨ ਦੇ ਲੋਕਾਂ ਦੀਆਂ ਮੀਟ ਖਾਣ ਦੀਆਂ ਆਦਤਾਂ ਨਾਲ ਰੱਫੜ ਪਿਆ ਹੈ। ਫਿਰ ਇਹ ਦੱਸਿਆ ਜਾਣਾ ਸ਼ੁਰੂ ਹੋ ਗਿਆ ਕਿ ਚੀਨ ਦੇ ਲੋਕ ਕੁੱਤਾ ਖਾ ਜਾਂਦੇ ਹਨ ਤੇ ਏਦਾਂ ਦੀਆਂ ਕਈ ਹੋਰ ਚੀਜ਼ਾਂ ਖਾਈ ਜਾਂਦੇ ਹਨ। ਜ਼ਰੂਰ ਖਾਂਦੇ ਹੋਣਗੇ ਤੇ ਸਾਰੀ ਦੁਨੀਆਂ ਵਿਚ ਕੌਣ ਕੀ ਖਾਂਦਾ ਹੈ, ਇਸ ਦੀ ਪਾਬੰਦੀ ਲਾਉਣੀ ਅੱਜ ਦੇ ਯੁੱਗ ਵਿਚ ਮੁਸ਼ਕਿਲ ਹੈ। ਕਿਸੇ ਦੇਸ਼ ਵਿਚ ਗਊ ਦਾ ਮੀਟ ਖਾਣ ਦੀ ਰਵਾਇਤ ਹੈ ਤਾਂ ਕਿਸੇ ਹੋਰ ਦੇਸ਼ ਵਿਚ ਗਊ ਦਾ ਮੀਟ ਖਾਣ ਵਾਲਿਆਂ ਨੂੰ ਪਾਪੀ ਮੰਨਿਆ ਜਾਂਦਾ ਹੈ।

ਕੱਲ੍ਹ ਨੂੰ ਗਊ ਮਾਸ ਖਾਣ ਵਾਲੇ ਲੋਕਾਂ ਦੀ ਵੱਡੀ ਆਬਾਦੀ ਵਾਲੇ ਦੇਸ਼ ਵਿਚ ਕੋਈ ਬਖੇੜਾ ਉਠ ਪਵੇ ਤਾਂ ਭਾਰਤ ਦੇ ਕੁਝ ਲੋਕ ਉਨ੍ਹਾਂ ਬਾਰੇ ਕਈ ਕੁਝ ਕਹਿਣਗੇ। ਇਸਲਾਮੀ ਦੇਸ਼ਾਂ ਵਿਚ ਸੂਰ ਖਾਣਾ ਮਨ੍ਹਾਂ ਹੈ। ਭਾਰਤ ਵਿਚ ਕਈ ਲੋਕ ਸੂਰ ਦਾ ਮਾਸ ਮਜ਼ੇ ਨਾਲ ਖਾਂਦੇ ਹਨ। ਸਿਰਫ ਸੂਰ ਦੀ ਗੱਲ ਨਹੀਂ, ਭਾਰਤ ਦੇ ਲੋਕ ਏਦਾਂ ਦਾ ਕਈ ਕੁਝ ਖਾ ਜਾਂਦੇ ਹਨ, ਜਿਸ ਬਾਰੇ ਚਰਚਾ ਆਮ ਕਰ ਕੇ ਨਹੀਂ ਹੁੰਦੀ। ਸਾਨੂੰ ਇਹ ਦੱਸਣ ਵਿਚ ਹਰਜ ਨਹੀਂ ਜਾਪਦਾ ਕਿ ਜੋ ਚੀਜ਼ਾਂ ਚੀਨੀ ਲੋਕ ਖਾਂਦੇ ਦੱਸੇ ਜਾਂਦੇ ਹਨ, ਉਨ੍ਹਾਂ ਵਿਚੋਂ ਕਈ ਚੀਜ਼ਾਂ ਭਾਰਤ ਦੇ ਕਈ ਲੋਕ ਵੀ ਚਾਅ ਨਾਲ ਖਾਂਦੇ ਹਨ।

ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਰਤ ਦੇ ਇੱਕ ਉਤਰ ਪੂਰਬੀ ਰਾਜ ਤੋਂ ਸਾਡੇ ਪੰਜਾਬ ਵਿਚ ਸੁਰੱਖਿਆ ਡਿਊਟੀ ਵਾਸਤੇ ਆਈ ਫੋਰਸ ਦੇ ਜਵਾਨ ਕੁੱਤੇ ਦਾ ਮਾਸ ਖਾਣ ਵਾਲੇ ਸਨ। ਜਿਸ ਇਲਾਕੇ ਵਿਚ ਉਨ੍ਹਾਂ ਦੀ ਡਿਊਟੀ ਲਾਈ ਗਈ, ਉਸ ਪਾਸੇ ਅਵਾਰਾ ਕੁੱਤੇ ਮੁੱਕ ਗਏ ਸਨ। ਭਾਰਤ ਦੇ ਉਤਰ-ਪੂਰਬੀ ਰਾਜਾਂ ਵਿਚ ਕੁਝ ਲੋਕ ਸੱਪ ਤੇ ਕੋਹੜ ਕਿਰਲੀ ਦਾ ਮਾਸ ਵੀ ਖਾਂਦੇ ਹਨ। ਬਿਹਾਰ ਦੇ ਕੁਝ ਵਰਗਾਂ ਵਿਚ ਚੂਹੇ ਦਾ ਮਾਸ ਖਾਣਾ ਆਮ ਗੱਲ ਹੈ। ਇੱਕ ਵਾਰੀ ਉਥੇ ਥੋੜ੍ਹੇ ਸਮੇਂ ਲਈ ਇੱਕ ਮੁੱਖ ਮੰਤਰੀ ਅਜਿਹਾ ਬਣ ਗਿਆ ਸੀ, ਜੋ ਮਾਣ ਨਾਲ ਕਹਿੰਦਾ ਸੀ ਕਿ ਉਹ ਚੂਹੇ ਦਾ ਮਾਸ ਖਾਂਦਾ ਹੈ ਤੇ ਇਹ ਵੀ ਚਾਹੁੰਦਾ ਸੀ ਕਿ ਚੂਹੇ ਦਾ ਮਾਸ ਖਾਣ ਨੂੰ ਬਾਕਾਇਦਾ ਮਾਨਤਾ ਦਿੱਤੀ ਜਾਵੇ। ਉਤਰ-ਪੂਰਬ ਦੇ ਇੱਕ ਰਾਜ ਦੇ ਲੋਕ ਡੱਡੂ ਖਾ ਜਾਂਦੇ ਹਨ। ਸੋਨੀਆ ਸਰਕਾਰ ਨਾਂ ਦੀ ਪ੍ਰਸਿੱਧ ਲੇਖਕਾ ਨੇ ਇਨ੍ਹਾਂ ਸਾਰੇ ਰਾਜਾਂ ਅਤੇ ਉਨ੍ਹਾਂ ਦੇ ਅਜਿਹਾ ਮਾਸ ਖਾਣ ਵਾਲੇ ਲੋਕਾਂ ਬਾਰੇ ਜਨਵਰੀ 2017 ਵਿਚ ਅਖਬਾਰ 'ਟੈਲੀਗ੍ਰਾਫ' ਵਿਚ ਵੇਰਵੇ ਸਹਿਤ ਇੱਕ ਲੇਖ ਲਿਖਿਆ ਸੀ, ਜੋ ਅੱਜ ਵੀ ਸਾਡੇ ਕੋਲ ਸੰਭਾਲਿਆ ਪਿਆ ਹੈ। ਚਰਚਾ ਸਿਰਫ ਚੀਨ ਦੇ ਲੋਕਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਦੀ ਹੋਈ ਜਾ ਰਹੀ ਹੈ।

ਚੀਨ ਅਤੇ ਅਮਰੀਕਾ ਦਾ ਅੱਜ ਕੱਲ੍ਹ ਆਢਾ ਲੱਗਾ ਹੋਇਆ ਹੈ, ਪਰ ਕਿਸੇ ਵਕਤ ਸੰਸਾਰ ਪੂੰਜੀਵਾਦ ਦਾ ਮੁਕਾਬਲਾ ਕਰਨ ਵਾਲੀ ਮਹਾਸ਼ਕਤੀ ਸੋਵੀਅਤ ਰੂਸ ਦੇ ਨਾਲ ਲੜਨ ਲਈ ਏਸੇ ਅਮਰੀਕਾ ਦੇ ਹਾਕਮਾਂ ਦੀ ਸਭ ਤੋਂ ਵੱਡੀ ਯਾਰੀ ਏਸੇ ਚੀਨ ਨਾਲ ਹੋਇਆ ਕਰਦੀ ਸੀ। ਕਿਊਬਾ ਖਿਲਾਫ ਲੜਾਈ ਮੌਕੇ ਵੀ ਚੀਨ ਉਨ੍ਹਾਂ ਦਾ ਸਾਥ ਦਿੰਦਾ ਰਿਹਾ ਅਤੇ ਅਮਰੀਕਾ ਦੀ ਕਮਿਊਨਿਸਟ ਪਾਰਟੀ ਦੇ ਉਦੋਂ ਦੇ ਜਨਰਲ ਸੈਕਟਰੀ ਗੱਸ ਹਾਲ ਵੱਲੋਂ ਚੀਨੀ ਕਮਿਊਨਿਸਟ ਪਾਰਟੀ ਵੱਲ ਲਿਖੀ ਗਈ ਖੁੱਲ੍ਹੀ ਚਿੱਠੀ ਵਿਚ ਚੀਨ-ਅਮਰੀਕਾ ਭਾਈਵਾਲੀ ਦਾ ਸਾਰਾ ਕੱਚਾ ਚਿੱਠਾ ਪੇਸ਼ ਕੀਤਾ ਗਿਆ ਸੀ।

ਸੋਵੀਅਤ ਰੂਸ ਦੇ ਢਹਿਣ ਪਿਛੋਂ ਇਕਲੌਤੀ ਮਹਾਸ਼ਕਤੀ ਹੋਣ ਦਾ ਭਰਮ ਪਾਲਣ ਵਾਲੇ ਅਮਰੀਕਾ ਸਾਹਮਣੇ ਜਦੋਂ ਉਹ ਹੀ ਚੀਨ ਸ਼ਰੀਕਾਂ ਵਾਂਗ ਡਾਂਗ ਮੋਢੇ ਰੱਖ ਕੇ ਖੜੋਤਾ ਦਿੱਸ ਪਿਆ ਤਾਂ ਹਰ ਗੱਲ ਵਿਚ ਉਸ ਨਾਲ ਆਢਾ ਲੱਗ ਗਿਆ। ਇਸ ਵੇਲੇ ਉਸ ਨਾਲ ਲੜਾਈ ਦਾ ਕਾਰਨ ਕਰੋਨਾ ਵਾਇਰਸ ਦੀ ਉਠਾਣ ਨਹੀਂ, ਅਮਰੀਕਾ ਦਾ ਸੰਸਾਰ ਮੰਡੀ ਵਿਚ ਚੀਨੀ ਮਾਲ ਨਾਲ ਮੁਕਾਬਲਾ ਹੈ। ਮੈਂ ਨਿਜੀ ਤੌਰ 'ਤੇ ਚੀਨੀ ਮਾਲ ਦਾ ਕਦੀ ਪ੍ਰਸ਼ੰਸਕ ਨਹੀਂ ਰਿਹਾ, ਕਿਉਂਕਿ ਇਹ ਮਾਲ ਹੰਢਣਸਾਰਤਾ ਦੇ ਪੱਖੋਂ ਬਹੁਤਾ ਵਧੀਆ ਨਹੀਂ ਹੁੰਦਾ, ਪਰ ਇਹ ਗੱਲ ਫਿਰ ਆਪਣੀ ਥਾਂ ਠੀਕ ਹੈ ਕਿ ਜਿਸ ਮਾਲ ਦੀ ਕੋਈ ਗਾਰੰਟੀ ਨਾ ਹੋਣ ਦਾ ਰੌਲਾ ਸਭ ਤੋਂ ਵੱਧ ਪੈਂਦਾ ਹੈ, ਉਹੀ ਮਾਲ ਅਮਰੀਕੀ ਮਾਲ ਨੂੰ ਹਰ ਮੰਡੀ ਵਿਚ ਖੂੰਜੇ ਲਾਈ ਜਾਂਦਾ ਹੈ। ਖੁਦ ਅਮਰੀਕੀ ਲੋਕ ਵੀ ਸਸਤਾ ਹੋਣ ਕਾਰਨ ਚੀਨੀ ਮਾਲ ਖਰੀਦੀ ਜਾਂਦੇ ਹਨ ਤਾਂ ਅਮਰੀਕੀ ਕਾਰਪੋਰੇਟ ਘਰਾਣੇ ਇਸ ਤੋਂ ਚਿੜਨ ਲੱਗਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਕਰੋਨਾ ਵਾਇਰਸ ਦੇ ਦੌਰ ਵਿਚ ਅਮਰੀਕੀ ਰਾਸ਼ਟਰਪਤੀ ਟਰੰਪ ਜਦੋਂ ਚੀਨ ਦੀ ਭੰਡੀ ਕਰਨ ਰੁੱਝਾ ਹੋਇਆ ਹੈ, ਉਦੋਂ ਵੀ ਅਮਰੀਕਾ ਵਿਚ ਚੀਨ ਦਾ ਮਾਲ ਵਿਕੀ ਜਾ ਰਿਹਾ ਹੈ ਤੇ ਲੋਕ ਆਰਾਮ ਨਾਲ ਖਰੀਦੀ ਜਾਂਦੇ ਹਨ।

ਕਰੋਨਾ ਵਾਇਰਸ ਦੀ ਦਵਾਈ ਅਜੇ ਤੱਕ ਬਣੀ ਨਹੀਂ, ਬਣਾਉਣ ਵੱਲ ਅਮਰੀਕਾ ਦੀ ਸਰਕਾਰ ਦਾ ਬਹੁਤਾ ਧਿਆਨ ਵੀ ਨਹੀਂ ਜਾਪਦਾ, ਕਦੇ-ਕਦਾਈਂ ਕੋਈ ਅਮਰੀਕੀ ਕੰਪਨੀ ਦਵਾਈ ਬਣਾ ਲੈਣ ਦਾ ਦਾਅਵਾ ਜ਼ਰੂਰ ਕਰ ਦਿੰਦੀ ਹੈ। ਨਤੀਜਾ ਇਹ ਨਿਕਲਦਾ ਹੈ ਕਿ ਉਸ ਕੰਪਨੀ ਦੇ ਸ਼ੇਅਰ ਧੜਾ-ਧੜਾ ਚੜ੍ਹਦੇ ਤੇ ਕੰਪਨੀ ਦੀ ਕਮਾਈ ਵਧ ਜਾਂਦੀ ਹੈ, ਪਰ ਸੰਸਾਰ ਭਰ ਵਿਚ ਜਿਸ ਚੀਜ਼ ਦੀ ਲੋੜ ਹੈ, ਉਹ ਦਵਾਈ ਅਜੇ ਤੱਕ ਪੇਸ਼ ਨਹੀਂ ਕੀਤੀ ਗਈ। ਭਾਰਤ ਦੀ ਅਜੋਕੀ ਸਰਕਾਰ ਚਲਾਉਣ ਵਾਲਿਆਂ ਦਾ ਅਮਰੀਕਾ ਨਾਲ ਹੇਜ ਇਥੋਂ ਤੱਕ ਹੈ ਕਿ ਉਹ ਚੀਨ ਦੇ ਵਿਰੁੱਧ ਅਮਰੀਕਾ ਦੇ ਨਾਲ ਖੜੇ ਹਨ ਅਤੇ ਚੀਨ ਦਾ ਸਾਮਾਨ ਇਥੇ ਵੀ ਬਾਜ਼ਾਰਾਂ ਵਿਚ ਭਰਿਆ ਪਿਆ ਹੈ। ਜਿਨ੍ਹਾਂ ਸਾਰੀ ਉਮਰ ਦੇ ਕਾਂਗਰਸੀ ਆਗੂ ਸਰਦਾਰ ਪਟੇਲ ਨਾਲ ਮੋਹ ਦਾ ਵਿਖਾਲਾ ਕਰ ਕੇ ਦੁਨੀਆਂ ਦੀਆਂ ਸਭ ਵੱਡੀਆਂ ਮੂਰਤੀਆਂ ਤੋਂ ਵੱਡੀ ਉਸ ਦੀ ਮੂਰਤੀ ਲਾਉਣ ਦੇ ਨਾਅਰੇ ਲਾਏ ਸਨ ਤੇ ਦੇਸ਼ ਦੀ ਸੱਤਾ ਸੰਭਾਲੀ ਸੀ, ਉਨ੍ਹਾਂ ਵੱਲੋਂ ਬਣਾਈ ਸਰਦਾਰ ਪਟੇਲ ਦੀ ਮੂਰਤੀ ਵੀ ਚੀਨ ਦੀ ਮਦਦ ਨਾਲ ਬਣੀ ਹੈ। ਭਾਰਤ ਦੇ ਹਰ ਧਰਮ ਦੇ ਲੋਕਾਂ ਦੇ ਧਾਰਮਿਕ ਚਿੰਨ੍ਹ ਵੀ ਚੀਨ ਦੇ ਬਣਾਏ ਹੋਏ ਅਤੇ ਭਾਰਤ ਵਿਚ ਬਣੇ ਮਾਲ ਨਾਲੋਂ ਅੱਧੇ ਮੁੱਲ ਉਤੇ ਜਦੋਂ ਗਲੀ-ਗਲੀ ਮਿਲਦੇ ਹੋਣ ਤਾਂ ਲੋਕ ਰਾਜਨੀਤੀ ਵਿਚ ਚੀਨ ਦੇ ਵਿਰੋਧ ਲਈ ਭਾਜਪਾ ਨਾਲ ਹੋ ਸਕਦੇ ਹਨ, ਉਦਾਂ ਚੀਨੀ ਮਾਲ ਲੈਣ ਤੋਂ ਇਨਕਾਰ ਨਹੀਂ ਕਰਦੇ। ਨਿਰੀ ਰਾਜਨੀਤੀ ਦੀਆਂ ਗੋਲੀਆਂ ਚੱਬਣ ਦੇ ਚਸਕੇ ਨਾਲ ਚੀਨ ਦੇ ਵਿਰੋਧ ਵਿਚ ਨਾ ਅਮਰੀਕਾ ਨੂੰ ਕੁਝ ਹਾਸਲ ਹੋ ਸਕਿਆ ਹੈ ਤਾਂ ਨਾ ਭਾਰਤ ਦੀ ਕਿਸੇ ਧਿਰ ਦੇ ਪੱਲੇ ਕੁਝ ਪੈਣ ਵਾਲਾ ਹੈ।

ਪਿਛਲੇ ਸਾਲ ਜਦੋਂ ਭਾਰਤ ਦਾ ਪ੍ਰਧਾਨ ਮੰਤਰੀ ਅਮਰੀਕਾ ਵਿਚ ਗਿਆ ਅਤੇ ਉਥੇ ਹੋਏ ਇੱਕ ਸਮਾਗਮ ਵਿਚ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਨਾਅਰਾ ਦੇ ਆਇਆ ਸੀ, ਉਦੋਂ ਜਿਹੜੀ ਗੱਲ ਸਾਨੂੰ ਸਮਝ ਪਈ ਸੀ, ਉਹ ਇਹ ਕਿ ਸਾਡੇ ਲੋਕ ਅਮਰੀਕਾ ਤੋਂ ਭਾਵੇਂ ਕੁਝ ਨਾ ਸਿੱਖਣ, ਅਮਰੀਕੀ ਰਾਜਨੀਤੀ ਨੂੰ ਭਾਰਤ ਦਾ ਤੜਕਾ ਲੱਗ ਗਿਆ ਹੈ। ਭਾਰਤ ਦੇ ਤੜਕੇ ਦੀ ਖਾਸ ਵੰਨਗੀ ਇਹੋ ਹੈ ਕਿ ਆਪਣੇ ਵਿਰੋਧੀ ਨੂੰ ਜਦੋਂ ਭੰਡਣਾ ਹੋਵੇ ਤਾਂ ਆਪਣੇ ਕੁਚੱਜ ਨਾਲ ਪਏ ਪੁਆੜਿਆਂ ਲਈ ਵੀ ਭਾਰਤੀ ਲੋਕਾਂ ਵਿਚ ਦੁਸ਼ਮਣ ਮੰਨੇ ਜਾ ਚੁੱਕੇ ਪਾਕਿਸਤਾਨ ਦਾ ਏਜੰਟ ਕਹਿ ਸਕਦੇ ਹਨ। ਅਮਰੀਕਾ ਦੀ ਰਾਜਨੀਤੀ ਵਿਚ ਵੀ ਇਹ ਦੌਰ ਆ ਗਿਆ ਸਾਫ ਦਿਖਦਾ ਹੈ। ਲੋਕ ਕਰੋਨਾ ਵਾਇਰਸ ਦੀ ਮਾਰ ਨਾਲ ਮਰ ਰਹੇ ਹਨ ਅਤੇ ਉਥੇ ਸਰਕਾਰ ਦੀ ਨਾਲਾਇਕੀ ਸਾਫ ਨਜ਼ਰ ਆਉਂਦੀ ਹੈ, ਪਰ ਅਮਰੀਕਾ ਦਾ ਮੌਜੂਦਾ ਰਾਸ਼ਟਰਪਤੀ ਇਹ ਕਹਿੰਦਾ ਹੈ ਕਿ ਇਹ ਸਾਰਾ ਕੁਝ ਚੀਨ ਨੇ ਮੈਨੂੰ ਰਾਸ਼ਟਰਪਤੀ ਦੀ ਚੋਣ ਲਗਾਤਾਰ ਦੂਜੀ ਵਾਰੀ ਜਿੱਤਣ ਤੋਂ ਰੋਕਣ ਅਤੇ ਵਿਰੋਧੀ ਧਿਰ ਦੇ ਉਮੀਦਵਾਰ ਜੋਅ ਬਿਡਨ ਨੂੰ ਜਿਤਾਉਣ ਲਈ ਕੀਤਾ ਹੈ। ਅਮਰੀਕਾ ਵਿਚ ਹੋਈਆਂ ਮੌਤਾਂ ਲਈ ਉਹ ਚੀਨ ਵੱਲੋਂ ਆਪਣੀ ਚੋਣ ਦੇ ਵਿਰੋਧ ਦਾ ਦੋਸ਼ ਲਾ ਸਕਦਾ ਹੈ, ਬਰਤਾਨੀਆ ਵਿਚ ਮੌਤਾਂ ਦੀ ਗਿਣਤੀ ਚਾਲੀ ਹਜ਼ਾਰ ਦੇ ਨੇੜੇ ਪਹੁੰਚ ਗਈ ਹੈ, ਇਟਲੀ ਵਿਚ ਲੱਖ ਦਾ ਤੀਸਰਾ ਹਿੱਸਾ ਪਾਰ ਕਰ ਗਈ ਹੈ, ਸਪੇਨ ਅਤੇ ਫਰਾਂਸ ਵਿਚ ਵੀ ਤੀਹ-ਤੀਹ ਹਜ਼ਾਰ ਦਾ ਪੜਾਅ ਪਾਰ ਕਰਦੀ ਪਈ ਹੈ, ਉਥੇ ਕਿਸੇ ਨੇ ਇਹ ਗੱਲ ਨਹੀਂ ਕਹੀ ਕਿ ਚੋਣਾਂ ਹਰਾਉਣ ਲਈ ਕਰੋਨਾ ਪੈਦਾ ਹੋਇਆ ਹੈ।

ਭਾਰਤੀ ਲੀਡਰਾਂ ਉਤੇ ਜਿੰਨੀ ਕਿਸਮ ਦੇ ਦੋਸ਼ ਲੱਗਦੇ ਹਨ, ਉਹ ਹੀ ਸਾਰੇ ਦੋਸ਼ ਡੋਨਲਡ ਟਰੰਪ ਉਤੇ ਲੱਗੀ ਜਾਂਦੇ ਹਨ ਅਤੇ ਜੋ ਦਾਅ ਭਾਰਤ ਵਿਚ ਵਰਤੇ ਜਾਂਦੇ ਹਨ, ਜਦੋਂ ਉਹੀ ਦਾਅ ਉਹ ਵਰਤਣ ਲੱਗ ਪਿਆ ਹੈ ਤਾਂ ਸਾਨੂੰ ਭਾਰਤੀ ਲੋਕਾਂ ਨੂੰ ਭਾਰਤ ਤੋਂ ਦੂਰ ਹਰ ਪੱਖੋਂ ਇੱਕ ਹੋਰ ਭਾਰਤ ਉਗ ਪਿਆ ਜਾਪਦਾ ਹੈ। ਅਮਰੀਕੀ ਲੋਕਾਂ ਨੂੰ ਸੋਚਣਾ ਚਾਹੀਦਾ ਹੈ ਕਿ ਜਿਨ੍ਹਾਂ ਖੇਡਾਂ ਨੇ ਅੱਜ ਤੱਕ ਭਾਰਤ ਨੂੰ ਉਠਣ ਨਹੀਂ ਦਿੱਤਾ, ਉਹੋ ਖੇਡਾਂ ਅਮਰੀਕਾ ਵਿਚ ਚੱਲਣਗੀਆਂ ਤਾਂ ਕਰੋਨਾ ਨਾਲ ਲੜਨ ਦੀ ਲੋੜ ਨਹੀਂ ਰਹਿਣੀ, ਸਿਰਫ ਉਸ ਆਗੂ ਦੀ ਡੁਗਡੁਗੀ ਸੁਣਿਆ ਕਰੇਗੀ, ਜਿਸ ਨੂੰ ਲੋਕਾਂ ਦੇ ਅੱਖੀਂ ਘੱਟਾ ਪਾਉਣਾ ਤੇ ਕਰੋਨਾ ਜਿਹੇ ਅਸਲੀ ਮਾਮਲੇ ਦੀ ਥਾਂ ਛਣਕਣੇ ਛਣਕਾਉਣੇ ਆਉਂਦੇ ਹੋਣਗੇ। ਉਦੋਂ ਅਮਰੀਕਾ ਕਿੱਦਾਂ ਦਾ ਹੋਵੇਗਾ, ਕਹਿਣ ਦੀ ਲੋੜ ਨਹੀਂ!

## ਕਰੋਨਾ ਵਾਇਰਸ ਸਬੰਧੀ ਔਰਤਾਂ ਦੀ ਕਾਰਗੁਜ਼ਾਰੀ

*(ਪਿਛਲੇ ਸਫੇ ਦੀ ਬਾਕੀ)*

ਉਥੇ ਭਾਰਤ ਦੇ ਕੇਰਲਾ ਰਾਜ ਦੀ ਸਿਹਤ ਮੰਤਰੀ ਕੇ. ਕੇ. ਸ਼ੈਲਾਜਾ ਨੇ ਵੀ ਆਪਣੇ ਰਾਜ ਵਿਚ ਚੰਗੇ ਪ੍ਰੰਬਧ ਕੀਤੇ ਅਤੇ ਕਰੋਨਾ ਵਾਇਰਸ 'ਤੇ ਕਾਬੂ ਪਾਇਆ। ਜਾਣਕਾਰੀ ਮੁਤਾਬਿਕ ਸਿਹਤ ਮੰਤਰੀ ਨੇ ਜਦ ਚੀਨ ਵਿਚ ਫੈਲੇ ਵਾਇਰਸ ਬਾਰੇ ਪੜ੍ਹਿਆ ਤਾਂ ਉਹਨੇ ਉਦੋਂ ਤੋਂ ਹੀ ਤਿਆਰੀ ਵਿੱਢ ਦਿੱਤੀ। ਕੇਰਲਾ ਵਿਚ ਕਰੋਨਾ ਵਾਇਰਸ ਦਾ ਪਹਿਲਾ ਕੇਸ 27 ਜਨਵਰੀ ਨੂੰ ਸਾਹਮਣੇ ਆਇਆ ਅਤੇ ਉਦੋਂ ਤੱਕ ਸਿਹਤ ਮੰਤਰੀ ਨੇ ਸੁਰੱਖਿਅਤ ਪ੍ਰਬੰਧ ਕਰ ਲਏ ਸਨ। 35 ਮਿਲੀਅਨ ਦੀ ਆਬਾਦੀ ਵਾਲੇ ਇਸ ਰਾਜ ਵਿਚ ਹੁਣ ਤੱਕ 524 ਕੇਸ ਦਰਜ ਹੋਏ ਹਨ। ਸਿਹਤ ਮੰਤਰੀ ਮੁਤਾਬਿਕ ਕੋਈ ਵੀ ਕੇਸ ਕਮਿਉਨਿਟੀ ਟਰਾਂਸਮਿਸ਼ਨ ਦਾ ਨਹੀਂ ਹੈ। ਰਾਜ ਵਿਚ 1,70,000 ਲੋਕਾਂ ਨੂੰ ਸਿਹਤ ਕਰਮਚਾਰੀਆਂ ਦੀ ਸਖਤ ਨਿਗਰਾਨੀ ਹੇਠ ਵੱਖ-ਵੱਖ ਰੱਖਿਆ ਗਿਆ। ਦੂਜੇ ਰਾਜਾਂ ਤੋਂ ਆਏ ਪਰਵਾਸੀ ਮਜ਼ਦੂਰਾਂ ਦੀ ਵੀ ਦੇਖ-ਭਾਲ ਕੀਤੀ ਗਈ, ਜੋ ਤਾਲਾਬੰਦੀ ਕਾਰਨ ਉਥੇ ਫਸ ਗਏ। ਕੇਰਲਾ ਦੀ ਇਸ ਸਫਲਤਾ ਤੋਂ ਸਭ ਨੂੰ ਸਿੱਖਣ ਦੀ ਲੋੜ ਹੈ

ਜਿਸ ਤਰ੍ਹਾਂ ਔਰਤਾਂ ਦੀ ਅਗਵਾਈ ਵਾਲੇ ਦੇਸ਼ਾਂ ਨੇ ਵੱਧ ਗੰਭੀਰਤਾ ਦਿਖਾਈ, ਇਹ ਔਰਤ ਦੀ ਸ਼ਖਸੀਅਤ ਸਮਝਿਆ ਜਾ ਸਕਦਾ ਹੈ। ਇਨ੍ਹਾਂ ਆਗੂਆਂ ਨੇ ਕਰੋਨਾ ਵਾਇਰਸ ਦੇ ਸੰਕਟ ਨੂੰ ਸਮਝਿਆ, ਇਸ ਨੂੰ ਗੰਭੀਰਤਾ ਨਾਲ ਲਿਆ ਅਤੇ ਨਾਗਰਿਕਾਂ ਨੂੰ ਭਾਵਨਾਤਮਕ ਤਰੀਕੇ ਨਿਯਮਾਂ ਦੀ ਪਾਲਣਾ ਕਰਦੇ ਰਹਿਣ ਲਈ ਕਿਹਾ। ਕੁਲ ਮਿਲਾ ਕਿ ਮੌਜੂਦਾ ਹਾਲਾਤ ਇਹ ਦਰਸਾਉਂਦੇ ਹਨ ਕਿ ਜਿਨ੍ਹਾਂ ਨੇ ਸਮੇਂ ਸਿਰ ਕਾਰਵਾਈ ਕੀਤੀ, ਉਹ ਸਫਲ ਹੋਏ।

# ਵਿਸਰ ਰਹੇ ਪੰਜਾਬੀ ਅਖਾਣ

## ਪੁਸਤਕ ਚਰਚਾ

'ਵਿਸਰ ਰਹੇ ਪੰਜਾਬੀ ਅਖਾਣ' (ਦੂਜੀ ਤੇ ਸੋਧੀ ਐਡੀਸ਼ਨ) ਨਾਲ ਸੰਪਾਦਕ ਪ੍ਰਿੰ. ਸੇਵਾ ਸਿੰਘ ਕੌੜਾ ਪੰਜਾਬੀ ਲੋਕਧਾਰਾ ਦੇ ਖੋਜ ਖੇਤਰ ਵਿਚ ਆਪਣੀ ਛੇਵੀਂ ਪੁਸਤਕ ਵਜੋਂ ਹਾਜ਼ਰੀ ਲਾਉਂਦੇ ਪੰਜਾਬੀ ਲੋਕ ਸਭਿਆਚਾਰ ਵਿਚ ਅਹਿਮ ਭੂਮਿਕਾ ਅਦਾ ਕਰਨ ਵਾਲੇ ਉਨ੍ਹਾਂ ਅਖਾਣਾਂ ਦੀ ਗਤੀਸ਼ੀਲ ਧਾਰਾ ਦਾ ਚਲ-ਚਿਤਰ ਪੇਸ਼ ਕਰਦੇ ਹਨ, ਜੋ ਸਮੇਂ ਸਮੇਂ ਮਨੁੱਖ



ਡਾ. ਪ੍ਰਿਤਪਾਲ ਸਿੰਘ ਮਹਿਰੋਕ
ਫੋਨ: 91-98885-10185

ਦੀ ਅਗਵਾਈ ਕਰਦੇ ਆਏ ਹਨ। ਨਿੱਤ ਦੇ ਜੀਵਨ ਦੇ ਬੋਲ-ਚਾਲ ਤੇ ਸਮਾਜ ਦੀ ਉਸਾਰ-ਸੰਰਚਨਾ ਵਿਚ ਸਹਾਈ ਹੁੰਦੇ ਆਏ ਇਨ੍ਹਾਂ ਅਖਾਣਾਂ ਦਾ ਮਨੁੱਖ ਨਾਲ ਕਰੀਬੀ ਨਾਤਾ ਰਿਹਾ ਹੈ। ਪੰਜਾਬੀ ਅਖਾਣਾਂ ਦੀ ਮਨੁੱਖ ਨੇ ਰੱਜ ਕੇ ਵਰਤੋਂ ਕੀਤੀ ਹੈ, ਪਰ ਵਿਡੰਬਨਾ ਇਹ ਹੈ ਕਿ ਮਨੁੱਖ ਨੇ ਇਨ੍ਹਾਂ ਨੂੰ ਅਣਡਿੱਠ ਕਰੀ ਰੱਖਿਆ ਹੈ ਤੇ ਇਨ੍ਹਾਂ ਨੂੰ ਸਾਂਭਣ ਦੇ ਕਾਰਜ ਤੋਂ ਘੇਸਲ ਵੀ ਮਾਰੀ ਰੱਖੀ ਹੈ।

ਪੁਸਤਕ ਵਿਚ ਦਰਜ 1001 ਅਖਾਣਾਂ ਵਿਚੋਂ ਦੁਨਿਆਵੀ ਸਿਆਣਪ ਤੇ ਸਦਾਚਾਰਕ ਅਨੁਭਵ/ਮੁੱਲਾਂ ਦੇ ਝਲਕਾਰੇ ਮਿਲਦੇ ਹਨ। ਇਹ ਅਖਾਣ ਉਪਦੇਸ਼ ਯੁਕਤ ਕਥਨ ਹਨ, ਜੋ ਉਮਰਾਂ ਤੱਕ ਲੋਕ ਜੀਵਨ ਵਿਚ ਰਵਾਇਤ ਵਾਂਗ ਪ੍ਰਚਲਿਤ ਰਹੇ ਹਨ। ਇਹ ਕਿਸੇ ਵਿਅਕਤੀ, ਸਮੇਂ/ਮੌਕੇ, ਘਟਨਾ, ਕਾਰਜ, ਪ੍ਰਸੰਗ, ਸਥਾਨ, ਚਲਨ, ਵਰਤਾਰੇ, ਪੜਾਅ, ਸਥਿਤੀ ਆਦਿ ਬਾਰੇ ਨਿਰਣੇਪੂਰਵਕ/ਤਰਕਸੰਗਤ ਰਾਏ ਪੇਸ਼ ਕਰਦੇ ਹਨ।

ਪ੍ਰਿੰ. ਸੇਵਾ ਸਿੰਘ ਕੌੜਾ ਨੇ ਲੋਕ ਅਨੁਭਵ ਦੇ ਰਸੇ ਹੋਏ ਇਨ੍ਹਾਂ ਫਲਾਂ (ਅਖਾਣਾਂ) ਨੂੰ ਗੁਰਮੁਖੀ ਵਰਣਮਾਲਾ ਦੇ ਅੱਖਰ ਕ੍ਰਮ ਅਨੁਸਾਰ ਤਰਤੀਬ ਦੇ ਕੇ ਕਿਤਾਬ ਨੂੰ ਵਿਉਂਤਿਆ ਹੈ। ਇਨ੍ਹਾਂ ਅਖਾਣਾਂ ਵਿਚੋਂ ਇਨ੍ਹਾਂ ਦੇ ਗੁੰਮਨਾਮ ਰਚਨਹਾਰਿਆਂ ਦੀ ਤੀਖਣ ਬੁੱਧੀ ਦੀ ਤੀਬਰਤਾ ਦੇ ਝਲਕਾਰੇ ਤਾਂ ਮਿਲਦੇ ਹੀ ਹਨ, ਨਾਲ ਹੀ ਇਹ ਮਨੁੱਖ ਦੀ ਹਯਾਤੀ ਦੀ ਪਹਿਲੀ ਪਾਠਸ਼ਾਲਾ ਰਹੇ ਹੋਣ ਦਾ ਦਰਜਾ ਹਾਸਲ ਕਰਦੇ ਵੀ ਨਜ਼ਰ ਆਉਂਦੇ ਹਨ।

ਅਖਾਣਾਂ ਦੀ ਚੋਣ ਕਰਦਿਆਂ ਸੰਪਾਦਕ ਨੇ ਅਖਾਣਾਂ ਵਿਚ ਆਉਣ ਵਾਲੇ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ, ਅਰਬੀ, ਫਾਰਸੀ, ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਕਠਿਨ ਸ਼ਬਦਾਂ ਦੇ ਨਿਕਾਸ, ਉਨ੍ਹਾਂ ਦੇ ਅਰਥਾਂ ਅਤੇ ਉਨ੍ਹਾਂ ਦੇ ਬਦਲਦੇ ਅਰਥਾਂ ਆਦਿ ਬਾਰੇ ਜਾਣਕਾਰੀ ਦਿੱਤੀ ਹੈ। ਕਈ ਸ਼ਬਦਾਂ ਦੇ ਤਤਸਮ ਤੇ ਤਦਭਵ ਰੂਪਾਂ ਨੂੰ ਸਪਸ਼ਟ ਕਰਦਿਆਂ ਉਨ੍ਹਾਂ ਦੇ ਰੂਪਾਂਤਰਣ ਬਾਰੇ ਤੇ ਉਨ੍ਹਾਂ ਦੇ ਬਦਲਵੇਂ ਰੂਪ ਵਿਚ ਢਲ ਜਾਣ ਬਾਰੇ ਵੀ ਦੱਸਿਆ ਹੈ। ਸ਼ਬਦ ਦੇ ਸ਼ਾਬਦਿਕ ਅਰਥ ਤੋਂ ਲੈ ਕੇ ਉਸ ਦੇ ਅਖਾਣ ਵਿਚ ਪ੍ਰਯੋਗ ਹੋਣ ਮਗਰੋਂ ਗ੍ਰਹਿਣ ਕੀਤੇ ਨਵੇਂ ਅਰਥਾਂ ਬਾਰੇ ਵੀ ਸੰਪਾਦਕ ਸਪਸ਼ਟ ਰੂਪ ਵਿਚ ਦਰਸਾਉਂਦਾ ਹੈ। ਫਿਰ ਅਖਾਣ ਦੇ ਅਰਥ ਤੇ ਉਸ ਦੀ ਕੀਤੀ ਜਾਂਦੀ ਵਰਤੋਂ ਦੇ ਅਰਥਾਂ ਬਾਰੇ ਸਮਝਾਉਂਦਾ ਹੈ। ਕਿਸੇ ਅਖਾਣ ਦੇ ਅਰਥਾਂ ਨੂੰ ਬਾਰੀਕੀ ਨਾਲ ਸਮਝਾਉਣ ਲਈ ਇਹੀ ਤਰੀਕਾ ਬਿਹਤਰੀਨ ਹੋ ਸਕਦਾ ਹੈ। ਲੋੜ ਅਨੁਸਾਰ ਸੰਪਾਦਕ ਨੇ ਅਖਾਣ ਦੇ ਅਰਥਾਂ ਦੀ ਪ੍ਰਸੰਗਮੂਲਕ ਵਿਆਖਿਆ ਵੀ ਕੀਤੀ ਹੈ, ਜਿਸ ਨਾਲ ਪੁਸਤਕ ਦੇ ਮੁੱਲ ਵਿਚ ਵਾਧਾ ਹੁੰਦਾ ਹੈ।

ਅਖਾਣ ਸਮੁੰਦਰ ਨੂੰ ਕੁੱਜੇ ਵਿਚ ਬੰਦ ਕਰ ਦੇਣ ਜਿਹੀ ਸਮਰੱਥਾ ਰੱਖਦੇ ਹਨ। ਨਿੱਤ ਦੀ ਗੱਲਬਾਤ ਨੂੰ ਇਹ ਵਜ਼ਨਦਾਰ ਤੇ ਤਰਕਸੰਗਤ ਬਣਾਉਂਦੇ ਹਨ ਅਤੇ ਗੱਲ ਕਹਿਣ ਦੇ ਅੰਦਾਜ਼ ਵਿਚ ਸੁਹਜ, ਸਹਿਜ, ਸੰਜਮਤਾ, ਰੌਚਕਤਾ, ਸਵਾਦਲਾਪਨ, ਚਟਪਟਾਪਨ ਆਦਿ ਪੈਦਾ ਕਰਦੇ ਹਨ। ਇਹ ਅਖਾਣ ਮਾਨਵ ਚੇਤਨਾ ਦੇ ਸਹਿਜ ਪ੍ਰਗਟਾਵੇ ਦਾ ਸ਼ਕਤੀਸ਼ਾਲੀ ਮਾਧਿਅਮ ਬਣਦੇ ਹਨ ਅਤੇ ਮਨੁੱਖੀ ਸੁਭਾਅ ਤੇ ਸਭਿਆਚਾਰਕ ਸਮੁੱਚ ਨੂੰ ਪੇਸ਼ ਕਰਦੇ ਹਨ। ਇਹ ਮਨੁੱਖੀ ਆਚਾਰ-ਵਿਹਾਰ ਦਾ ਬੋਧ ਵੀ ਕਰਾਵਾਉਂਦੇ ਹਨ। ਪੁਸਤਕ ਵਿਚ ਦਰਜ ਅਖਾਣਾਂ ਵਿਚੋਂ ਸਾਦਗੀ-ਚਕਾਚੌਂਧ, ਚੁਸਤੀ-ਸੁਸਤੀ, ਚਤੁਰਾਈ-ਮੂਰਖਤਾਈ ਆਦਿ ਬਹੁਤ ਕੁਝ ਝਲਕਦਾ ਨਜ਼ਰ ਆਉਂਦਾ ਹੈ। ਇਸ ਕਿਤਾਬ ਵਿਚਲੇ ਅਖਾਣ ਸਮਾਜਕ ਕਦਰ ਪ੍ਰਣਾਲੀ ਦਾ ਦਰਪਣ ਬਣਦੇ ਹਨ ਤੇ ਹਰੇਕ ਸਮੇਂ ਦੀਆਂ ਸਦੀਵੀ ਸਭਿਆਚਾਰਕ ਕੀਮਤਾਂ ਦਾ ਉਲੇਖ ਕਰਦੇ ਹਨ।




ਇਨ੍ਹਾਂ ਅਖਾਣਾਂ ਵਿਚਲੀਆਂ ਤੱਤ ਰੂਪ ਗੱਲਾਂ ਤੇ ਉਨ੍ਹਾਂ ਵਿਚਲੇ ਸੱਚ ਨੂੰ ਸਮਝਾਉਣ ਲਈ ਪ੍ਰਿੰ. ਕੌੜਾ ਸਫਲ ਯਤਨ ਕਰਦੇ ਹਨ। ਇਹ ਅਖਾਣ ਮਨੁੱਖ ਦਾ ਮਾਰਗ ਦਰਸ਼ਨ ਕਰਦੇ ਹਨ। ਸੰਪਾਦਕ ਇਸ ਗੰਭੀਰ ਅਧਿਐਨ ਰਾਹੀਂ ਅਖਾਣਾਂ ਦੇ ਤੱਤ ਸਾਰ ਨਾਲ ਸਾਂਝ ਪਾਠਕ ਦੀ ਸਾਂਝ ਪੀਡੀ ਕਰਨ ਦਾ ਉਪਰਾਲਾ ਕਰਦਾ ਹੈ। ਸੰਪਾਦਕ ਨੇ ਕਈ ਅਖਾਣਾਂ ਦੇ ਬਿਰਤਾਂਤ ਤੇ ਉਨ੍ਹਾਂ ਵਿਚਲੀ ਕਥਾ ਵਿਚਾਲੇ ਸੰਘਣੀ ਰਚਨਾਤਮਕ ਸਾਂਝ ਦਾ ਜ਼ਿਕਰ ਵੀ ਕੀਤਾ ਹੈ। ਸੰਪਾਦਕ ਦੇ ਇਸ ਖੋਜ ਮੂਲਕ ਅਧਿਐਨ 'ਤੇ ਉਸ ਦੀ ਰਚਨਾਤਮਕ ਪ੍ਰਤਿਭਾ ਅਤੇ ਵਿਸ਼ਲੇਸ਼ਣੀ ਸੂਝ ਦੇ ਪ੍ਰਤੀਫਲ ਵਜੋਂ ਪ੍ਰਗਟ ਹੁੰਦੀ ਇਹ ਪੁਸਤਕ ਲੇਖਕ ਦੀ ਜ਼ਿਕਰਯੋਗ ਪ੍ਰਾਪਤੀ ਬਣਦੀ ਹੈ। ਇਹ ਮੁੱਲਵਾਨ ਖੋਜ ਕਾਰਜ ਪੜ੍ਹਨਯੋਗ, ਮਾਣਨਯੋਗ ਤੇ ਸਾਂਭਣਯੋਗ ਹੈ।

# ਪੰਜਾਬ ਟਾਈਮਜ਼

*ਸਨਿਚਰਵਾਰ, 30 ਮਈ 2020*

## ਸੰਕਟ ਦੀ ਸਵਾਰੀ

ਕਰੋਨਾ ਵਾਇਰਸ ਕਾਰਨ ਪੈਦਾ ਹੋਇਆ ਸੰਕਟ ਅਤੇ ਸਹਿਮ ਹੌਲੀ-ਹੌਲੀ ਕਰਕੇ ਢਲਣਾ ਅਰੰਭ ਹੋ ਗਿਆ ਹੈ। ਮਰੀਜ਼ਾਂ ਅਤੇ ਮੌਤਾਂ ਦੀ ਗਿਣਤੀ ਅਜੇ ਵੀ ਭਾਵੇਂ ਲਗਾਤਾਰ ਵਧ ਰਹੀ ਹੈ, ਪਰ ਇਸ ਬਿਮਾਰੀ ਬਾਰੇ ਮੁਢਲੀ ਜਾਣਕਾਰੀ ਨਾਲ ਲੈਸ ਹੋਏ ਲੋਕ ਹੁਣ ਆਮ ਵਾਂਗ ਵਿਚਰਨ ਨੂੰ ਪਹਿਲ ਦੇ ਰਹੇ ਹਨ। ਇਹ ਤੱਥ ਤਾਂ ਤੈਅ ਹੀ ਹੈ ਕਿ ਇੰਨੇ ਵੱਡੇ ਸੰਕਟ ਪਿਛੋਂ ਹਾਲਾਤ ਆਮ ਵਰਗੇ ਬਣਨ ਵਿਚ ਲੰਮਾ ਸਮਾਂ ਲੱਗੇਗਾ, ਪਰ ਜ਼ਿੰਦਗੀ ਦੇ ਪਹੀਏ ਨੇ ਆਖਰਕਾਰ ਗਿੜਨਾ ਹੀ ਸੀ ਅਤੇ ਸਾਵਧਾਨੀਆਂ ਨਾਲ ਇਹ ਰਫਤਾਰ ਵੀ ਫੜਨ ਲੱਗ ਪਿਆ ਹੈ। ਇਸੇ ਰਫਤਾਰ ਵਿਚੋਂ ਹੀ ਹੁਣ ਸੰਕਟ ਦੀ ਪੁਣ-ਛਾਣ ਅਤੇ ਇਸ ਸੰਕਟ ਦੌਰਾਨ ਸਰਕਾਰਾਂ ਦੀ ਪਹੁੰਚ ਬਾਰੇ ਸਵਾਲ ਵੀ ਉਭਰਨੇ ਸ਼ੁਰੂ ਹੋ ਗਏ ਹਨ। ਇਕ ਤੱਥ ਤਾਂ ਜੱਗ ਜਾਹਰ ਹੈ, ਜਿਥੇ-ਜਿਥੇ ਵੀ ਪ੍ਰਸ਼ਾਸਕੀ ਅਤੇ ਸਿਹਤ ਢਾਂਚਾ ਮਜ਼ਬੂਤ ਸੀ, ਉਥੇ ਹਾਲਾਤ ਇੰਨੇ ਜ਼ਿਆਦਾ ਨਹੀਂ ਵਿਗੜੇ ਜਾਂ ਵਿਗੜ ਰਹੇ ਹਾਲਾਤ ਉਤੇ ਛੇਤੀ ਹੀ ਕਾਬੂ ਪਾ ਲਿਆ ਗਿਆ। ਇਸ ਪ੍ਰਸੰਗ ਵਿਚ ਪੰਜਾਬ ਅਤੇ ਭਾਰਤ ਉਨ੍ਹਾਂ ਖਿਤਿਆਂ ਵਿਚ ਸ਼ੁਮਾਰ ਹੋ ਗਿਆ, ਜਿਥੇ ਇਸ ਸੰਕਟ ਦੇ ਹੱਲ ਲਈ ਬੁਨਿਆਦੀ ਅਤੇ ਕਾਰਗਰ ਕਦਮ ਉਠਾਏ ਨਹੀਂ ਗਏ। ਭਾਰਤ ਵਿਚ ਬਦਇੰਤਜ਼ਾਮੀ ਦੀ ਚਰਚਾ ਹਰ ਪਾਸੇ ਹੋ ਰਹੀ ਹੈ। ਭਾਰਤ ਪਰਵਾਸੀ ਮਜ਼ਦੂਰਾਂ ਦਾ ਮਸਲਾ ਹੱਲ ਕਰਨ ਵਿਚ ਹੀ ਬੁਰੀ ਤਰ੍ਹਾਂ ਨਾਕਾਮ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਰਫ ਚਾਰ ਘੰਟਿਆਂ ਦੀ ਮੋਹਲਤ ਦੇ ਕੇ ਜਿਸ ਤਰ੍ਹਾਂ ਲੋਕਾਂ ਨੂੰ ਸੰਕਟ ਵਲ ਧੱਕਿਆ, ਉਸ ਦਾ ਭਾਰਤ ਸਰਕਾਰ ਕੋਲ ਕੋਈ ਜਵਾਬ ਨਹੀਂ। ਇਸ ਸੰਕਟ ਨਾਲ ਨਜਿੱਠਣ ਲਈ ਵੱਖਰਾ ਫੰਡ ਕਾਇਮ ਕਰਨ ਬਾਰੇ ਵੀ ਮੋਦੀ ਸਰਕਾਰ ਖਾਮੋਸ਼ ਹੈ ਅਤੇ ਇਸ ਫੰਡ ਵਿਚ ਆਈ ਰਕਮ ਅਤੇ ਅਗਾਂਹ ਖਰਚੀ ਗਈ ਰਕਮ ਬਾਰੇ ਕੋਈ ਵੇਰਵੇ ਨਹੀਂ ਦੇ ਰਹੀ। ਇਸੇ ਕਰਕੇ ਹੁਣ ਸਰਕਾਰ ਤੋਂ ਜਵਾਬਦੇਹੀ ਦੀ ਮੰਗ ਕੀਤੀ ਜਾ ਰਹੀ ਹੈ। ਉਂਜ ਵੀ ਇਸ ਸੰਕਟ ਅਤੇ ਇਸ ਦੇ ਹੱਲ ਲਈ ਕੀਤੀਆਂ ਕਾਰਵਾਈਆਂ ਦਾ ਲੇਖਾ-ਜੋਖਾ ਤਾਂ ਹੋਣਾ ਹੀ ਚਾਹੀਦਾ ਹੈ।

ਇਹੀ ਮੀਟਰ ਪੰਜਾਬ ਸਰਕਾਰ ਉਤੇ ਵੀ ਲਾਗੂ ਹੁੰਦਾ ਹੈ। ਤਾਲਾਬੰਦੀ (ਲੌਕਡਾਊਨ) ਅਤੇ ਕਰਫਿਊ ਕਾਰਨ ਜੋ ਹਾਲਾਤ ਬਣੇ ਸਨ, ਲੋਕਾਂ ਨੇ ਉਸ ਨੂੰ ਬੱਧੇ-ਰੁੱਧੇ ਸਵੀਕਾਰ ਕਰ ਲਿਆ ਸੀ ਅਤੇ ਕੁਝ ਕੁ ਘਟਨਾਵਾਂ ਨੂੰ ਛੱਡ ਕੇ ਕਰੀਬ ਸਾਰੇ ਲੋਕਾਂ ਨੇ ਸਰਕਾਰੀ ਫਰਮਾਨਾਂ ਦਾ ਪਾਲਣ ਹੀ ਕੀਤਾ, ਪਰ ਇਸ ਪ੍ਰਸੰਗ ਵਿਚ ਸਰਕਾਰ ਆਪਣੇ ਲਾਮ-ਲਸ਼ਕਰ ਨਾਲ ਜੋ ਕੁਝ ਕਰ ਸਕਦੀ ਸੀ, ਉਸ ਬਾਰੇ ਕੋਈ ਰਣਨੀਤੀ ਨਹੀਂ ਘੜੀ ਗਈ। ਇਸ ਸੰਕਟ ਦੌਰਾਨ ਜੋ ਹਾਲਾਤ ਬਣੇ ਸਨ, ਉਸ ਨਾਲ ਨਸ਼ਿਆਂ ਦੀ ਸਪਲਾਈ ਦਾ ਲੱਕ ਤੋੜਿਆ ਜਾ ਸਕਦਾ ਸੀ, ਪਰ ਇਹ ਮਸਲਾ ਕਦੀ ਵੀ ਸਰਕਾਰ ਦੇ ਏਜੰਡੇ ਉਤੇ ਨਹੀਂ ਰਿਹਾ। ਕਾਰਨ ਸਾਫ ਹੈ। ਨਸ਼ਿਆਂ ਦੇ ਇਸ ਕਥਿਤ ਕਾਰੋਬਾਰ ਵਿਚ ਸਿਆਸਤਦਾਨ, ਪੁਲਿਸ ਵਾਲੇ ਅਤੇ ਤਸਕਰ ਰਲੇ ਹੋਏ ਹਨ। ਪਿਛਲੇ ਕੁਝ ਕੁ ਸਾਲਾਂ ਤੋਂ ਪੰਜਾਬ ਤੋਂ ਵਿਦੇਸ਼ਾਂ ਵਿਚ ਜਾ ਰਹੇ ਨੌਜਵਾਨਾਂ ਦਾ ਮਸਲਾ ਖੂਬ ਚਰਚਾ ਵਿਚ ਰਿਹਾ ਹੈ। ਇਸ ਦੇ ਨਾਲ ਹੀ ਇਹ ਚਰਚਾ ਵੀ ਹੋ ਰਹੀ ਹੈ ਕਿ ਨੌਜਵਾਨਾਂ ਦੇ ਨਾਲ-ਨਾਲ ਪੰਜਾਬ ਦਾ ਸਰਮਾਇਆ ਵਿਦੇਸ਼ਾਂ ਵਿਚ ਜਾ ਰਿਹਾ ਹੈ। ਲੌਕਡਾਊਨ ਨਾਲ ਇਸ ਵਰਤਾਰੇ ਨੂੰ ਕੁਦਰਤੀ ਹੀ ਐਨ ਠੱਲ੍ਹ ਪੈ ਗਈ, ਪਰ ਇਨ੍ਹਾਂ ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ ਲਈ ਸਰਕਾਰ ਨੇ ਅਜੇ ਤਕ ਕੋਈ ਯੋਜਨਾ ਤਿਆਰ ਨਹੀਂ ਕੀਤੀ। ਸਭ ਸਰਵੇਖਣ ਦੱਸਦੇ ਹਨ ਕਿ ਪੰਜਾਬ ਦੇ ਇਸ ਉਜਾੜੇ ਦਾ ਸਭ ਤੋਂ ਵੱਡਾ ਕਾਰਨ ਬੇਰੁਜ਼ਗਾਰੀ ਹੈ; ਫਿਰ ਵੀ ਇਸ ਬਾਰੇ ਸੋਚਣ ਲਈ ਨਾ ਸਰਕਾਰ ਅਤੇ ਨਾ ਹੀ ਵਿਰੋਧੀ ਧਿਰ ਨੇ ਕੋਈ ਪਹਿਲਕਦਮੀ ਕੀਤੀ। ਹੋਰ ਤਾਂ ਹੋਰ ਫਸਲੀ ਵੰਨ-ਸੁਵੰਨਤਾ ਬਾਰੇ ਵੀ ਕੋਈ ਕਦਮ ਨਹੀਂ ਉਠਾਇਆ ਗਿਆ। ਤੱਥ ਸਾਹਮਣੇ ਆ ਰਹੇ ਹਨ ਕਿ ਸੂਬੇ ਅੰਦਰ ਪਾਣੀ ਬਹੁਤ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ। ਝੋਨੇ-ਕਣਕ ਦੇ ਫਸਲੀ ਚੱਕਰ ਦੀ ਥਾਂ ਫਸਲੀ ਵੰਨ-ਸੁਵੰਨਤਾ ਹੀ ਇਸ ਦਾ ਕਾਰਗਰ ਉਪਾਅ ਹੈ, ਪਰ ਇਸ ਮਾਮਲੇ ਵਿਚ ਸਰਕਾਰ ਨੇ ਕੁਝ ਕਰਨਾ ਤਾਂ ਕੀ ਹੈ, ਇਸ ਬਾਰੇ ਪਹਿਲਾਂ ਤਿਆਰ ਰਿਪੋਰਟਾਂ ਪੜ੍ਹੀਆਂ-ਵਿਚਾਰੀਆਂ ਤਕ ਨਹੀਂ ਹਨ। ਸਕੂਲਾਂ ਅਤੇ ਹਸਪਤਾਲਾਂ ਦੇ ਮਾਮਲਿਆਂ ਵਿਚ ਸਰਕਾਰ ਦੀ ਜੋ ਪਹੁੰਚ ਸਾਹਮਣੇ ਆਈ ਹੈ, ਉਸ ਤੋਂ ਸਾਫ ਪਤਾ ਲੱਗਦਾ ਹੈ ਕਿ ਸਰਕਾਰ ਦਾ ਇਸ ਪਾਸੇ ਤੁਰਨ ਦਾ ਕੋਈ ਇਰਾਦਾ ਨਹੀਂ ਹੈ।

ਹਾਂ, ਇਸ ਸੰਕਟ ਦੌਰਾਨ ਚੋਰਾਂ 'ਤੇ ਮੋਰ ਜ਼ਰੂਰ ਪੈ ਗਏ ਹਨ। ਮੋਦੀ ਸਰਕਾਰ, ਜੋ ਸੂਬਿਆਂ ਦੇ ਹੱਕ ਖੋਹਣ ਲਈ ਪਹਿਲਾਂ ਹੀ ਘਾਤ ਲਾ ਕੇ ਬੈਠੀ ਹੈ, ਨੇ ਕਰੋਨਾ ਸੰਕਟ ਦੇ ਬਹਾਨੇ ਅਜਿਹੇ ਬਿੱਲਾਂ ਅਤੇ ਫੈਸਲਿਆਂ ਲਈ ਜ਼ਮੀਨ ਤਿਆਰ ਕਰ ਲਈ ਹੈ, ਜਿਨ੍ਹਾਂ ਨਾਲ ਆਉਣ ਵਾਲੇ ਸਮੇਂ ਅੰਦਰ ਸੂਬਿਆਂ ਦੇ ਹੱਕਾਂ ਉਤੇ ਡਾਕਾ ਪੈਣਾ ਤੈਅ ਹੋ ਗਿਆ ਹੈ। ਖੇਤੀ, ਬਿਜਲੀ ਅਤੇ ਹੋਰ ਅਹਿਮ ਖੇਤਰਾਂ ਬਾਰੇ ਜੋ ਫੈਸਲੇ ਕੀਤੇ ਜਾ ਰਹੇ ਹਨ, ਉਨ੍ਹਾਂ ਨਾਲ ਇਨ੍ਹਾਂ ਖੇਤਰਾਂ ਉਤੇ ਕੇਂਦਰ ਸਰਕਾਰ ਦਾ ਮੁਕੰਮਲ ਕੰਟਰੋਲ ਹੋ ਜਾਵੇਗਾ। ਸਿਤਮਜ਼ਰੀਫੀ ਇਹ ਹੈ ਕਿ ਇਹ ਸਭ ਬਿਨਾ ਹੀਲ-ਹੁੱਜਤ ਨੇਪਰੇ ਚੜ੍ਹ ਰਿਹਾ ਹੈ। ਪਹਿਲਾਂ ਜਿਹੜੇ ਸੂਬੇ ਜਾਂ ਖੇਤਰੀ ਪਾਰਟੀਆਂ ਸੂਬਿਆਂ ਨੂੰ ਵੱਧ ਹੱਕਾਂ ਦੀ ਪੈਰਵਾਈ ਕਰਦੀਆਂ ਸਨ, ਉਹ ਵੀ ਕਿਸੇ ਨਾ ਕਿਸੇ ਕਾਰਨ ਖਾਮੋਸ਼ ਹਨ। ਸਾਫ ਜਾਹਰ ਹੈ ਕਿ ਸਾਡੀਆਂ ਸਰਕਾਰਾਂ ਅਚਾਨਕ ਪਏ ਇਸ ਸੰਕਟ ਉਤੇ ਤਾਂ ਸਵਾਰੀ ਨਹੀਂ ਕਰ ਸਕੀਆਂ ਹਨ, ਜਿਸ ਕਾਰਨ ਆਮ ਲੋਕਾਂ ਨੂੰ ਬਹੁਤ ਔਖੇ ਹਾਲਾਤ ਵਿਚੋਂ ਲੰਘਣਾ ਪਿਆ, ਤੇ ਇਹ ਹੁਣ ਵੀ ਅੰਤਾਂ ਦੇ ਤੰਗ ਹਨ, ਪਰ ਇਨ੍ਹਾਂ ਸਰਕਾਰਾਂ ਨੇ ਆਮ ਲੋਕਾਂ ਉਤੇ ਕਾਠੀ ਪਾਉਣ ਲਈ ਮੈਦਾਨ ਜ਼ਰੂਰ ਤਿਆਰ ਕਰ ਲਿਆ ਹੈ। ਇਸ ਲਈ ਆਉਣ ਵਾਲਾ ਸਮਾਂ ਪਹਿਲਾਂ ਨਾਲੋਂ ਵੀ ਕਰੂਰ ਹੋ ਕੇ ਆਮ ਲੋਕਾਂ ਨੂੰ ਟੱਕਰਨ ਵਾਲਾ ਹੈ। ਇਸ ਸਮੁੱਚੇ ਸੰਕਟ ਦੌਰਾਨ ਵਿਰੋਧੀ ਧਿਰਾਂ ਨਿੱਸਲ ਅਤੇ ਬੇਵੱਸ ਹੋਈਆਂ ਰਹੀਆਂ, ਜਿਸ ਨਾਲ ਜਮਹੂਰੀਅਤ ਉਤੇ ਹੀ ਸਵਾਲੀਆ ਨਿਸ਼ਾਨ ਲੱਗ ਗਿਆ ਜਾਪਦਾ ਹੈ। ਮਜ਼ਬੂਤ ਵਿਰੋਧੀ ਧਿਰ ਬਾਝੋਂ ਜਮਹੂਰੀਅਤ ਦਾ ਕੀ ਮਲਤਬ ਰਹਿ ਜਾਂਦਾ ਹੈ?

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਲੌਕਡਾਊਨ ਦਾ ਭਵਿੱਖ?

'ਕੱਤੀ ਮਈ ਵੀ ਸਿਰਾਂ 'ਤੇ ਆਣ ਢੁੱਕੀ, ਨਵਾਂ ਹੁਕਮ ਕੀ ਹੋਊ ਸਰਕਾਰ ਦਾ ਜੀ।
ਬੰਦਾ ਝੂਰਦਾ ਵਿਚ 'ਪਰਦੇਸ' ਬੈਠਾ, ਘਰੇ ਜਾਣ ਨੂੰ ਰਹੇ ਨਿਹਾਰਦਾ ਜੀ।
ਰੱਖਣ ਆਸ ਕੀ ਓਸ ਤੋਂ ਦੇਸ਼ ਵਾਸੀ, 'ਮਨ ਕੀ ਬਾਤ' ਦੇ ਨਾਲ ਜੋ ਸਾਰਦਾ ਜੀ।
ਸ਼ੱਕੀ ਹੁੰਦਾ ਏ ਪਿੰਡ ਜਾਂ ਸ਼ਹਿਰ ਸਾਰਾ, 'ਪਾਜ਼ੇਟਿਵ' ਜੇ ਇਕ ਬੀਮਾਰ ਦਾ ਜੀ।
ਰਹਿਣਾ ਪਊ 'ਕਰੋਨੇ' ਦੇ ਨਾਲ ਕਿੰਦਾਂ, ਔਖਾ ਬਹੁਤ ਸਵਾਲ ਕੋਈ ਬੁੱਝਦਾ ਨਾ।
'ਲੌਕਡਾਊਨ' ਦਾ ਅੱਗੋਂ ਕੀ ਬਦਲ ਹੋਵੇ, ਹੱਲ ਕੋਈ ਸਰਕਾਰ ਨੂੰ ਸੁੱਝਦਾ ਨਾ!

# ਤਾਲਾਬੰਦੀ ਦੀ ਜਵਾਬਦੇਹੀ ਅਤੇ ਲੇਖਾ-ਜੋਖਾ ਜ਼ਰੂਰੀ

*ਭਾਰਤ ਵਿਚ ਦੋ ਮਹੀਨਿਆਂ ਬਾਅਦ ਲੌਕਡਾਊਨ ਫੇਲ੍ਹ ਹੋ ਗਿਆ ਹੈ। ਅਜੇ ਵੀ ਭਾਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਐਲਾਨੇ ਲੌਕਡਾਊਨ ਦਾ ਚੌਥਾ ਪੜਾਅ ਚਲ ਰਿਹਾ ਹੈ, ਪਰ ਹੁਣ ਲੋਕਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਗਿਆ ਹੈ। ਇਨ੍ਹਾਂ ਦੋ ਮਹੀਨਿਆਂ ਦੌਰਾਨ ਆਮ ਲੋਕਾਂ ਨੇ ਅੰਤਾਂ ਦੇ ਕਸ਼ਟ ਝੱਲੇ, ਪਰ ਸਰਕਾਰ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਹੁਣ 20 ਲੱਖ ਕਰੋੜ ਰੁਪਏ ਦਾ ਜਿਹੜਾ ਪੈਕੇਜ ਐਲਾਨਿਆ ਗਿਆ ਹੈ, ਉਸ ਵਿਚ ਆਮ ਲੋਕਾਂ ਲਈ ਕੁਝ ਵੀ ਨਹੀਂ ਹੈ। ਇਸੇ ਕਰਕੇ ਸੰਸਾਰ ਪ੍ਰਸਿੱਧ ਲੇਖਕਾ ਅਰੁੰਧਤੀ ਰਾਏ ਨੇ ਆਪਣੇ ਇਸ ਲੇਖ ਰਾਹੀਂ ਮੰਗ ਕੀਤੀ ਹੈ ਕਿ ਲੌਕਡਾਊਨ ਦੀ ਜਵਾਬਦੇਹੀ ਕੀਤੀ ਜਾਵੇ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*



**ਅਰੁੰਧਤੀ ਰਾਏ**
**ਅਨੁਵਾਦ : ਬੂਟਾ ਸਿੰਘ**

ਤਾਲਾਬੰਦੀ ਤੋਂ ਬਾਅਦ ਮੈਨੂੰ ਸਭ ਤੋਂ ਜ਼ਿਆਦਾ ਕਿਸ ਚੀਜ਼ ਦੀ ਉਮੀਦ ਹੋਣੀ ਚਾਹੀਦੀ ਹੈ? ਸਭ ਤੋਂ ਪਹਿਲਾਂ ਮੈਨੂੰ ਬਹੁਤ ਬਾਰੀਕੀ ਨਾਲ ਤਿਆਰ ਕੀਤਾ ਗਿਆ ਜਵਾਬਦੇਹੀ ਦਾ ਲੇਖਾ-ਜੋਖਾ ਚਾਹੀਦਾ ਹੈ।

24 ਮਾਰਚ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਰਫ ਚਾਰ ਘੰਟੇ ਦੀ ਮੋਹਲਤ ਦੇ ਕੇ 138 ਕਰੋੜ ਇਨਸਾਨਾਂ ਦੇ ਲਈ ਦੁਨੀਆਂ ਦੇ ਸਭ ਤੋਂ ਕਠੋਰ ਅਤੇ ਸਭ ਤੋਂ ਵੱਧ ਬਦਇੰਤਜ਼ਾਮੀ ਵਾਲੀ ਤਾਲਾਬੰਦੀ ਦਾ ਐਲਾਨ ਕਰ ਦਿੱਤਾ। ਅੱਜ ਦੋ ਮਹੀਨਿਆਂ ਦੀ ਤਾਲਾਬੰਦੀ ਤੋਂ ਬਾਅਦ ਸਭ ਤੋਂ ਗੈਰ-ਭਰੋਸੇਯੋਗ, ਲੇਕਿਨ ਅਧਿਕਾਰਕ ਅੰਕੜਿਆਂ ਦੇ ਅਨੁਸਾਰ ਵੀ ਭਾਰਤ ਵਿਚ ਕੋਵਿਡ-19 ਦੇ ਮਾਮਲੇ ਜੋ ਉਦੋਂ 545 ਸਨ, ਉਹ ਵਧ ਕੇ ਡੇਢ ਲੱਖ ਦਾ ਅੰਕੜਾ ਪਾਰ ਕਰ ਚੁੱਕੇ ਹਨ। ਮੀਡੀਆ ਵਿਚ ਆਈਆਂ ਖਬਰਾਂ ਮੁਤਾਬਿਕ ਪ੍ਰਧਾਨ ਮੰਤਰੀ ਦੀ ਕੋਵਿਡ-19 ਟਾਸਕ ਫੋਰਸ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਤਾਲਾਬੰਦੀ ਇਸ ਕਰਕੇ ਨਾਕਾਮ ਰਹੀ, ਕਿਉਂਕਿ ਉਸ ਨੂੰ ਲਾਗੂ ਕਰਨ ਦਾ ਤਰੀਕਾ ਗਲਤ ਸੀ।

ਚੰਗੇ ਭਾਗਾਂ ਨੂੰ ਬਹੁਗਿਣਤੀ ਮਰੀਜ਼ਾਂ ਵਿਚ ਇਸ ਦੀਆਂ ਅਲਾਮਤਾਂ ਨਜ਼ਰ ਨਹੀਂ ਆਈਆਂ ਅਤੇ ਅਮਰੀਕਾ ਤੇ ਯੂਰਪ ਦੇ ਮੁਕਾਬਲੇ ਬਹੁਤ ਘੱਟ ਲੋਕਾਂ ਨੂੰ ਇਥੇ ਸਿਰੇ ਦੇ ਇਲਾਜ ਦੀ ਜ਼ਰੂਰਤ ਪਈ ਹੈ। ਹਰ ਤਰ੍ਹਾਂ ਦੇ ਫੌਜੀ ਰੂਪਕਾਂ ਦੀ ਵਰਤੋਂ ਕਰਨ, ਦਹਿਸ਼ਤਜ਼ਦਾ ਕਰਨ, ਨਫਰਤ ਫੈਲਾਉਣ ਅਤੇ ਕਲੰਕਿਤ ਕਰਨ ਤੋਂ ਬਾਅਦ ਹੁਣ ਸਾਨੂੰ ਇਹ ਦੱਸਿਆ ਗਿਆ ਹੈ ਕਿ ਤਾਲਾਬੰਦੀ ਵਿਚ ਛੋਟ ਦਿੱਤੀ ਜਾ ਰਹੀ ਹੈ ਅਤੇ ਇਹ ਵੀ ਕਿ ਸਾਨੂੰ ਹੁਣ ਵਾਇਰਸ ਦੇ ਨਾਲ ਜਿਊਣਾ ਸਿੱਖਣਾ ਪਵੇਗਾ।

ਭਾਰਤ ਵਿਚ ਵੈਸੇ ਵੀ ਅਸੀਂ ਬਿਮਾਰੀਆਂ ਨਾਲ ਜਿਊਣਾ ਸਿੱਖਣ ਦੇ ਆਦੀ ਹਾਂ। ਸਰਕਾਰੀ ਅੰਕੜਿਆਂ ਅਨੁਸਾਰ ਹੁਣ ਤਕ 4000 ਤੋਂ ਕੁਝ ਜ਼ਿਆਦਾ ਲੋਕਾਂ ਦੀ ਮੌਤ ਕੋਵਿਡ-19 ਕਾਰਨ ਹੋਈ ਹੈ। ਇਸੇ ਅਰਸੇ ਦੌਰਾਨ (30 ਜਨਵਰੀ ਤੋਂ ਲੈ ਕੇ) ਹੋਰ ਛੂਤਨੁਮਾ ਸਾਹ ਦੀਆਂ ਬਿਮਾਰੀਆਂ, ਟੀਬੀ ਅਤੇ ਹੋਰ ਦਵਾ ਪ੍ਰਤੀਰੋਧੀ ਬਿਮਾਰੀਆਂ ਦੇ ਮੌਜੂਦਾ ਅੰਕੜਿਆਂ ਨੂੰ ਜੋੜ ਲਿਆ ਜਾਵੇ ਤਾਂ ਹੁਣ ਤਕ ਡੇਢ ਲੱਖ ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਚੁੱਕੀ ਹੋਵੇਗੀ ਜਿਨ੍ਹਾਂ ਵਿਚ ਜ਼ਿਆਦਾਤਰ ਗਰੀਬ ਹਨ।

ਬਿਨਾਂ ਕਿਸੇ ਤਿਆਰੀ ਦੇ ਤਾਲਾਬੰਦੀ ਦਾ ਮਤਲਬ ਇਹ ਹੈ ਕਿ ਇਨ੍ਹਾਂ ਦੋ ਮਹੀਨਿਆਂ ਵਿਚ (ਕਸ਼ਮੀਰ ਲਈ ਇਹ 120 ਦਿਨਾਂ ਦੀ ਤਾਲਾਬੰਦੀ ਤੇ ਦਸ ਮਹੀਨੇ ਦੀ ਇੰਟਰਨੈੱਟ ਪਾਬੰਦੀ ਹੈ) ਭਾਰਤ ਨੇ ਬਹੁਤ ਹੀ ਭਿਆਨਕ ਸੁਪਨਾ ਦੇਖਿਆ ਹੈ ਜਿਸ ਵਿਚੋਂ ਪੂਰੀ ਤਰ੍ਹਾਂ ਬਾਹਰ ਆ ਸਕਣਾ ਸ਼ਾਇਦ ਹੀ ਕਦੇ ਸੰਭਵ ਹੋਵੇ। ਇਸ ਸਟੇਟ ਵਿਚ ਤਾਲਾਬੰਦੀ ਤੋਂ ਪਹਿਲੇ 45 ਵਰ੍ਹਿਆਂ ਵਿਚ ਸਭ ਤੋਂ ਜ਼ਿਆਦਾ ਬੇਰੁਜ਼ਗਾਰੀ ਦਰਜ ਕੀਤੀ ਗਈ ਸੀ। ਤਾਲਾਬੰਦੀ ਵਿਚ ਸਾਢੇ ਤੇਰਾਂ ਕਰੋੜ ਲੋਕਾਂ ਦੇ ਬੇਰੁਜ਼ਗਾਰ ਹੋ ਜਾਣ ਦਾ ਅੰਦਾਜ਼ਾ ਹੈ।

ਲੱਖਾਂ ਮਜ਼ਦੂਰ ਬਿਨਾਂ ਅੰਨ-ਪਾਣੀ ਦੇ, ਸਿਰ ਉਪਰ ਬਿਨਾਂ ਛੱਤ ਦੇ, ਬਿਨਾਂ ਕਿਸੇ ਸਹਾਇਤਾ ਦੇ, ਬਿਨਾਂ ਪੈਸੇ ਜਾਂ ਆਵਾਜਾਈ ਸਾਧਨਾਂ ਦੇ ਇੰਤਜ਼ਾਮਾਂ ਦੇ ਸ਼ਹਿਰਾਂ ਵਿਚ ਫਸੇ ਰਹੇ। ਸਦਮੇ ਵਿਚ ਆਏ ਇਨ੍ਹਾਂ ਲੋਕਾਂ ਨੇ ਸ਼ਹਿਰਾਂ ਤੋਂ ਸੈਂਕੜੇ ਮੀਲ ਪੈਦਲ ਚੱਲ ਕੇ ਆਪਣੇ ਪਿੰਡਾਂ ਵੱਲ ਜੋ ਕੂਚ 25 ਮਾਰਚ ਨੂੰ ਸ਼ੁਰੂ ਕੀਤਾ, ਉਹ ਇੰਨੇ ਹਫਤਿਆਂ ਤੋਂ ਬਾਅਦ ਹੁਣ ਹੜ੍ਹ ਦੀ ਸ਼ਕਲ ਅਖਤਿਆਰ ਕਰ ਚੁੱਕਾ ਹੈ।

ਕੁਲ ਮਾਣ-ਤਾਣ ਅਤੇ ਉਮੀਦ ਗਵਾ ਕੇ ਕਦੇ ਖੁਦਦਾਰ ਰਹੇ ਇਹ ਲੋਕ ਸੈਂਕੜੇ ਮੀਲ ਪੈਦਲ, ਸਾਈਕਲਾਂ ਉਪਰ ਅਤੇ ਨਿੱਜੀ ਟਰੱਕਾਂ ਵਿਚ ਗੈਰਕਾਨੂੰਨੀ ਤਰੀਕੇ ਨਾਲ ਤੁੰਨੇ ਹੋਏ ਮਾਲ ਦੀ ਤਰ੍ਹਾਂ ਸਫਰ ਕਰ ਰਹੇ ਹਨ। ਉਹ ਆਪਣੇ ਨਾਲ ਵਾਇਰਸ ਲੈ ਕੇ ਗਏ ਹਨ ਜੋ ਮੁਲਕ ਦੇ ਸਭ ਤੋਂ ਦੂਰ-ਦਰਾਜ ਹਿੱਸਿਆਂ ਵਿਚ ਜੰਗਲ ਦੀ ਅੱਗ ਵਾਂਗ ਫੈਲ ਰਿਹਾ ਹੈ। ਮਾਯੂਸੀ ਭਰੇ ਇਸ ਸਫਰ ਵਿਚ ਕਈ ਲੋਕਾਂ ਨੇ ਭੁੱਖ ਅਤੇ ਥਕਾਵਟ ਨਾਲ ਰਾਸਤੇ ਵਿਚ ਹੀ ਦਮ ਤੋੜ ਦਿੱਤਾ ਜਦਕਿ ਕੁਝ ਹਾਦਸਿਆਂ ਵਿਚ ਮਾਰੇ ਗਏ।



*ਸੜਕਾਂ 'ਤੇ ਤੁਰਦੇ ਹੋਏ ਇਨ੍ਹਾਂ ਲੋਕਾਂ ਨੇ ਪੁਲਿਸ ਦੀ ਵਹਿਸ਼ਤ ਤੋਂ ਬਚਣ ਲਈ ਰੇਲ ਦੀਆਂ ਪਟੜੀਆਂ ਵੱਲ ਰੁਖ ਕੀਤਾ। ਇਕ ਮਾਲਗੱਡੀ ਵਲੋਂ 16 ਲੋਕਾਂ ਨੂੰ ਕੁਚਲ ਦੇਣ ਤੋਂ ਬਾਅਦ ਪੁਲਿਸ ਨੇ ਉਥੇ ਵੀ ਗਸ਼ਤ ਸ਼ੁਰੂ ਕਰ ਦਿੱਤੀ ਹੈ। ਹੁਣ ਲੋਕ ਆਪਣਾ ਸਮਾਨ ਅਤੇ ਨਿੱਕੇ-ਨਿੱਕੇ ਬੱਚਿਆਂ ਨੂੰ ਸਿਰਾਂ ਉਪਰ ਚੁੱਕੀ ਨਦੀ ਨਾਲੇ ਪਾਰ ਕਰ ਰਹੇ ਹਨ।*

ਕੌਮੀ ਰਾਜਮਾਰਗਾਂ ਉਪਰ ਤੁਰਦੇ ਹੋਏ ਇਨ੍ਹਾਂ ਲੋਕਾਂ ਨੇ ਪੁਲਿਸ ਦੀ ਵਹਿਸ਼ਤ ਤੋਂ ਬਚਣ ਲਈ ਰੇਲ ਦੀਆਂ ਪਟੜੀਆਂ ਵੱਲ ਰੁਖ ਕੀਤਾ। ਇਕ ਮਾਲਗੱਡੀ ਵਲੋਂ 16 ਲੋਕਾਂ ਨੂੰ ਕੁਚਲ ਦੇਣ ਤੋਂ ਬਾਅਦ ਪੁਲਿਸ ਨੇ ਉਥੇ ਵੀ ਗਸ਼ਤ ਸ਼ੁਰੂ ਕਰ ਦਿੱਤੀ ਹੈ। ਹੁਣ ਅਸੀਂ ਦੇਖ ਰਹੇ ਹਾਂ ਕਿ ਲੋਕ ਆਪਣਾ ਸਮਾਨ ਅਤੇ ਨਿੱਕੇ-ਨਿੱਕੇ ਬੱਚਿਆਂ ਨੂੰ ਸਿਰਾਂ ਉਪਰ ਚੁੱਕੀ ਨਦੀ ਨਾਲੇ ਪਾਰ ਕਰ ਰਹੇ ਹਨ। ਉਹ ਭੁੱਖ ਅਤੇ ਬੇਰੁਜ਼ਗਾਰੀ ਲੈ ਕੇ ਆਪਣੇ ਘਰਾਂ ਨੂੰ ਜਾ ਰਹੇ ਹਨ।

ਅਸੀਂ ਦੇਖ ਰਹੇ ਹਾਂ ਕਿ ਖਾਣੇ ਲਈ ਭਗਦੜ ਮੱਚੀ ਹੋਈ ਹੈ ਅਤੇ ਹਜ਼ਾਰਾਂ ਦੇ ਝੁੰਡ ਇਸ ਆਸ ਵਿਚ ਬੱਸ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ ਉਪਰ ਜਮ੍ਹਾ ਹੋ ਰਹੇ ਹਨ (ਸਮਾਜਿਕ ਵਿਥ ਮਜ਼ਾਕ ਬਣ ਕੇ ਰਹਿ ਗਈ ਹੈ) ਕਿ ਕਿਸੇ ਤਰ੍ਹਾਂ ਉਨ੍ਹਾਂ ਨੂੰ ਰੇਲ ਗੱਡੀ ਜਾਂ ਬੱਸ ਵਿਚ ਜਗ੍ਹਾ ਮਿਲ ਜਾਵੇ, ਜਿਨ੍ਹਾਂ ਦੀ ਵਿਵਸਥਾ ਸਰਕਾਰ ਵਲੋਂ ਉਲਟੇ ਪਰਵਾਸ ਦਾ ਸੰਕਟ ਸ਼ੁਰੂ ਹੋਣ ਤੋਂ ਹਫਤਿਆਂ ਬਾਅਦ ਸ਼ੁਰੂ ਕੀਤੀ ਗਈ। ਹਾਲ ਦੀ ਘੜੀ, ਇਸ ਭਿਆਨਕਤਾ ਦੇ ਪੱਧਰ ਬਾਰੇ ਸਾਨੂੰ ਮੋਟਾ ਅੰਦਾਜ਼ਾ ਹੀ ਹੈ। ਅਸੀਂ ਨਹੀਂ ਜਾਣਦੇ ਕਿ ਇਸ ਦੀ ਡੂੰਘਾਈ ਅਤੇ ਬਣਤੀ ਕਿਹੋ ਜਿਹੀ ਹੈ।

ਰਾਸ਼ਟਰ ਦੇ ਨਾਂ ਆਪਣੇ ਕਈ ਸੰਦੇਸ਼ਾਂ ਵਿਚ ਮੋਦੀ ਨੇ ਸਿਰਫ ਇਕ ਵਾਰ ਇਸ ਉਜਾੜੇ ਅਤੇ ਪਲਾਇਨ ਦਾ ਜ਼ਿਕਰ ਕੀਤਾ, ਉਸ ਉਪਰ ਵੀ ਤਪੱਸਿਆ ਅਤੇ ਤਿਆਗ ਦੀਆਂ ਹਿੰਦੂ ਮਾਨਤਾਵਾਂ ਦਾ ਮੁਲੰਮਾ ਚਾੜ੍ਹ ਕੇ ਆਸੇ-ਪਾਸੇ ਘੁੰਮਾ ਦਿੱਤਾ ਗਿਆ।

ਇਸ ਦਰਮਿਆਨ, ਬਹੁ-ਪ੍ਰਚਾਰੇ 'ਆਪਰੇਸ਼ਨ ਬੰਦੇ ਭਾਰਤ' ਤਹਿਤ ਵਿਦੇਸ਼ਾਂ ਵਿਚ ਫਸੇ ਭਾਰਤੀਆਂ ਨੂੰ ਬਾਕਾਇਦਾ ਵਾਪਸ ਲਿਆਂਦਾ ਗਿਆ। ਆਪਣੀ ਜ਼ਿੰਦਗੀ ਵਿਚ ਸਮਾਜਿਕ ਵਿਥ ਦਾ ਵੈਸੇ ਵੀ ਪਾਲਣ ਕਰਨ ਵਾਲੇ ਹਵਾਈ ਜਹਾਜ਼ ਵਿਚ ਸਫਰ ਕਰਨ ਵਾਲੇ ਤਬਕੇ ਨੂੰ ਯਕੀਨ ਦਿਵਾਇਆ ਗਿਆ ਕਿ ਭਵਿਖ ਵਿਚ ਉਨ੍ਹਾਂ ਦੇ ਸਫਰ ਨੂੰ ਮਹਿਫੂਜ਼ ਬਣਾਉਣ ਦੇ ਲਈ ਕਿੰਨਾ ਕੁਝ ਕੀਤਾ ਜਾ ਰਿਹਾ ਹੈ। ਟੀਵੀ ਰਿਪੋਰਟਾਂ ਵਿਚ ਦੱਸਿਆ ਜਾ ਰਿਹਾ ਹੈ ਕਿ ਹਵਾਈ ਅੱਡੇ ਅਤੇ ਹਵਾਈ ਜਹਾਜ਼ਾਂ ਵਿਚ ਸੈਨੀਟਾਈਜੇਸ਼ਨ ਦੇ ਪ੍ਰੋਟੋਕੋਲ ਕਿੰਨੇ ਵਿਸ਼ਾਲ ਹਨ।

ਕੋਵਿਡ-19 ਦੇ ਦੌਰ ਵਿਚ ਇਕ ਵਰਗ ਉਪਰ ਐਨਾ ਧਿਆਨ ਦੇਣਾ ਅਤੇ ਦੂਜੇ ਦੇ ਪ੍ਰਤੀ ਐਨੀ ਜ਼ਾਹਰਾ ਕਰੂਰਤਾ ਦਾ ਅਰਥ ਸਿਰਫ ਤਦ ਹੀ ਬਣਦਾ ਹੈ, ਜਦ ਭਵਿਖ ਵਿਚ ਭਾਰਤ ਦੇ ਉਡਣ ਵਾਲੇ ਤਬਕੇ ਅਤੇ ਪੈਦਲ ਚੱਲਣ ਵਾਲੇ ਤਬਕੇ ਨੂੰ ਇਕ ਦੂਜੇ ਤੋਂ ਪੂਰੀ ਤਰ੍ਹਾਂ ਜੁਦਾ ਕਰ ਦਿੱਤਾ ਜਾਵੇ ਤਾਂ ਜੋ ਦੋਨੋਂ ਮੁਸ਼ਕਿਲ ਨਾਲ ਹੀ ਕਦੀ ਆਹਮੋ-ਸਾਹਮਣੇ ਹੋ ਸਕਣ। ਅਸੀਂ ਸਦੀਆਂ ਤੋਂ ਹੀ 'ਛੂਆਛਾਤ' - 'ਨਸਲੀ ਵਿਤਕਰੇ' ਦੇ ਨਾਲ ਜਿਊਂਦੇ ਆ ਰਹੇ ਹਾਂ। ਹੁਣ ਧਾਰਮਿਕ ਵਿਤਕਰੇ ਦੀ ਤਿਆਰੀ ਕਾਫੀ ਤੇਜ਼ੀ ਨਾਲ ਸ਼ੁਰੂ ਹੋ ਚੁੱਕੀ ਹੈ।

ਹੁਣ ਸਾਡੇ ਕੋਲ ਇਕ ਨਵਾਂ ਮੁਸਲਿਮ ਵਿਰੋਧੀ ਨਾਗਰਿਕਤਾ ਕਾਨੂੰਨ ਹੈ ਅਤੇ ਇਕ ਨਵੇਂ ਨਾਗਰਿਕਤਾ ਰਜਿਸਟਰ ਉਪਰ ਵੀ ਕੰਮ ਜਾਰੀ ਹੈ। ਜਿਨ੍ਹਾਂ ਲੋਕਾਂ ਨੇ ਇਸ ਦਾ ਵਿਰੋਧ ਕੀਤਾ ਹੈ, ਉਨ੍ਹਾਂ ਵਿਚੋਂ ਜ਼ਿਆਦਾਤਰ ਮੁਸਲਮਾਨ ਹਨ, ਉਨ੍ਹਾਂ ਨੂੰ ਗੈਰ-ਜ਼ਮਾਨਤੀ ਕਾਨੂੰਨਾਂ ਤਹਿਤ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਮੁਸਲਿਮ ਰਿਹਾਇਸ਼ੀ ਖੁੱਡੇ ਅਤੇ ਵਿਸ਼ਾਲ ਹਿਰਾਸਤ ਕੇਂਦਰ ਤਾਂ ਪਹਿਲਾਂ ਹੀ ਭਾਰਤ ਵਿਚ ਮੌਜੂਦ ਸਨ। ਹੁਣ ਜਮਾਤੀ ਵਿਤਕਰੇ ਦਾ ਵੀ ਅਸੀਂ ਸਵਾਗਤ ਕਰ ਸਕਦੇ ਹਾਂ। ਹੁਣ ਛੂਆਛਾਤ ਦਾ ਯੁਗ ਹੈ, ਜਿਥੇ ਇਕ ਜਮਾਤ ਦੇ ਲੋਕਾਂ ਦੇ ਜਿਸਮ ਨੂੰ ਦੂਜੀ ਜਮਾਤ ਦੇ ਲਈ ਜੈਵਿਕ ਖਤਰੇ ਦੇ ਰੂਪ ਵਿਚ ਦੇਖਿਆ ਜਾਵੇਗਾ।

ਜੈਵਿਕ ਖਤਰਾ ਮੰਨੇ ਜਾ ਰਹੇ ਇਨ੍ਹਾਂ ਜਿਸਮਾਂ ਦਾ ਕੰਮ ਹੋਵੇਗਾ ਕਿਰਤ ਕਰਨਾ, ਉਹ ਵੀ ਖਤਰਨਾਕ ਹਾਲਾਤ ਵਿਚ, ਜਿੱਥੇ ਉਨ੍ਹਾਂ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਤਬਕੇ ਵਰਗੀ ਸੁਰੱਖਿਆ ਮੁਹੱਈਆ ਨਹੀਂ ਹੋਵੇਗੀ। ਇਨ੍ਹਾਂ ਦੋਨਾਂ ਤਬਕਿਆਂ ਦਰਮਿਆਨ ਪੁਲ ਵਾਂਗ ਕੰਮ ਕਰਨ ਵਾਲੀ ਸਰਵਿਸ ਕਲਾਸ ਨੂੰ ਜਿੰਨਾ ਸੰਭਵ ਹੋਵੇਗਾ, ਹਟਾ ਕੇ ਉਨ੍ਹਾਂ ਦੀ ਜਗ੍ਹਾ ਮਹਿਫੂਜ਼ ਮਸ਼ੀਨਾਂ ਲਗਾ ਦਿੱਤੀਆਂ ਜਾਣਗੀਆਂ। ਸਵਾਲ ਪੈਦਾ ਹੁੰਦਾ ਹੈ ਕਿ ਜੋ ਵਾਧੂ ਮਿਹਨਤਕਸ਼ ਆਬਾਦੀ ਬਚੇਗੀ, ਜੋ ਨਾ ਸਿਰਫ ਭਾਰਤ ਵਿਚ ਸਗੋਂ ਕੁਲ ਆਲਮ ਵਿਚ ਬਹੁਗਿਣਤੀ ਹੈ, ਉਸ ਦਾ ਕੀ ਬਣੇਗਾ? ਇਸ ਮਹਾਂਵਿਨਾਸ਼ ਦੇ ਲਈ ਕਿਸ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

ਸਾਡੇ ਲਈ ਜ਼ਰੂਰੀ ਹੈ ਕਿ ਕੋਵਿਡ-19 ਉਪਰ ਮੁਕੱਦਮਾ ਚਲਾਇਆ ਜਾਵੇ। ਘੱਟੋ-ਘੱਟ ਕਿਸੇ ਕੌਮਾਂਤਰੀ ਅਦਾਲਤ ਵਿਚ। ਤਾਲਾਬੰਦੀ ਖਤਮ ਹੋਣ ਤੋਂ ਬਾਅਦ ਇਹ ਮੇਰੀ ਦਿਲੀ ਖਾਹਸ਼ ਹੈ।

*('ਫਾਇਨਾਂਸ਼ਲ ਟਾਈਮਜ਼' ਤੋਂ ਧੰਨਵਾਦ ਸਹਿਤ)*

# ਮਹਾਮਾਰੀ ਨਾਲ ਜਿਉਣ ਦੇ ਮਾਇਨੇ

***ਭਾਰਤ ਦੀ ਨਰਿੰਦਰ ਮੋਦੀ ਸਰਕਾਰ ਹੁਣ ਲੋਕਾਂ ਨੂੰ ਕਰੋਨਾ ਵਾਇਰਸ ਨਾਲ ਜਿਊਣ ਦੀਆਂ ਨਸੀਹਤਾਂ ਦੇਣ ਲੱਗ ਪਈ ਹੈ। ਇਨ੍ਹਾਂ ਨਸੀਹਤਾਂ ਦੇ ਮੱਦੇਨਜ਼ਰ ਹੁਣ ਲੋਕਾਂ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ ਕਿ ਅਣਮਨੁੱਖੀ ਹਾਲਾਤ ਵਿਚ ਅਤੇ ਜਾਬਰ ਰਾਜ ਹੇਠ ਮਨ ਮਾਰ ਕੇ ਜਿਉਣ ਦੀ ਆਦਤ ਪੱਕੀ ਕਰਨੀ ਹੈ ਅਤੇ ਬ੍ਰਾਹਮਣਵਾਦ ਦੇ ਬੋਲਬਾਲੇ ਵਾਲਾ 'ਸੁਨਹਿਰੀ ਯੁਗ' ਵਾਪਸ ਲਿਆਂਦੇ ਜਾਣ ਨੂੰ ਮੂਕ ਦਰਸ਼ਕ ਬਣ ਕੇ ਦੇਖਦੇ ਰਹਿਣਾ ਹੈ, ਜਾਂ ਫਿਰ ਮਨੁੱਖੀ ਮਾਣ-ਸਨਮਾਨ ਵਾਲੀ ਜ਼ਿੰਦਗੀ ਦੀ ਜ਼ਾਮਨੀ ਦੇਣ ਵਾਲੇ ਬਦਲਵੇਂ ਪ੍ਰਬੰਧ ਲਈ ਕਮਰਕੱਸੇ ਕਰਨੇ ਹਨ।***



**ਬੂਟਾ ਸਿੰਘ**
ਫੋਨ: +91-94634-74342

ਭਾਰਤ ਵਿਚ ਆਰ.ਐਸ.ਐਸ.-ਭਾਜਪਾ ਸਰਕਾਰ ਵੱਲੋਂ ਮਹਾਮਾਰੀ ਰੋਕਣ ਲਈ ਪੂਰੇ ਮੁਲਕ ਉਪਰ ਥੋਪੀ ਤਾਲਾਬੰਦੀ ਪੂਰੀ ਤਰ੍ਹਾਂ ਅਸਫਲ ਸਾਬਤ ਹੋਈ ਹੈ। ਤਾਲਾਬੰਦੀ ਕੀਤੇ ਜਾਣ ਸਮੇਂ ਭਾਰਤ ਵਿਚ ਕਰੋਨਾ ਪਾਜ਼ੇਟਿਵ ਕੇਸਾਂ ਦੀ ਗਿਣਤੀ 600 ਤੋਂ ਘੱਟ ਸੀ, ਜੋ ਹੁਣ ਡੇਢ ਲੱਖ ਹੋ ਚੁੱਕੀ ਹੈ। ਰੋਜ਼ਾਨਾ 6000 ਤੋਂ ਉਪਰ ਨਵੇਂ ਕੇਸ ਸਾਹਮਣੇ ਆ ਰਹੇ ਹਨ। ਵੱਡੇ ਪੱਧਰ 'ਤੇ ਟੈਸਟਾਂ ਦੀ ਅਣਹੋਂਦ 'ਚ ਇਹ ਅੰਕੜੇ ਵੀ ਪੂਰੀ ਤਸਵੀਰ ਪੇਸ਼ ਨਹੀਂ ਕਰਦੇ। ਬੇਕਾਰੀ, ਭੁੱਖਮਰੀ, ਮੰਦਹਾਲੀ ਅਤੇ ਸਟੇਟ ਦੀ ਬਦਇੰਤਜ਼ਾਮੀ ਤੋਂ ਸਹਿਮੇ ਪਰਵਾਸੀ ਆਪਣੇ ਘਰਾਂ ਨੂੰ ਵਾਪਸ ਜਾਣ ਲਈ ਮਜਬੂਰ ਹਨ, ਉਹਨਾਂ ਦੇ ਨਾਲ ਵਾਇਰਸ ਵੀ 'ਪਰਵਾਸ' ਕਰ ਰਿਹਾ ਹੈ। ਬਿਹਾਰ, ਝਾਰਖੰਡ ਵਿਚ ਕਰੋਨਾ ਦੇ ਕੇਸ ਤੇਜ਼ੀ ਨਾਲ ਵਧ ਰਹੇ ਹਨ। 'ਕਰੋਨਾ ਜਹਾਦ' ਦੇ ਬਹਾਨੇ ਮੁਸਲਿਮ ਫਿਰਕੇ ਨੂੰ ਬਦਨਾਮ ਕਰਨ ਦੀ ਫੂਕ ਤਾਂ ਪਹਿਲਾਂ ਹੀ ਨਿਕਲ ਚੁੱਕੀ ਸੀ, ਹੁਣ ਸੱਤਾਧਾਰੀ ਸੰਘ ਬ੍ਰਿਗੇਡ ਤਾਲਾਬੰਦੀ ਦੇ ਬਰਬਾਦ ਕੀਤੇ ਪਰਵਾਸੀ ਮਜ਼ਦੂਰਾਂ ਨੂੰ ਕਿਸ 'ਜਹਾਦ' ਦੇ ਖਾਤੇ ਪਾਵੇ? ਤਿੰਨ ਮੁਸਲਿਮ ਮੁਲਕਾਂ ਦੇ 'ਸਤਾਏ ਹੋਏ ਹਿੰਦੂਆਂ' ਨੂੰ ਨਾਗਰਿਕਤਾ ਦੇਣ ਲਈ ਘੱਟਗਿਣਤੀਆਂ ਨੂੰ ਦਰੜਨ ਵਾਲੇ ਭਗਵੇਂ ਹੁਕਮਰਾਨ ਸੜਕਾਂ, ਰੇਲ ਪਟੜੀਆਂ ਉਪਰ ਰੁਲ ਰਹੇ 'ਹਿੰਦੂਆਂ' ਨੂੰ ਘਰਾਂ ਵਿਚ ਜਾਣ ਲਈ ਟਰਾਂਸਪੋਰਟ ਵੀ ਮੁਹੱਈਆ ਨਹੀਂ ਕਰਵਾ ਸਕੇ। ਪੈਦਾ ਹੋਏ ਹਾਲਾਤ ਨਾਲ ਨਜਿੱਠਣ ਲਈ ਮੁਜਰਮਾਨਾ ਬਦਇੰਤਜ਼ਾਮੀ ਅਤੇ ਫੌਰੀ ਨਗਦ ਰਾਹਤ ਦੀ ਬਜਾਏ ਖੋਖਲੇ ਰਾਹਤ ਪੈਕੇਜਾਂ ਦੀ ਗੈਰਵਿਹਾਰਕਤਾ ਹਰ ਕਿਸੇ ਨੂੰ ਸਪਸ਼ਟ ਹੈ। ਇਹਨਾਂ ਸਵਾਲਾਂ ਦਾ ਜਵਾਬ ਦੇਣ ਦੀ ਬਜਾਏ ਤਾਲਾਬੰਦੀ ਨੂੰ ਪੜਾਅਵਾਰ ਖੋਲ੍ਹੇ ਜਾਣ ਦੌਰਾਨ 'ਕਰੋਨਾ ਨਾਲ ਜਿਊਣਾ ਸਿੱਖਣ' ਦੀਆਂ ਨਸੀਹਤਾਂ ਸੁਣਨ ਨੂੰ ਮਿਲ ਰਹੀਆਂ ਹਨ। ਸੰਸਾਰ ਸਿਹਤ ਸੰਸਥਾ ਦੇ ਮੁਖੀ ਦੀ ਤਰਜ਼ 'ਤੇ ਭਾਰਤੀ ਹੁਕਮਰਾਨਾਂ ਕੋਲ ਵੀ ਅਵਾਮ ਨੂੰ 'ਕਰੋਨਾ ਨਾਲ ਜਿਊਣਾ ਸਿੱਖਣ' ਦੀਆਂ ਨਸੀਹਤਾਂ ਅਤੇ ਲਿਫਾਫਾ-ਪੈਕੇਜਾਂ ਤੋਂ ਸਿਵਾਏ ਦੇਣ ਲਈ ਕੁਝ ਨਹੀਂ ਹੈ। 'ਵਿਸ਼ਵ ਗੁਰੂ' ਦਾ ਸੁਪਨਾ 'ਸਵੈਨਿਰਭਰ ਹੋਣ ਦੀ ਲੋੜ' ਵਿਚ ਅਤੇ '21 ਦਿਨਾਂ ਵਿਚ ਕਰੋਨਾ ਵਿਰੁੱਧ ਯੁੱਧ ਜਿੱਤ ਲੈਣ' ਦਾ ਮੋਦੀ ਦਾ ਦਾਅਵਾ 'ਕਰੋਨਾ ਨਾਲ ਜਿਊਣਾ ਸਿੱਖਣ' ਦੀ ਨਸੀਹਤ ਵਿਚ ਬਦਲ ਗਿਆ ਹੈ।

ਨਸੀਹਤਾਂ ਦੇ ਸਹਾਰੇ ਹੁਕਮਰਾਨ ਧਿਰ ਸ਼ਾਸ਼ਨ ਦੀ ਅਸਫਲਤਾ ਅਤੇ ਜਵਾਬਦੇਹੀ ਤੋਂ ਨਹੀਂ ਬਚ ਸਕਦੀ। ਕਿਉਂਕਿ ਮਹਾਮਾਰੀ ਨੂੰ ਰੋਕਣ ਦੇ ਇਸ ਕਥਿਤ ਉਪਾਅ ਨੇ ਕਰੋੜਾਂ ਲੋਕਾਂ ਦੀ ਰੋਟੀ-ਰੋਜ਼ੀ ਖੋਹ ਕੇ ਉਹਨਾਂ ਨੂੰ ਖੌਫ, ਸਹਿਮ, ਅਸੁਰੱਖਿਆ ਅਤੇ ਬੇਵਸੀ ਦੀ ਐਸੀ ਹਾਲਤ ਵਿਚ ਧੱਕ ਦਿੱਤਾ ਹੈ ਜਿੱਥੇ ਉਹਨਾਂ ਨੂੰ ਕਿਸੇ ਵੀ ਤਰੀਕੇ ਅਤੇ ਕਿਸੇ ਵੀ ਕੀਮਤ 'ਤੇ ਆਪਣੇ ਘਰਾਂ ਨੂੰ ਵਾਪਸ ਚਲੇ ਜਾਣ ਤੋਂ ਸਿਵਾਏ ਹੋਰ ਕੋਈ ਢੋਈ ਨਜ਼ਰ ਨਹੀਂ ਆ ਰਹੀ। ਸਰਕਾਰਾਂ ਉਹਨਾਂ ਨੂੰ ਪਹਿਲਾਂ ਵੀ ਕੁਝ ਨਹੀਂ ਸੀ ਦੇ ਰਹੀਆਂ, ਤਾਲਾਬੰਦੀ ਨੇ ਉਹਨਾਂ ਦੇ ਆਪਣੇ ਉਦਮ ਨਾਲ ਦਿਨ-ਕਟੀ ਕਰਨ ਦੇ ਸਾਧਨ ਵੀ ਖੋਹ ਲਏ। ਦੋ ਮਹੀਨੇ ਬਾਅਦ ਵੀ ਉਹਨਾਂ ਲਈ ਢੁੱਕਵੀਂ ਟਰਾਂਸਪੋਰਟ ਦੀ ਵਿਵਸਥਾ ਨਹੀਂ ਕੀਤੀ ਗਈ; ਹਾਲਾਂਕਿ ਰੇਲਵੇ ਕੋਲ ਰੋਜ਼ਾਨਾ 19000 ਯਾਤਰੀ ਗੱਡੀਆਂ ਚਲਾਉਣ ਦੀ ਸਮਰੱਥਾ ਹੈ ਅਤੇ ਵਿੱਥ ਰੱਖ ਕੇ ਇਕ ਗੱਡੀ ਵਿਚ 1200 ਯਾਤਰੀਆਂ ਦੇ ਹਿਸਾਬ ਨਾਲ ਘੱਟੋ-ਘੱਟ ਢਾਈ ਕਰੋੜ ਲੋਕਾਂ ਨੂੰ ਰੋਜ਼ਾਨਾ ਵਾਪਸ ਭੇਜਿਆ ਜਾ ਸਕਦਾ ਸੀ। ਇਸ ਦੀ ਬਜਾਏ, ਰੇਲਾਂ ਉਕਾ ਹੀ ਬੰਦ ਕਰ ਦਿੱਤੀਆਂ ਗਈਆਂ। ਹੁਣ ਜਦ ਚਲਾਈਆਂ ਹਨ ਤਾਂ ਉਹਨਾਂ ਤੋਂ ਬੇਤਹਾਸ਼ਾ ਕਿਰਾਇਆ ਵਸੂਲਿਆ ਜਾ ਰਿਹਾ ਹੈ। ਉਹ ਕਈ-ਕਈ ਦਿਨ ਰੇਲਾਂ ਉਡੀਕਦੇ ਸਟੇਸ਼ਨਾਂ ਜਾਂ ਜਨਤਕ ਥਾਵਾਂ ਉਪਰ ਰੁਲ ਰਹੇ ਹਨ ਜਾਂ ਹਜ਼ਾਰਾਂ ਰੁਪਏ ਦਾ ਜੁਗਾੜ ਕਰਕੇ ਵਾਹਨ ਕਿਰਾਏ 'ਤੇ ਲੈ ਕੇ ਵਾਪਸ ਜਾ ਰਹੇ ਹਨ। ਉਹ ਆਪਣਾ 'ਦੇਸ' ਛੱਡ ਕੇ ਮਹਾਂਨਗਰਾਂ ਵਿਚ ਭਵਿਖ ਸੰਵਾਰਨ ਲਈ ਆਏ ਸਨ, ਹੁਣ ਉਹਨਾਂ ਨੂੰ ਉਸ ਤੋਂ ਵੀ ਭੈੜੀ ਗੁਰਬਤ ਦੇ ਮੂੰਹ ਵਿਚ ਵਾਪਸ ਉਹਨਾਂ ਦੇ ਪਿੰਡਾਂ ਵੱਲ ਧੱਕਿਆ ਜਾ ਰਿਹਾ ਹੈ। ਭੁੱਖਮਰੀ, ਬੇਕਾਰੀ, ਗੁਰਬਤ, ਇਲਾਜਯੋਗ ਬਿਮਾਰੀਆਂ ਅਤੇ ਪਿੰਡਾਂ ਦੇ ਭੂਮੀਪਤੀਆਂ ਅਤੇ ਸ਼ਾਹੂਕਾਰਾਂ ਦਾ ਦੈਂਤ ਉਹਨਾਂ ਨੂੰ ਨਿਗਲਣ ਲਈ ਉਡੀਕ ਰਿਹਾ ਹੈ। ਹੋਰ ਸਮੱਸਿਆਵਾਂ ਦੇ ਨਾਲ-ਨਾਲ ਔਰਤਾਂ ਨਾਲ ਵਿਤਕਰੇ ਅਤੇ ਜਾਤਪਾਤੀ ਧੌਂਸ ਦਾ ਵਧਣਾ ਤੈਅ ਹੈ। ਨੋਟਬੰਦੀ, ਜੀ.ਐਸ.ਟੀ. ਆਦਿ 'ਮਾਸਟਰ ਸਟਰੋਕ' ਦੇ ਬਰਬਾਦ ਕੀਤੇ ਮਾਈਕਰੋ, ਛੋਟੇ ਅਤੇ ਦਰਮਿਆਨੇ ਕਾਰੋਬਾਰ ਹੋਰ ਜ਼ਿਆਦਾ ਤਬਾਹ ਹੋ ਗਏ ਹਨ। ਪਿਛਲੇ ਛੇ ਮਹੀਨਿਆਂ ਵਿਚ 14 ਕਰੋੜ ਲੋਕਾਂ ਦਾ ਰੁਜ਼ਗਾਰ ਖੁੱਸ ਗਿਆ। ਖੇਤੀ ਖੇਤਰ ਪਹਿਲਾਂ ਹੀ ਬੇਤਹਾਸ਼ਾ ਸੰਕਟਗ੍ਰਸਤ ਹੈ, ਉਸ ਉਪਰ ਪਰਵਾਸੀਆਂ ਦੇ ਜਾਣ ਨਾਲ ਰੁਜ਼ਗਾਰ ਦਾ ਬੋਝ ਹੋਰ ਵਧੇਗਾ। 7 ਕਰੋੜ ਦੇ ਕਰੀਬ ਮਾਈਕਰੋ ਅਤੇ ਛੋਟੇ ਕਾਰੋਬਾਰਾਂ ਅਤੇ ਕਿਰਤੀਆਂ ਨੂੰ 'ਜਿਊਣਾ ਸਿੱਖਣ' ਦੀ ਅਗਨੀ-ਪ੍ਰੀਖਿਆ ਵਿਚ ਪਾਇਆ ਜਾ ਰਿਹਾ ਹੈ। 20 ਲੱਖ ਕਰੋੜ ਦੇ ਪੈਕੇਜ ਜ਼ਿਆਦਾਤਰ 'ਲੋਨ ਮੇਲਾ' ਹਨ, ਜਦਕਿ ਮੰਦੇਹਾਲ ਕਾਰੋਬਾਰਾਂ ਨੂੰ ਨਗਦ ਸਹਾਇਤਾ ਦੀ ਲੋੜ ਹੈ। ਮਨਰੇਗਾ ਅਤੇ ਕੁਝ ਹੋਰ ਪੁਰਾਣੀਆਂ ਸਕੀਮਾਂ ਦੇ ਬਜਟ ਐਲਾਨਾਂ ਨੂੰ ਹੀ ਨਵੇਂ ਪੈਕੇਜਾਂ ਵਿਚ ਦਿਖਾ ਦਿੱਤਾ ਗਿਆ ਹੈ ਅਤੇ ਇਹਨਾਂ ਵਿਚ ਕੁਝ ਹਜ਼ਾਰ ਕਰੋੜ ਹੀ ਨਵੇਂ ਫੰਡ ਜਾਰੀ ਕੀਤੇ ਗਏ ਹਨ ਜੋ ਅਵਾਮ ਦੀ ਖਰੀਦ ਸ਼ਕਤੀ ਬਣਾ ਸਕਦੇ ਹਨ।

ਸਭ ਤੋਂ ਵੱਡਾ ਸੰਕਟ ਆਮ ਬਿਮਾਰੀਆਂ ਦੇ ਇਲਾਜ ਦਾ ਹੈ। ਹਰ ਮਹੀਨੇ 21600 ਬੱਚੇ (ਰੋਜ਼ਾਨਾ 720 ਬੱਚੇ) ਟੱਟੀਆਂ-ਉਲਟੀਆਂ ਜਾਂ ਨਮੂਨੀਏ ਕਾਰਨ ਦਮ ਤੋੜ ਦਿੰਦੇ ਹਨ। ਤਾਲਾਬੰਦੀ ਤੋਂ ਲੈ ਕੇ ਆਗਰਾ ਵਿਚ 145 ਤਪਦਿਕ ਮਰੀਜ਼ ਬਿਨਾਂ ਇਲਾਜ ਮੌਤ ਦੇ ਮੂੰਹ 'ਚ ਜਾ ਪਏ। ਦਹਿ-ਹਜ਼ਾਰਾਂ ਲੋਕ ਹੋਰ ਬਿਮਾਰੀਆਂ ਅਤੇ ਸੜਕੀ ਹਾਦਸਿਆਂ ਨੇ ਨਿਗਲ ਲਏ। ਉਹਨਾਂ ਦੀ ਕੋਈ ਗਿਣਤੀ ਨਹੀਂ ਕਿਉਂਕਿ ਅੰਕੜੇ ਸਿਰਫ ਕਰੋਨਾ ਵਾਇਰਸ ਨਾਲ ਮੌਤਾਂ ਦੇ ਜਾਰੀ ਕੀਤੇ ਜਾਂਦੇ ਹਨ। ਭਾਰਤ ਦੇ ਅਵਾਮ ਸੱਤ ਦਹਾਕਿਆਂ ਤੋਂ 'ਆਜ਼ਾਦ' ਭਾਰਤ ਵਿਚ ਮਲੇਰੀਆ, ਟੀਬੀ, ਕੁਪੋਸ਼ਣ ਦੀ ਮਹਾਂਮਾਰੀ ਨਾਲ ਮੌਤਾਂ ਵਰਗੀਆਂ ਇਲਾਜਯੋਗ ਬਿਮਾਰੀਆਂ ਨਾਲ ਲੜਦੇ ਆਏ ਹਨ। ਉਹ 'ਕੋਵਿਡ-19' ਦੀ ਨਵੀਂ ਮਹਾਮਾਰੀ ਨਾਲ 'ਜਿਊਣਾ' ਵੀ ਸਿੱਖ ਲੈਣਗੇ ਜੋ ਅਜੇ ਤਕ ਲਾਇਲਾਜ ਮੰਨੀ ਜਾਂਦੀ ਹੈ। ਅਸਲ ਸਵਾਲ ਇਸ ਤੋਂ ਵੀ ਵਧੇਰੇ ਖਤਰਨਾਕ ਵਾਇਰਸ ਨਾਲ ਨਜਿੱਠਣ ਦਾ ਹੈ ਜੋ ਚੁੱਪ-ਚੁਪੀਤੇ ਆਪਣੇ ਪੈਰ ਪਸਾਰ ਰਿਹਾ ਹੈ। ਜਾਗਦੇ ਦਿਮਾਗਾਂ ਵਾਲੇ ਬੁੱਝ ਸਕਦੇ ਹਨ ਕਿ ਮਹਾਮਾਰੀ ਵਿਰੁੱਧ 'ਮਹਾਭਾਰਤ' ਦੀ ਬਜਾਏ ਹੁਕਮਰਾਨ ਧਿਰ ਅਸਲ ਯੁੱਧ ਤਾਂ ਆਪਣੇ ਹੀ ਲੋਕਾਂ ਵਿਰੁਧ ਲੜ ਰਹੀ ਹੈ। ਮਹਾਮਾਰੀ ਸਿਹਤ ਖੇਤਰ ਦਾ ਮਸਲਾ ਸੀ, ਇਸ ਵਿਰੁੱਧ 'ਯੁੱਧ' ਦੀ ਕਮਾਨ ਹੁਕਮਰਾਨਾਂ ਵੱਲੋਂ ਜਾਣ-ਬੁੱਝ ਕੇ ਪੁਲਿਸ ਨੂੰ ਸੌਂਪੀ ਗਈ ਜਿਵੇਂ ਕਿਤੇ ਇਹ ਮਹਿਜ਼ ਅਮਨ-ਕਾਨੂੰਨ ਦਾ ਮਸਲਾ ਹੋਵੇ। ਸਮਾਜਿਕ ਜਾਗਰੂਕਤਾ ਵਧਾਉਣ ਲਈ ਮੁਹਿੰਮ ਚਲਾਉਣ ਦੀ ਬਜਾਏ ਕਰਫਿਊ ਥੋਪ ਦਿੱਤਾ ਗਿਆ। ਹਸਪਤਾਲਾਂ ਦੇ 'ਫਰੰਟਲਾਈਨ ਯੋਧੇ' ਵੀ ਸੱਤਾ ਦੇ ਡੰਡੇ ਖਾਂਦੇ ਦੇਖੇ ਗਏ। ਕੋਵਿਡ-19 ਬਾਰੇ ਪ੍ਰਚਲਤ ਹੈ ਕਿ ਇਸ ਦੀਆਂ ਕੋਈ ਪੱਕੀਆਂ ਅਲਾਮਤਾਂ ਨਾ ਹੋਣ ਕਾਰਨ ਇਸ ਮਰਜ਼ ਨੂੰ ਬੁੱਝਣਾ ਬਹੁਤ ਮੁਸ਼ਕਿਲ ਹੈ। ਉਸ ਰਾਜਨੀਤਕ ਵਾਇਰਸ ਦਾ ਵੀ ਇਹੀ ਜਮਾਂਦਰੂ ਗੁਣ ਹੈ ਜਿਸ ਦੀ ਲਪੇਟ ਵਿਚ ਭਾਰਤ ਆਇਆ ਹੋਇਆ ਹੈ। ਮਹਾਮਾਰੀ ਵਿਰੁੱਧ 'ਯੁੱਧ' ਵਿਚ ਹੁਕਮਰਾਨ ਧਿਰ ਦੀ ਮੁਕੰਮਲ ਟੇਕ ਸਮਾਜੀ ਜਾਗਰੂਕਤਾ ਅਤੇ ਭਾਈਚਾਰਕ ਇਕਮੁੱਠਤਾ ਦੀ ਬਜਾਏ 'ਸਮਾਜਿਕ ਵਿੱਥ' ਅਤੇ ਸੱਤਾ ਦੇ ਡੰਡੇ ਉਪਰ ਹੈ। ਭਾਜਪਾ ਦੇ ਰਾਜ ਦੇ ਛੇ ਸਾਲਾਂ ਵਿਚ ਪਹਿਲਾਂ ਹੀ ਹਾਸ਼ੀਏ 'ਤੇ ਧੱਕੇ ਹਿੱਸਿਆਂ ਤੋਂ ਲੈ ਕੇ, ਆਲੋਚਨਾਤਮਕ ਬੌਧਿਕ ਹਲਕਿਆਂ, ਸਵਾਲ ਉਠਾਉਣ ਵਾਲੇ ਮੀਡੀਆ ਹਿੱਸਿਆਂ ਅਤੇ ਨਿਆਂ ਪ੍ਰਣਾਲੀ ਦੇ ਜੱਜਾਂ ਤਕ ਸਾਰਿਆਂ ਨੂੰ ਸੱਤਾ ਦੀ ਸੂਈ ਦੇ ਨੱਕੇ ਵਿਚ ਦੀ ਲੰਘਾਇਆ ਗਿਆ ਹੈ, ਇਹ ਸਿਲਸਿਲਾ ਹੁਣ ਵੀ ਬਾਦਸਤੂਰ ਜਾਰੀ ਹੈ। ਤਾਲਾਬੰਦੀ ਤਾਂ ਨਾਗਰਿਕਾਂ ਦੀ ਹੁਕਮਰਾਨ ਧਿਰ ਦੀ ਰਜ਼ਾ ਮੁਤਾਬਿਕ ਸਵੈ ਦੀ ਢਲਾਈ ਕਰਨ ਦੀ ਆਦਤ ਨੂੰ ਪੱਕੀ ਕਰਨ ਦੀ ਕੋਸ਼ਿਸ਼ ਹੀ ਹੈ। ਤਾਲਾਬੰਦੀ ਸਿਰਫ ਨਾਗਰਿਕਾਂ ਲਈ ਹੈ, ਹੁਕਮਰਾਨ ਧਿਰ ਦੇ ਪੈਂਡਿੰਗ ਏਜੰਡਿਆਂ ਉਪਰ ਕੋਈ ਪਾਬੰਦੀ ਨਹੀਂ ਹੈ। ਉਹਨਾਂ ਦਾ ਕੰਮ ਤਾਂ ਕਰੋਨਾ ਦੇ ਬਹਾਨੇ ਸਗੋਂ ਹੋਰ ਵੀ ਸੌਖਾ ਹੋ ਗਿਆ ਹੈ। ਇਸ ਦੌਰਾਨ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਲੰਗੋਟੀਏ ਦੇ 68000 ਕਰੋੜ ਮਾਫ ਕਰ ਦਿੱਤੇ ਗਏ। ਛੇ ਹਵਾਈ ਅੱਡੇ ਹੋਰ ਨੀਲਾਮ ਕਰ ਦਿੱਤੇ ਗਏ। ਖਾਣਾਂ ਅਤੇ ਡਿਫੈਂਸ ਦਾ ਨਿੱਜੀਕਰਨ ਸਿਰੇ ਲਾ ਦਿੱਤਾ ਗਿਆ। ਮੋਦੀ ਸਰਕਾਰ ਲਈ ਤਾਂ ਕਰੋਨਾ ਵਾਇਰਸ ਬਹੁਮੁੱਲਾ ਤੋਹਫਾ ਬਣ ਕੇ ਆਇਆ ਹੈ।

> ***ਵਿਸ਼ਵ ਗੁਰੂ ਬਣਨ ਲਈ ਤਾਹੂ ਆਪੇ ਬਣੇ ਵਾਹਦ ਦੇਸ਼ਭਗਤਾਂ ਦਾ 'ਹਿੰਦੂ ਰਾਸ਼ਟਰ' ਦਾ ਰਾਜਨੀਤਕ ਮਾਡਲ ਉਸ ਤੋਂ ਵੀ ਚਾਰ ਕਦਮ ਅੱਗੇ ਹੈ ਜੋ ਕਰੋਨੀ (ਲਿਹਾਜੂ) ਪੂੰਜੀਵਾਦੀ ਦੀ ਪੁਸ਼ਤ-ਪਨਾਹੀ ਦੇ ਨਾਲ-ਨਾਲ ਸ਼ਰੇਆਮ ਫਿਰਕੂ ਬਹੁਗਿਣਤੀਵਾਦੀ, ਉਚ-ਜਾਤੀ ਦਹਿਸ਼ਤੀ ਰਾਜਨੀਤੀ ਦੀ ਸ਼ਕਲ ਵਿਚ ਦਨਦਨਾ ਰਿਹਾ ਹੈ।***

ਹੁਣ ਯੂ.ਏ.ਪੀ.ਏ., ਐਨ.ਐਸ.ਏ., ਦੇਸ਼ ਧ੍ਰੋਹ ਵਗੈਰਾ ਦੇ ਨਾਲ ਡਿਜ਼ਾਸਟਰ ਮੈਨੇਜਮੈਂਟ ਐਕਟ ਵੀ ਹੁਕਮਰਾਨਾਂ ਦੇ ਹੱਥਾਂ ਵਿਚ ਇਕ ਰਾਜਨੀਤਕ ਹਥਿਆਰ ਹੈ। ਸੀ.ਏ.ਏ.-ਐਨ.ਆਰ.ਸੀ. ਵਿਰੁਧ ਪੂਰੇ ਮੁਲਕ ਵਿਚ ਹੋਈ ਵਿਆਪਕ ਲੋਕ ਲਾਮਬੰਦੀ ਨੂੰ ਇਕੋ ਝਟਕੇ ਨਾਲ ਕੁਚਲ ਦਿੱਤਾ ਗਿਆ। ਸਰਗਰਮ ਕਾਰਕੁਨਾਂ, ਖਾਸ ਕਰਕੇ ਮੁਸਲਿਮ ਲੜਕੀਆਂ ਨੂੰ ਯੂ.ਏ.ਪੀ.ਏ. ਲਗਾ ਕੇ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ ਅਤੇ ਸੂਚੀਆਂ ਬਣਾ ਕੇ ਆਏ ਦਿਨ ਹੋਰ ਗ੍ਰਿਫਤਾਰੀਆਂ ਕੀਤੀਆਂ ਜਾ ਰਹੀਆਂ ਹਨ। ਫਰਵਰੀ ਹਿੰਸਾ ਦਾ ਸ਼ਿਕਾਰ ਹੋਏ ਮੁਸਲਮਾਨਾਂ ਦੀ ਇਨਸਾਫ ਦੀ ਲੜਾਈ ਦੇ ਪੂਰੇ ਸਵਾਲ ਨੂੰ ਹੀ ਦਬਾ ਦਿੱਤਾ ਗਿਆ, ਹੁਣ ਕੋਈ ਨਹੀਂ ਜਾਣਦਾ ਕਿ ਉਤਰ-ਪੂਰਬੀ ਦਿੱਲੀ ਵਿਚੋਂ ਉਜਾੜੇ ਗਏ ਉਹਨਾਂ ਮੁਸਲਿਮ ਮਜ਼ਲੂਮਾਂ ਦਾ ਕੀ ਬਣਿਆ ਜਿਹਨਾਂ ਨੂੰ ਹਿੰਸਾ ਤੋਂ ਬਾਅਦ ਆਰਜ਼ੀ ਕੈਂਪਾਂ ਵਿਚ ਠਹਿਰਾਇਆ ਗਿਆ ਸੀ। ਉਘੇ ਲੋਕਪੱਖੀ ਬੁੱਧੀਜੀਵੀਆਂ ਗੌਤਮ ਨਵਲੱਖਾ ਅਤੇ ਆਨੰਦ ਤੇਲਤੁੰਬੜੇ ਨੂੰ ਜੇਲ੍ਹ ਭੇਜ ਦਿੱਤਾ ਗਿਆ। ਤਬਲੀਗੀ ਮਰਕਜ਼ ਦੇ ਬਹਾਨੇ ਮੁਸਲਿਮ ਫਿਰਕੇ ਨੂੰ ਬਦਨਾਮ ਕਰਨ ਅਤੇ ਉਹਨਾਂ ਦੇ ਕਾਰੋਬਾਰਾਂ ਦਾ ਬਾਈਕਾਟ ਕਰਨ ਅਤੇ ਕਮਜ਼ੋਰ ਤੇ ਪਿਛੜੇ ਹੋਏ ਮੁਸਲਿਮ ਭਾਈਚਾਰੇ ਦਾ ਆਰਥਕ ਤੌਰ 'ਤੇ ਲੱਕ ਤੋੜਨ ਦੀ ਘਿਨਾਉਣੀ ਸਿਆਸਤ ਖੇਡੀ ਗਈ।

ਇਕ ਸਭ ਤੋਂ ਖਤਰਨਾਕ ਹਮਲਾ ਮਜ਼ਦੂਰ ਜਮਾਤ ਉਪਰ ਕੀਤਾ ਗਿਆ ਹੈ ਜੋ 44 ਕਿਰਤ ਕਾਨੂੰਨਾਂ ਨੂੰ 4 ਕੋਡਾਂ ਵਿਚ ਬਦਲਣ ਦੇ ਏਜੰਡੇ ਦੀ ਲਗਾਤਾਰਤਾ ਹੈ। ਅੱਠ ਘੰਟੇ ਦੀ ਕੰਮ ਦਿਹਾੜੀ, ਟਰੇਡ ਯੂਨੀਅਨ ਨੂੰ ਮਾਨਤਾ ਅਤੇ ਕਿਰਤ ਕਾਨੂੰਨਾਂ ਜ਼ਰੀਏ ਮਜ਼ਦੂਰਾਂ ਦੀ ਕਾਨੂੰਨੀ ਸੁਰੱਖਿਆ ਦਾ ਭੋਗ ਪਾ ਕੇ ਮਜ਼ਦੂਰ ਜਮਾਤ ਦੀਆਂ ਇਤਿਹਾਸ-ਸਿਰਜਕ ਜਿੱਤਾਂ ਨੂੰ ਬੀਤੇ ਦਾ ਇਤਿਹਾਸ ਬਣਾਇਆ ਜਾ ਰਿਹਾ ਹੈ। ਯੂ.ਪੀ., ਗੁਜਰਾਤ ਅਤੇ ਮੱਧ ਪ੍ਰਦੇਸ਼, ਤਿੰਨ ਰਾਜ ਸਰਕਾਰਾਂ ਵੱਲੋਂ 38 ਕਿਰਤ ਕਾਨੂੰਨਾਂ ਵਿਚੋਂ ਜ਼ਿਆਦਾਤਰ ਨੂੰ ਤਿੰਨ ਸਾਲ ਲਈ ਜਾਮ ਕਰਨਾ ਵਕਤੀ ਫੈਸਲਾ ਨਾ ਹੋ ਕੇ ਪੱਕੇ ਤੌਰ 'ਤੇ ਖਾਤਮੇ ਦੀ ਦਿਸ਼ਾ 'ਚ ਚੁੱਕਿਆ ਕਦਮ ਹੈ। ਇਹ ਇਤਿਹਾਸ ਦੇ ਪਹੀਏ ਨੂੰ ਪੁੱਠਾ ਗੇੜਾ ਦੇ ਕੇ ਕਿਰਤੀ ਅਵਾਮ ਨੂੰ ਅੰਗਰੇਜ਼ ਰਾਜ ਦੀ ਕਿਰਤ ਦਾਸਤਾ ਦੇ ਦੌਰ ਵਿਚ ਵਾਪਸ ਲਿਜਾਣ ਦਾ ਯਤਨ ਹੈ। ਨਾਗਰਿਕਤਾ ਦੀ ਨਿੱਜਤਾ ਵਿਚ ਘੁਸਪੈਠ ਕਾਰਨ 'ਸਰਵੇਲੈਂਸ ਸਟੇਟ' ਪਹਿਲਾਂ ਹੀ ਵਿਵਾਦਾਂ ਵਿਚ ਘਿਰਿਆ ਹੋਇਆ ਸੀ, ਹੁਣ ਇਸ ਨੇ ਆਪਣੇ ਭੱਥੇ ਵਿਚ 'ਅਰੋਗਿਆ ਸੇਤੂ ਐਪ' ਦਾ ਨਵਾਂ ਤੀਰ ਸ਼ਾਮਲ ਕਰ ਲਿਆ ਹੈ। ਇਸ ਬਹੁਪਰਤੀ ਹਮਲੇ ਵਿਰੁਧ ਭਾਰਤੀ ਅਵਾਮ ਵਿਚ ਅੰਦਰੋ-ਅੰਦਰੀ ਬੇਚੈਨੀ ਅਤੇ ਰੋਹ ਹੈ; ਲੇਕਿਨ ਮਜ਼ਲੂਮ ਹਿੱਸਿਆਂ, ਸੱਤਾ ਦੇ ਲਤਾੜੇ ਅਤੇ ਮਹਾਮਾਰੀ ਦੇ ਝੰਬੇ ਅਵਾਮ ਦੇ ਆਪਣੇ ਪੂਰੀ ਤਰ੍ਹਾਂ ਜਾਇਜ਼ ਮਸਲਿਆਂ ਦੀ ਸੁਣਵਾਈ ਅਤੇ ਹੱਲ ਲਈ ਇਕੱਠੇ ਹੋ ਕੇ ਸੜਕਾਂ ਉਪਰ ਆਉਣ ਦਾ ਰਾਹ ਤਾਲਾਬੰਦੀ ਰੋਕੀ ਬੈਠੀ ਹੈ।

ਆਲਮੀ ਪੱਧਰ 'ਤੇ ਜਿਸ ਖੁੱਲ੍ਹੀ ਮੰਡੀ ਪੂੰਜੀਵਾਦ ਦੇ ਮਾਡਲ ਦਾ ਬੋਲਬਾਲਾ ਹੈ, ਉਹ ਢਾਂਚਾਗਤ ਤੌਰ 'ਤੇ ਮਹਾਮਾਰੀਆਂ ਨੂੰ ਠੱਲ੍ਹ ਪਾਉਣ ਦੇ ਨਾਕਾਬਿਲ ਸਾਬਤ ਹੋਇਆ ਹੈ। ਇਹ ਮਹਿਜ਼ ਸੱਤਾ ਦੀ ਦਹਿਸ਼ਤ, ਸਾਜ਼ਿਸ਼ਾਂ, ਨਸਲਵਾਦ ਅਤੇ ਘੋਰ ਸੱਜੇਪੱਖੀ ਸਿਆਸਤ ਦੀ ਸੱਤਾਨਸ਼ੀਨੀ ਦਾ ਹਥਿਆਰ ਹੈ। ਜਿਸ ਮਾਡਲ ਨੂੰ 'ਇਤਿਹਾਸ ਦਾ ਅੰਤ' ਦੇ ਬੁਰਜੂਆ ਬੌਧਿਕ ਜਸ਼ਨਾਂ ਨਾਲ ਪ੍ਰਚਾਰਿਆ-ਪਸਾਰਿਆ ਗਿਆ ਉਸ ਦੀ ਲਾਸ਼ਾਂ ਨੂੰ ਸਾਂਭਣ ਦੀ ਨਾਕਾਮੀ ਨੇ ਬਦਲਵੇਂ ਪ੍ਰਬੰਧ ਦੀ ਲੋੜ ਅਤੇ ਪ੍ਰਸੰਗਿਕਤਾ ਦੇ ਸਵਾਲ ਨੂੰ ਮੁੜ ਸਾਹਮਣੇ ਲੈ ਆਂਦਾ ਹੈ। ਲਿਹਾਜ਼ਾ, ਮਨੁੱਖੀ ਨਸਲ ਅੱਗੇ ਚੁਣੌਤੀ ਮਹਿਜ਼ ਮਹਾਮਾਰੀ ਨਾਲ ਲੜਨ ਦੀ ਹੀ ਨਹੀਂ ਹੈ ਇਸ ਅੱਗੇ ਮਹਾਮਾਰੀਆਂ ਨੂੰ ਜਨਮ ਦੇਣ ਅਤੇ ਇਹਨਾਂ ਦੇ ਵਧਾਰੇ-ਪਸਾਰੇ ਲਈ ਹਾਲਾਤ ਪੈਦਾ ਕਰਨ ਵਾਲੇ ਪੂੰਜੀਵਾਦ ਤੋਂ ਬੰਦ-ਖਲਾਸੀ ਪਾਉਣ ਦਾ ਵਡੇਰਾ ਸਵਾਲ ਵੀ ਹੈ। 'ਵਿਸ਼ਵ ਗੁਰੂ' ਬਣਨ ਲਈ ਤਾਹੂ ਆਪੇ ਬਣੇ ਵਾਹਦ ਦੇਸ਼ਭਗਤਾਂ ਦਾ 'ਹਿੰਦੂ ਰਾਸ਼ਟਰ' ਦਾ ਰਾਜਨੀਤਕ ਮਾਡਲ ਉਸ ਤੋਂ ਵੀ ਚਾਰ ਕਦਮ ਅੱਗੇ ਹੈ। ਜੋ ਕਰੋਨੀ ਪੂੰਜੀਵਾਦੀ ਦੀ ਪੁਸ਼ਤ-ਪਨਾਹੀ ਦੇ ਨਾਲ-ਨਾਲ ਸ਼ਰੇਆਮ ਫਿਰਕੂ ਬਹੁਗਿਣਤੀਵਾਦੀ, ਉਚ-ਜਾਤੀ ਦਹਿਸ਼ਤੀ ਰਾਜਨੀਤੀ ਦੀ ਸ਼ਕਲ ਵਿਚ ਦਨਦਨਾ ਰਿਹਾ ਹੈ।

'ਕਰੋਨਾ ਨਾਲ ਜਿਊਣ' ਦੀਆਂ ਨਸੀਹਤਾਂ ਦੇ ਮੱਦੇਨਜ਼ਰ, ਹੁਣ ਅਵਾਮ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ ਕਿ ਅਣਮਨੁੱਖੀ ਹਾਲਾਤ ਵਿਚ ਅਤੇ ਜਾਬਰ ਰਾਜ ਹੇਠ ਮਨ ਮਾਰ ਕੇ ਜਿਊਣ ਦੀ ਆਦਤ ਪੱਕੀ ਕਰਨੀ ਹੈ, ਬ੍ਰਾਹਮਣਵਾਦ ਦੇ ਬੋਲਬਾਲੇ ਵਾਲਾ 'ਸੁਨਹਿਰੀ ਯੁਗ' ਵਾਪਸ ਲਿਆਂਦੇ ਜਾਣ ਨੂੰ ਮੂਕ ਦਰਸ਼ਕ ਬਣ ਕੇ ਦੇਖਦੇ ਰਹਿਣਾ ਹੈ ਜਾਂ ਮਨੁੱਖੀ ਮਾਣ-ਸਨਮਾਨ ਵਾਲੀ ਜ਼ਿੰਦਗੀ ਦੀ ਜ਼ਾਮਨੀ ਦੇਣ ਵਾਲੇ ਬਦਲਵੇਂ ਪ੍ਰਬੰਧ ਲਈ ਕਮਰਕੱਸੇ ਕਰਕੇ ਲੜਨਾ ਹੈ।

## ਮੀਡੀਆ ਬਨਾਮ ਅਹਿਮ ਮਸਲਿਆਂ 'ਤੇ ਪਰਦਾਪੋਸ਼ੀ

ਜ਼ਿਆਦਾਤਰ ਮੀਡੀਆ ਵਿਚ ਸਿਰਫ ਕਰੋਨਾ ਦੀਆਂ ਖਬਰਾਂ ਹਨ, ਵਿਰਾਟ ਮਸਲਿਆਂ ਉਪਰ ਪਰਦਾਪੋਸ਼ੀ ਕੀਤੀ ਜਾ ਰਹੀ ਹੈ। ਸਟੇਟ ਦੀ ਜਵਾਬਦੇਹੀ ਦੀ ਮੰਗ ਕਰਨ ਦੀ ਥਾਂ ਸਮਾਜ ਦੇ ਜ਼ਿਆਦਾਤਰ ਪੜ੍ਹੇ-ਲਿਖੇ ਹਿੱਸੇ ਵਿਚ ਦਰਬਾਰੀ ਰਾਗ ਦਾ ਅਲਾਪ ਭਾਰੂ ਹੈ। ਜਿਸ ਮੱਧ ਵਰਗ ਦੇ ਜ਼ਿਆਦਾਤਰ ਹਿੱਸੇ ਦੇ ਭਵਿੱਖ ਨੂੰ ਡੋਬਣ ਦੇ ਫੈਸਲੇ ਲਏ ਜਾ ਰਹੇ ਹਨ, ਉਸ ਦੀਆਂ ਬਾਲਕੋਨੀਆਂ ਸੱਤਾ ਦੇ ਗਲਿਆਰਿਆਂ ਦੇ ਸਿਖਰਲੇ ਗੁੰਬਦ ਵਿਚੋਂ ਉਚਾਰੇ ਜਾਂਦੇ ਮੰਤਰਾਂ ਦਾ ਜਾਪ ਕਰਨ ਵਿਚ ਮੋਹਰੀ ਹਨ। ਥਾਲੀਆਂ, ਟੱਲੀਆਂ ਦੇ ਸ਼ੋਰ ਅਤੇ ਮੋਮਬੱਤੀਆਂ, ਦੀਵਿਆਂ ਦੀ ਚਮਕ ਦੀ ਚੁੰਧਿਆਈ ਲਾਈਲੱਗ



ਜ਼ਿਹਨੀਅਤ ਸਰਕਾਰੀ ਸਿਹਤ ਸੇਵਾਵਾਂ ਦੀ ਦੁਰਦਸ਼ਾ ਅਤੇ ਕਰੋਨਾ ਵਿਰੁੱਧ ਜੰਗੇ-ਮੈਦਾਨ ਵਿਚ ਨਿਹੱਥੇ ਲੜ ਰਹੇ 'ਫਰੰਟਲਾਈਨ ਯੋਧਿਆਂ' ਦੀ ਦਿਲ-ਚੀਰਵੀਂ ਵੇਦਨਾ ਨੂੰ ਸੁਣਨ ਤੋਂ ਅਸਮਰੱਥ ਹੈ। ਅੰਬਰ ਤੋਂ ਫੁੱਲਾਂ ਦੀ ਵਰਖਾ ਸੜਕਾਂ, ਰੇਲ ਪਟੜੀਆਂ ਉਪਰ ਦਮ ਤੋੜ ਰਹੇ ਪਰਵਾਸੀਆਂ ਦੀਆਂ ਲਾਸ਼ਾਂ ਉਪਰ ਪਰਦਾਪੋਸ਼ੀ ਤਾਂ ਕਰ ਨਹੀਂ ਸਕਦੀ, ਇਹ ਰਾਸ਼ਟਰਵਾਦੀ ਸਿਆਸਤ ਦੇ ਚੁੰਧਿਆਏ ਲੋਕਾਂ ਦੇ ਦਿਮਾਗਾਂ ਉਪਰ ਪਰਦਾ ਪਾਉਣ ਲਈ ਬਹੁਤ ਕਾਰਗਰ ਸਿੱਧ ਹੋ ਰਹੀ ਹੈ। ਉਹ ਇਹ ਸਮਝਣ ਤੋਂ ਅਸਮਰੱਥ ਹਨ ਕਿ ਮੁਲਕ ਨੂੰ 'ਵਿਸ਼ਵ ਗੁਰੂ' ਬਣਾਉਣ ਲਈ ਆਸਮਾਨ ਨੂੰ ਟਾਕੀਆਂ ਲਾਉਣ ਵਾਲੇ ਭਗਵੇਂ ਹੁਕਮਰਾਨ ਮਹਾਮਾਰੀ ਨਾਲ ਮਹਾਂਭਾਰਤ ਲੜਦੇ-ਲੜਦੇ 'ਸਵੈਨਿਰਭਰ ਹੋਣ ਦੀ ਲੋੜ' ਦੇ ਪਾਤਾਲ ਵਿਚ ਕਿਉਂ ਜਾ ਡਿਗੇ।

# ਕਰੋਨਾ ਵਾਇਰਸ ਸੰਕਟ ਬਹਾਨੇ ਘੋਲਿਆ ਫਿਰਕਾਪ੍ਰਸਤੀ ਦਾ ਵਾਇਰਸ

**ਨਵੀਂ ਦਿੱਲੀ:** ਕਰੋਨਾ ਵਾਇਰਸ ਦੇ ਸੰਕਟ ਦੌਰਾਨ ਵੀ ਭਾਰਤ ਵਿਚ ਫਿਰਕੂ ਹਵਾ ਨੂੰ ਠੱਲ੍ਹ ਨਾ ਪਈ। ਸਗੋਂ ਇਸ ਮਹਾਮਾਰੀ ਆਸਰੇ ਘੱਟ ਗਿਣਤੀਆਂ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਗਿਆ। ਖਾਸਕਰ ਤਬਲੀਗੀ ਜਮਾਤ ਨੂੰ ਕਰੋਨਾ ਅਤਿਵਾਦ ਨਾਲ ਜੋੜ ਕੇ ਮੁਸਲਿਮ ਭਾਈਚਾਰੇ ਨੂੰ ਇਸ ਮਹਾਮਾਰੀ ਲਈ ਜ਼ਿੰਮੇਵਾਰ ਦੱਸਿਆ ਗਿਆ।

ਇਹ ਸਿਲਸਲਾ ਅਜੇ ਵੀ ਜਾਰੀ ਹੈ। ਸਿਹਤ ਮੰਤਰੀ ਨੇ ਤਾਜ਼ਾ ਬਿਆਨ ਵਿਚ ਇਹ ਸਾਫ ਕਰ ਦਿੱਤਾ ਹੈ ਕਿ ਕੇਂਦਰ ਸਰਕਾਰ ਵੀ ਇਸ ਘੱਟ ਗਿਣਤੀ ਭਾਈਚਾਰੇ ਨੂੰ ਵਾਇਰਸ ਨਾਲ ਜੋੜ ਰਹੀ ਹੈ। ਕੇਂਦਰੀ ਸਿਹਤ ਮੰਤਰੀ ਹਰਸ਼ ਵਰਧਨ ਨੇ ਮੁੜ ਦੁਹਰਾਇਆ ਕਿ ਨਿਜ਼ਾਮੂਦੀਨ ਮਰਕਜ਼ ਘਟਨਾ ਤੋਂ ਬਾਅਦ ਕਰੋਨਾ ਵਾਇਰਸ ਦੇ ਕੇਸਾਂ 'ਚ ਅਚਾਨਕ ਵਾਧਾ ਦਰਜ ਹੋਇਆ ਜਿਸ ਨਾਲ ਮੁਲਕ ਨੂੰ ਵੱਡਾ ਝਟਕਾ ਲੱਗਾ। ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦੀ ਇਹ ਕੋਈ ਇਕ ਉਦਾਹਰਨ ਨਹੀਂ ਹੈ। ਵੱਖ ਵੱਖ ਸੂਬਿਆਂ ਤੋਂ ਮਿਲੀਆਂ ਖਬਰਾਂ ਅਨੁਸਾਰ ਉਥੇ ਘੱਟ ਗਿਣਤੀ ਫਿਰਕੇ ਦੇ ਲੋਕਾਂ ਵਿਰੁੱਧ ਕਈ ਤਰ੍ਹਾਂ ਦੀ ਮੁਹਿੰਮ ਚਲਾਈ ਗਈ। ਕਿਤੇ ਉਨ੍ਹਾਂ ਤੋਂ ਸਬਜ਼ੀਆਂ ਲੈਣ ਤੋਂ ਇਨਕਾਰ ਕੀਤਾ ਗਿਆ, ਕਿਤੇ ਉਨ੍ਹਾਂ ਨੂੰ ਸਮਾਜਿਕ ਬਾਈਕਾਟ ਦਾ ਸ਼ਿਕਾਰ ਹੋਣਾ ਪਿਆ।



ਇਸੇ ਤਰ੍ਹਾਂ ਦਿੱਲੀ ਪੁਲਿਸ ਨੇ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਵਿਰੁੱਧ ਕਾਰਵਾਈ ਜਾਰੀ ਰੱਖੀ ਅਤੇ ਜਾਮੀਆ ਮਿਲੀਆ ਯੂਨੀਵਰਸਿਟੀ ਦੇ ਕਈ ਵਿਦਿਆਰਥੀ ਆਗੂਆਂ ਨੂੰ ਗ੍ਰਿਫਤਾਰ ਕੀਤਾ। ਸੋਸ਼ਲ ਮੀਡੀਆ 'ਤੇ ਜ਼ਹਿਰੀਲਾ ਪ੍ਰਚਾਰ ਕੀਤਾ ਗਿਆ। ਇਸੇ ਤਰ੍ਹਾਂ 23 ਮਾਰਚ ਨੂੰ ਇਕ ਵਕੀਲ ਨੂੰ ਭੁਪਾਲ ਪੁਲਿਸ ਨੇ ਇਸ ਲਈ ਕੁੱਟਿਆ ਕਿਉਂਕਿ ਪੁਲਿਸ ਅਨੁਸਾਰ ਉਨ੍ਹਾਂ ਨੇ ਇਹ ਸਮਝਿਆ ਕਿ ਉਹ ਘੱਟ ਗਿਣਤੀ ਫਿਰਕੇ ਨਾਲ ਸਬੰਧ ਰੱਖਦਾ ਹੈ ਜਦੋਂਕਿ ਉਹ ਬਹੁਗਿਣਤੀ ਫਿਰਕੇ ਦਾ ਬਾਸ਼ਿੰਦਾ ਹੈ। ਉਸ ਨੇ ਪੁਲਿਸ ਵਿਰੁੱਧ ਸ਼ਿਕਾਇਤ ਦਰਜ ਕਰਾਈ ਪਰ ਸਭ ਤੋਂ ਅਫਸੋਸਜਨਕ ਗੱਲ ਇਹ ਹੈ ਕਿ ਪੁਲਿਸ ਨੇ ਉਸ ਉੱਤੇ ਸ਼ਿਕਾਇਤ ਵਾਪਸ ਲੈਣ ਦਾ ਜ਼ੋਰ ਪਾਉਂਦਿਆਂ ਇਹ ਮੰਨਿਆ ਕਿ ਉਨ੍ਹਾਂ ਨੇ ਉਸ ਨਾਲ ਮਾਰ-ਕੁੱਟ ਸਿਰਫ ਇਸੇ ਆਧਾਰ 'ਤੇ ਕੀਤੀ ਸੀ ਕਿ ਉਹ ਵੇਸ਼-ਭੂਸ਼ਾ ਤੋਂ ਘੱਟ ਗਿਣਤੀ ਫਿਰਕੇ ਨਾਲ ਸਬੰਧਤ ਲੱਗਦਾ ਸੀ।

ਲੌਕਡਾਊਨ ਦੇ ਅਸਰ ਕਾਰਨ ਅਜਿਹੀਆਂ ਖਬਰਾਂ ਨੂੰ ਅਖਬਾਰਾਂ ਤੇ ਟੈਲੀਵਿਜ਼ਨ ਚੈਨਲਾਂ 'ਤੇ ਉਚਿਤ ਸਥਾਨ ਨਹੀਂ ਮਿਲਿਆ, ਨਾ ਹੀ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਇਸ ਨੂੰ ਇਸ ਲਈ ਵੱਡਾ ਮੁੱਦਾ ਨਹੀਂ ਬਣਾਇਆ ਕਿਉਂਕਿ ਉਹ ਬਹੁਗਿਣਤੀ ਫਿਰਕੇ ਦੇ ਲੋਕਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀਆਂ। ਹਿੰਦੂਤਵ ਨੂੰ ਆਪਣਾ ਆਦਰਸ਼ ਮੰਨਣ ਵਾਲੀਆਂ ਬਹੁਤ ਸਾਰੀਆਂ ਜਥੇਬੰਦੀਆਂ ਨੇ ਅਜਿਹੇ ਪ੍ਰਚਾਰ 'ਚ ਵੱਡਾ ਹਿੱਸਾ ਪਾਇਆ ਹੈ।

## ਮੁਸਲਿਮ-ਵਿਰੋਧੀ ਕੱਟੜਤਾ ਖਿਲਾਫ ਵਚਨਬੱਧਤਾ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਮੁਸਲਮਾਨਾਂ ਵਿਰੁੱਧ ਕੱਟੜਤਾ, ਨਫਰਤ ਅਤੇ ਹਰ ਤਰ੍ਹਾਂ ਦੀ ਅਸਹਿਣਸ਼ੀਲਤਾ ਨੂੰ ਰੱਦ ਕਰਨ ਲਈ ਆਪਣੀ 'ਸੰਪੂਰਨ ਵਚਨਬੱਧਤਾ' ਪ੍ਰਗਟਾਈ ਹੈ। ਉਨ੍ਹਾਂ ਪੂਰੀ ਲੋਕਾਈ ਨੂੰ ਰਮਜ਼ਾਨ ਤੋਂ ਹਮਦਰਦੀ, ਆਪਸੀ ਸਤਿਕਾਰ ਅਤੇ ਇਕਜੁਟਤਾ ਦੀਆਂ ਸਿੱਖਿਆਵਾਂ ਲੈਣ ਦੀ ਅਪੀਲ ਕੀਤੀ ਹੈ। ਗੁਟੇਰੇਜ਼ ਨੇ ਇਹ ਟਿੱਪਣੀਆਂ ਇਸਲਾਮਿਕ ਕੋਆਪਰੇਸ਼ਨ ਸੰਗਠਨ ਦੇ ਮੈਂਬਰ ਮੁਲਕਾਂ ਨਾਲ ਕੋਵਿਡ-19 ਸਬੰਧੀ ਸਹਿਯੋਗ ਵਧਾਉਣ ਅਤੇ ਸਾਂਝੇ ਤੌਰ 'ਤੇ ਜ਼ਿੰਮੇਵਾਰੀ ਲੈਣ ਬਾਰੇ ਚਰਚਾ ਕਰਦਿਆਂ ਕੀਤੀਆਂ। ਉਨ੍ਹਾਂ ਵਧ ਰਹੇ ਨਸਲੀ-ਰਾਸ਼ਟਰਵਾਦ ਤੇ ਨਫਰਤੀ ਭਾਸ਼ਣਾਂ ਖਿਲਾਫ ਇਕਜੁਟ ਹੋਣ ਦਾ ਸੱਦਾ ਦਿੱਤਾ।

## ਭਾਰਤ ਵਿਚ ਮੁਸਲਮਾਨਾਂ 'ਤੇ ਜਬਰ ਦੀ ਨਿੰਦਾ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਨਸਲਕੁਸ਼ੀ ਦੀ ਰੋਕਥਾਮ ਬਾਰੇ ਵਿਸ਼ੇਸ਼ ਸਲਾਹਕਾਰ ਅੰਡਰ ਸੈਕਟਰੀ ਅਡਾਮਾ ਡੀਐਂਗ ਨੇ ਭਾਰਤ ਦੀਆਂ ਘੱਟ ਗਿਣਤੀਆਂ ਵਿਰੁੱਧ ਲਾਗੂ ਕੀਤੀਆਂ ਜਾ ਰਹੀਆਂ ਨਫਰਤੀ ਨੀਤੀਆਂ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਦਿੱਲੀ 'ਚ ਮਸਜਿਦਾਂ ਫੂਕਣ, ਮੁਸਲਮਾਨਾਂ ਦੀ ਕੁੱਟਮਾਰ ਕਰਨ ਤੇ ਕਈਆਂ ਨੂੰ ਜਾਨੋਂ ਮਾਰਨ ਦੀ ਕਾਰਵਾਈ ਦੀ ਵੀ ਨਿੰਦਾ ਕੀਤੀ। ਕਰੋਨਾ ਲਾਗ ਫੈਲਣ ਤੋਂ ਪਹਿਲਾਂ ਜਿਸ ਢੰਗ ਨਾਲ ਸੀ.ਏ.ਏ. ਬਣਾਉਣ ਮਗਰੋਂ ਜਿਵੇਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਉਸ ਉਤੇ ਸੰਯੁਕਤ ਰਾਸ਼ਟਰ ਨਜ਼ਰਾਂ ਰੱਖ ਰਿਹਾ ਹੈ। ਸੰਯੁਕਤ ਰਾਸ਼ਟਰ ਵੱਲੋਂ ਭਾਰਤ ਵਿਚ ਮੁਸਲਮਾਨਾਂ ਨਾਲ ਕੀਤੇ ਜਾ ਰਹੇ ਵਿਤਕਰੇ ਬਾਰੇ ਦਿੱਤੇ ਗਏ ਇਸ ਬਿਆਨ ਦਾ ਸਿੱਖ ਜਥੇਬੰਦੀਆਂ ਨੇ ਸਵਾਗਤ ਕੀਤਾ ਹੈ। ਅੰਡਰ ਸੈਕਟਰੀ ਜਨਰਲ ਅਡਾਮਾ ਡੀਐਂਗ ਨੇ ਆਪਣੇ ਆਖਿਆ ਕਿ ਭਾਰਤ 'ਚ ਨਾਗਰਿਕਤਾ ਸੋਧ ਕਾਨੂੰਨ ਕੌਮਾਂਤਰੀ ਮਨੁੱਖੀ ਅਧਿਕਾਰਾਂ ਦੀ ਵੱਡੀ ਉਲੰਘਣਾ ਕਰਦਾ ਹੈ ਜੋ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

# ਸਿੱਖਾਂ ਵੱਲੋਂ ਸਰਬ-ਸਾਂਝੀਵਾਲਤਾ ਦਾ ਸੁਨੇਹਾ



**ਨਵੀਂ ਦਿੱਲੀ:** ਈਦ-ਉਲ-ਫਿਤਰ ਦੀ ਨਮਾਜ਼ ਤੋਂ ਪਹਿਲਾਂ ਸਿੱਖ ਜਥੇਬੰਦੀ 'ਯੂਨਾਈਟਿਡ ਸਿੱਖਸ' ਨੇ ਇਥੋਂ ਦੀ ਜਾਮਾ ਮਸਜਿਦ ਨੂੰ ਸੈਨੇਟਾਈਜ਼ ਕੀਤਾ। ਉਂਜ ਕਸ਼ਮੀਰ ਤੋਂ ਲੈ ਕੇ ਦੁਨੀਆਂ ਭਰ 'ਚ ਈਦ ਦੇ ਪਵਿੱਤਰ ਤਿਉਹਾਰ ਉਤੇ ਕਰੋਨਾ ਵਾਇਰਸ ਦਾ ਅਸਰ ਨਜ਼ਰ ਆ ਰਿਹਾ ਹੈ।

ਪਵਿੱਤਰ ਸ਼ਹਿਰਾਂ ਮੱਕਾ ਅਤੇ ਮਦੀਨਾ ਵਾਲੇ ਮੁਲਕ ਸਾਊਦੀ ਅਰਬ 'ਚ ਲੋਕਾਂ ਨੂੰ ਸਿਰਫ ਸਾਮਾਨ ਖਰੀਦਣ ਦੀ ਖੁੱਲ੍ਹ ਦਿੱਤੀ ਗਈ ਹੈ। ਯੂਨਾਈਟਿਡ ਸਿੱਖਸ ਦੇ ਮੈਂਬਰ ਪਰਮਿੰਦਰ ਸਿੰਘ ਨੇ ਕਿਹਾ ਕਿ ਉਹ ਸਿਰਫ ਮਸਜਿਦ ਹੀ ਨਹੀਂ ਸਗੋਂ ਗਿਰਜਾਘਰਾਂ ਅਤੇ ਮੰਦਰਾਂ ਦੀ ਸਫਾਈ ਵੀ ਕਰ ਰਹੇ ਹਨ। 'ਅਸੀਂ ਧਰਮ ਦੇ ਆਧਾਰ 'ਤੇ ਕਿਸੇ ਨਾਲ ਵੀ ਵਿਤਕਰਾ ਨਹੀਂ ਕਰਦੇ। ਗੁਰੂ ਗ੍ਰੰਥ ਸਾਹਿਬ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ। ਅਸੀਂ ਸਾਰੇ ਮੰਦਰਾਂ ਅਤੇ ਗਿਰਜਿਆਂ 'ਚ ਪਿਛਲੇ 50 ਤੋਂ 60 ਦਿਨਾਂ ਦੌਰਾਨ ਕੰਮ ਕਰ ਰਹੇ ਹਾਂ।' ਜਾਮਾ ਮਸਜਿਦ ਦੇ ਸ਼ਾਹੀ ਇਮਾਮ ਅਹਿਮਦ ਸ਼ਾਹ ਬੁਖਾਰੀ ਨੇ ਸਿੱਖਾਂ ਦੀ ਤਾਰੀਫ ਕਰਦਿਆਂ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਲੋਕ ਇਕ-ਦੂਜੇ ਦਾ ਖਿਆਲ ਰੱਖਣ। ਦਿੱਲੀ 'ਚ ਈਦ ਦਾ ਬਹੁਤਾ ਜ਼ੋਸ਼ੋ-ਖਰੋਸ਼ ਨਹੀਂ ਦੇਖਿਆ ਜਾ ਰਿਹਾ ਹੈ।

# ਪੱਛਮੀ ਬੰਗਾਲ ਵਿਚ 'ਅੰਫਾਨ' ਦੀ ਤਬਾਹੀ

**ਕੋਲਕਾਤਾ:** ਚੱਕਰਵਾਤੀ ਤੂਫਾਨ 'ਅੰਫਾਨ' ਨੇ ਪੱਛਮੀ ਬੰਗਾਲ ਵਿਚ ਭਾਰੀ ਤਬਾਹੀ ਮਚਾਈ ਹੈ। ਇਸ ਕੁਦਰਤੀ ਆਫਤ ਕਾਰਨ ਸੂਬੇ ਵਿਚ 85 ਤੋਂ ਵੱਧ ਲੋਕ ਮਾਰੇ ਗਏ। ਇਸੇ ਦੌਰਾਨ ਕੇਂਦਰ ਨੇ ਰਾਹਤ ਕਾਰਜਾਂ 'ਚ ਤੇਜ਼ੀ ਲਈ ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐਨ.ਡੀ.ਆਰ.ਐਫ.) ਦੀਆਂ 10 ਹੋਰ ਟੀਮਾਂ ਪੱਛਮੀ ਬੰਗਾਲ ਭੇਜੀਆਂ ਹਨ। ਅਧਿਕਾਰਤ ਸੂਤਰਾਂ ਮੁਤਾਬਕ ਤੂਫਾਨ ਕਾਰਨ ਸੂਬੇ 'ਚ 1.5 ਕਰੋੜ ਲੋਕ ਪ੍ਰਭਾਵਿਤ ਅਤੇ 10 ਲੱਖ ਤੋਂ ਵੱਧ ਘਰ ਤਬਾਹ ਹੋਏ ਹਨ। ਤੂਫਾਨ ਨਾਲ ਹੋਏ ਨੁਕਸਾਨ ਦੌਰਾਨ ਸੂਬੇ ਵਿਚ ਕਈ ਥਾਈਂ ਅਧਿਕਾਰੀਆਂ ਨੂੰ ਸੇਵਾਵਾਂ ਦੀ ਬਹਾਲੀ 'ਚ ਕਾਫੀ ਮੁਸ਼ਕਲਾਂ ਆ ਰਹੀਆਂ ਹਨ। ਹਾਲਾਂਕਿ ਕੋਲਕਾਤਾ ਅਤੇ ਦੱਖਣੀ 24 ਪਰਗਨਾ ਜ਼ਿਲ੍ਹੇ ਦੇ ਕੁਝ ਹਿੱਸਿਆਂ 'ਚ ਬਿਜਲੀ ਤੇ ਮੋਬਾਈਲ ਸੇਵਾ ਬਹਾਲ ਕਰ ਦਿੱਤੀ ਗਈ ਹੈ ਪਰ ਬਹੁਤੇ ਥਾਈਂ ਬਿਜਲੀ ਦੇ ਖੰਭੇ ਪੁੱਟੇ ਜਾਣ ਕਾਰਨ ਹਨੇਰਾ ਛਾਇਆ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚਕਰਵਾਤੀ ਤੂਫਾਨ 'ਅੰਫਾਨ' ਦੀ ਮਾਰ ਹੇਠ ਆਏ ਪੱਛਮੀ ਬੰਗਾਲ ਤੇ ਉੜੀਸਾ ਲਈ ਅਗਾਊਂ ਸਹਾਇਤਾ ਵਜੋਂ ਕ੍ਰਮਵਾਰ 1000 ਕਰੋੜ ਤੇ 500 ਕਰੋੜ ਰੁਪਏ ਦੀ ਅੰਤਰਿਮ ਰਾਹਤ ਐਲਾਨ ਦਿੱਤੀ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਪੱਛਮੀ ਬੰਗਾਲ ਤੇ ਉੜੀਸਾ ਵਿਚ ਤੂਫਾਨ ਦੀ ਮਾਰ ਹੇਠ ਆਏ ਖੇਤਰਾਂ ਦਾ ਵੱਖੋ ਵੱਖਰਾ ਹਵਾਈ ਸਰਵੇਖਣ ਕੀਤਾ। ਬੰਗਾਲ 'ਚ ਪ੍ਰਭਾਵਿਤ ਖੇਤਰਾਂ ਦਾ ਸਰਵੇਖਣ ਕਰਨ ਮੌਕੇ ਸੂਬੇ ਦੇ ਰਾਜਪਾਲ ਜਗਦੀਪ ਧਨਖੜ ਤੇ ਮੁੱਖ ਮੰਤਰੀ ਮਮਤਾ ਬੈਨਰਜੀ ਵੀ ਮੌਜੂਦ ਸਨ। ਸ੍ਰੀ ਮੋਦੀ ਨੇ ਤੂਫਾਨ ਦੇ ਟਾਕਰੇ ਲਈ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ 'ਚ ਕੀਤੇ ਯਤਨਾਂ ਦੀ ਤਾਰੀਫ ਕੀਤੀ।



## 'ਅੰਫਾਨ' ਕੌਮੀ ਆਫਤ ਤੋਂ ਕਿਤੇ ਵੱਧ: ਮਮਤਾ

**ਕੋਲਕਾਤਾ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਸੂਬੇ ਵਿਚ ਆਈ ਕੁਦਰਤੀ ਆਫਤ, ਕਿਸੇ ਕੌਮੀ ਆਫਤ ਤੋਂ ਕਿਤੇ ਵੱਧ ਬੀਬੀ ਬੈਨਰਜੀ ਨੇ ਕਿਹਾ ਕਿ ਹਾਲਾਤ ਠੀਕ ਹੋਣ 'ਚ ਸਮਾਂ ਲੱਗੇਗਾ। ਸਾਰੇ ਅਧਿਕਾਰੀ ਤੇ ਮੰਤਰੀ ਮਿਲ ਕੇ ਕੋਸ਼ਿਸ਼ ਕਰ ਰਹੇ ਹਨ। ਪੁਲਿਸ ਵੀ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ, 'ਅਸੀਂ ਲੌਕਡਾਊਨ, ਕੋਵਿਡ-19 ਤੇ ਹੁਣ ਚੱਕਰਵਾਤੀ ਤੂਫਾਨ- ਤਿੰਨ ਚੁਣੌਤੀਆਂ ਦਾ ਟਾਕਰਾ ਕਰ ਰਹੇ ਹਾਂ। ਪਿੰਡ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ। ਫੋਨ ਸੇਵਾਵਾਂ ਪੂਰੀ ਤਰ੍ਹਾਂ ਠੱਪ ਹਨ।'

## ਕਿਰਤ ਕਾਨੂੰਨ ਸੋਧਾਂ ਬਾਰੇ ਨੀਤੀ ਆਯੋਗ ਦੀ ਸਫਾਈ

**ਨਵੀਂ ਦਿੱਲੀ:** ਵੱਖ-ਵੱਖ ਰਾਜਾਂ ਵੱਲੋਂ ਕਿਰਤ ਕਾਨੂੰਨਾਂ ਵਿਚ ਕੀਤੀਆਂ ਜਾ ਰਹੀਆਂ ਸੋਧਾਂ ਦੇ ਮੱਦੇਨਜ਼ਰ ਨੀਤੀ ਆਯੋਗ ਦੇ ਵਾਈਸ ਚੇਅਰਮੈਨ ਰਾਜੀਵ ਕੁਮਾਰ ਨੇ ਕਿਹਾ ਕਿ ਸੁਧਾਰ ਦਾ ਅਰਥ ਕਿਰਤ ਕਾਨੂੰਨਾਂ ਦਾ ਪੂਰੀ ਤਰ੍ਹਾਂ ਖਾਤਮਾ ਨਹੀਂ ਹੈ ਅਤੇ ਕੇਂਦਰ ਸਰਕਾਰ ਮਜ਼ਦੂਰਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਵਚਨਬੱਧ ਹੈ।

ਹਾਲ ਹੀ ਵਿਚ ਉਤਰ ਪ੍ਰਦੇਸ਼ ਅਤੇ ਗੁਜਰਾਤ ਸਣੇ ਕਈ ਸੂਬਿਆਂ ਨੇ ਕਿਰਤ ਕਾਨੂੰਨਾਂ ਵਿਚ ਇਹ ਕਹਿੰਦਿਆਂ ਸੋਧਾਂ ਕੀਤੀਆਂ ਜਾਂ ਸੁਧਾਰਾਂ ਦੀ ਤਜਵੀਜ਼ ਰੱਖੀ ਹੈ ਕਿ ਇਹ ਕਰੋਨਾ ਮਹਾਮਾਰੀ ਕਾਰਨ ਪ੍ਰਭਾਵਿਤ ਹੋਏ ਕਾਰੋਬਾਰ ਨੂੰ ਮੁੜ ਪੈਰਾਂ ਸਿਰ ਕਰਨ ਦੀਆਂ ਵੱਡੀਆਂ ਕੋਸ਼ਿਸ਼ਾਂ ਦਾ ਹਿੱਸਾ ਹੈ। ਸ੍ਰੀ ਕੁਮਾਰ ਨੇ ਇਕ ਇੰਟਰਵਿਊ ਦੌਰਾਨ ਕਿਹਾ, "ਕੇਂਦਰੀ ਕਿਰਤ ਮੰਤਰਾਲੇ ਨੇ ਸੂਬਿਆਂ ਨੂੰ ਨੋਟਿਸ ਜਾਰੀ ਕਰਕੇ ਦੱਸਿਆ ਹੈ ਕਿ ਉਹ ਕਿਰਤ ਕਾਨੂੰਨਾਂ ਨੂੰ ਖਤਮ ਨਹੀਂ ਕਰ ਸਕਦੇ ਕਿਉਂਕਿ ਭਾਰਤ ਕੌਮਾਂਤਰੀ ਕਿਰਤ ਸੰਸਥਾ (ਆਈ.ਐਲ.ਓ.) ਨਾਲ ਸਮਝੌਤਾਬੱਧ ਹੈ।" ਕਿਰਤ ਸੁਧਾਰਾਂ ਵਿਚ ਮਜ਼ਦੂਰਾਂ ਦੀ ਸਮਾਜਿਕ ਸੁਰੱਖਿਆ ਸਬੰਧੀ ਪੁੱਛਣ 'ਤੇ ਰਾਜੀਵ ਕੁਮਾਰ ਨੇ ਕਿਹਾ, "ਇਹ ਸਪਸ਼ਟ ਹੈ ਕਿ ਕੇਂਦਰ ਸਰਕਾਰ ਕਿਰਤ ਕਾਨੂੰਨਾਂ ਵਿਚ ਸੁਧਾਰ ਨੂੰ ਕਿਰਤ ਕਾਨੂੰਨਾਂ ਦੀ ਪੂਰੀ ਤਰ੍ਹਾਂ ਅਣਹੋਂਦ ਨਹੀਂ ਮੰਨਦੀ। ਸਰਕਾਰ ਮਜ਼ਦੂਰਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਵਚਨਬੱਧ ਹੈ।"

# ਪਾਕਿਸਤਾਨ 'ਚ ਰਿਹਾਇਸ਼ੀ ਇਲਾਕੇ 'ਤੇ ਡਿੱਗਾ ਜਹਾਜ, 97 ਮੌਤਾਂ



**ਕਰਾਚੀ:** ਪਾਕਿਸਤਾਨ ਇੰਟਰਨੈਸ਼ਨਲ ਏਅਰ ਲਾਈਨ (ਪੀ.ਆਈ.ਏ.) ਦੀ ਲਾਹੌਰ ਤੋਂ ਕਰਾਚੀ ਜਾ ਰਹੀ ਉਡਾਣ ਕਰਾਚੀ ਹਵਾਈ ਅੱਡੇ ਦੇ ਨੇੜੇ ਮਾਡਲ ਕਾਲੋਨੀ ਨੇੜੇ ਜਿਨਾਹ ਗਾਰਡਨ ਖੇਤਰ 'ਚ ਲੈਂਡਿੰਗ ਕਰਨ ਤੋਂ ਪਹਿਲਾਂ ਹਾਦਸਾਗ੍ਰਸਤ ਹੋ ਗਈ, ਜਿਸ ਨਾਲ 97 ਲੋਕਾਂ ਦੀ ਮੌਤ ਹੋ ਗਈ ਅਤੇ ਵੱਡੀ ਗਿਣਤੀ 'ਚ ਗੰਭੀਰ ਰੂਪ 'ਚ ਜਖਮੀ ਹੋਏ।

ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨ ਦਾ ਇਹ ਜਹਾਜ਼ ਏ-320 ਪੀ. ਕੇ. 8303 ਦੁਪਹਿਰ ਇਕ ਵਜੇ ਲਾਹੌਰ ਤੋਂ ਰਵਾਨਾ ਹੋਇਆ ਤੇ ਕਰਾਚੀ ਹਵਾਈ ਅੱਡੇ ਨਜ਼ਦੀਕ ਇਕ ਰਿਹਾਇਸ਼ੀ ਖੇਤਰ 'ਚ ਹਾਦਸਾਗ੍ਰਸਤ ਹੋ ਗਿਆ। ਰਿਹਾਇਸ਼ੀ ਇਲਾਕਾ ਹੋਣ ਕਾਰਨ ਉਥੇ ਹਫੜਾ-ਦਫੜੀ ਦਾ ਮਾਹੌਲ ਬਣ ਗਿਆ। ਜਹਾਜ਼ ਦੇ ਚਾਲਕ ਦਲ 'ਚ ਪਾਇਲਟ ਦੇ ਨਾਲ ਇਕ ਕੋ-ਪਾਇਲਟ, ਤਿੰਨ ਏਅਰ ਹੋਸਟੇਸ ਤੇ ਤਿੰਨ ਹੋਰ ਲੋਕ ਸ਼ਾਮਲ ਸਨ। ਜਹਾਜ਼ ਦੇ ਪਾਇਲਟ ਸੱਯਾਦ ਗੁੱਲ ਨੇ ਆਪਣੇ ਆਖਰੀ ਸੁਨੇਹੇ 'ਚ ਦੱਸਿਆ ਕਿ ਤਕਨੀਕੀ ਖਾਮੀ ਦੇ ਚੱਲਦਿਆਂ ਜਹਾਜ਼ ਦੇ ਦੋਵੇਂ ਇੰਜਣ ਕੰਮ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਪਾਇਲਟ ਨੂੰ ਦੱਸਿਆ ਗਿਆ ਸੀ ਕਿ ਦੋਵੇਂ ਹਵਾਈ ਪੱਟੀਆਂ ਲੈਂਡਿੰਗ ਲਈ ਤਿਆਰ ਹਨ ਪਰ ਲੈਂਡਿੰਗ ਗੇਅਰ ਨਾ ਖੁੱਲ੍ਹ ਸਕਣ ਕਰਕੇ ਜਹਾਜ਼ ਹਵਾਈ ਪੱਟੀ 'ਤੇ ਸੁਰੱਖਿਅਤ ਨਹੀਂ ਉਤਾਰਿਆ ਜਾ ਸਕਿਆ। ਰਿਹਾਇਸ਼ੀ ਆਬਾਦੀ 'ਚ ਜਹਾਜ਼ ਦੇ ਦੁਰਘਟਨਾਗ੍ਰਸਤ ਹੋ ਕੇ ਡਿੱਗਣ 'ਤੇ ਉਥੇ ਇਕ ਦਰਜਨ ਦੇ ਕਰੀਬ ਘਰਾਂ ਦੀਆਂ ਛੱਤਾਂ ਤੇ ਉੱਪਰਲੀਆਂ ਮੰਜ਼ਿਲਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਅਤੇ ਹਾਦਸੇ ਵਾਲੀ ਥਾਂ 'ਤੇ ਅੱਗ ਲੱਗ ਗਈ। ਜ਼ਿਕਰਯੋਗ ਹੈ ਕਿ ਪਾਕਿਸਤਾਨ 'ਚ ਕਰੋਨਾ ਵਾਇਰਸ ਕਾਰਨ ਲਗਾਈ ਗਈ ਤਾਲਾਬੰਦੀ ਨੂੰ ਖੋਲ੍ਹੇ ਜਾਣ ਤੋਂ ਬਾਅਦ ਇਕ ਵਾਰ ਫਿਰ ਹਵਾਈ ਉਡਾਣਾਂ ਸ਼ੁਰੂ ਕੀਤੀਆਂ ਗਈਆਂ ਹਨ। ਦੱਸਿਆ ਜਾ ਰਿਹਾ ਹੈ ਕਿ ਜਹਾਜ਼ 10 ਸਾਲ ਪੁਰਾਣਾ ਸੀ ਅਤੇ ਇਹ ਇਕ ਚੀਨੀ ਕੰਪਨੀ ਤੋਂ ਲੀਜ਼ ਉਤੇ ਲਿਆ ਗਿਆ ਸੀ।

## ਪਾਇਲਟ ਨੇ 3 ਚਿਤਾਵਨੀਆਂ ਨਜ਼ਰਅੰਦਾਜ਼ ਕੀਤੀਆਂ

**ਇਸਲਾਮਾਬਾਦ:** ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀ.ਆਈ.ਏ.) ਦੇ ਹਾਦਸਾਗ੍ਰਸਤ ਹੋਏ ਜਹਾਜ਼ ਦੇ ਪਾਇਲਟ ਨੇ ਜਹਾਜ਼ ਉਤਾਰਨ ਤੋਂ ਪਹਿਲਾਂ ਉਸ ਦੀ ਗਤੀ ਅਤੇ ਉਚਾਈ ਬਾਰੇ ਹਵਾਈ ਟਰੈਫਿਕ ਕੰਟਰੋਲਰ ਦੀਆਂ 3 ਚਿਤਾਵਨੀਆਂ ਨੂੰ ਇਹ ਕਹਿ ਕੇ ਨਜ਼ਰਅੰਦਾਜ਼ ਕਰ ਦਿੱਤਾ ਸੀ ਕਿ ਉਹ ਸੰਤੁਸ਼ਟ ਹੈ ਅਤੇ ਸਥਿਤੀ ਕਾਬੂ ਵਿਚ ਕਰ ਲਏਗਾ। ਮੁਢਲੀ ਜਾਂਚ ਰਿਪੋਰਟ ਵਿਚ ਇਹ ਖੁਲਾਸਾ ਕੀਤਾ ਗਿਆ ਹੈ।

## ਡਿੱਗਣ ਤੋਂ ਪਹਿਲਾਂ ਲੱਗੇ ਸਨ ਤਿੰਨ ਝਟਕੇ

**ਇਸਲਾਮਾਬਾਦ:** ਜਹਾਜ਼ ਹਾਦਸੇ ਚਮਤਕਾਰੀ ਢੰਗ ਨਾਲ ਬਚੇ ਮੁਸਾਫਰ ਮੁਹੰਮਦ ਜ਼ੁਬੈਰ ਨੇ ਦੱਸਿਆ ਕਿ ਕਰੈਸ਼ ਹੋਣ ਤੋਂ ਪਹਿਲਾਂ ਜਹਾਜ਼ ਨੂੰ ਤਿੰਨ ਝਟਕੇ ਲੱਗੇ ਸਨ। ਜ਼ੁਬੈਰ (24) ਜਹਾਜ਼ 'ਚ ਸਵਾਰ 99 ਮੁਸਾਫਰਾਂ ਵਿਚ ਸ਼ਾਮਲ ਸੀ। ਹਾਦਸੇ ਮਗਰੋਂ ਝੁਲਸਣ ਕਾਰਨ ਕਰਾਚੀ ਦੇ ਇਕ ਹਸਪਤਾਲ 'ਚ ਜੇਰੇ ਇਲਾਜ ਜ਼ੁਬੈਰ ਅਨੁਸਾਰ ਪਾਇਲਟ ਨੇ ਜਿਨਾਹ ਇੰਟਰਨੈਸ਼ਨਲ ਏਅਰਪੋਰਟ 'ਤੇ ਉਤਰਨ ਦਾ ਐਲਾਨ ਕਰਦਿਆਂ ਸੀਟ ਬੈਲਟਾਂ ਬੰਨ੍ਹਣ ਲਈ ਕਿਹਾ ਸੀ। ਜਦੋਂ ਜਹਾਜ਼ ਉਤਰਨ ਲੱਗਾ ਤਾਂ ਉਸ ਸਮੇਂ ਤਿੰਨ ਝਟਕੇ ਲੱਗੇ ਸਨ। ਮੈਨੂੰ ਨਹੀਂ ਪਤਾ ਕੀ ਹੋਇਆ। ਪਾਇਲਟ ਉਸ ਤੋਂ ਬਾਅਦ ਦਸ ਪੰਦਰਾਂ ਮਿੰਟ ਜਹਾਜ਼ ਉਡਾਉਂਦਾ ਰਿਹਾ। ਉਸ ਨੇ ਦੁਬਾਰਾ ਲੈਂਡਿੰਗ ਦਾ ਐਲਾਨ ਕੀਤਾ ਤੇ ਇਸੇ ਦੌਰਾਨ ਹਾਦਸਾ ਵਾਪਰ ਗਿਆ।

# ਪੈਰਾਸਾਈਟ: ਪਰਜੀਵੀ ਦੁਨੀਆਂ ਦੀਆਂ ਤੰਦਾਂ



ਬਲਤੇਜ ਗਿੱਲ

ਪੈਰਾਸਾਈਟ ਨੂੰ ਚਾਰ ਆਸਕਰ ਮਿਲਣ ਕਰਕੇ ਇਹ ਮੁੱਖਧਾਰਾ 'ਚ ਬੇਹੱਦ ਚਰਚਾ ਵਿਚ ਆ ਗਈ, ਬਹੁ-ਗਿਣਤੀ ਦਰਸ਼ਕਾਂ ਦੇ ਸਵਾਦ 'ਤੇ ਪਾਤਰ ਦੀ ਕਵਿਤਾ ਢੁਕਦੀ ਹੈ ਕਿ 'ਕੁਝ ਕੁ ਲੋਕਾਂ ਨੂੰ ਰਾਗ ਦੀ ਸਮਝ ਹੈ, ਇੰਨੀ ਕੁ ਹੀ ਕਿ ਸੋਨੇ ਦੀ ਜੇ ਹੈ, ਬਾਂਸੁਰੀ ਤਾਂ ਬੇਸੁਰੀ ਨਹੀਂ।' ਖੈਰ, ਜੇ ਇਸ ਬਾਂਸੁਰੀ ਨੂੰ ਸੋਨੇ ਦੀ ਘੋਸ਼ਿਤ ਨਾ ਵੀ ਕੀਤਾ ਜਾਂਦਾ, ਇਹ ਤਾਂ ਵੀ ਬੇਸੁਰੀ ਨਹੀਂ ਸੀ ਹੋਣੀ। ਫਿਲਮ ਬਣਾਉਣ ਵਾਲੇ ਬੋਂਗ ਜੂੰ ਹੋ ਨੂੰ ਪਹਿਲਾਂ ਵੀ ਕੌਮਾਂਤਰੀ ਪੱਧਰ ਦੇ ਕਈ ਅਵਾਰਡ ਆਪਣੀ ਫਿਲਮ 'ਓਕਜਾ', 'ਦ ਹੋਸਟ', 'ਮਦਰ' ਆਦਿ ਫਿਲਮਾਂ ਕਰਕੇ ਮਿਲ ਚੁਕੇ ਹਨ। ਫਿਲਮ ਪੈਰਾਸਾਈਟ ਨੇ ਕੋਰੀਅਨ ਸਿਨੇਮਾ ਦੇ ਸੌਵੇਂ ਵਰ੍ਹੇ ਨੂੰ ਸ਼ਾਨਦਾਰ ਬਣਾ ਦਿੱਤਾ।

ਪੈਰਾਸਾਈਟ ਨੂੰ ਪੰਜਾਬੀ ਵਿਚ ਪਰਜੀਵੀ ਆਖ ਦਿੰਦੇ ਹਨ, ਇਹ ਬਹੁਤ ਹੀ ਛੋਟਾ ਜਿਹਾ ਜੀਵ ਹੁੰਦਾ ਹੈ, ਜੋ ਪੂਰੀ ਤਰ੍ਹਾਂ ਨਾਲ ਕਿਸੇ ਹੋਰ ਜੀਵ ਉਤੇ ਪਲਦਾ ਹੈ। ਪਰਜੀਵੀ ਜਿਸ ਜੀਵ ਉਤੇ ਪਲਦਾ ਹੈ, ਉਸ ਨੂੰ ਪਰਜੀਵੀ ਦੀ ਹੋਂਦ ਦਾ ਕੋਈ ਬਹੁਤਾ ਅਹਿਸਾਸ ਨਹੀਂ ਹੁੰਦਾ। ਪਰਜੀਵੀ ਅੱਗੇ ਕਈ ਤਰ੍ਹਾਂ ਦੇ ਹੁੰਦੇ ਹਨ, ਮੋੜਵਾਂ ਫਾਇਦਾ ਦੇਣ ਵਾਲੇ ਪਰਜੀਵੀ ਵੀ ਹੁੰਦੇ ਹਨ ਤੇ ਸਿਰਫ ਰਕਤ ਚੂਸਣ ਵਾਲੇ ਪਰਜੀਵੀ ਵੀ ਹੁੰਦੇ ਹਨ। ਇਹ ਫਿਲਮ ਵੇਖਣ ਵਾਲਾ ਦਰਸ਼ਕ ਭੰਬਲਭੂਸੇ ਵਿਚ ਪੈ ਜਾਂਦਾ ਹੈ ਕਿ ਪੈਰਾਸਾਈਟ ਕੌਣ ਹੈ? ਵਿਖਾਉਣ ਵਾਲੇ ਨੇ ਕੋਈ ਫੈਸਲਾ ਨਹੀਂ ਸੁਣਾਇਆ, ਉਹਨੇ ਤੁਹਾਡੇ ਸਾਹਮਣੇ ਚੱਲ ਰਹੀ ਦੁਨੀਆਂ ਰੱਖੀ ਹੈ, ਇਸ ਵਿਚ ਚੰਗੇ-ਮਾੜੇ ਦੀ ਪਛਾਣ ਦਾ ਜਿੰਮਾ ਸਰੋਤੇ 'ਤੇ ਛੱਡ ਦਿੱਤਾ ਹੈ।

ਖੈਰ, ਫਿਲਮ ਦੋ ਵੱਖ-ਵੱਖ ਵਰਗਾਂ ਦੇ ਪਰਿਵਾਰਾਂ ਦੀ ਜ਼ਿੰਦਗੀ ਦੀ ਕਹਾਣੀ ਹੈ। ਇੱਕ ਪਰਿਵਾਰ, ਜੋ ਜ਼ਮੀਨ ਤੋਂ ਹੇਠਾਂ ਰਹਿੰਦਾ ਹੈ ਤੇ ਜਿਸ ਦੀ ਫੁੱਟ ਕੁ ਦੀ ਖਿੜਕੀ, ਜੋ ਚਾਨਣ ਲਈ ਰੱਖੀ ਹੈ, ਵਿਚੋਂ ਦੀ ਕਦੇ ਕੋਈ ਮੂਤ ਜਾਂਦਾ ਹੈ, ਕਦੇ ਪੈਰਾਸਾਈਟ ਨੂੰ ਮਾਰਨ ਵਾਲੀ ਦਵਾਈ ਆਉਂਦੀ ਹੈ ਤੇ ਕਦੇ ਦੁਨੀਆਂ ਭਰ ਦਾ ਗੰਦ ਮੀਂਹ ਦੇ ਪਾਣੀ ਨਾਲ ਨਿਰਵਿਘਨ ਆ ਵੜਦਾ ਹੈ।

ਇੱਕ ਦੂਜਾ ਪਰਿਵਾਰ ਹੈ, ਉਸ ਦੀ ਜ਼ਿੰਦਗੀ ਦੀ ਕਹਾਣੀ ਬਿਲਕੁਲ ਵੱਖਰੀ ਹੈ। ਉਸ ਦਾ ਘਰ ਜ਼ਮੀਨ ਤੋਂ ਉਪਰ ਹੈ, ਇੰਨਾ ਉਪਰ ਕਿ ਹੇਠਲੇ ਵਰਗ ਨੂੰ ਪਹੁੰਚਣ ਲਈ ਬਹੁਤ ਸਾਰੀਆਂ ਪੌੜੀਆਂ, ਬਹੁਤ ਸਾਰੇ ਚੜ੍ਹਾਅ ਚੜ੍ਹ ਕੇ ਆਉਣਾ ਪੈਂਦਾ ਹੈ। ਇਨ੍ਹਾਂ ਚੜ੍ਹਾਵਾਂ, ਪੌੜੀਆਂ ਤੋਂ ਬਾਅਦ ਇੱਕ ਵੱਡੇ ਸਾਰੇ ਸ਼ੀਸ਼ੇ ਦੇ ਪਿੱਛੇ ਘਰ ਹੈ, ਜਿਸ ਵਿਚ ਨਿਰਵਿਘਨ ਚਾਨਣ ਆਉਂਦਾ ਹੈ। ਜਿਸ ਮੀਂਹ ਨਾਲ ਉਸ ਸ਼ਹਿਰ ਦੇ ਕਈ ਪਰਿਵਾਰ ਬੇਘਰ ਹੋ ਜਾਂਦੇ ਹਨ, ਉਸ ਮੀਂਹ ਦਾ ਨਜ਼ਾਰਾ ਵੱਡੇ ਘਰ ਦੇ ਸ਼ੀਸ਼ੇ ਤੋਂ ਬਹੁਤ ਹੀ ਰੁਮਾਂਚਿਕ ਦਿਖਦਾ ਹੈ।

ਇਨ੍ਹਾਂ ਦੋਹਾਂ ਤੋਂ ਬਿਨਾ ਇੱਕ ਹੋਰ ਤਰ੍ਹਾਂ ਦੀ ਜ਼ਿੰਦਗੀ ਵੀ ਹੈ, ਜੋ ਬਿਲਕੁਲ ਹੀ ਚਾਨਣ ਤੋਂ ਵਿਹੂਣੀ ਹੈ, ਜੋ ਅਮੀਰ ਲੋਕਾਂ ਨੂੰ ਭੂਤਾਂ ਵਾਂਗ ਦਿਸਦੀ ਹੈ। ਉਹ ਉਨ੍ਹਾਂ ਬਾਰੇ ਸਭ ਕੁਝ ਜਾਣਦੀ ਬੁਝਦੀ ਹੈ, ਪਰ ਅਮੀਰ ਉਹਦੀ ਹੋਂਦ ਤੋਂ ਵੀ ਅਣਜਾਣ ਜਿਉਂਦਾ ਆਪਣੀ ਨਿੱਜਤਾ ਦੀ ਦੁਹਾਈ ਦਿੰਦਾ ਹੈ।

ਫਿਲਮ ਵਿਚ ਉਨ੍ਹਾਂ ਦ੍ਰਿਸ਼ਾਂ ਵਿਚ ਬਹੁਤ ਸਾਰੀ ਬੇਚੈਨੀ ਵਿਖਾਈ ਗਈ ਹੈ, ਜਦ ਦੋ ਗਰੀਬ ਪਰਿਵਾਰ ਇਕੱਠੇ ਹੁੰਦੇ ਹਨ, ਉਨ੍ਹਾਂ ਵਿਚ ਨੌਕਰੀ ਲੈਣ ਦਾ ਮੁਕਾਬਲਾ ਜਾਂ ਕਹਿ ਲਓ ਜਿਉਂਦੇ ਰਹਿਣ ਦਾ ਮੁਕਾਬਲਾ ਇੰਨਾ ਜਿਆਦਾ ਹਿੰਸਕ ਹੈ ਕਿ ਉਹ ਕਦੇ ਇੱਕ ਦੂਜੇ ਦੀ ਮਦਦ ਕਰਦੇ ਨਹੀਂ ਦਿਸਦੇ। ਫਿਲਮ ਵਿਚ ਅਮੀਰ ਪਰਿਵਾਰ ਆਪਣੇ ਹਰ ਕੰਮ ਲਈ ਗਰੀਬ 'ਤੇ ਨਿਰਭਰ ਹੈ, ਆਪਣੇ ਕੱਪੜੇ ਧਵਾਉਣ ਤੋਂ ਲੈ ਕੇ ਆਉਣ-ਜਾਣ ਦੇ ਹਰ ਕੰਮ ਲਈ। ਗਰੀਬ ਉਨ੍ਹਾਂ ਦੇ ਬਹੁਤ ਨੇੜੇ ਰਹਿ ਕੇ ਵੀ ਬਹੁਤ ਦੂਰ ਹਨ। ਇਹ ਫਰਕ ਇੰਨਾ ਵੱਧ ਹੈ ਕਿ ਅਮੀਰ ਪਰਿਵਾਰ ਨੂੰ ਕਦੇ ਉਨ੍ਹਾਂ ਦੀ ਹੋਂਦ ਮਹਿਸੂਸ ਨਹੀਂ ਹੁੰਦੀ, ਘਰ ਦੀਆਂ ਪੌੜੀਆਂ ਚੜ੍ਹਦੇ ਉਹ ਮਹਿਸੂਸ ਨਹੀਂ ਕਰਦੇ ਕਿ ਉਨ੍ਹਾਂ ਦੇ ਅੰਦਰ ਵੜਦਿਆਂ ਬੱਤੀਆਂ ਕੌਣ ਚਲਾ ਦਿੰਦਾ ਹੈ (ਇਹ ਦ੍ਰਿਸ਼ ਅਸਲ ਵਿਚ ਤਕਨਾਲੋਜੀ ਦੇ ਪਿੱਛੇ ਕੰਮ ਕਰ ਰਹੇ ਕਾਮਿਆਂ ਦੀ ਗੱਲ ਕਰਦਾ ਹੈ)। ਹਰ ਵੇਲੇ ਆਪਣੀ ਨਿੱਜਤਾ ਦਾ ਰੋਣਾ ਰੋਂਦਾ ਅਮੀਰ ਪਰਿਵਾਰ ਕਦੇ ਨਹੀਂ ਜਾਣਦਾ ਕਿ ਉਹ ਆਪਣੇ ਹਰ ਛੋਟੇ ਕੰਮ ਲਈ ਗਰੀਬਾਂ 'ਤੇ ਨਿਰਭਰ ਹੋਣ ਲਈ ਨਿੱਜਤਾ ਦਾ ਸਿਰਫ ਵਿਖਾਵਾ ਕਰਦੇ ਹਨ।







ਫਿਲਮ ਕਈ ਥਾਂਵਾਂ 'ਤੇ ਬੋਲਦੀ ਕੁਝ ਹੋਰ ਹੈ, ਦਿਖਾਉਂਦੀ ਕੁਝ ਹੋਰ ਹੈ। ਇਹ ਅਸਲ ਵਿਚ ਮਨੁੱਖਾਂ ਦਾ ਦੋਗਲਾਪਣ ਦਰਸਾਉਂਦੀ ਹੈ, ਇੱਕ ਦ੍ਰਿਸ਼ ਹੈ, ਪਿਛਲੀ ਸੀਟ 'ਤੇ ਬੈਠਾ ਕਾਰ ਦਾ ਮਾਲਕ ਨਵੇਂ ਰੱਖੇ ਡਰਾਈਵਰ ਨੂੰ ਪਹਿਲੇ ਦਿਨ ਕਹਿੰਦਾ ਹੈ ਕਿ ਤੈਨੂੰ ਘਬਰਾਉਣ ਦੀ ਲੋੜ ਨਹੀਂ, ਇਹ ਤੇਰਾ ਕੋਈ ਟੈਸਟ ਨਹੀਂ ਹੈ, ਪਰ ਇਹ ਕਹਿੰਦਿਆਂ ਜਦੋਂ ਗੱਡੀ ਮੁੜ ਰਹੀ ਹੁੰਦੀ, ਉਹ ਹੱਥ ਵਿਚ ਫੜੀ ਕੌਫੀ ਦੀ ਹਿਲਜੁਲ ਵੱਲ ਵੀ ਧਿਆਨ ਰੱਖਦਾ ਹੈ ਕਿ ਇਹ ਮੋੜ ਕਿੰਨਾ ਕੁ ਆਰਾਮਦੇਹ ਮੁੜਿਆ?

ਇੰਜ ਹੀ ਇੱਕ ਥਾਂ ਮਾਲਕ ਤੇ ਮਾਲਕਣ ਆਪਣੇ ਪੁਰਾਣੇ ਡਰਾਈਵਰ ਸਬੰਧੀ ਗੱਡੀ ਦੀ ਸੀਟ 'ਤੇ ਸੰਭੋਗ ਕਰਨ ਜਾਂ ਨਸ਼ਾ ਲੈਣ ਬਾਰੇ ਨਫਰਤ ਨਾਲ ਬੋਲਦੇ ਹਨ, ਪਰ ਅਗਲੇ ਦ੍ਰਿਸ਼ਾਂ ਵਿਚ ਉਹ ਆਪ ਆਪਣੇ ਘਰ ਦੇ ਸੋਫੇ 'ਤੇ ਸੰਭੋਗ ਕਰ ਰਹੇ ਹੁੰਦੇ ਹਨ, ਜਿਸ ਵਿਚ ਉਹਦੀ ਘਰ ਵਾਲੀ 'ਮੈਨੂੰ ਨਸ਼ਾ ਚਾਹੀਦਾ, ਮੈਨੂੰ ਨਸ਼ਾ ਚਾਹੀਦਾ' ਕਹਿੰਦੀ ਹੈ। ਇਹ ਸਭ ਉਹ ਗਰੀਬ ਪਰਿਵਾਰ ਦੀ ਐਨ ਮੌਜੂਦਗੀ ਵਿਚ ਕਰਦੇ ਹਨ, ਜਿਸ ਦਾ ਉਨ੍ਹਾਂ ਨੂੰ ਪਤਾ ਵੀ ਨਹੀਂ ਹੁੰਦਾ।

ਆਖਰੀ ਦ੍ਰਿਸ਼ ਵਿਚ ਵੀ ਜਦੋਂ ਅਮੀਰ ਪਰਿਵਾਰ ਕਲਪਿਤ ਹਿੰਸਾ ਕਰਨੀ ਚਾਹੁੰਦੇ ਹੁੰਦੇ ਹਨ, ਜਿਸ ਵਿਚ ਉਨ੍ਹਾਂ ਨੂੰ ਅਨੰਦ ਆਉਣਾ ਹੁੰਦਾ ਹੈ ਤਾਂ ਗਰੀਬ ਪਰਿਵਾਰ ਸੋਚੀ ਹੋਈ ਹਿੰਸਾ ਨੂੰ ਅਸਲੀਅਤ ਵਿਚ ਬਦਲ ਦਿੰਦੇ ਹਨ ਤੇ ਅਮੀਰਾਂ ਦਾ ਕਾਲਪਨਿਕ ਨਾਇਕ ਤਾਂ ਇਹ ਸਭ ਵੇਖ ਹੀ ਨਹੀਂ ਪਾਉਂਦਾ। ਅਮੀਰਾਂ ਨੂੰ ਗਰੀਬਾਂ ਤੋਂ ਆਉਂਦੀ ਬੋਅ ਵੀ ਇੱਕ ਅਣਮਨੁੱਖੀ ਬਿੰਬ ਹੈ, ਜੋ ਹਿੰਸਾ ਨੂੰ ਜਨਮ ਦਿੰਦਾ ਹੈ। ਅਮੀਰ ਸਾਰੀ ਜ਼ਿੰਦਗੀ ਜਿਨ੍ਹਾਂ 'ਤੇ ਨਿਰਭਰ ਰਹਿੰਦੇ ਹਨ, ਉਨ੍ਹਾਂ ਤੋਂ ਕ੍ਰਹਿਤ ਮਹਿਸੂਸ ਕਰਦੇ ਹਨ। ਆਖਰੀ ਦ੍ਰਿਸ਼ ਦੀ ਹਿੰਸਾ ਵੀ ਅਮੀਰ ਦੀ ਆਪਣੇ ਨਿਆਣੇ ਪ੍ਰਤੀ ਬੇਹੱਦ ਮੋਹ ਤੇ ਦੂਜੇ ਨੂੰ ਮਰਨ ਲਈ ਛੱਡ ਦੇਣ ਦਾ ਪ੍ਰਗਟਾਵਾ ਹੈ। ਆਖਰੀ ਦ੍ਰਿਸ਼ ਦੱਸਦਾ ਹੈ ਕਿ ਗਰੀਬ ਬੰਦੇ ਜਿਨ੍ਹਾਂ ਲੋਕਾਂ ਦੀ ਬਹੁਤ ਇੱਜਤ ਕਰਦੇ ਨੇ, ਉਹ ਗਰੀਬਾਂ ਦੀ ਜਾਨ ਤੱਕ ਦੀ ਪ੍ਰਵਾਹ ਨਹੀਂ ਕਰਦੇ, ਸਗੋਂ ਉਨ੍ਹਾਂ ਨੂੰ ਤਾਂ ਗਰੀਬਾਂ ਤੋਂ ਬੋਅ ਆਉਂਦੀ ਏ।

ਫਿਲਮ ਇਸ ਤੋਂ ਅੱਗੇ ਵੀ ਸੋਚਦੀ ਹੈ; ਅਮੀਰ ਪਰਿਵਾਰ ਦੇ ਦੋ ਜਵਾਕਾਂ ਵਿਚੋਂ ਕੁੜੀ ਦਾ ਨਜ਼ਰੀਆ ਵੱਖਰਾ ਹੁੰਦਾ ਹੈ, ਉਹ ਆਪਣੇ ਪਿਆਰ ਦੇ ਵਿਖਾਵੇ ਨੂੰ ਨਫਰਤ ਕਰਦੀ ਹੈ, ਆਪਣੇ ਭਰਾ ਦੇ ਵਿਖਾਵੇ ਦੀ ਕਲਾ ਨੂੰ ਤੇ ਪਾਰਟੀਆਂ ਨੂੰ। ਫਿਲਮ ਦਾ ਹਰ ਦ੍ਰਿਸ਼ ਇੱਕ ਨਵੀਂ ਗੱਲਬਾਤ ਖੋਲ੍ਹ ਕੇ ਦੱਸਦਾ ਤੁਰਿਆ ਜਾਂਦਾ ਹੈ। ਜਿਵੇਂ ਇੱਕ ਅਮੀਰ ਪਰਿਵਾਰ ਦੀ ਥਾਂ ਦੂਜਾ ਅਮੀਰ ਪਰਿਵਾਰ ਆ ਜਾਂਦਾ ਹੈ, ਉਵੇਂ ਹੀ ਜ਼ਮੀਨ ਤੋਂ ਥੱਲੇ ਬੰਕਰ ਵਿਚ ਰਹਿਣ ਵਾਲੇ ਬਦਲ ਜਾਂਦੇ ਹਨ। ਤੇ ਜ਼ਿੰਦਗੀ ਇਵੇਂ ਹੀ ਇੱਕ ਹੋਰ ਉਮੀਦ ਨਾਲ ਇੱਕ ਨਵਾਂ ਗੇੜਾ ਸ਼ੁਰੂ ਕਰ ਲੈਂਦੀ ਹੈ, ਇੱਕ ਸੁੰਨ-ਮਸੁੰਨ ਜਿਹਾ ਗੇੜਾ!


## Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

**One of the Fastest Growing City in America and Best School System...**

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ**



**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



**We do all type of Home and Commercial Loan. Same day loan approval...**

# ‘ਗੋਲਡਨ ਹੈਟ ਟ੍ਰਿਕ’ ਤੋਂ ‘ਗੋਲਡਨ ਗੋਲ’ ਤਕ

ਸ਼ਰਧਾਂਜਲੀ

## ਹਾਕੀ ਦੇ ‘ਗੋਲ ਕਿੰਗ’ ਦਾ ਦੇਹਾਂਤ



ਹਾਕੀ ਦਾ ‘ਗੋਲ ਕਿੰਗ’ ਬਲਬੀਰ ਸਿੰਘ 97ਵੇਂ ਸਾਲ ਦੀ ਲੰਮੇਰੀ ਉਮਰ ਵਿਚ ਖੇਡ ਜਗਤ ਨੂੰ ਆਖਰੀ ਫਤਿਹ ਬੁਲਾ ਗਿਆ। ਉਸ ਨੇ ਪਹਿਲਾ ਸਾਹ ਆਪਣੇ ਨਾਨਕੇ ਪਿੰਡ ਹਰੀਪੁਰ ਖਾਲਸਾ ਦੀ ਫਿਜ਼ਾ ਵਿਚ 31 ਦਸੰਬਰ 1923 ਦੀ ਰਾਤ ਨੂੰ ਲਿਆ ਸੀ ਤੇ ਆਖਰੀ ਸਾਹ 25 ਮਈ 2020 ਦੀ ਸਵੇਰ ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਲਿਆ। ਉਸ ਦੀ ਧੀ ਸੁਸ਼ਬੀਰ ਕੌਰ ਤੇ ਦੋਹਤੇ ਕਬੀਰ ਸਿੰਘ ਨੇ ਦੱਸਿਆ ਕਿ ਰਾਤੀਂ ਜਦ ਉਹ ਮਿਲ ਕੇ ਆਏ ਤਾਂ ਉਹ ਠੀਕ-ਠਾਕ ਸਨ, ਪਰ ਤੜਕਸਾਰ ਦਿਲ ਦਾ ਚੌਥਾ ਦੌਰਾ ਪਿਆ, ਜਿਸ ਨਾਲ ਜੀਵਨ ਦੀ ਖੇਡ ਹੀ ਖਤਮ ਹੋ ਗਈ। ਪਿਛਲੇ ਸਾਲ ਬਲਬੀਰ ਸਿੰਘ ਨੂੰ ਪੀ. ਜੀ. ਆਈ. ਚੰਡੀਗੜ੍ਹ ਵਿਚ 108 ਦਿਨ ਇਨਟੈਸਿਵ ਕੇਅਰ ਵਿਚ ਰਹਿਣਾ ਪਿਆ ਸੀ। ਕੁਝ ਮਹੀਨੇ ਪਿਛੋਂ ਫੋਰਟਿਸ ਹਸਪਤਾਲ ਮੁਹਾਲੀ ਵਿਚ ਦਾਖਲ ਹੋਣਾ ਪਿਆ ਜਿਥੇ ਉਹ ਸਿਹਤਯਾਬ ਹੋ ਗਿਆ ਸੀ, ਪਰ ਇਸ ਵਾਰ 8 ਮਾਰਚ ਨੂੰ ਫੋਰਟਿਸ ਹਸਪਤਾਲ ਵਿਚ ਫਿਰ ਦਾਖਲ ਹੋਇਆ ਤਾਂ ਦਿਲ ਦੇ ਚਾਰ ਦੌਰਿਆਂ ਕਾਰਨ ਸਦਾ ਲਈ ਵਿਛੋੜਾ ਦੇ ਗਿਆ।



**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਬਲਬੀਰ ਸਿੰਘ ਦੀ ਪਤਨੀ ਸੁਸ਼ੀਲ ਕੌਰ 1982 ਵਿਚ ਗੁਜ਼ਰ ਗਈ ਸੀ। ਉਸ ਦੇ ਤਿੰਨ ਪੁੱਤਰ ਹਨ ਤੇ ਇਕ ਧੀ। ਤਿੰਨੇ ਪੁੱਤਰ ਇਸ ਵੇਲੇ ਕੈਨੇਡਾ ਵਿਚ ਹਨ। ਧੀ ਦਾ ਪਤੀ ਵਿੰਗ ਕਮਾਂਡਰ ਮਲਵਿੰਦਰ ਸਿੰਘ ਭੋਮੀਆ 2012 ਵਿਚ ਗੁਜ਼ਰ ਗਿਆ ਸੀ। ਪਿਛਲੇ ਕੁਝ ਸਾਲਾਂ ਤੋਂ ਬਲਬੀਰ ਸਿੰਘ ਆਪਣੀ ਧੀ ਤੇ ਦੋਹਤੇ ਪਾਸ ਚੰਡੀਗੜ੍ਹ ਰਹਿ ਰਿਹਾ ਸੀ, ਜੋ ਉਸ ਦੀ ਯੋਗ ਸੇਵਾ ਸੰਭਾਲ ਕਰ ਰਹੇ ਸਨ। ਉਨ੍ਹਾਂ ਨੇ ਇਲਾਜ ਕਰਵਾਉਣ ਤੇ ਸੇਵਾ ਕਰਨ ਦੀ ਕੋਈ ਕਸਰ ਨਹੀਂ ਛੱਡੀ। ਬਲਬੀਰ ਸਿੰਘ ਸਰੀਰਕ ਤੌਰ ‘ਤੇ ਬੇਸ਼ਕ ਨਹੀਂ ਰਿਹਾ, ਪਰ ਉਹਦਾ ਨਾਂ ਸਦਾ ਅਮਰ ਰਹੇਗਾ।

‘ਗੋਲਡਨ ਹੈਟ ਟ੍ਰਿਕ’ ਐਜ਼ ਟੋਲਡ ਟੂ ਸੈਮੂਅਲ ਬੈਨਰਜੀ, ਬਲਬੀਰ ਸਿੰਘ ਦੀ ਅੰਗਰੇਜ਼ੀ ਵਿਚ ਲਿਖੀ ਆਟੋਗਰਾਫੀ ਹੈ, ਜੋ 1977 ਵਿਚ ਛਪੀ ਸੀ। ‘ਗੋਲਡਨ ਗੋਲ’ ਮੇਰੇ ਵੱਲੋਂ ਪੰਜਾਬੀ ਵਿਚ ਲਿਖੀ ਉਹਦੀ ਜੀਵਨੀ ਹੈ, ਜੋ 2015 ਵਿਚ ਪ੍ਰਕਾਸ਼ਿਤ ਹੋਈ। ਉਹ ਜੀਵਨੀ ਮੈਂ ਬਲਬੀਰ ਸਿੰਘ ਦੇ ਇਸ ਕਥਨ ਨਾਲ ਸਮਾਪਤ ਕੀਤੀ ਸੀ, “ਜਿਵੇਂ ਮੈਚ ਬਰਾਬਰ ਰਹਿ ਜਾਣ ਪਿੱਛੋਂ ਐਕਸਟਰਾ ਟਾਈਮ ਦਿੱਤਾ ਜਾਂਦੈ, ਐਕਸਰਾ ਟਾਈਮ ਵਿਚ ਵੀ ਮੈਚ ਬਰਾਬਰ ਰਹੇ ਤਾਂ ਗੋਲਡਨ ਗੋਲ ਦਾ ਸਮਾਂ ਹੁੰਦੈ, ਉਵੇਂ ਮੈਂ ਵੀ ਹੁਣ ਗੋਲਡਨ ਗੋਲ ਦੀ ਉਡੀਕ ਵਿਚ ਹਾਂ। ਖੇਡ ਹੁਣ ਉਪਰਲੇ ਨਾਲ ਹੈ। ਜਦੋਂ ‘ਗੋਲਡਨ ਗੋਲ’ ਹੋ ਗਿਆ ਤਾਂ ਖੇਡ ਖਤਮ ਹੋ ਜਾਵੇਗੀ।”

ਹਾਕੀ ਦਾ ‘ਗੋਲ ਕਿੰਗ’ ਬਲਬੀਰ ਸਿੰਘ ਪਿਛਲੇ ਸਾਲ ਪੀ. ਜੀ. ਆਈ. ਚੰਡੀਗੜ੍ਹ ਵਿਚ ਜ਼ੇਰੇ ਇਲਾਜ ਰਿਹਾ। ਜੀਵਨ ਖੇਡ ਦੇ ਮੈਚ ਦਾ ਸੰਘਰਸ਼ ਚਲਦਾ ਰਿਹਾ। ਉਸ ਦੀ ਚੜ੍ਹਦੀ ਕਲਾ ਵਾਲੀ ਖੇਡ ਭਾਵਨਾ ਨੇ ਗੋਲ ਨਾ ਹੋਣ ਦਿੱਤਾ। ਐਕਸਟਰਾ ਟਾਈਮ ਵਿਚ ਵੀ ਮੈਚ ਸਾਵਾਂ ਰਿਹਾ। ਗੋਲਡਨ ਗੋਲ ਦੇ ਐਕਸਟਰਾ ਟਾਈਮ ਵਿਚ ਉਸ ਨੂੰ ਫੋਰਟਿਸ ਹਸਪਤਾਲ ਮੁਹਾਲੀ ਵਿਚ ਦਾਖਲ ਕਰਾਉਣਾ ਪਿਆ। ਕਰੋਨਾ ਵਾਇਰਸ ਦੇ ਟੈਸਟ ਵਿਚ ਤਾਂ ਉਹ ਠੀਕ-ਠਾਕ ਨਿਕਲਿਆ, ਪਰ ਦਿਲ ਦੇ ਵਾਰ ਵਾਰ ਪੈਂਦੇ ਦੌਰਿਆਂ ਨੇ ਆਖਰ ਗੋਲਡਨ ਗੋਲ ਕਰ ਹੀ ਦਿੱਤਾ, ਜਿਸ ਨਾਲ ਉਹਦੀ ਜੀਵਨ ਖੇਡ ਖਤਮ ਹੋ ਗਈ।

ਮੈਂ ‘ਗੋਲਡਨ ਗੋਲ’ ਦੇ ਸਰਵਰਕ ਉਤੇ ਲਿਖਿਆ ਸੀ, “ਹਾਕੀ ਦੇ ਯੁਗ ਪੁਰਸ਼ ਬਲਬੀਰ ਸਿੰਘ ਨੇ ਓਲੰਪਿਕ ਖੇਡਾਂ ’ਚੋਂ ਤਿੰਨ ਗੋਲਡ ਮੈਡਲ ਜਿੱਤੇ, ਜਿਸ ਕਰਕੇ ਉਸ ਨੂੰ ‘ਗੋਲਡਨ ਹੈਟ ਟ੍ਰਿਕ’ ਵਾਲਾ ਬਲਬੀਰ ਕਿਹਾ ਜਾਂਦੈ। ਹੈਲਸਿੰਕੀ-1952 ਦੀਆਂ ਓਲੰਪਿਕਸ ਖੇਡਾਂ ਵਿਚ ਸੈਮੀ ਫਾਈਨਲ ਤੇ ਫਾਈਨਲ ਮੈਚਾਂ ’ਚ ਭਾਰਤੀ ਟੀਮ ਦੇ 9 ਗੋਲਾਂ ਵਿਚੋਂ 8 ਗੋਲ ਉਸ ਦੀ ਹਾਕੀ ਨਾਲ ਹੋਏ। ਫਾਈਨਲ ਮੈਚ ਵਿਚ ਭਾਰਤੀ ਟੀਮ ਦੇ 6 ਗੋਲਾਂ ’ਚੋਂ ਉਸ ਦੇ 5 ਗੋਲ ਸਨ, ਜੋ ਓਲੰਪਿਕਸ ਖੇਡਾਂ ਦਾ ਹੁਣ ਤਕ ਅਟੁੱਟ ਰਿਕਾਰਡ ਹੈ।

ਲੰਡਨ ਓਲੰਪਿਕ-2012 ਮੌਕੇ ਓਲੰਪਿਕ ਖੇਡਾਂ ਦੇ ਇਤਿਹਾਸ ‘ਚੋਂ ਜਿਹੜੇ 16 ‘ਆਈਕੋਨਿਕ ਓਲੰਪੀਅਨ’ ਚੁਣੇ ਗਏ, ਉਨ੍ਹਾਂ ‘ਚ ਬਲਬੀਰ ਸਿੰਘ ਵੀ ਸ਼ਾਮਲ ਹੈ। ਸਾਰੀ ਦੁਨੀਆਂ ‘ਚੋਂ ਹਾਕੀ ਦਾ ਸਿਰਫ ਉਹੀ ਖਿਡਾਰੀ ਹੈ, ਜਿਸ ਨੂੰ ਇਹ ਮਾਣ ਮਿਲਿਆ। ਓਲੰਪਿਕ ਖੇਡਾਂ ਦੇ 16 ਰਤਨਾਂ ਵਿਚ 8 ਮਰਦ ਹਨ ਤੇ 8 ਔਰਤਾਂ। ਉਨ੍ਹਾਂ ਵਿਚ ਭਾਰਤੀ ਉਪ ਮਹਾਂਦੀਪ ਦਾ ‘ਕੱਲਾ ਬਲਬੀਰ ਸਿੰਘ ਹੀ ਹੈ। ਕੌਮਾਂਤਰੀ ਓਲੰਪਿਕਸ ਕਮੇਟੀ ਨੇ ਤਾਂ ਉਸ ਨੂੰ ਓਲੰਪਿਕਸ ਰਤਨ ਬਣਾ ਹੀ ਦਿੱਤਾ ਹੈ, ਭਾਰਤ ਸਰਕਾਰ ਪਤਾ ਨਹੀਂ ਕਦੋਂ ਭਾਰਤ ਰਤਨ ਬਣਾਵੇ?

ਓਲੰਪਿਕਸ ਖੇਡਾਂ ਦੇ ਗੋਲਡਨ ਹੈਟ ਟ੍ਰਿਕ ਤੋਂ ਬਿਨਾ ਉਸ ਨੇ ਭਾਰਤੀ ਟੀਮਾਂ ਦਾ ਕੋਚ/ਮੈਨੇਜਰ ਬਣ ਕੇ ਵਿਸ਼ਵ ਹਾਕੀ ਕੱਪ ਜਿਤਾਇਆ ਅਤੇ ਛੇ ਹੋਰ ਮੈਡਲ ਭਾਰਤੀ ਟੀਮਾਂ ਨੂੰ ਜਿਤਾਏ। ਹਾਕੀ ਦੀ ਕੋਚਿੰਗ ਬਾਰੇ ‘ਦੀ ਗੋਲਡਨ ਯਾਰਡ ਸਟਿੱਕ’ ਪੁਸਤਕ ਵੀ ਲਿਖੀ। ਭਾਰਤ-ਚੀਨ ਜੰਗ ਵੇਲੇ ਆਪਣੇ ਤਿੰਨੇ ਓਲੰਪਿਕਸ ਗੋਲਡ ਮੈਡਲ ਪ੍ਰਧਾਨ ਮੰਤਰੀ ਫੰਡ ਲਈ ਦਾਨ ਕੀਤੇ। ਫਿਰ ਆਪਣੀਆਂ ਸਾਰੀਆਂ ਖੇਡ ਨਿਸ਼ਾਨੀਆਂ ਸਾਈ ਦੇ ਸਪੁਰਦ ਕਰ ਦਿੱਤੀਆਂ, ਜੋ ਸਾਈ ਨੇ ਪਤਾ ਨਹੀਂ ਕਿਥੇ ‘ਗੁਆ’ ਛੱਡੀਆਂ…?”

ਪੁਸਤਕ ਦੀਆਂ ਅੰਤਲੀਆਂ ਸਤਰਾਂ ਸਨ: ਕੀ ਸਰਕਾਰਾਂ ਬਲਬੀਰ ਸਿੰਘ ਦੇ ‘ਗੋਲਡਨ ਗੋਲ’ ਦੀ ਉਡੀਕ ਵਿਚ ਹਨ? ਭਾਰਤੀ ਖਿਡਾਰੀਆਂ ’ਚੋਂ ਸਚਿਨ ਤੇਂਦੁਲਕਰ ਨੂੰ ਜੀਂਦੇ ਜੀਅ ਭਾਰਤ ਰਤਨ ਦੇ ਦਿੱਤਾ ਗਿਆ। ਵੇਖਦੇ ਹਾਂ ਬਲਬੀਰ ਸਿੰਘ ਨੂੰ ਭਾਰਤ ਰਤਨ ਜਿਉਂਦੇ ਜੀਅ ਮਿਲਦਾ ਹੈ ਜਾਂ ਜੀਵਨ ਉਪਰੰਤ?

ਕਾਸ਼! ਹਾਕੀ ਦਾ ਸਰਬੋਤਮ ਖਿਡਾਰੀ 20 ਸਾਲਾਂ ਤੋਂ ਵੱਧ ਖੇਡ ਕੇ ਤੇ 96 ਸਾਲਾਂ ਤੋਂ ਵੱਧ ਜੀਅ ਕੇ ‘ਓਲੰਪਿਕ ਰਤਨ’ ਦੇ ਨਾਲ ‘ਭਾਰਤ ਰਤਨ’ ਦਾ ਖਿਤਾਬ ਲੈ ਕੇ ਦੁਨੀਆ ਤੋਂ ਵਿਦਾ ਹੁੰਦਾ!

ਬਲਬੀਰ ਸਿੰਘ ਦਾ ਜਨਮ ਉਸ ਦੇ ਨਾਨਕੇ ਪਿੰਡ ਹਰੀਪੁਰ ਖਾਲਸਾ ਵਿਚ ਹੋਇਆ ਸੀ। ਉਸ ਦਾ ਦਾਦਕਾ ਪਿੰਡ ਪਵਾਦੜਾ ਹੈ। ਇਹ ਦੋਵੇਂ ਪਿੰਡ ਤਹਿਸੀਲ ਫਿਲੌਰ ਵਿਚ ਹਨ। ਉਸ ਦਾ ਦਾਦਕਾ ਗੋਤ ਦੁਸਾਂਝ ਹੈ ਤੇ ਨਾਨਕਾ ਗੋਤ ਧਨੋਆ। ਉਹਦੇ ਸਹੁਰੇ ਲਹੌਰੀਏ ਸੰਧੂ ਹਨ, ਜਿਨ੍ਹਾਂ ਦਾ ਪਿਛਲਾ ਪਿੰਡ ਭੜਾਣਾ ਸੀ। ਉਸ ਦੇ ਤਿੰਨੇ ਪੁੱਤਰ ਹੁਣ ਕੈਨੇਡੀਅਨ ਹਨ ਜਿਨ੍ਹਾਂ ਦੀਆਂ ਪਤਨੀਆਂ ਸਿੰਘਾਪੁਰ, ਚੀਨ ਤੇ ਯੂਕਰੇਨ ਤੋਂ ਹਨ। ਧੀ ਸੁਸ਼ਬੀਰ ਕੌਰ ਤੇ ਦੋਹਤਾ ਕਬੀਰ ਸਿੰਘ ਭੋਮੀਆ ਹਨ। ਬਲਬੀਰ ਸਿੰਘ ਦੇ ਪੁਰਖਿਆਂ ਦੀ ਬੰਸਾਵਲੀ ਵਿਚ ਦਸਵਾਂ ਪੁਰਖਾ ਭਾਈ ਬਿਧੀ ਚੰਦ ਸੀ। ਇਹ ਬੰਸਾਵਲੀ ਬਲਬੀਰ ਸਿੰਘ ਤੋਂ ਉਪਰ ਨੂੰ ਤੁਰਦੀ ਦਲੀਪ ਸਿੰਘ, ਬਸੰਤ ਸਿੰਘ, ਜੈਮਲ ਸਿੰਘ, ਦਲ ਸਿੰਘ, ਚੜ੍ਹਤ ਸਿੰਘ, ਗੁਰ ਸਿੰਘ, ਜੱਸੂ, ਦਲਪਤ, ਬਿਧੀ ਚੰਦ, ਡੱਲਾ, ਰਜਾਣੀਆਣ, ਸਾਬਾ ਤੇ ਦੁਸਾਂਝ ਤੋਂ ਹੁੰਦੀ ਹੋਈ ਸਰੋਇਆ ਤਕ ਜਾਂਦੀ ਹੈ।

ਬਲਬੀਰ ਸਿੰਘ ਕਿਹਾ ਕਰਦਾ ਸੀ, “ਮੈਂ ਪਿੱਛਲਝਾਤ ਮਾਰਦਾਂ ਤਾਂ ਮੈਨੂੰ ਮੇਰਾ ਨਾਨਕਾ ਪਿੰਡ ਹਰੀਪੁਰ ਯਾਦ ਆ ਜਾਂਦੈ। ਉਥੇ ਮੈਂ ਪਿੰਡ ਦੇ ਨਿਆਣੇ ਖਿੱਦੋ-ਖੂੰਡੀ ਖੇਡਦੇ ਦੇਖੇ। ਪੰਜ ਕੁ ਸਾਲ ਦਾ ਸਾਂ, ਜਦੋਂ ਮੋਗੇ ਗਿਆ। ਉਥੇ ਮੇਰੇ ਪਿਤਾ ਜੀ ਅਧਿਆਪਕ ਸਨ। ਮੈਂ ਮੁੰਡਿਆਂ ਨੂੰ ਸਕੂਲ ਦੇ ਮੈਦਾਨ ਵਿਚ ਹਾਕੀ ਖੇਡਦੇ ਦੇਖੀ ਜਾਂਦਾ। ਹਾਕੀ ਮੈਨੂੰ ਮੈਸਮਰਾਈਜ਼ ਕਰ ਦਿੰਦੀ ਤੇ ਮੈਨੂੰ ਸੁਰਤ ਨਾ ਰਹਿੰਦੀ ਕਿ ਧੁੱਪੇ ਬੈਠਾ ਹਾਂ ਜਾਂ ਛਾਂਵੇਂ? ਫਿਰ ਮੇਰਾ ਜਨਮ ਦਿਨ ਆਇਆ। ਪਿਤਾ ਜੀ ਨੇ ਪੁੱਛਿਆ, ਕਿਹੜਾ ਖਿਡਾਉਣਾ ਲੈਣਾ? ਮੈਂ ਹਾਕੀ ਦੀ ਮੰਗ ਕੀਤੀ, ਜੋ ਮੈਨੂੰ ਜਨਮ ਦਿਨ ਦੇ ਤੋਹਫੇ ਵਜੋਂ ਮਿਲੀ। ਉਹ ਦਿਨ ਤੇ ਆਹ ਦਿਨ, ਹਾਕੀ ਮੇਰਾ ਇਸ਼ਕ ਹੈ…। ਮੇਰੇ ’ਤੇ ਰੱਬ ਦੀ ਰਹਿਮਤ ਹੈ, ਜਿਸ ਨੇ ਮੈਨੂੰ ਮਿਹਨਤ ਕਰਨੀ ਤੇ ਵੱਡਿਆਂ ਦੀ ਇੱਜਤ ਕਰਨੀ ਸਿਖਾਈ। ਮੈਨੂੰ ਅਨੁਸ਼ਾਸਨ ਸਿਖਾਇਆ, ਹਾਰ ਸਹਿਣੀ ਤੇ ਜਿੱਤ ਪਚਾਉਣੀ ਸਿਖਾਈ। ਮੈਂ ਜੋ ਕੁਝ ਹਾਂ ਆਪਣੇ ਮਾਪਿਆਂ, ਅਧਿਆਪਕਾਂ, ਕੋਚ ਸਾਹਿਬਾਨ, ਟੀਮ ਦੇ ਸਾਥੀਆਂ, ਦੋਸਤਾਂ ਮਿੱਤਰਾਂ ਤੇ ਪਰਿਵਾਰ ਦੇ ਸਹਿਯੋਗ ਸਦਕਾ ਹਾਂ। ਮੇਰੀਆਂ ਵੱਡੀਆਂ ਜਿੱਤਾਂ ਸੁਸ਼ੀਲ ਨਾਲ ਵਿਆਹ ਕਰਾਉਣ ਪਿਛੋਂ ਦੀਆਂ ਹਨ। ਮੈਂ ਅਕਸਰ ਆਖਦਾਂ ਮੇਰੀ ਇਕ ਪਤਨੀ ਸੁਸ਼ੀਲ ਸੀ ਤੇ ਦੂਜੀ ਹਾਕੀ; ਪਰ ਸੁਸ਼ੀਲ ਨੇ ਹਾਕੀ ਨੂੰ ਸੌਂਕਣ ਸਮਝਣ ਦੀ ਥਾਂ ਭੈਣ ਸਮਝਿਆ।”

**ਪੁਸਤਕ ‘ਗੋਲਡਨ ਗੋਲ’ ਦੇ ਕੁਝ ਅੰਸ਼:**

-1947 ਦੇ ਖੂਨੀ ਦਿਨ ਸਨ। ਬਲਬੀਰ ਸਿੰਘ ਨਾਲ ਵੀ ਇਕ ਦੁਰਘਟਨਾ ਵਾਪਰੀ। ਜੇ ਰਾਈਫਲ ‘ਚੋਂ ਨਿਕਲੀ ਗੋਲੀ ਰਤਾ ਕੁ ਨੀਵੀਂ ਹੁੰਦੀ ਤਾਂ ਨਾ ਬਲਬੀਰ ਸਿੰਘ ਬਚਦਾ ਤੇ ਨਾ ਉਹਤੋਂ ਓਲੰਪਿਕਸ ਖੇਡਾਂ ਦਾ ‘ਗੋਲਡਨ ਹੈਟ ਟ੍ਰਿਕ’ ਵੱਜਦਾ, ਪਰ ਬਲਬੀਰ ਸਿੰਘ ਕਿਸਮਤ ਦਾ ਬਲੀ ਨਿਕਲਿਆ, ਜੋ ਲੰਮੀ ਉਮਰ ਜਿਉਣ ਲਈ ਮੌਤ ਦੇ ਹੱਥ ਆਉਣੋਂ ਬਚ ਗਿਆ। ਗੋਲੀ ਉਹਦੇ ਮੱਥੇ ਉਪਰ ਦੀ ਵਾਲਾਂ ਨੂੰ ਛੋਂਹਦੀ ਪੱਗ ਵਿਚ ਦੀ ਨਿਕਲ ਗਈ ਸੀ!

-ਬਲਬੀਰ ਸਿੰਘ ਠਾਣੇਦਾਰ ਬਣਿਆ ਪੁਲਿਸ ਪਾਰਟੀ ਨਾਲ ਬੱਦੋਵਾਲ ਗਿਆ। ਉਥੇ ਇਕ ਹਾਦਸਾ ਵਾਪਰਿਆ ਸੀ। ਇਕ ਔਰਤ ਆਪਣੇ ਦੋ ਬੱਚਿਆਂ ਨਾਲ ਬੱਸ ਤੋਂ ਉਤਰੀ ਸੀ। ਬੱਚਿਆਂ ਦਾ ਬਾਪ ਬਾਰ ਦੇ ਇਲਾਕੇ ਵਿਚ ਜਨੂੰਨੀਆਂ ਹੱਥੋਂ ਮਾਰਿਆ ਗਿਆ ਸੀ। ਔਰਤ ਬੱਚਿਆਂ ਨੂੰ ਬਚਾ ਕੇ ਕਿਵੇਂ ਨਾ ਕਿਵੇਂ ਆਪਣੇ ਪੇਕਿਆਂ ਕੋਲ ਬੱਦੋਵਾਲ ਪਹੁੰਚ ਗਈ ਸੀ। ਉਸ ਨੇ ਭੁੱਖ ਨਾਲ ਬੇਹਾਲ ਹੋਏ ਬੱਚਿਆਂ ਨੂੰ ਰੁੱਖ ਦੀ ਛਾਂਵੇਂ ਬਹਾ ਕੇ ਰੋਟੀ ਖੁਆਈ। ਫਿਰ ਸਮਾਨ ਦੀ ਗੱਠੜੀ ਸਿਰ ‘ਤੇ ਰੱਖੀ ਤੇ ਬੱਚਿਆਂ ਨੂੰ ਉਂਗਲ ਲਾ ਕੇ ਸੜਕ ਪਾਰ ਕਰਨ ਲੱਗੀ ਤਾਂ ਇਕ ਤੇਜ਼ ਰਫਤਾਰ ਟਰੱਕ ਨੇ ਉਨ੍ਹਾਂ ਨੂੰ ਕੁਚਲ ਦਿੱਤਾ। ਉਹ ਬਾਰ ‘ਚੋਂ ਉੱਜੜ ਕੇ ਆਏ ਸਨ। ਤੀਜੇ ਦਿਨ ਔਰਤ ਦੇ ਮਾਪੇ ਠਾਣੇ ਆਏ ਤੇ ਦੱਸਿਆ ਕਿ ਉਨ੍ਹਾਂ ਦੀ ਅਭਾਗੀ ਧੀ ਤੇ ਬੱਚਿਆਂ ਨੇ ਉਨ੍ਹਾਂ ਕੋਲ ਹੀ ਆਉਣਾ ਸੀ। ਉਹ ਮਾਰ ਧਾੜ ‘ਚੋਂ ਤਾਂ ਬਚ ਆਏ ਸਨ, ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਹੋਣੀ ਪੇਕਿਆਂ ਕੋਲ ਵੀ ਸ਼ਹਿ ਲਾ ਕੇ ਬੈਠੀ ਸੀ!

-1984 ਦੀਆਂ ਲਾਸ ਏਂਜਲਸ ਓਲੰਪਿਕਸ ਖੇਡਾਂ ਵਿਚ ਭਾਰਤ ਦਾ ਹਾਕੀ ਮੈਚ ਹੋਣ ਲੱਗਾ ਤਾਂ ਕੁਝ ਦਰਸ਼ਕਾਂ ਨੇ ਤਿਰੰਗੇ ਚੁੱਕੇ ਹੋਏ ਸਨ। ਅਸ਼ਵਨੀ ਕੁਮਾਰ ਹੋਰੀਂ ਸਟੇਜ ਉਪਰ ਬੈਠੇ ਸਨ ਤੇ ਬਲਬੀਰ ਸਿੰਘ ਇਕ ਕਤਾਰ ਹੇਠਾਂ ਬੈਠਾ ਸੀ। ‘ਖਾਲਿਸਤਾਨ ਜ਼ਿੰਦਾਬਾਦ’ ਦੇ ਨਾਹਰੇ ਲਾਉਂਦੇ ਇਕ ਨੌਜੁਆਨ ਨੇ ਕਿਸੇ ਕੋਲੋਂ ਤਿਰੰਗਾ ਖੋਹਿਆ ਤੇ ਪੈਰਾਂ ਹੇਠ ਮਿੱਧਣ ਲੱਗਾ। ਬਲਬੀਰ ਸਿੰਘ ਤਿਰੰਗੇ ਝੰਡੇ ਦੀ ਬੇਅਦਬੀ ਨਾ ਸਹਿ ਸਕਿਆ, ਜੋ ਉਹ ਓਲੰਪਿਕਸ ਖੇਡਾਂ ਵਿਚ ਝੁਲਾਉਂਦਾ ਰਿਹਾ ਸੀ। ਉਸ ਨੇ ਦੌੜ ਕੇ ਝੰਡਾ ਉਸ ਦੇ ਪੈਰਾਂ ਹੇਠੋਂ ਖਿੱਚ ਲਿਆ। ਖਾਲਿਸਤਾਨੀ ਨੌਜੁਆਨ ਨੇ ਕਸ਼ਮਕਸ਼ ਵਿਚ ਤਿਰੰਗਾ ਪਾੜਨਾ ਚਾਹਿਆ। ਤਦ ਤਕ ਪੁਲਿਸ ਆ ਗਈ, ਜਿਸ ਨੇ ਸਥਿਤੀ ਸੰਭਾਲ ਲਈ।

-ਲਾਸ ਏਂਜਲਸ ਤੋਂ ਉਹ ਆਪਣੇ ਪੁੱਤਰਾਂ ਨੂੰ ਮਿਲਣ ਵੈਨਕੂਵਰ ਗਿਆ ਤਾਂ ਕੁਝ ਸ਼ੁਭਚਿੰਤਕਾਂ ਨੇ ਕਿਹਾ ਕਿ ਉਸ ਨੇ ਤਿਰੰਗੇ ਝੰਡੇ ਲਈ ਐਵੇਂ ਐਡਾ ਵੱਡਾ ਰਿਸਕ ਲੈ ਲਿਆ। ਕੈਨੇਡਾ/ਅਮਰੀਕਾ ਵਿਚ ਖਾਲਿਸਤਾਨੀ ਹਵਾ ਹੈ। ਇਥੇ ਬਚ ਕੇ ਰਹਿਣਾ ਪਵੇਗਾ। ਉਹ ਭਾਰਤ ਪਰਤਣ ਲਈ ਹਵਾਈ ਜਹਾਜ ਚੜ੍ਹਿਆ। 2 ਨਵੰਬਰ 1984 ਦਾ ਦਿਨ ਸੀ। ਟੋਕੀਓ ਦੇ ਹਵਾਈ ਅੱਡੇ ‘ਤੇ ਪਤਾ ਲੱਗਾ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਉਸ ਦੇ ਬਾਡੀ ਗਾਰਡਾਂ ਨੇ ਕਤਲ ਕਰ ਦਿੱਤੈ। ਦਿੱਲੀ ਵਿਚ ਸਿੱਖਾਂ ਦੀ ਜਾਨ ਖਤਰੇ ਵਿਚ ਹੈ। ਕੁਝ ਸਿੱਖ ਮੁਸਾਫਿਰ ਟੋਕੀਓ ਰੁਕ ਗਏ, ਪਰ ਬਲਬੀਰ ਸਿੰਘ ਨਾ ਰੁਕਿਆ। ਜਿਹੋ ਜਿਹਾ ਖਤਰਾ ਲਾਸ ਏਂਜਲਸ ਵਿਚ ਸਹੇੜਿਆ ਸੀ, ਉਹੋ ਜਿਹਾ ਖਤਰਾ ਸਹੇੜਨ ਲਈ ਉਹ ਦਿੱਲੀ ਨੂੰ ਚੱਲ ਪਿਆ। ਉਸ ਨੇ ਆਪਣੀ ਧੀ ਸੁਸ਼ਬੀਰ ਤੇ ਜੁਆਈ ਵਿੰਗ ਕਮਾਂਡਰ ਮਲਵਿੰਦਰ ਸਿੰਘ ਭੋਮੀਆ ਪਾਸ ਦਿੱਲੀ ਆਉਣਾ ਸੀ। ਮਲਵਿੰਦਰ ਸਿੰਘ ਦਾ ਛੋਟਾ ਭਰਾ ਗੁਰਿੰਦਰਜੀਤ ਸਿੰਘ ਬੀ. ਐਸ. ਐਫ. ਵਿਚ ਅਫਸਰ ਸੀ। ਉਸ ਦੀ ਡਿਊਟੀ ਲਾਈ ਗਈ ਕਿ ਉਹ ਹਵਾਈ ਅੱਡੇ ‘ਤੇ ਜਾਵੇ ਅਤੇ ਬਲਬੀਰ ਸਿੰਘ ਨੂੰ ਸੁਰੱਖਿਅਤ ਘਰ ਲਿਆਵੇ। ਕੈਸੇ ਦਿਨ ਆ ਗਏ ਸਨ? ਉਹ ਓਲੰਪਿਕ ਮੈਡਲ ਜਿੱਤ ਕੇ ਮੁੜਦਾ ਸੀ ਤਾਂ ਨਾਇਕਾਂ ਵਾਲਾ ਸਵਾਗਤ ਹੁੰਦਾ ਸੀ। ਪਰ ਅੱਜ? ਪੱਗ ਦਾੜ੍ਹੀ ਕਰਕੇ ਉਹਦੀ ਜਾਨ ਖਤਰੇ ਵਿਚ ਸੀ!

-ਸਿਰੋਂ ਮੋਨੇ ਗੁਰਿੰਦਰਜੀਤ ਨੇ ਬਲਬੀਰ ਸਿੰਘ ਨੂੰ ਗੱਡੀ ਵਿਚ ਬਿਠਾ ਕੇ ਪਰਦਾ ਤਾਣਨਾ ਤੇ ਪੱਗ ਢਕਣੀ ਚਾਹੀ ਤਾਂ ਬਲਬੀਰ ਸਿੰਘ ਨੇ ਰੋਕਿਆ ਕਿ ਇਥੇ ਮੈਨੂੰ ਕਾਹਦਾ ਖਤਰਾ? ਤਿਰੰਗੇ ਦੀ ਇੱਜਤ ਤੇ ਸਨਮਾਨ ਲਈ ਖਤਰੇ ਸਹੇੜਨ ਵਾਲੇ ਜ਼ਿੰਦਾਦਿਲ ਖਿਡਾਰੀ ਨੂੰ ਨਹੀਂ ਸੀ ਪਤਾ ਕਿ ਲਾਸ ਏਂਜਲਸ ਤੇ ਵੈਨਕੂਵਰ ਵਿਚਲੇ ਖਤਰਿਆਂ ਤੋਂ ਤਾਂ ਉਹ ਬਚ ਆਇਆ ਸੀ, ਪਰ ਦਿੱਲੀ ਵਿਚਲਾ ਖਤਰਾ ਉਸ ਨੂੰ ਬਰੂਹਾਂ ਉਤੇ ਉਡੀਕ ਰਿਹਾ ਸੀ! ਇਹ ਤਾਂ ਗੁਰਿੰਦਰਜੀਤ ਦੀ ਹਿੰਮਤ ਸੀ ਕਿ ਉਹ ਬਲਬੀਰ ਸਿੰਘ ਨੂੰ ਜੀਂਦੇ ਜੀਅ ਧੀ ਦੇ ਘਰ ਲੈ ਆਇਆ।

-ਲਾਸ ਏਂਜਲਸ ਤੋਂ ਪਾਕਿਸਤਾਨ ਦੀ ਹਾਕੀ ਟੀਮ ਨੇ ਗੋਲਡ ਮੈਡਲ ਜਿੱਤ ਲਿਆ ਸੀ। ਪਾਕਿਸਤਾਨ ਨੇ ਕਰਾਚੀ ਵਿਚ ਓਲੰਪਿਕ ਜੇਤੂ ਟੀਮ ਦਾ ਰੈਸਟ ਆਫ ਵਰਲਡ ਟੀਮ ਨਾਲ ਮੈਚ ਕਰਾਉਣਾ ਸੀ। ਬਲਬੀਰ ਸਿੰਘ ਨੂੰ ਕਰਾਚੀ ਸੱਦਿਆ ਗਿਆ ਤੇ ਰੈਸਟ ਆਫ ਵਰਲਡ ਟੀਮ ਦਾ ਮੈਨੇਜਰ ਬਣਾਇਆ ਗਿਆ, ਜਿਸ ਵਿਚ ਪੰਜ ਮੁਲਕਾਂ ਦੇ ਖਿਡਾਰੀ ਸ਼ਾਮਲ ਸਨ। ਪਾਕਿਸਤਾਨ ਦਾ ਸਦਰ ਜਨਰਲ ਜ਼ਿਆ ਉੱਲ ਹੱਕ ਸਟੇਡੀਅਮ ਵਿਚ ਮੌਜੂਦ ਸੀ। ਉਸ ਨੇ ਬਲਬੀਰ ਸਿੰਘ ਨੂੰ ਆਪਣੇ ਪਾਸ ਸੱਦਦਿਆਂ ਕਿਹਾ, “ਬਲਬੀਰ ਸਿੰਘ ਮੇਰੇ ਕੋਲ ਆਓ, ਆਪਾਂ ਤਾਂ ਇਕੋ ਪਿੰਡ ਦੇ ਹਾਂ। ਤੁਸੀਂ ਵੀ ਜਿਲਾ ਜਲੰਧਰ ਦੇ ਓ ਤੇ ਮੈਂ ਵੀ ਜਲੰਧਰ ਦੀ ਬਸਤੀ ਦਾ ਹਾਂ।”

-ਅਪਣੱਤ ਭਰੇ ਸੱਦੇ ਨਾਲ ਬਲਬੀਰ ਸਿੰਘ ਜਨਰਲ ਜ਼ਿਆ ਉੱਲ ਹੱਕ ਕੋਲ ਜਾ ਬੈਠਾ। ਹਾਫ ਟਾਈਮ ਵੇਲੇ ਬਲਬੀਰ ਸਿੰਘ ਮੈਦਾਨ ‘ਚ ਆਪਣੀ ਟੀਮ ਕੋਲ ਗਿਆ ਤਾਂ ਸਟੈਂਡਾਂ ਤੋਂ ‘ਬਲਬੀਰ ਸਿੰਘ ਜ਼ਿੰਦਾਬਾਦ’ ਦੇ ਨਾਹਰੇ ਲੱਗਣ ਲੱਗੇ। ਉਸ ਨੇ ਹੱਥ ਹਿਲਾ ਕੇ ਦਰਸ਼ਕਾਂ ਦਾ ਸ਼ੁਕਰੀਆ ਅਦਾ ਕੀਤਾ। ਮੈਦਾਨ ‘ਚੋਂ ਬਾਹਰ ਆਉਣ ਲੱਗਾ ਤਾਂ ਜਨੂੰਨੀ ਹਜੂਮ ਨੇ ‘ਇੰਡੀਆ ਮੁਰਦਾਬਾਦ’ ਦਾ ਨਾਹਰਾ ਲਾ ਦਿੱਤਾ, ਜਿਸ ਲਈ ਬਲਬੀਰ ਸਿੰਘ ਨੇ ਸਿਰ ਫੇਰ ਕੇ ਉਨ੍ਹਾਂ ਨੂੰ ਅਜਿਹਾ ਕਰਨੋ ਰੋਕਿਆ। ਬਾਹਰ ਆਇਆ ਤਾਂ ਉਨ੍ਹਾਂ ਨੇ ਕਿਹਾ, “ਸਰਦਾਰ ਜੀ, ਅਸੀਂ ਤਾਂ ਤੁਹਾਨੂੰ ਖਾਲਿਸਤਾਨ ਦੇ ਰਹੇ ਹਾਂ, ਤੁਸੀਂ ਪਸੰਦ ਨਹੀਂ ਕਰ ਰਹੇ।” ਬਲਬੀਰ ਸਿੰਘ ਦਾ ਜਵਾਬ ਸੀ, “ਤੁਸੀ ਖਾਲਿਸਤਾਨ ਦੇ ਸਕਦੇ ਹੁੰਦੇ ਤਾਂ ਆਪਣਾ ਬੰਗਲਾ ਦੇਸ਼ ਨਾ ਖੁਹਾਉਂਦੇ!”

ਅਫਸੋਸ ਹੈ! ਬਲਬੀਰ ਸਿੰਘ ਵਰਗੇ ਦੇਸ਼ ਭਗਤ ਇਨਸਾਨ ਅਤੇ ਵਿਸ਼ਵ ਦੇ ਅੱਵਲ ਨੰਬਰ ਹਾਕੀ ਖਿਡਾਰੀ ਦੀ ਭਾਰਤ ਦੀਆਂ ਕੌਮੀ ਸਰਕਾਰਾਂ ਉਹ ਕਦਰ ਨਹੀਂ ਪਾ ਸਕੀਆਂ, ਜਿਸ ਦਾ ਉਹ ਹੱਕਦਾਰ ਸੀ। ਸ਼ੁਕਰ ਹੈ, ਵਿਸ਼ਵ ਦੀ ਸੁਪਰੀਮ ਖੇਡ ਬੌਡੀ ਇੰਟਰਨੈਸ਼ਨਲ ਓਲੰਪਿਕਸ ਕਮੇਟੀ ਨੇ ਉਸ ਨੂੰ ‘ਆਈਕੋਨਿਕ ਓਲੰਪੀਅਨ’ ਯਾਨਿ ਓਲੰਪਿਕ ਰਤਨ ਦੇ ਖਿਤਾਬ ਨਾਲ ਨਿਵਾਜਿਆ। ਅਮਰ ਰਹੇ ਸਾਡਾ ਜੋਧਾ ਖਿਡਾਰੀ ਬਲਬੀਰ ਸਿੰਘ!



***ਓਲੰਪਿਕਸ ਖੇਡਾਂ ਦੇ ਗੋਲਡਨ ਹੈਟ ਟ੍ਰਿਕ ਤੋਂ ਬਿਨਾ ਉਸ ਨੇ ਭਾਰਤੀ ਟੀਮਾਂ ਦਾ ਕੋਚ/ਮੈਨੇਜਰ ਬਣ ਕੇ ਵਿਸ਼ਵ ਹਾਕੀ ਕੱਪ ਜਿਤਾਇਆ ਅਤੇ ਛੇ ਹੋਰ ਮੈਡਲ ਭਾਰਤੀ ਟੀਮਾਂ ਨੂੰ ਜਿਤਾਏ। ਹਾਕੀ ਦੀ ਕੋਚਿੰਗ ਬਾਰੇ ‘ਦੀ ਗੋਲਡਨ ਯਾਰਡ ਸਟਿੱਕ’ ਪੁਸਤਕ ਵੀ ਲਿਖੀ। ਭਾਰਤ-ਚੀਨ ਜੰਗ ਵੇਲੇ ਆਪਣੇ ਤਿੰਨੇ ਓਲੰਪਿਕਸ ਗੋਲਡ ਮੈਡਲ ਪ੍ਰਧਾਨ ਮੰਤਰੀ ਫੰਡ ਲਈ ਦਾਨ ਕੀਤੇ। ਫਿਰ ਆਪਣੀਆਂ ਸਾਰੀਆਂ ਖੇਡ ਨਿਸ਼ਾਨੀਆਂ ਸਾਈ ਦੇ ਸਪੁਰਦ ਕਰ ਦਿੱਤੀਆਂ, ਜੋ ਸਾਈ ਨੇ ਪਤਾ ਨਹੀਂ ਕਿਥੇ ‘ਗੁਆ’ ਛੱਡੀਆਂ…?***

# ਟ੍ਰਿਪਲ ਗੋਲਡ ਮੈਡਲਿਸਟ ਬਲਬੀਰ ਸਿੰਘ ਜਦੋਂ ਸ਼ਿਕਾਗੋ ਆਏ...

ਸੈਂਟਰ ਫਾਰਵਰਡ ਹਾਕੀ ਖਿਡਾਰੀ, ਕਪਤਾਨ, ਉਲੰਪੀਅਨ, ਗੋਲਡ ਮੈਡਲਿਸਟ, ਕੋਚ, ਪਦਮਸ੍ਰੀ, ਸਭ ਤੋਂ ਵੱਧ ਗੋਲ ਕਰਨ ਵਾਲਾ, ਧਿਆਨ ਚੰਦ ਪੁਰਸਕਾਰ ਹਾਸਲ ਕਰਨ ਵਾਲਾ ਤੇ ਹੋਰ ਪਤਾ ਨਹੀਂ ਕੀ-ਕੀ, ਬਲਬੀਰ ਸਿੰਘ ਸੀਨੀਅਰ ਸਵਰਗਵਾਸੀ ਹੋ ਕੇ ਹਾਕੀ ਦੇ ਇਤਿਹਾਸ 'ਚ ਵੱਖਰੀ ਛਾਪ ਛੱਡ ਗਏ ਹਨ।

ਸਾਲ 2015 ਵਿਚ ਸ਼ਿਕਾਗੋ ਕਬੱਡੀ ਕੱਪ ਲਈ ਮੁੱਖ ਮਹਿਮਾਨ ਦੀ ਭਾਲ ਹੋ ਰਹੀ ਸੀ। ਲਾਇਲਪੁਰ ਖਾਲਸਾ ਕਾਲਜ ਦੇ ਦੋ ਗਰੈਜੂਏਟ ਸਲਾਹ ਕਰ ਰਹੇ ਸਨ ਕਿ ਕੁਝ ਵੱਖਰਾ ਕਰਨਾ ਹੈ। ਕੈਨੇਡਾ ਫੋਨ ਲਾਇਆ ਅਤੇ ਨਾਲ ਹੀ ਖੁਸ਼ਖਬਰੀ ਮਿਲੀ ਕਿ ਬਲਬੀਰ ਸਿੰਘ ਲੇਬਰ ਡੇਅ ਵੀਕਐਂਡ 'ਤੇ ਇਧਰ ਆ ਰਹੇ ਹਨ। ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਦੀ ਮੀਟਿੰਗ 'ਚ ਸਲਾਹ ਕਰਕੇ ਸਹਿਮਤੀ ਹੋ ਗਈ।

ਸ. ਬਲਬੀਰ ਸਿੰਘ ਨਾਲ ਖੇਡਾਂ ਦੇ ਧਨੰਤਰ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਵੀ ਆ ਰਹੇ ਸਨ। ਫਲਾਈਟ ਸਵੇਰੇ ਆਉਣੀ ਸੀ, ਲਿਮੋ ਤਿਆਰ ਸੀ। ਕਲੱਬ ਦੇ ਮੈਂਬਰ ਅਤੇ ਫੋਟੋਗ੍ਰਾਫਰ ਸ਼ਿਕਾਗੋ ਏਅਰਪੋਰਟ ਦੇ ਇੰਟਰਨੈਸ਼ਨਲ ਟਰਮੀਨਲ 'ਤੇ ਪਹੁੰਚ ਗਏ। ਇਸ ਮੌਕੇ ਪ੍ਰਧਾਨ ਜਸਵਿੰਦਰ ਸਿਘ ਜੱਸੀ, ਪਰਮਿੰਦਰ ਸਿੰਘ ਵਾਲੀਆ, ਮੈਂ (ਅਮਰਦੇਵ ਸਿੰਘ ਬੰਦੇਸ਼ਾ), ਸਰਪੰਚ ਸਾਹਿਬ, ਸਰਵਣ ਸਿੰਘ ਰਾਜੂ ਅਤੇ ਹੋਰ ਮੈਂਬਰ ਵੀ ਹਾਜ਼ਰ ਸਨ। ਕੁਝ ਕਬੱਡੀ ਖਿਡਾਰੀ ਵੀ ਇਸੇ ਫਲਾਈਟ ਵਿਚ ਆਏ ਸਨ। ਉਨ੍ਹਾਂ ਅਨੁਸਾਰ ਦੋ ਬਜੁਰਗ ਆ ਰਹੇ ਹਨ। ਬਸ ਫਿਰ ਕੀ ਸੀ, ਦੌੜ-ਭੱਜ ਸ਼ੁਰੂ ਹੋ ਗਈ ਅਤੇ ਮਹਿਮਾਨ ਪਹੁੰਚ ਗਏ।

ਸਵਾਗਤ ਪਿਛੋਂ ਬਰੇਕਫਾਸਟ ਵਾਸਤੇ ਵਾਈਲਡ ਬੈਰੀ, ਸ਼ਾਮਬਰਗ ਪਹੁੰਚ ਗਏ। ਫਲਾਈਟ ਲੰਮੀ ਹੋਣ ਕਰਕੇ ਮਹਿਮਾਨ ਥਕਾਵਟ ਮਹਿਸੂਸ ਕਰ ਰਹੇ ਸਨ। ਮਹਿਮਾਨਾਂ ਵਿਚ ਅਸ਼ਵਨੀ ਨਿੱਝਰ ਅਤੇ ਦੋਹਤਾ ਕਬੀਰ ਵੀ ਸਨ। ਰਿਹਾਇਸ਼ ਦਾ ਇੰਤਜ਼ਾਮ ਸ. ਸਰਵਣ ਸਿੰਘ ਰਾਜੂ ਦੇ ਘਰ ਸੀ। ਸ਼ਿਕਾਗੋ ਨਿਵਾਸੀ ਪੱਬਾਂ ਭਾਰ ਹੋਏ ਮਹਿਮਾਨ ਨਿਵਾਜੀ ਵਾਸਤੇ ਕਾਲਾਂ ਕਰ ਰਹੇ ਸਨ ਕਿ ਅੱਜ ਸਾਨੂੰ ਸੇਵਾ ਦਾ ਮੌਕਾ ਦਿਉ।

ਸ਼ਾਮ ਦਾ ਸਵਾਗਤੀ ਪ੍ਰੋਗਰਾਮ ਡਾ. ਰਛਪਾਲ ਸਿੰਘ ਬਾਜਵਾ ਅਤੇ ਭਾਈਚਾਰੇ ਦੇ ਕੁਝ ਸਾਥੀਆਂ ਵਲੋਂ ਸ਼ਿਕਾਗੋ ਰੈਸਟੋਰੈਂਟ ਵਿਚ ਕੀਤਾ ਗਿਆ, ਜੋ ਪੰਜ ਘੰਟੇ ਤੱਕ ਚਲਿਆ। ਸ. ਬਲਬੀਰ ਸਿੰਘ ਦੇ ਮੂੰਹੋਂ ਸਾਰੇ ਉਨ੍ਹਾਂ ਦੀਆਂ ਪ੍ਰਾਪਤੀਆਂ ਸੁਣਨ ਲਈ ਬੇਤਾਬ ਸਨ। ਮਾਇਕ ਉਤੇ ਪਹੁੰਚਣ 'ਤੇ ਹਾਜ਼ਰੀਨ ਨੇ ਖੜ੍ਹੇ ਹੋ ਕੇ ਤਾੜੀਆਂ ਨਾਲ ਸਵਾਗਤ ਕੀਤਾ।

ਅਗਲੇ ਦਿਨ ਗੁਰਦੁਆਰਾ ਪੈਲਾਟਾਈਨ ਵਿਚ ਨਤਮਸਤਕ ਹੋਏ ਅਤੇ ਕਮੇਟੀ ਵਲੋਂ ਉਨ੍ਹਾਂ ਨੂੰ ਸਨਮਾਨ ਚਿੰਨ ਭੇਟ ਕੀਤਾ ਗਿਆ। ਟੂਰਨਾਮੈਂਟ 'ਤੇ ਪਹੁੰਚਿਆ ਦਰਸ਼ਕਾਂ ਦਾ ਹੜ੍ਹ ਮਹਿਮਾਨ ਦਾ ਇੰਤਜ਼ਾਰ ਬਹੁਤ ਬੇਸਬਰੀ ਨਾਲ ਕਰ ਰਿਹਾ ਸੀ।

ਕਬੱਡੀ ਦੇ ਮੈਚ ਵੀ ਫਸਵੇਂ ਮੁਕਾਬਲੇ ਵਾਲੇ ਸਨ। ਅਖੀਰ ਲਿਮੋ ਪਹੁੰਚ ਗਈ ਅਤੇ ਮਾਇਕ ਤੋਂ ਅਨਾਊਂਸ ਕੀਤਾ ਗਿਆ ਕਿ ਮਹਿਮਾਨ ਪਹੁੰਚ ਚੁਕੇ ਹਨ। ਸਾਰਾ ਮੈਦਾਨ ਤਾੜੀਆਂ ਦਾ ਗੜਗੜਾਹਟ ਨਾਲ ਗੂੰਜ ਉਠਿਆ। ਕਬੱਡੀ ਦੇ ਫਾਈਨਲ ਮੈਚ ਤੋਂ ਪਹਿਲਾਂ ਪ੍ਰਿੰ. ਸਰਵਣ ਸਿੰਘ ਨੇ ਮਹਿਮਾਨ ਸ. ਬਲਬੀਰ ਸਿੰਘ ਬਾਰੇ ਜਾਣਕਾਰੀ ਦਿੱਤੀ। ਉਸ ਸਮੇਂ ਉਨ੍ਹਾਂ ਵਲੋਂ ਕੀਤੇ 5 ਗੋਲਾਂ ਬਾਰੇ ਕੁਮੈਂਟੇਟਰ ਸ. ਜਸਦੇਵ ਸਿਘ ਦੇ ਬੋਲ ਯਾਦ ਆਏ, "ਬਲਬੀਰ ਸਿੰਘ ਇਕ ਤੋਂ ਬਾਅਦ ਇਕ ਗੋਲ ਕਰ ਰਹੇ ਹਨ, ਲਉ ਇਕ ਹੋਰ ਗੋਲ ਕਰ ਦਿੱਤਾ।"

ਟ੍ਰਿਪਲ ਗੋਲਡ ਮੈਡਲਿਸਟ ਹਾਕੀ ਖਿਡਾਰੀ ਸ. ਬਲਬੀਰ ਸਿੰਘ ਨੇ ਕਬੱਡੀ ਬਾਰੇ ਆਪਣੇ ਵਿਚਾਰਾਂ ਵਿਚ ਕਿਹਾ ਕਿ ਇਹ ਮਾਂ-ਖੇਡ ਬਿਲਕੁਲ ਵੱਖਰੀ ਅਤੇ ਨਿਆਰੀ ਖੇਡ ਹੈ। ਇਸ ਵਿਚ 'ਕੱਲੇ ਦਾ 'ਕੱਲੇ ਨਾਲ ਮੁਕਾਬਲਾ ਹੁੰਦਾ ਹੈ। ਇਸ ਨੂੰ ਨੈਸ਼ਨਲ ਹੀ ਨਹੀਂ, ਇੰਟਰਨੈਸ਼ਨਲ ਖੇਡਾਂ ਦਾ ਹਿੱਸਾ ਬਣਾਉਣਾ ਚਾਹੀਦਾ ਹੈ।

ਇਸ ਪਿਛੋਂ ਉਹ ਗਰਾਊਂਡ ਵਿਚ ਸਾਰੇ ਦਰਸ਼ਕਾਂ ਨੂੰ ਮਿਲਣ ਲਈ ਗਏ। ਦਰਸ਼ਕਾਂ ਤੇ ਰੈਫਰੀਆਂ ਨਾਲ ਫੋਟੋਆਂ ਖਿਚਵਾਈਆਂ। ਫਿਰ ਕਲੱਬ ਦੇ ਸਪਾਂਸਰਾਂ ਵਲੋਂ ਪਾਲੀ ਅਤੇ ਲਾਲੀ ਧਾਲੀਵਾਲ ਨੇ ਸ. ਬਲਬੀਰ ਸਿੰਘ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ।

ਟੂਰਨਾਮੈਂਟ ਤੋਂ ਦੂਜੇ ਦਿਨ ਕਈ ਪਰਿਵਾਰਾਂ ਦੇ ਘਰ ਵੀ ਉਨ੍ਹਾਂ ਦੀ ਮਹਿਮਾਨ ਨਿਵਾਜੀ ਕੀਤੀ ਗਈ। ਉਹ ਗੁਰਦੁਆਰੇ ਦੇ ਮੌਜੂਦਾ ਪ੍ਰਧਾਨ ਡਾ. ਪਰਦੀਪ ਸਿੰਘ ਗਿੱਲ ਦੇ ਨਿਵਾਸ 'ਤੇ ਵੀ ਗਏ ਸਨ। ਸ਼ਾਮ ਦਾ ਪ੍ਰੋਗਰਾਮ 'ਮਹਾਰਾਜਾ ਰੈਸਟੋਰੈਂਟ' ਵਿਚ ਕੀਤਾ ਗਿਆ ਅਤੇ ਇਕ ਵਾਰ ਫਿਰ ਇਥੇ ਕਲੱਬ ਦੇ ਮੈਂਬਰ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਇਸ ਸਮੇਂ ਸਰਵਣ ਸਿੰਘ ਰਾਜੂ ਵਲੋਂ ਸ. ਬਲਬੀਰ ਸਿੰਘ ਨੂੰ ਸਿੱਖਾਂ ਦੀ ਬਹਾਦਰੀ ਦਿਖਾਉਂਦੀਆਂ ਤਸਵੀਰਾਂ ਭੇਟ ਕੀਤੀਆਂ ਗਈਆਂ। ਇਸ ਤਰ੍ਹਾਂ ਸ. ਬਲਬੀਰ ਸਿੰਘ ਦੀ ਇਹ ਸ਼ਿਕਾਗੋ ਫੇਰੀ ਯਾਦਗਾਰੀ ਬਣ ਗਈ। ਹੁਣ ਹਰ ਸਾਲ ਟੂਰਨਾਮੈਂਟ ਸਮੇਂ ਦਰਸ਼ਕ ਉਨ੍ਹਾਂ ਨੂੰ ਯਾਦ ਕਰਦੇ ਹਨ।

**ਅਫਸੋਸ ਦੀ ਗੱਲ ਹੈ ਕਿ ਪੰਜਾਬ ਤਾਂ ਕੀ, ਭਾਰਤ ਦਾ ਕੋਈ ਵੀ ਨੈਸ਼ਨਲ ਸਟੇਡੀਅਮ ਇਸ ਗੋਲਡਨ ਗੋਲ ਖਿਡਾਰੀ ਦੇ ਨਾਂ 'ਤੇ ਸਮਰਪਿਤ ਨਹੀਂ ਕੀਤਾ ਗਿਆ।**

*-ਅਮਰਦੇਵ ਸਿੰਘ ਬੰਦੇਸ਼ਾ*

























# ਚੱਕੀ ਦੀ ਕਹਾਣੀ



ਕਲਾ ਪਰਿਕਰਮਾ

***ਚੱਕੀ ਅੱਜ ਭਾਵੇਂ ਡਰਾਇੰਗ ਰੂਮ ਜਾਂ ਅਜਾਇਬ ਘਰਾਂ ਵਿਚ ਹੀ ਵਿਰਾਸਤੀ ਵਸਤੂ ਦੇ ਤੌਰ 'ਤੇ ਰੱਖੀ ਮਿਲਦੀ ਹੈ ਪਰ ਚੱਕੀ ਦਾ ਆਪਣਾ ਇਤਿਹਾਸ ਹੈ ਅਤੇ ਇਸ ਨੇ ਮਨੁੱਖੀ ਸਭਿਅਤਾ ਅੰਦਰ ਬਹੁਤ ਅਹਿਮ ਭੂਮਿਕਾ ਨਿਭਾਈ। ਇਸ ਲੇਖ ਵਿਚ ਇਸ ਭੂਮਿਕਾ ਦੀ ਚਰਚਾ ਕੀਤੀ ਗਈ ਹੈ।***

ਸੁਖਵੀਰ ਸਿੰਘ ਕੰਗ

ਹੱਥ ਚੱਕੀ ਦਾ ਇਤਿਹਾਸ ਹਜ਼ਾਰਾਂ ਸਾਲ ਪੁਰਾਣਾ ਹੈ। ਵੀਹਵੀਂ ਸਦੀ ਦੌਰਾਨ ਵੀ ਇਹ ਸੰਸਾਰ ਦੇ ਕਾਫੀ ਖੇਤਰਾਂ ਵਿਚ ਰਸੋਈ ਦਾ ਧੁਰਾ ਅਤੇ ਚੁੱਲ੍ਹੇ ਦੀ ਪੱਕੀ ਸਾਥਣ ਬਣ ਕੇ ਲੋਕਾਂ ਦੇ ਪੇਟ ਪਾਲਦੀ ਰਹੀ ਹੈ। ਇਸ ਨੂੰ ਹਰ ਘਰ ਦੀ ਜ਼ਰੂਰਤ ਅਤੇ ਸ਼ਿੰਗਾਰ ਬਣਨ ਤਕ ਕਈ ਪੜਾਵਾਂ ਵਿਚੋਂ ਗੁਜ਼ਰਨਾ ਪਿਆ। ਇਸ ਦੀ ਕਾਢ ਅਤੇ ਵਿਕਾਸ ਦਾ ਵਰਤਾਰਾ ਦਿਲਚਸਪ ਹੈ।

ਕਣਕ, ਬਾਜਰਾ, ਜੌਂ, ਜਈਂ, ਰਾਈ ਅਤੇ ਮੱਕੀ ਦਾ ਫਸਲਾਂ ਦੇ ਤੌਰ 'ਤੇ ਉਤਪਾਦਨ ਲਗਭਗ ਦਸ ਹਜ਼ਾਰ ਸਾਲ ਪਹਿਲਾਂ ਆਰੰਭ ਹੋਇਆ। ਇਨ੍ਹਾਂ ਨੂੰ ਚਬਾ ਕੇ ਖਾਧਾ ਤਾਂ ਜਾ ਸਕਦਾ ਸੀ ਪਰ ਪਚਾਉਣਾ ਔਖਾ ਸੀ। ਆਸਾਨੀ ਨਾਲ ਪਚਾਉਣ ਲਈ ਅਨਾਜ ਨੂੰ ਪਕਾਉਣਾ ਜ਼ਰੂਰੀ ਸੀ ਅਤੇ ਪਕਾਉਣ ਲਈ ਇਸ ਨੂੰ ਪੀਸਣ ਦੀ ਲੋੜ ਪਈ। ਇਸ ਤਰ੍ਹਾਂ ਹੱਥ ਚੱਕੀ ਦੀ ਕਾਢ ਦਾ ਮੁੱਢ ਪੱਥਰ ਯੁੱਗ ਦੇ ਪਿਛਲੇ ਦੌਰ ਵਿਚ ਹੀ ਬੱਝ ਗਿਆ ਸੀ। ਸਭ ਤੋਂ ਪਹਿਲਾਂ ਅਨਾਜ ਨੂੰ ਕੁੱਟ ਕੇ ਬਾਰੀਕ ਕੀਤਾ ਜਾਣ ਲੱਗਾ। ਫਿਰ ਮਿਸਰ ਦੀ ਸਭਿਅਤਾ ਦੌਰਾਨ ਪਹਿਲੀ ਵਾਰ ਘੋੜੇ ਦੀ ਕਾਠੀ ਵਰਗੀ ਚੱਕੀ ਵਰਤਣ ਦੇ ਸੰਕੇਤ ਮਿਲਦੇ ਹਨ। ਜਿਸ ਤੋਂ ਪਤਾ ਲੱਗਦਾ ਹੈ ਕਿ ਉਥੇ ਸਿਲ-ਵੱਟੇ ਨਾਲ ਅਨਾਜ ਅੱਗੇ ਪਿੱਛੇ ਘਸਰ ਕੇ ਪੀਸਿਆ ਜਾਂਦਾ ਰਿਹਾ ਹੈ।

ਫਿਰ ਯੂਨਾਨੀਆਂ ਨੇ ਦੋ ਪੁੜਾਂ ਵਾਲੀ ਅਰਧ ਚੱਕਰ ਵਿਚ ਚੱਲਣ ਵਾਲੀ ਚੱਕੀ ਬਣਾਈ। ਉਪਰਲੇ ਪੁੜਾਂ ਵਿਚ ਮੋਰੀ ਕੀਤੀ ਜਿਸ ਰਾਹੀਂ ਦਾਣੇ ਆਪ ਹੀ ਦੋਹਾਂ ਪੁੜਾਂ ਵਿਚਾਲੇ ਚਲੇ ਜਾਂਦੇ ਸਨ ਅਤੇ ਪੀਸੇ ਜਾਂਦੇ ਸਨ। ਇਸ ਵਿਚ ਪਹਿਲੀ ਵਾਰ ਧੁਰੀ ਦਾ ਪ੍ਰਯੋਗ ਕੀਤਾ ਗਿਆ ਜੋ ਅੱਗੇ ਚੱਲ ਕੇ ਪੂਰਾ ਚੱਕਰ ਦੇ ਕੇ ਗੋਲਾਈ ਵਿਚ ਘੁੰਮ ਕੇ ਤੇਜ਼ੀ ਨਾਲ ਅਤੇ ਘੱਟ ਬਲ ਨਾਲ ਅਨਾਜ ਪੀਸਣ ਵਾਲੀ ਵਿਕਸਤ ਚੱਕੀ ਦਾ ਆਧਾਰ ਬਣੀ। ਉਦੋਂ ਤਕ ਚੱਕੀ ਦੇ ਪੁੜਾਂ ਨੂੰ ਟੱਕ ਦੇ ਕੇ ਰਾਹ ਲੈਣ ਦਾ ਹੁਨਰ ਆਰੰਭ ਹੋ ਚੁੱਕਾ ਸੀ ਜਿਸ ਨਾਲ ਪੁੜਾਂ ਦੇ ਅੰਦਰਲੇ ਘਸਰ ਕੇ ਚੱਲਣ ਵਾਲੇ ਤਲ ਦਾਣੇ ਨੂੰ ਛੇਤੀ ਪੀਹ ਦਿੰਦੇ ਸਨ। ਘੁੰਮ ਕੇ ਚੱਲਣ ਵਾਲੀ ਚੱਕੀ ਦੀ ਕਾਢ ਨੇ ਇਸਦੇ ਅਗਲੇਰੇ ਵਿਕਾਸ ਵਿਚ ਕ੍ਰਾਂਤੀ ਲੈ ਆਂਦੀ ਜਿਸ ਦੇ ਫਲਸਰੂਪ ਅਨੇਕ ਬਣਤਰਾਂ ਦੀਆਂ ਚੱਕੀਆਂ ਹੋਂਦ ਵਿਚ ਆਈਆਂ।

ਰੋਮਨ ਸਭਿਅਤਾ ਵਿਚ ਪੰਜ ਤੋਂ ਛੇ ਫੁੱਟ ਤਕ ਉਚੀਆਂ ਚੱਕੀਆਂ ਵੀ ਬਣੀਆਂ ਜਿਨ੍ਹਾਂ ਦਾ ਹੇਠਲਾ ਪੁੜ ਕੋਨ ਵਾਂਗ ਹੁੰਦਾ ਸੀ ਅਤੇ ਉਪਰਲਾ ਡਮਰੂ ਵਰਗਾ ਹੁੰਦਾ ਸੀ। ਘੁੰਮ ਕੇ ਚੱਲਣ ਵਾਲੀ ਚੱਕੀ ਦੀ ਕਾਢ ਨਾਲ ਇਸ ਦੇ ਸਰੂਪ ਦਾ ਬਹੁਤ ਵਿਕਾਸ ਹੋਇਆ ਅਤੇ ਇਸ ਨੂੰ ਚਲਾਉਣ ਲਈ ਗੈਰ ਮਨੁੱਖੀ ਬਲ ਦੀ ਵਰਤੋਂ ਹੋਣ ਲੱਗੀ। ਸਭ ਤੋਂ ਪਹਿਲਾਂ ਜਾਨਵਰਾਂ ਦੀ ਵਰਤੋਂ ਹੋਈ ਅਤੇ ਫਿਰ ਹਵਾ ਅਤੇ ਪਾਣੀ ਦੇ ਵਗਣ ਦੀ ਸ਼ਕਤੀ ਨੂੰ ਵਰਤਿਆ ਗਿਆ। ਗਧੇ, ਬਲਦ ਜਾਂ ਊਠ ਨਾਲ ਚੱਲਣ ਵਾਲੀ ਚੱਕੀ ਨੂੰ ਖਰਾਸ, ਪਾਣੀ ਨਾਲ ਚੱਲਣ ਵਾਲੀ ਨੂੰ ਘਰਾਟ ਅਤੇ ਹਵਾ ਨਾਲ ਚੱਲਣ ਵਾਲੀ ਨੂੰ ਪੌਣ-ਚੱਕੀ ਕਿਹਾ ਜਾਂਦਾ ਹੈ। ਫਿਰ ਮਸ਼ੀਨੀ ਯੁੱਗ ਆਉਣ ਨਾਲ ਇਹ ਇੰਜਣ ਨਾਲ ਚੱਲੀ ਅਤੇ ਅੱਜ ਇਹ ਬਿਜਲੀ ਨਾਲ ਚੱਲਦੀ ਹੈ।

ਹੱਥ ਚੱਕੀ ਦੇ ਵਿਕਸਤ ਰੂਪ ਦੀ ਗੱਲ ਕਰੀਏ ਤਾਂ ਇਹ ਗੋਲ ਤਰਾਸ਼ੇ ਹੋਏ ਦੋ ਰੇਤੀਲੇ ਆਤਿਸ਼ੀ ਪੱਥਰਾਂ ਦੀ ਬਣਦੀ ਹੈ ਜਿਨ੍ਹਾਂ ਦੇ ਅੰਦਰਲੇ ਮੇਲਵੇਂ ਤਲ ਛੈਣੀ ਨਾਲ ਟੱਕ ਦੇ ਕੇ ਰਾਹ ਲਏ ਜਾਂਦੇ ਹਨ ਤਾਂ ਕਿ ਦੋਹਾਂ ਦੇ ਖੁਰਦਰੇ ਤਲਾਂ ਵਿਚ ਪਿਸ ਕੇ ਦਾਣੇ ਛੇਤੀ ਬਾਰੀਕ ਹੋ ਸਕਣ। ਤੂੜੀ ਅਤੇ ਮਿੱਟੀ ਦੀ ਘਾਣੀ ਨਾਲ ਪੁੜਾਂ ਦੇ ਨਾਪ ਅਨੁਸਾਰ ਗੋਲ ਆਧਾਰ ਬਣਾ ਕੇ ਗੰਡ ਜਾਂ ਗੁੰਡ ਤਿਆਰ ਕੀਤਾ ਜਾਂਦਾ ਹੈ ਜਿਸ ਨੂੰ ਚਾਰ ਜਾਂ ਛੇ ਇੰਚ ਦੇ ਪੈਰ ਜਾਂ ਪੜਾਵੇ ਲਗਾਏ ਜਾਂਦੇ ਹਨ ਤਾਂ ਕਿ ਚੁੱਕਣ ਵੇਲੇ ਅਤੇ ਚਲਾਉਣ ਵੇਲੇ ਆਸਾਨੀ ਰਹੇ। ਇਸ ਦੇ ਸੁੱਕ ਕੇ ਪੱਕ ਜਾਣ 'ਤੇ ਇਸ ਉਪਰ ਹੇਠਲਾ ਪੁੜ ਫਿੱਟ ਕੀਤਾ ਜਾਂਦਾ ਹੈ ਜੋ ਉਭਰਵੇਂ ਤਲ ਵਾਲਾ ਹੁੰਦਾ ਹੈ ਜਿਸਦੇ ਕੇਂਦਰ ਵਿਚਲੀ ਮੋਰੀ ਵਿਚ ਤਲ ਦੇ ਬਰਾਬਰ ਤਕ ਲੱਕੜੀ ਠੋਕ ਕੇ ਬਿਲਕੁਲ ਵਿਚਕਾਰ ਇਕ ਲੋਹੇ ਦੀ ਕਿੱਲੀ ਲਗਾਈ ਜਾਂਦੀ ਹੈ ਜੋ ਹੇਠ ਵਲੋਂ ਮੋਟਾਈ ਵਾਲੀ ਅਤੇ ਉਪਰ ਤੋਂ ਪਤਲੀ ਹੁੰਦੀ ਹੈ। ਇਸ ਨੂੰ ਫਿੱਟ ਕਰਕੇ ਪੁੜ ਤੋਂ ਬਾਹਰ ਵੱਲ ਦੋ ਕੁ ਇੰਚ ਥਾਂ ਆਟਾ ਇਕੱਠਾ ਹੋਣ ਲਈ ਛੱਡ ਕੇ ਮਿੱਟੀ ਨਾਲ ਹੀ ਕਿਨਾਰੀ ਜਾਂ ਵਾੜ ਬਣਾਈ ਜਾਂਦੀ ਹੈ ਤਾਂ ਕਿ ਆਟਾ ਬਾਹਰ ਨਾ ਡਿੱਗੇ। ਇਸ ਕਿਨਾਰੀ ਦਾ ਇਕ ਮੂੰਹ ਵੀ ਬਣਾਇਆ ਜਾਂਦਾ ਹੈ ਜਿਸ ਰਾਹੀਂ ਆਟਾ ਬਾਹਰ ਨਿਕਲਦਾ ਹੈ। ਇਸ ਦੀ ਵਿਚਕਾਰਲੀ ਮੋਰੀ ਵਿਚ ਲੱਕੜੀ ਦੀ ਗੁੱਲੀ ਫਿੱਟ ਕੀਤੀ ਹੁੰਦੀ ਹੈ ਜਿਸ ਨੂੰ ਮੰਨਵੀ ਜਾਂ ਮਾਨੀ ਕਿਹਾ ਜਾਂਦਾ ਹੈ। ਮੰਨਵੀ ਦੁਆਲੇ ਬਚੀ ਖਾਲੀ ਥਾਂ ਵਿਚੋਂ ਦਾਣਿਆਂ ਦਾ ਗੱਲਾ ਜਾਂ ਚੁੰਗ ਪਾਈ ਜਾਂਦੀ ਹੈ। ਇਸ ਦੇ ਐਨ ਵਿਚਕਾਰ ਹੇਠਲੇ ਪੁੜ ਦੀ ਕਿੱਲੀ ਦੇ ਨਾਪ ਦਾ ਸੁਰਾਖ ਹੁੰਦਾ ਹੈ ਜਿਸ ਵਿਚੋਂ ਲੰਘੀ ਹੇਠਲੇ ਪੁੜ ਦੀ ਕਿੱਲੀ ਨੂੰ ਧੁਰਾ ਬਣਾ ਕੇ ਉਪਰਲਾ ਪੁੜ ਘੁੰਮਦਾ ਹੈ। ਆਟਾ ਮੋਟਾ ਜਾਂ ਬਾਰੀਕ ਕਰਨ ਲਈ ਇਸ ਕਿੱਲੀ ਉਪਰ ਕੱਪੜੇ, ਰਬੜ, ਜਾਂ ਲੋਹੇ ਦਾ ਛੱਲਾ ਲੋੜ ਅਨੁਸਾਰ ਵਰਤਿਆ ਜਾਂਦਾ ਹੈ। ਉਪਰਲੇ ਪੁੜ ਦੇ ਕਿਨਾਰੇ ਵਾਲੀ ਮੋਰੀ ਵਿਚ ਦਸ-ਬਾਰਾਂ ਇੰਚ ਦਾ ਖੜ੍ਹਵਾਂ ਡੰਡਾ ਫਿੱਟ ਕੀਤਾ ਜਾਂਦਾ ਹੈ ਜੋ ਹੱਥੇ ਦੇ ਤੌਰ 'ਤੇ ਫੜ ਕੇ ਚੱਕੀ ਨੂੰ ਘੁੰਮਾਉਣ ਲਈ ਵਰਤਿਆ ਜਾਂਦਾ ਹੈ।

ਹੱਥ ਚੱਕੀ ਦਾ ਪੰਜਾਬੀ ਸੱਭਿਆਚਾਰ ਵਿਚ ਖਾਸ ਸਥਾਨ ਰਿਹਾ ਹੈ। ਪੁਰਾਣੇ ਪੰਜਾਬ ਦੇ ਹਰ ਘਰ ਦੀ ਸੁਆਣੀ ਤੜਕੇ ਉਠ ਕੇ ਪਹਿਲਾਂ ਹੱਥ ਚੱਕੀ ਨਾਲ ਇਕ ਡੰਗ ਜਾਂ ਪੂਰੇ ਦਿਨ ਦਾ ਆਟਾ ਪੀਹ ਕੇ ਫਿਰ ਮਧਾਣੀ ਜਾਂ ਹੋਰ ਕੰਮਾਂ ਨੂੰ ਹੱਥ ਲਾਉਂਦੀ ਸੀ। ਪੂਰੇ ਪਰਿਵਾਰ ਦਾ ਪੇਟ ਭਰਨ ਲਈ ਅਨਾਜ ਨੂੰ ਪਕਾਉਣ ਯੋਗ ਬਣਾਉਣ ਦਾ ਕੰਮ ਚੱਕੀ ਉਪਰ ਨਿਰਭਰ ਹੋਣ ਕਾਰਨ ਚੱਕੀ ਘਰ ਵਿਚ ਪੂਜਣ ਯੋਗ ਰੁਤਬਾ ਰੱਖਦੀ ਸੀ। ਚੱਕੀ ਪੀਹਣ ਦਾ ਕੰਮ ਔਰਤਾਂ ਹਿੱਸੇ ਹੋਣ ਕਾਰਨ ਇਸ ਨਾਲ ਅਨੇਕ ਰਸਮਾਂ ਵੀ ਜੁੜੀਆਂ ਹੋਈਆਂ ਸਨ ਜਿਵੇਂ ਲੜਕੀ ਦੇ ਵਿਆਹ ਤੋਂ ਪਹਿਲਾਂ ਪੇਕੇ ਘਰ ਉਸਦਾ ਚੱਕੀ ਤੋਂ ਹੱਥ ਛੁਡਾਉਣ ਅਤੇ ਫਿਰ ਸਹੁਰੇ ਘਰ ਚੱਕੀ ਹੱਥ ਲੁਆਉਣ ਦੀ ਰਸਮ ਪ੍ਰਚੱਲਿਤ ਸੀ। ਚੱਕੀ ਪੰਜਾਬੀ ਗੀਤਾਂ ਅਤੇ ਬੋਲੀਆਂ ਵਿਚ ਵੀ ਗੂੰਜਦੀ ਸੀ:

ਮਾਪਿਆਂ ਨੇ ਤਾਂ ਰੱਖੀ ਲਾਡਲੀ
ਸੱਸ ਨੇ ਲਾ ਲਈ ਚੱਕੀ
ਨੀਂ ਮੇਰੇ ਸੱਤ ਵਲ ਪੈਂਦੇ ਵੱਖੀ

ਲੰਬਾ ਸਮਾਂ ਰਸੋਈ ਦਾ ਧੁਰਾ ਅਤੇ ਹਰ ਘਰ ਦਾ ਸ਼ਿੰਗਾਰ ਰਹੀ ਹੱਥ ਚੱਕੀ ਅੱਜ ਡਰਾਇੰਗ ਰੂਮ ਜਾਂ ਅਜਾਇਬ ਘਰਾਂ ਵਿਚ ਹੀ ਵਿਰਾਸਤੀ ਵਸਤੂ ਦੇ ਤੌਰ 'ਤੇ ਰੱਖੀ ਮਿਲਦੀ ਹੈ।

## ਚੱਕੀਏ ਨੀ...



ਆਪ ਸੱਸ ਪਲੰਗੇ ਲੇਟਦੀ
ਮੈਨੂੰ ਮਾਰਦੀ ਚੱਕੀ ਵੱਲ ਸੈਨਤਾਂ
ਮੈਂ ਚੱਕੀ ਮਹੀਂਓਂ ਪੀਸਣੀ
ਆਪੇ ਪੀਸਣਗੀਆਂ
ਸਹੁਰੇ ਦੀਆਂ ਜਾਈਆਂ।

---

ਸੱਸ ਮੇਰੀ ਨੇ ਸੰਦ ਵੰਡੇ
ਮੇਰੇ ਹਿੱਸੇ ਚੱਕੀ।
ਸੁਣੋ ਨੀ ਵਿਹੜੇ ਵਾਲੀਓ
ਮੈਂ ਬੋਲਾਂ ਤਾਂ ਕੁਪੱਤੀ।

---

ਸੱਸ ਕਹੇ ਤੈਨੂੰ ਪੀਹਣਾ ਨੀ ਆਉਂਦਾ
ਮੈਂ ਪੀਸਤੀ ਸੂੰਹ
ਸੱਸੇ ਕੁਪੱਤੀਏ ਨੀ
ਮੈਂ ਨਾ ਤੇਰੀ ਨੂੰਹ।

---

ਚੱਕੀ ਛੁੱਟ ਗਈ
ਚੁੱਲ੍ਹੇ ਨੇ ਛੁੱਟ ਜਾਣਾ
ਔਰਤਾਂ ਦਾ ਰਾਜ ਆ ਗਿਆ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਜੂਨ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-432



*ਕਾਰ ਵਾਲਾ ਲੀਡਰ ਨ੍ਹੀਂ ਮੈਂ, ਸਾਈਕਲ ਹੀ ਸਰਿਆ,*
*ਲਾਲ-ਬੱਤੀ ਲਾਉਣ ਦਾ ਜੁਗਾੜ ਆਪਾਂ ਕਰਿਆ।*

## ਕੈਪਸ਼ਨ ਮੁਕਾਬਲਾ-430



ਬੰਦਾ ਹੋਵੇ ਚਾਹੇ ਪਰਿੰਦਾ,
ਘਰ ਤਾਂ ਅਕਸਰ ਘਰ ਹੁੰਦਾ ਹੈ।
ਚੁਣ ਕੇ ਇੱਕ ਇੱਕ ਤੀਲਾ,
ਬਣਿਆ ਘਰ ਦਾ ਦਰ ਹੁੰਦਾ ਹੈ।
ਫਿਰ ਵਿਚ ਪਲਦੇ ਨੇ ਬੱਚੇ,
ਇਹ ਆਲ੍ਹਣੇ ਨੂੰ ਵਰ ਹੁੰਦਾ ਹੈ।
ਸੰਘੋ ਕੱਢ ਵੀ ਬੱਚੇ ਨੂੰ ਦਿੰਦੇ,
ਸਬਰ ਦਾ ਘੁੱਟ ਭਰ ਹੁੰਦਾ ਹੈ।
*-ਸੇਵਾ ਸਿੰਘ ਨੂਰਪੁਰੀ*

---

ਤੀਲਾ ਤੀਲਾ ਛਾਂਟ ਲਿਆਂਦਾ
ਬੁਣਤੀ ਬੁਣ ਕੇ ਘਰ ਬਣਾਇਆ।
ਨਵੇਂ ਜੀਅ ਦੀ ਆਮਦ ਹੋਣੀ
ਕਲਾਕਾਰੀ ਦਾ ਰੰਗ ਦਿਖਾਇਆ।
ਕੋਈ ਕਿਧਰੇ ਕੱਚ ਨਾ ਰਹਿ'ਜੇ
ਅੰਦਰ ਬਾਹਰ ਫੇਰਾ ਲਾਇਆ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਤੀਲਾ ਤੀਲਾ ਜੋੜ ਆਲ੍ਹਣਾ ਬਣਾਇਆ
ਹੁਣ ਰਾਖੀ ਇਸ ਦੀ ਕਰਾਂਗੇ।
ਦੁੱਖ ਤਕਲੀਫਾਂ ਵੀ ਇਕੱਠੇ ਜਰਾਂਗੇ
ਖੁਸ਼ੀਆਂ ਖੇੜੇ ਵੀ ਇਕੱਠੇ ਵੰਡਾਂਗੇ।
*-ਇੰਦਰਜੀਤ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

---

ਤੀਲਾ-ਤੀਲਾ 'ਕੱਠਾ ਕਰਕੇ,
ਪੰਛੀ ਬਣਾਉਂਦੇ ਆਲ੍ਹਣਾ।
ਰਾਖੀ ਕਰਦੇ, ਚੋਗ ਚੁਗਾਉਂਦੇ,
ਬੋਟਾਂ ਦੀ ਕਰਦੇ ਪਾਲਣਾ।
ਉਡਣਾ, ਚੁਗਣਾ ਸਿਖਾ ਲਾਂਭੇ ਕਰਦੇ,
ਪੂਰੀ ਘਾਲਦੇ ਘਾਲਣਾ।
*-ਦਵਿੰਦਰ ਕੌਰ*

---

ਆਪਣਾ ਆਸ਼ਿਆਨਾ ਖੁਦ ਬਣਾਉਂਦੇ,
ਤੀਲਾ ਤੀਲਾ ਜੋੜ ਕੇ ਖੂਬ ਸਜਾਉਂਦੇ।
ਅਨੁਸ਼ਾਸਨ 'ਚ ਜ਼ਿੰਦਗੀ ਬਿਤਾਉਂਦੇ,
ਚੋਗਾ ਸਮੇਂ ਸਿਰ ਚੁੱਗ ਲਿਆਉਂਦੇ।
ਆਪਣੇ ਬੋਟ ਦੀ ਰਾਖੀ ਕਰਨ ਵੇਲੇ,
ਸਿਰ ਧੜ ਦੀ ਬਾਜ਼ੀ ਨੇ ਲਾਉਂਦੇ।
ਬੰਦਿਆ! ਬੜਾ ਕੁਝ ਸਿੱਖ ਜਾਵੇਗਾ,
ਜੇ ਕੁਦਰਤ ਨਾਲ ਪਿਆਰ ਪਾਵੇਂ।
*-ਚਮਨਦੀਪ ਸ਼ਰਮਾ, ਪਟਿਆਲਾ*
*ਫੋਨ: 91-95010-33005*

---

ਘਰਾਂ 'ਚ ਆਲੇ, ਕੌਲੇ,
ਰੌਸ਼ਨਦਾਨ ਹੋਏ ਬੰਦ
ਚਿੜੀ ਕਿਥੇ ਝੁਰਮਟ ਪਾਵੇ?
ਉਹ ਵਿਚਾਰੀ ਸ਼ਰਾਫਤ ਦੀ ਮੂਰਤ
ਮੁੜ-ਘਿੜ ਘਰਾਂ ਅੰਦਰ ਆਲ੍ਹਣੇ ਪਾਵੇ।
ਡਰਦੀ ਦਰਖਤਾਂ 'ਤੇ ਆਲ੍ਹਣਾ ਪਾਉਣ ਤੋਂ
ਕਿਤੇ ਕਾਂ ਮੇਰੇ ਅੰਡੇ ਨਾ ਖਾ ਜਾਵੇ।
ਤੀਲਾ ਤੀਲਾ 'ਕੱਠਾ ਕਰ ਬਣਾਇਆ ਬੰਗਲਾ
ਕੀ ਪਤਾ ਕਦੋਂ ਬੋਟਾਂ ਦੀ ਆਮਦ ਹੋ ਜਾਵੇ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਚਿੜੀਆਂ ਬੜੀਆਂ ਹੀ ਦੂਰ ਅੰਦੇਸ਼ੀਆਂ
ਤੀਲਾ ਤੀਲਾ ਪਰੋ ਬਣਾਉਂਦੀਆਂ ਆਲ੍ਹਣਾ।
ਇਹ ਵੀ ਇਕ ਆਕਰਸ਼ਕ ਕਲਾ
ਕੁਝ ਖਾਲੀ ਹਿੱਸੇ ਤਾਜੀ ਹਵਾ ਆਉਂਦੀ
ਅੰਦਰ ਗੁਦਗੁਦਾ ਘਾਹ ਫੂਸ ਰੱਖਦੀ
ਬਿਠਾ ਦਿਲ ਦੇ ਟੁਕੜੇ ਨੂੰ ਅੰਦਰ
ਆਪਣੀ ਚੁੰਜ ਨਾਲ ਖਾਣਾ ਪਾਉਂਦੀ
ਚੋਰੀ ਅੱਖ ਬਚਾ ਪਾਸਿਓਂ ਦੇਖਦੀ
ਦਿਲ ਦਾ ਟੁਕੜਾ ਕੋਈ ਆਂਚ ਨਾ ਆਵੇ।
*-ਦਰਸ਼ਨਪਾਲ ਦੋਸਾਂਝ*

# ਵਹਾਬੀਵਾਦ, ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼

*ਚਰਲਸ ਐਲਨ ਇੰਗਲੈਂਡ ਦਾ ਮਸ਼ਹੂਰ ਫਰੀਲਾਂਸ ਲੇਖਕ ਅਤੇ ਇਤਿਹਾਸਕਾਰ ਹੈ। 1975 ਵਿਚ ਆਪਣੀ ਪਹਿਲੀ ਕਿਤਾਬ ਤੋਂ ਲੈ ਕੇ ਹੁਣ ਤਕ ਉਸ ਨੇ ਦੋ ਦਰਜਨ ਤੋਂ ਵੱਧ ਕਿਤਾਬਾਂ ਲਿਖੀਆਂ ਹਨ। 2006 ਵਿਚ ਉਸ ਨੇ 'ਗੌਡ'ਜ਼ ਟੈਰਰਿਸਟਸ' ਕਿਤਾਬ ਲਿਖੀ ਸੀ ਜਿਸ ਵਿਚ ਉਸ ਨੇ ਵਹਾਬੀ ਇਸਲਾਮ ਦੀ ਕੱਟੜਤਾ ਬਾਰੇ ਗੱਲ ਕੀਤੀ ਹੈ; ਇਸ ਦੇ ਨਾਲ ਹੀ ਵਹਾਬੀਵਾਦ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਾਮਰਾਜ ਵਿਚਕਾਰ ਟਕਰਾਅ ਦੀ ਨਿਸ਼ਾਨਦੇਹੀ ਵੀ ਕੀਤੀ ਹੈ। ਪੇਸ਼ ਹੈ, ਇਸ ਕਿਤਾਬ ਦਾ ਇਕ ਅੰਸ਼। -ਸੰਪਾਦਕ*

ਬ੍ਰਿਟਿਸ਼ ਅਧਿਕਾਰੀਆਂ ਨਾਲ ਸਭ ਤੋਂ ਪਹਿਲਾਂ ਸੰਪਰਕ ਵਿਚ ਆਉਣ ਵਾਲੇ ਪਠਾਣ ਯੂਸਫਜ਼ਈ ਸਨ। ਜਦੋਂ ਈਸਟ ਇੰਡੀਆ ਕੰਪਨੀ ਨੇ 1840ਵਿਆਂ ਵਿਚ ਪੰਜਾਬ ਤੋਂ ਅੱਗੇ ਆਪਣਾ ਪ੍ਰਭਾਵ ਖੇਤਰ ਵਧਾਉਣ ਲਈ ਕਦਮ ਚੁੱਕੇ ਤਾਂ ਪਿਸ਼ਾਵਰ ਵਾਦੀ ਵਿਚ ਬ੍ਰਿਟਿਸ਼ ਅਧਿਕਾਰੀਆਂ ਦਾ ਖੂਬ ਸਵਾਗਤ ਹੋਇਆ। ਬ੍ਰਿਟਿਸ਼ ਫੌਜੀ ਕਿਉਂਕਿ ਸਿੱਖਾਂ ਨੂੰ ਹਰਾਉਣ ਵਾਲੇ ਸਨ, ਇਸ ਕਰਕੇ ਯੂਸਫਜ਼ਈਆਂ ਨੇ ਉਨ੍ਹਾਂ ਨੂੰ ਮੁਕਤੀਦਾਤਿਆਂ ਵਾਲਾ ਮਾਣ-ਸਨਮਾਨ ਦਿੱਤਾ। ਪਿਸ਼ਾਵਰ ਅਤੇ ਹਜ਼ਾਰਾ ਖਿੱਤਿਆਂ ਦੇ ਬ੍ਰਿਟਿਸ਼ ਗਵਰਨਰਾਂ ਨੂੰ ਅਜਿਹੇ ਸਵਾਗਤ ਉਤੇ ਹੈਰਾਨੀ ਵੀ ਹੋਈ। ਕਬਾਇਲੀ ਆਗੂਆਂ ਅਤੇ ਕੁਨਬਿਆਂ ਦੇ ਮੁਖੀਆਂ ਨੂੰ ਮਿਲਣ ਵੇਲੇ ਜਵਾਨ ਬ੍ਰਿਟਿਸ਼ ਅਫਸਰ ਤਮੀਜ਼ ਤੇ ਤਹਿਜ਼ੀਬ ਨਾਲ ਪੇਸ਼ ਆਉਂਦੇ ਸਨ। ਉਨ੍ਹਾਂ ਦੇ ਇਸ ਲਹਿਜੇ ਨੇ ਯੂਸਫਜ਼ਈਆਂ ਨੂੰ



**ਚਰਲਸ ਐਲਨ**

ਹੈਰਾਨ ਵੀ ਕੀਤਾ ਅਤੇ ਖੁਸ਼ ਵੀ। ਇਹ ਅਫਸਰ ਯੂਸਫਜ਼ਈਆਂ ਦੇ ਰਹਿਣ-ਸਹਿਣ, ਆਦਤਾਂ, ਵਰਤੋਂ-ਵਿਹਾਰ ਤੇ ਸਭਿਆਚਾਰ ਬਾਰੇ ਜਾਣਨ ਦੇ ਚਾਹਵਾਨ ਸਨ। ਉਹ ਸਿੱਖ ਹਾਕਮਾਂ ਵਾਂਗ ਉਨ੍ਹਾਂ ਨੂੰ ਚੋਰ-ਉਚੱਕੇ ਤੇ ਧਾੜਵੀ ਨਹੀਂ ਸਨ ਸਮਝਦੇ। ਲਿਹਾਜ਼ਾ, ਯੂਸਫਜ਼ਈਆਂ ਨੂੰ ਉਨ੍ਹਾਂ ਨਾਲ ਮਿਲਣ-ਜੁਲਣ ਤੇ ਉਨ੍ਹਾਂ ਦੇ ਹੁਕਮ ਮੰਨਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਹੋਈ।

ਹਿੰਦੋਸਤਾਨ ਦੇ ਇਨ੍ਹਾਂ ਹਿੱਸਿਆਂ ਵਿਚ ਪਹੁੰਚਣ ਵਾਲਾ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦਾ ਪਹਿਲਾ ਏਜੰਟ ਮਾਊਂਟਸਟੂਅਰਟ ਐਲਫਿਨਸਟੋਨ ਸੀ। ਉਹ 1809 ਵਿਚ ਇੱਕ ਸਫਾਰਤੀ ਵਫਦ ਦੇ ਆਗੂ ਵਜੋਂ ਕਾਬੁਲ ਦੇ ਅਮੀਰ ਨੂੰ ਮਿਲਿਆ। ਉਸ ਨੂੰ ਯੂਸਫਜ਼ਈਆਂ ਅਤੇ ਹੋਰ ਪਠਾਣ ਕਬੀਲਿਆਂ ਦੇ ਕਿਰਦਾਰ ਵਿਚ ਕਈ ਖੂਬੀਆਂ ਨਜ਼ਰ ਆਈਆਂ। ਉਸ ਨੇ ਉਨ੍ਹਾਂ ਬਾਰੇ ਗਵਰਨਰ ਜਨਰਲ ਨੂੰ ਇਹ ਖਤ ਭੇਜਿਆ, "ਇਹ ਲੋਕ ਆਜ਼ਾਦੀ ਦੇ ਪਰਵਾਨੇ ਹਨ, ਦੋਸਤਾਂ ਨਾਲ ਕਦੇ ਵਿਸਾਹਘਾਤ ਨਹੀਂ ਕਰਦੇ, ਆਪਣੇ ਉਤੇ ਨਿਰਭਰਾਂ ਪ੍ਰਤੀ ਦਿਆਲੂ ਹਨ, ਪੂਰੇ ਮਹਿਮਾਨਨਿਵਾਜ਼, ਦਲੇਰ, ਮਿਹਨਤੀ, ਸਾਦੇ, ਮੁਸ਼ੱਕਤੀ ਅਤੇ ਸੂਝਵਾਨ ਹਨ।" ਐਲਫਿਨਸਟੋਨ ਅਫਗਾਨ ਖਿੱਤੇ, ਖਾਸ ਕਰਕੇ ਪਿਸ਼ਾਵਰ ਵਿਚ ਇੱਕ ਮਹਿਮਾਨ ਅਤੇ ਸੰਭਾਵੀ ਮਿੱਤਰ ਬਣ ਕੇ ਆਇਆ ਸੀ, ਜਦੋਂਕਿ ਉਸ ਤੋਂ ਬਾਅਦ ਵਾਲੇ ਬ੍ਰਿਟਿਸ਼ ਅਫਸਰ ਸਾਮਰਾਜਵਾਦੀ ਪਸਾਰਵਾਦ ਦੇ ਨੁਮਾਇੰਦੇ ਸਨ। ਉਹ ਬ੍ਰਿਟਿਸ਼ ਭਾਰਤ ਦੀ ਅਖੌਤੀ ਫਾਰਵਰਡ ਪਾਲਿਸੀ (ਅਗਾਂਹ ਵਧੋ ਵਾਲੀ ਨੀਤੀ) ਦੇ ਮੁਰੀਦ ਸਨ ਅਤੇ ਬ੍ਰਿਟਿਸ਼ ਭਾਰਤ ਦੀਆਂ ਸਰਹੱਦਾਂ ਨੂੰ ਮੱਧ ਏਸ਼ੀਆ ਤਕ ਵਧਾਉਣ ਦੇ ਨਿਸ਼ਾਨੇ ਦੀ ਪੂਰਤੀ ਦੇ ਚਾਹਵਾਨ ਸਨ ਤਾਂ ਜੋ ਕੋਈ ਹੋਰ ਸਾਮਰਾਜੀ ਤਾਕਤ- ਫਰਾਂਸ ਜਾਂ ਰੂਸ ਇਸ ਖਿੱਤੇ ਵਿਚਲੇ ਖਲਾਅ ਦਾ ਲਾਭ ਲੈ ਕੇ ਬ੍ਰਿਟਿਸ਼ ਸਾਮਰਾਜ ਦੀਆਂ ਹੱਦਾਂ ਨੇੜੇ ਨਾ ਢੁੱਕ ਸਕੇ। ਹੈਰੀ ਲਮਜ਼ਡੈੱਨ ਅਤੇ ਉਸ ਦੇ ਸਾਥੀਆਂ ਲਈ ਪਠਾਣ ਸੰਭਾਵੀ ਪਰਜਾ ਸਨ ਅਤੇ ਉਨ੍ਹਾਂ ਦੀਆਂ ਖੂਬੀਆਂ ਤੇ ਖਾਮੀਆਂ ਅਤੇ ਤਾਕਤਾਂ ਤੇ ਕਮਜ਼ੋਰੀਆਂ ਨੂੰ ਇਸੇ ਰੌਸ਼ਨੀ ਵਿਚ ਦੇਖਿਆ ਜਾਣਾ ਬਣਦਾ ਸੀ। ਡਾ. ਹੈਨਰੀ ਬੈਲਿਊ, ਲਮਜ਼ਡੈੱਨ ਨਾਲ ਹੋਤੀ ਮਰਦਾਨ ਵਿਚ ਕਈ ਸਾਲ ਕੰਮ ਕਰਦਾ ਰਿਹਾ ਸੀ। ਉਹ ਕੋਰ ਆਫ ਗਾਈਡਜ਼ ਵਿਚ ਸਰਜਨ ਦੇ ਤੌਰ 'ਤੇ ਤਾਇਨਾਤ ਸੀ। ਬੈਲਿਊ ਨੂੰ ਭਾਸ਼ਾਵਾਂ ਸਿੱਖਣ ਦੀ ਮੁਹਾਰਤ ਸੀ ਅਤੇ ਉਸ ਨੇ ਯੂਸਫਜ਼ਈ ਪਸ਼ਤੋ ਵੀ ਛੇਤੀ ਹੀ ਸਿੱਖ ਲਈ। ਉਸ ਨੇ ਬਾਅਦ ਵਿਚ ਇੱਕ ਐਥਨੋਗ੍ਰਾਫਿਕ ਅਧਿਐਨ ਰਿਪੋਰਟ ਵੀ ਤਿਆਰ ਕੀਤੀ ਜੋ ਹੁਣ ਵੀ ਆਪਣੇ ਵਿਚ ਇੱਕ ਕਲਾਸਿਕ ਮੰਨੀ ਜਾਂਦੀ ਹੈ। ਐਲਫਿਨਸਟੋਨ ਵਾਂਗ ਇਹ ਡਾਕਟਰ ਵੀ ਪਠਾਣਾਂ ਦੇ ਖਰ੍ਹਵੇ ਵਿਅਕਤੀਵਾਦ ਤੋਂ ਖੂਬ ਪ੍ਰਭਾਵਿਤ ਹੋਇਆ। ਉਸ ਨੇ ਲਿਖਿਆ ਹਰ ਕਬੀਲਾ ਆਪਣੇ ਆਪ ਵਿਚ 'ਆਜ਼ਾਦ ਮੰਡਲ' ਹੈ। ਹਰ ਕਬੀਲੇ ਦਾ ਮੁਖੀ ਦੂਜੇ ਕਬੀਲੇ ਦੇ ਮੁਖੀ ਦਾ ਜੇ ਦੁਸ਼ਮਣ ਨਹੀਂ ਤਾਂ ਵਿਰੋਧੀ ਜ਼ਰੂਰ ਹੈ। ਹਰ ਯੂਸਫਜ਼ਈ ਸਰਦਾਰ ਖੁਦ ਨੂੰ ਮਹਾਂਬਲਵਾਨ ਤੇ ਮਹਾਜੁਝਾਰੂ ਦੱਸਦਾ ਹੈ, ਪਰ ਆਪਣੇ ਬਾਰੇ ਲੰਬੀ ਚੌੜੀ ਕਹਾਣੀ ਦੱਸਣ ਤੋਂ ਬਾਅਦ ਇਹ ਕਹਿਣਾ ਨਹੀਂ ਭੁੱਲਦਾ, 'ਕੀ ਮੈਂ ਪਖਤੂਨ ਨਹੀਂ?'

ਬੈਲਿਊ ਅਤੇ ਹੋਰ ਬ੍ਰਿਟਿਸ਼ ਅਫਸਰਾਂ ਨੂੰ ਅਹਿਸਾਸ ਹੋਇਆ ਕਿ ਪਠਾਣ ਸਵੈਮਾਣ ਪਠਾਣੀ ਹਿੰਸਾ ਨਾਲ ਜੁੜਿਆ ਹੋਇਆ ਹੈ। ਇਸੇ ਲਈ ਬੈਲਿਊ ਨੇ ਲਿਖਿਆ, "ਇਹ ਜਾਪਦਾ ਹੈ ਕਿ ਜਿਵੇਂ ਹਰ ਪਠਾਣ ਦੀ ਰੂਹ ਵਿਚ ਹਤਿਆਰਾ ਵਸਿਆ ਹੋਇਆ ਹੈ। ਹਰ ਪਠਾਣ ਆਪਣਾ ਵੱਕਾਰ ਵਧਾਉਣ ਲਈ ਕਿਸੇ ਦੀ ਜਾਨ ਲੈਣੀ ਲੋਚਦਾ ਰਹਿੰਦਾ ਹੈ। ਇਹੀ ਕਾਰਨ ਹੈ ਕਿ ਹਰ ਕਿਸਮਾਂ ਦੇ ਕਤਲ ਇਸ ਖਿੱਤੇ ਵਿਚ ਦੇਖਣ ਨੂੰ ਮਿਲਦੇ ਹਨ; ਦਿਨ-ਦਿਹਾੜੇ ਬੇਝਿਜਕ ਹੋ ਕੇ ਕੀਤੇ ਗਏ ਕਤਲ, ਭੀੜ ਦੇ ਸਾਹਮਣੇ ਬੇਖੌਫ ਹੋ ਕੇ ਕੀਤਾ ਕਤਲ, ਪੂਰੀ ਵਿਉਂਤ ਬਣਾ ਕੇ ਰਾਤ ਵੇਲੇ ਸੁੱਤੇ ਦੁਸ਼ਮਣ ਦਾ ਕਤਲ, ਰਾਹਜ਼ਨੀ ਦੌਰਾਨ ਕਤਲ, ਦੰਗੇ ਦੌਰਾਨ ਕਤਲ, ਜ਼ਹਿਰ ਦੇ ਕੇ ਕੀਤਾ ਗਿਆ ਕਤਲ, ਬੱਚਿਆਂ ਵੱਲੋਂ ਕੀਤਾ ਗਿਆ ਕਤਲ, ਔਰਤ ਵੱਲੋਂ ਕੀਤਾ ਗਿਆ ਕਤਲ... ਗੱਲ ਕੀ ਅਜਿਹੇ ਕਤਲ ਹੀ ਕਤਲ ਪਠਾਣ ਲੋਕਾਂ ਦੇ ਜੀਵਨ ਦਾ ਹਿੱਸਾ ਹਨ।"

ਕਤਲ ਜਿਸ ਨਸਲ ਦੇ ਨਿੱਤ ਦੇ ਜੀਵਨ ਦਾ ਹਿੱਸਾ ਹੋਣ, ਉਸ ਨੂੰ ਪਲੋਸਣ ਤੇ ਸਭਿਆ ਨਾਗਰਿਕਾਂ ਵਾਂਗ ਪੇਸ਼ ਆਉਣ ਲਈ ਮਨਾਉਣ ਵਾਸਤੇ ਹਰ ਤਰ੍ਹਾਂ ਦੇ ਹਥਕੰਡੇ ਵਰਤਣੇ ਪੈਂਦੇ ਹਨ। ਲੋਭ ਲਾਲਚ, ਮੋਹ-ਪਿਆਰ ਅਤੇ ਕਾਨੂੰਨੀ ਡੰਡੇ ਦਾ ਜ਼ੋਰ- ਇਹ ਸਭ ਕੁਝ ਮੌਕੇ ਮੁਤਾਬਿਕ ਇੱਕੋ ਮਿਕਦਾਰ ਵਿਚ ਵਰਤਣਾ ਪੈਂਦਾ ਹੈ। ਸਾਡੇ ਵਾਲੇ ਯੁੱਗ ਵਿਚ ਅਮਰੀਕਨਾਂ ਅਤੇ ਹੋਰ 'ਨਾਟੋ' ਦੇਸ਼ਾਂ ਦੇ ਫੌਜੀਆਂ ਨੂੰ ਇਹ ਸੱਚਾਈ ਸਮਝਾਉਣ ਦੀ ਨਾ ਕੋਸ਼ਿਸ਼ ਕੀਤੀ ਗਈ ਅਤੇ ਨਾ ਹੀ ਉਨ੍ਹਾਂ ਨੂੰ ਖੁਦ ਅਜਿਹਾ ਕੋਈ ਰਾਹ ਚੁਣਨ ਦਾ ਮੌਕਾ ਦਿੱਤਾ ਗਿਆ। ਉਹ ਹਰ ਗੱਲ ਬੰਦੂਕ ਦੇ ਜ਼ੋਰ ਨਾਲ ਮਨਾਉਣ ਦੇ ਰਾਹ ਤੁਰਦੇ ਗਏ। ਪਹਿਲਾਂ ਸੋਵੀਅਤ ਫੌਜਾਂ ਦਾ ਰੁਖ ਵੀ ਅਜਿਹਾ ਹੀ ਰਿਹਾ ਸੀ। ਇਸ ਪਹੁੰਚ ਦੇ ਸਿੱਟੇ ਵਜੋਂ ਪਿਛਲੇ 20 ਸਾਲਾਂ ਦੌਰਾਨ ਵਹਾਬੀ ਇਸਲਾਮ ਨੂੰ ਪਾਕਿ-ਅਫਗਾਨ ਸਰਹੱਦ ਦੇ ਦੋਹੀਂ ਪਾਸੀਂ ਨਿਰੰਤਰ ਮਜ਼ਬੂਤੀ ਮਿਲੀ।

---

1804 ਵਿਚ ਮਦੀਨਾ ਵਿਖੇ ਪੈਗੰਬਰ ਮੁਹੰਮਦ ਸਾਹਿਬ ਦੇ ਮਕਬਰੇ ਦੀ ਬੇਅਦਬੀ ਅਤੇ ਅਬਦ ਅਲ-ਅਜ਼ੀਜ਼ ਇਬਨ ਸਾਊਦ ਦੇ ਜਹਾਦੀਆਂ ਵਲੋਂ ਮੱਕਾ ਸ਼ਰੀਫ ਉਤੇ ਕਬਜ਼ੇ ਤੋਂ ਸਮੁੱਚੇ ਮੁਸਲਿਮ ਜਗਤ ਨੂੰ ਸਦਮਾ ਪਹੁੰਚਿਆ। ਸੁੰਨੀ ਤੇ ਸ਼ੀਆ- ਦੋਵੇਂ ਮੁਸਲਿਮ ਫਿਰਕੇ ਇਸ ਬੇਅਦਬੀ ਤੋਂ ਇੱਕੋ ਜਿੰਨੇ ਖਫਾ ਸਨ ਪਰ ਸੁੰਨੀ ਕੱਟੜਪ੍ਰਸਤਾਂ ਅੰਦਰ ਇੱਕ ਅਜਿਹਾ ਤਬਕਾ ਵੀ ਸੀ ਜਿਸ ਨੂੰ ਵਹਾਬੀਆਂ ਦੀ ਕਾਰਵਾਈ ਵਿਚੋਂ ਸੁਧਾਰਵਾਦ ਅਤੇ ਇਸਲਾਮ ਨੂੰ ਉਸ ਦੇ ਅਸਲ ਰੂਪ ਵਿਚ ਲਾਗੂ ਕਰਨ ਦੇ ਅੰਸ਼ ਨਜ਼ਰ ਆਏ। ਅਜਿਹੇ ਕੱਟੜਪ੍ਰਸਤਾਂ ਵਿਚ ਉਸ ਸਮੇਂ ਸੁਮਾਤਰਾ (ਇੰਡੋਨੇਸ਼ੀਆ) ਤੋਂ ਗਏ ਇੱਕ ਮੁਸਲਿਮ ਜਥੇ ਦਾ ਆਗੂ ਵੀ ਸ਼ਾਮਲ ਸਨ। ਸਾਊਦੀ ਅਰਬ ਤੋਂ ਵਤਨ ਪਰਤਣ 'ਤੇ ਖੁਦ ਨੂੰ ਫਕੀਰ ਦੱਸਣ ਵਾਲੇ ਮਿਸਕੀਨ ਬਿਨ ਰਹਿਮਤਉਲਾ ਨੇ ਵਹਾਬੀ ਇਸਲਾਮ ਨੂੰ ਕੇਂਦਰੀ ਜਾਵਾ ਵਿਚ ਅਮਲੀ ਰੂਪ ਦੇਣਾ ਸ਼ੁਰੂ ਕਰ ਦਿੱਤਾ। ਇਸ ਖਿੱਤੇ ਵਿਚ ਉਹ ਹਿੰਦੂ ਤੇ ਬੋਧੀ ਭਾਈਚਾਰੇ ਰਹਿੰਦੇ ਸਨ ਜਿਨ੍ਹਾਂ ਨੇ ਜਬਰੀ ਇਸਲਾਮ ਧਾਰਨ ਕਰਵਾਉਣ ਦੀਆਂ ਕੋਸ਼ਿਸ਼ਾਂ ਦਾ ਤਿੱਖਾ ਵਿਰੋਧ ਕੀਤਾ ਸੀ ਅਤੇ ਆਪਣਾ ਧਰਮ ਨਾ ਤਿਆਗਣ ਦੇ ਹੱਠ 'ਤੇ ਕਾਇਮ ਰਹੇ ਸਨ। ਉਸ ਸਮੇਂ ਦੇ ਇੱਕ ਮੁਸਲਿਮ ਵਿਦਵਾਨ ਅਨੁਸਾਰ, "ਰਹਿਮਤਉਲਾ ਨੇ ਇਨ੍ਹਾਂ ਨੂੰ ਮੁਸਲਮਾਨ ਬਣਾਉਣ ਲਈ ਉਹੀ ਹਥਕੰਡੇ ਵਰਤੇ ਜੋ ਵਹਾਬੀਆਂ ਨੇ ਅਰਬ ਖਿੱਤੇ ਵਿਚ ਵਰਤੇ ਸਨ। ਉਨ੍ਹਾਂ ਨੇ ਲੋਕਾਂ ਦੀ ਦੌਲਤ ਤੇ ਜਾਇਦਾਦ ਲੁੱਟ ਲਈ, ਔਰੰਗ ਕਾਯਾ (ਅਹਿਮ ਹਸਤੀਆਂ) ਨੂੰ ਬੇਇੱਜ਼ਤ ਕੀਤਾ, ਵਿਆਹੀਆਂ ਔਰਤਾਂ ਜਬਰੀ ਆਪਣੇ ਕਬਜ਼ੇ ਵਿਚ ਲੈ ਲਈਆਂ, ਉਨ੍ਹਾਂ ਨੂੰ ਜਾਂ ਤਾਂ ਵਹਾਬੀਆਂ ਨਾਲ ਵਿਆਹ ਦਿੱਤਾ ਗਿਆ ਅਤੇ ਜਾਂ ਫਿਰ ਬੰਧਕ ਬਣਾ ਕੇ ਰਖੇਲਾਂ ਬਣਾ ਲਿਆ ਗਿਆ। ਅਜਿਹੀਆਂ ਕਾਰਵਾਈਆਂ ਨੂੰ ਉਨ੍ਹਾਂ ਨੇ ਮਜ਼ਹਬਪ੍ਰਸਤੀ ਦਾ ਨਾਂ ਦਿੱਤਾ।"

ਸਿਰਫ ਰਹਿਮਤਉਲਾ ਹੀ ਨਹੀਂ, ਹੋਰ ਵੀ ਕਈ ਸ਼ਰਧਾਲੂ ਵਹਾਬੀਆਂ ਤੋਂ ਖੂਬ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਆਪੋ-ਆਪਣੀ ਸ਼ੈਲੀ ਰਾਹੀਂ ਆਪੋ-ਆਪਣੇ ਵਤਨਾਂ ਵਿਚ ਲਾਗੂ ਕਰਨ ਦੇ ਯਤਨ ਕੀਤੇ। ਇਨ੍ਹਾਂ ਵਿਚ ਰਾਇ ਬਰੇਲੀ ਦਾ ਸੱਯਦ ਅਹਿਮਦ ਤਾਂ ਸੀ ਹੀ, ਤਿੰਨ ਹੋਰ ਨਾਵਾਂ ਦਾ ਵੀ ਜ਼ਿਕਰ ਕਰਨਾ ਜ਼ਰੂਰੀ ਹੈ। ਇਹ ਸਨ: ਬਨਾਰਸ ਦਾ ਗੁਲਾਮ ਰਸੂਲ ਤੇ ਦੋ ਬੰਗਾਲੀ- ਹਾਜੀ ਸ਼ਰੀਅਤੁੱਲਾ ਤੇ ਟੀਟੂ ਮੀਰ। ਗੁਲਾਮ ਰਸੂਲ ਵਹਾਬੀਆਂ ਦੇ ਗੜ੍ਹ ਨਜਦ ਵਿਚ ਰਿਹਾ ਅਤੇ ਉਥੇ ਕਈ ਸਾਲਾਂ ਤਕ ਇਸਲਾਮੀ ਹਦੀਥ ਦਾ ਅਧਿਐਨ ਕਰਦਾ ਰਿਹਾ। ਵਤਨ ਪਰਤਣ 'ਤੇ ਉਸ ਨੇ ਸੱਯਦ ਅਹਿਮਦ ਦਾ ਚੰਗਾ ਸਾਥ ਦਿੱਤਾ।



*19ਵੀਂ ਸਦੀ 'ਚ ਪਖਤੂਨ ਆਗੂਆਂ ਨੂੰ ਸੰਬੋਧਨ ਕਰਦੇ ਬ੍ਰਿਟਿਸ਼ ਅਫਸਰ ਦਾ ਚਿੱਤਰ।*

ਸੱਯਦ ਅਹਿਮਦ ਨੇ ਆਪਣੀ ਗੁੱਡੀ ਪਹਿਲਾਂ ਅਵਧ ਦੇ ਖੇਤਰ ਵਿਚ ਚਮਕਾਉਣ ਦਾ ਯਤਨ ਕੀਤਾ ਪਰ ਉਸ ਨੂੰ ਉਨ੍ਹਾਂ ਦਿਨਾਂ ਦੌਰਾਨ ਬਹੁਤਾ ਹੁੰਗਾਰਾ ਨਹੀਂ ਮਿਲਿਆ। ਉਥੋਂ ਉਸ ਨੇ ਪਠਾਣਾਂ ਦੇ ਇਲਾਕੇ ਵੱਲ ਚਾਲੇ ਪਾ ਦਿੱਤੇ, ਜਿੱਥੇ ਉਸ ਦੀ ਲੱਫਾਜ਼ੀ ਦੀ ਕਦਰ ਪੈਣ ਲੱਗੀ। ਉਹ ਸੱਯਦ ਅਹਿਮਦ ਤੋਂ ਅਮੀਰ ਸੱਯਦ ਅਹਿਮਦ ਬਣ ਗਿਆ। 1827 ਵਿਚ ਅਮੀਰ ਸੱਯਦ ਅਹਿਮਦ ਦੀ ਤਕਦੀਰ ਨੇ ਮੋੜਾ ਖਾਧਾ। ਯੂਸਫਜ਼ਈ ਤੇ ਹੋਰ ਪਠਾਣ ਕਬੀਲੇ ਸਿੱਖਾਂ ਦੀ ਚੜ੍ਹਤ ਤੋਂ ਬਹੁਤ ਔਖੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਸਰਦਾਰਾਂ ਵਲੋਂ ਇਨ੍ਹਾਂ ਕਬੀਲਿਆਂ ਉਤੇ ਸਖਤੀ ਵੀ ਬਹੁਤ ਢਾਹੀ ਜਾ ਰਹੀ ਸੀ। ਸੱਯਦ ਅਹਿਮਦ ਨੇ ਖੁਦ ਨੂੰ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦਾ ਜਾਨਸ਼ੀਨ ਦਰਸਾਇਆ ਅਤੇ 'ਜ਼ਾਲਿਮ ਕਾਫਿਰਾਂ' ਖਿਲਾਫ ਜਹਾਦ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਆਪਣਾ ਠਿਕਾਣਾ ਨੌਸ਼ਹਿਰਾ ਵਿਚ ਬਣਾਇਆ।

---


ਪਠਾਣਾਂ ਦੀ ਬਗਾਵਤ ਦਾ ਸਖਤ ਨੋਟਿਸ ਲੈਂਦਿਆਂ ਪੰਜਾਬ ਦੇ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਜਰਨੈਲਾਂ ਨੂੰ ਬਾਗੀਆਂ ਖਿਲਾਫ ਵਧੇਰੇ ਸਖਤ ਕਦਮ ਚੁੱਕਣ ਦੇ ਹੁਕਮ ਦਿੱਤੇ। ਉਸ ਸਮੇਂ ਸ਼ੁਰੂ ਹੋਈ ਮਾਰੂ ਜੰਗ ਵਿਚ ਕੋਈ ਧਿਰ ਵੀ ਪਿੱਛੇ ਨਹੀਂ ਹਟੀ। ਇਸ ਨੇ ਸਿੱਖਾਂ ਅਤੇ ਸਰਹੱਦੀ ਕਬੀਲਿਆਂ ਦਰਮਿਆਨ ਇੱਕ-ਦੂਜੇ ਪ੍ਰਤੀ ਨਫਰਤ ਦੇ ਅਜਿਹੇ ਬੀਜ ਬੀਜ ਦਿੱਤੇ ਜੋ ਅੱਜ ਤਕ ਵੀ ਖਤਮ ਨਹੀਂ ਹੋਈ। ਇਤਿਹਾਸਕਾਰ ਸਰ ਵਿਲੀਅਮ ਹੰਟਰ ਦੇ ਸ਼ਬਦਾਂ ਵਿਚ: 'ਪਠਾਣ ਸਮੇਂ-ਸਮੇਂ ਮੈਦਾਨੀ ਇਲਾਕਿਆਂ ਵਿਚ ਆ ਧਮਕਦੇ ਅਤੇ ਹਰ ਥਾਂ ਅੱਗਜ਼ਨੀ ਅਤੇ ਕਤਲੋਗ਼ਾਰਤ ਕਰਦੇ ਜਾਂਦੇ। ਦੂਜੇ ਪਾਸੇ ਸਾਹਸੀ ਸਿੱਖ ਉਨ੍ਹਾਂ ਨੂੰ ਖਦੇੜ ਕੇ ਪਹਾੜਾਂ 'ਚ ਪਰਤਣ ਲਈ ਮਜਬੂਰ ਕਰ ਦਿੰਦੇ ਅਤੇ ਜਾਨਵਰਾਂ ਵਾਂਗ ਉਨ੍ਹਾਂ ਨੂੰ ਕੋਹ-ਕੋਹ ਕੇ ਮਾਰਦੇ।"



*ਪਠਾਣਾਂ ਦੀ ਬਗਾਵਤ ਦਾ ਸਖਤ ਨੋਟਿਸ ਲੈਂਦਿਆਂ ਪੰਜਾਬ ਦੇ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਜਰਨੈਲਾਂ ਨੂੰ ਬਾਗੀਆਂ ਖਿਲਾਫ ਵਧੇਰੇ ਸਖਤ ਕਦਮ ਚੁੱਕਣ ਦੇ ਹੁਕਮ ਦਿੱਤੇ। ਉਸ ਸਮੇਂ ਸ਼ੁਰੂ ਹੋਈ ਮਾਰੂ ਜੰਗ ਵਿਚ ਕੋਈ ਧਿਰ ਵੀ ਪਿੱਛੇ ਨਹੀਂ ਹਟੀ। ਇਸ ਨੇ ਸਿੱਖਾਂ ਅਤੇ ਸਰਹੱਦੀ ਕਬੀਲਿਆਂ ਦਰਮਿਆਨ ਇੱਕ-ਦੂਜੇ ਪ੍ਰਤੀ ਨਫਰਤ ਦੇ ਅਜਿਹੇ ਬੀਜ ਬੀਜ ਦਿੱਤੇ ਜੋ ਅੱਜ ਤਕ ਵੀ ਖਤਮ ਨਹੀਂ ਹੋਈ।*

ਇਸ ਸਭ ਦੇ ਬਾਵਜੂਦ ਸੱਯਦ ਅਹਿਮਦ ਦੇ ਮੁਜਾਹਿਦੀਨ ਦੀ ਗਿਣਤੀ ਵਧਦੀ ਰਹੀ। ਸਿੱਖਾਂ ਨਾਲ ਸਿੱਧੀ ਜੰਗ ਲੜਨ ਦੀ ਬਜਾਏ ਗੁਰੀਲਾ ਯੁੱਧ ਨੀਤੀ ਅਪਣਾ ਕੇ ਡੇਢ ਕੁ ਸਾਲ ਵਿਚ ਹੀ ਬਾਗੀਆਂ ਨੇ ਪੂਰਬ ਤੋਂ ਲੈ ਕੇ ਸਿੰਧ ਤਕ ਪੂਰੇ ਪੇਂਡੂ ਖੇਤਰਾਂ ਉਤੇ ਕਬਜ਼ਾ ਕਰ ਲਿਆ। ਇਸ ਕਾਰਨ ਪਿਸ਼ਾਵਰ ਸ਼ਹਿਰ ਉਤੇ ਹੀ ਸਿੱਖਾਂ ਦਾ ਕਬਜ਼ਾ ਰਹਿ ਗਿਆ। ਆਖਰ, ਅਕਤੂਬਰ 1830 ਵਿਚ ਪਿਸ਼ਾਵਰ ਦੇ ਨਵੇਂ ਗਵਰਨਰ ਨੇ ਬਾਗੀਆਂ ਨਾਲ ਗੁਪਤ ਸੰਧੀ ਕੀਤੀ। ਇਸ ਤਹਿਤ ਹੀ ਉਹ ਸੁਰੱਖਿਅਤ ਪਿਸ਼ਾਵਰ ਵਿਚੋਂ ਨਿਕਲ ਸਕਿਆ ਅਤੇ ਪਿਸ਼ਾਵਰ ਤੇ ਆਲੇ-ਦੁਆਲੇ ਦੇ ਇਲਾਕੇ ਵਹਾਬੀਆਂ ਅਤੇ ਉਨ੍ਹਾਂ ਦੇ ਸਾਥੀਆਂ ਦੇ ਹੱਥਾਂ ਵਿਚ ਆ ਗਏ। ਆਪਣੀ ਇਸ ਸ਼ਾਨਦਾਰ ਜਿੱਤ ਨੂੰ ਯਾਦਗਾਰੀ ਬਣਾਉਣ ਲਈ ਉਸ ਨੇ ਖੁਦ ਨੂੰ ਪਾਦਸ਼ਾਹ ਐਲਾਨ ਦਿੱਤਾ ਅਤੇ ਆਪਣੇ ਨਾਂ ਦਾ ਸਿੱਕਾ ਜਾਰੀ ਕੀਤਾ।

ਮੁੱਲ੍ਹਾ ਮੁਜ਼ਹੀਰ ਅਲੀ ਨੂੰ ਪਿਸ਼ਾਵਰ ਦਾ ਖਲੀਫਾ ਅਤੇ ਮੁੱਖ ਜੱਜ ਥਾਪ ਕੇ ਆਪੂੰ ਬਣਿਆ ਪਾਦਸ਼ਾਹ ਆਪਣੇ ਨੇੜਲੇ ਸਾਥੀਆਂ ਨਾਲ ਪਹਾੜਾਂ ਨੂੰ ਪਰਤ ਗਿਆ ਤਾਂ ਕਿ ਮੁਜ਼ਹੀਰ ਅਲੀ ਅਤੇ ਉਸ ਦੇ ਹਿੰਦੋਸਤਾਨੀ ਸਾਥੀ ਉਥੋਂ ਦੇ ਬਾਸ਼ਿੰਦਿਆਂ ਉਤੇ ਵਹਾਬੀ ਸ਼ਰ੍ਹੀਅਤ ਲਾਗੂ ਕਰ ਸਕਣ ਪਰ ਇਹ ਸਭ ਦੋ ਮਹੀਨੇ ਤੋਂ ਜ਼ਿਆਦਾ ਸਮਾਂ ਨਾ ਚੱਲ ਸਕਿਆ, ਕਿਉਂਕਿ ਪਠਾਣ ਇਸ ਤੋਂ ਅੱਕ ਗਏ ਸਨ। ਕਬਾਇਲੀ ਲੋਕ ਜਹਾਦ ਲਈ ਦਸਵੰਧ ਤਾਂ ਖੁਸ਼ੀ-ਖੁਸ਼ੀ ਦੇ ਰਹੇ ਸਨ ਪਰ ਹਿੰਦੋਸਤਾਨੀ ਜੱਜ ਵਲੋਂ ਸਖਤੀ ਨਾਲ ਸ਼ਰ੍ਹੀਅਤ ਲਾਗੂ ਕਰਵਾਉਣਾ ਉਨ੍ਹਾਂ ਦੇ ਕਬਾਇਲੀ ਪਖਤੂਨਵਲੀ ਕਾਨੂੰਨਾਂ ਦੇ ਆੜੇ ਆਉਣ ਲੱਗਿਆ। ਸ਼ਰ੍ਹਾ ਮੁਤਾਬਿਕ ਪਠਾਣਾਂ





*ਚਾਰਲਸ ਐਲਨ ਦੀ ਕਿਤਾਬ 'ਗੌਡ'ਜ਼ ਟੈਰਰਿਸਟਸ' ਦਾ ਮੁਖੜਾ।*

ਨੂੰ ਪੈਸੇ ਲੈ ਕੇ ਆਪਣੀਆਂ ਧੀਆਂ ਵਿਆਹੁਣ ਦੀ ਗੈਰ-ਇਸਲਾਮੀ ਰੀਤ ਨੂੰ ਛੱਡਣ ਲਈ ਕਿਹਾ ਗਿਆ। ਇਸ ਦੇ ਨਾਲ ਹੀ ਵਿਆਹ ਵਾਲੀ ਉਮਰ ਦੀਆਂ ਹੋਣ ਉਤੇ ਕੁੜੀਆਂ ਦਾ ਨਿਕਾਹ ਬਾਰ੍ਹਾਂ ਦਿਨਾਂ ਦੇ ਅੰਦਰ-ਅੰਦਰ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਨੂੰ ਹਿੰਦੋਸਤਾਨੀ ਮੁਜਾਹਿਦੀਨ ਨੂੰ ਸੌਂਪਣ ਦੀ ਗੱਲ ਆਖੀ ਗਈ ਤਾਂ ਜੋ ਉਨ੍ਹਾਂ ਨਾਲ ਨਿਕਾਹ ਕਰਵਾ ਸਕਣ।

ਪਠਾਣਾਂ ਨੇ ਇਸ ਨੂੰ ਆਪਣੀ ਆਬਰੂ ਉਤੇ ਹਮਲਾ ਸਮਝਦਿਆਂ ਇਸ ਦਾ ਬਦਲਾ ਖੂਨ ਨਾਲ ਚੁਕਾਉਣ ਦੀ ਠਾਣ ਲਈ। ਗੁਪਤ ਰੂਪ ਵਿਚ ਸੱਦੀ ਗਈ ਲੋਆ ਜਿਰਗਾ ਵਿਚ ਪਾਦਸ਼ਾਹ ਅਤੇ ਉਸ ਦੇ ਹਰ ਹਿੰਦੁਸਤਾਨੀ ਸਾਥੀ ਨੂੰ ਕਤਲ ਕਰਨ ਦੀ ਜਵਾਬੀ ਕਾਰਵਾਈ ਦੀ ਯੋਜਨਾ ਉਲੀਕੀ ਗਈ। ਇਸ ਕਾਰਵਾਈ ਨੂੰ ਮਗਰਬ ਦੀ ਨਮਾਜ਼ ਸਮੇਂ ਕਾਰਮਾਰ ਪਹਾੜ ਉਤੇ ਮਸ਼ਾਲ ਜਗਦਿਆਂ ਹੀ ਅੰਜਾਮ ਦਿੱਤਾ ਜਾਣਾ ਸੀ। ਮਸ਼ਾਲ ਜਗਾਈ ਗਈ ਅਤੇ ਇੱਕ ਘੰਟੇ ਦੇ ਅੰਦਰ ਮੁੱਲ੍ਹਾ ਮੁਜ਼ਹੀਰ ਅਲੀ, ਉਸ ਦੇ ਸਾਥੀ ਜੱਜਾਂ ਅਤੇ ਉਥੇ ਮੌਜੂਦ ਸਾਰੇ ਹਿੰਦੋਸਤਾਨੀਆਂ ਨੂੰ ਉਨ੍ਹਾਂ ਦੇ ਮੁਸੱਲਿਆਂ ਉਤੋਂ ਘਸੀਟ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਸਬੱਬੀ ਜਾਂ ਸ਼ਾਇਦ ਬੂਨੇਰ ਪਹਾੜੀਆਂ ਵਿਚ ਮੇਜ਼ਬਾਨਾਂ ਦੇ ਹੌਸਲੇ ਪਸਤ ਹੋਣ ਕਾਰਨ ਸੱਯਦ ਅਹਿਮਦ ਅਤੇ ਉਸ ਦੇ ਸਾਥੀ ਕਤਲੋਗਾਰਤ ਵਿਚੋਂ ਬਚ ਨਿਕਲੇ ਅਤੇ ਸਿੰਧ ਦਰਿਆ ਪਾਰ ਕਰਕੇ ਹਜ਼ਾਰਾ ਜਾ ਪਹੁੰਚੇ। ਇਸ ਮਗਰੋਂ ਖਾਗਾਨ ਘਾਟੀ ਵਿਚ ਖਾਗਾਨ ਸੱਯਦਾਂ ਕੋਲ ਜਾ ਸ਼ਰਨ ਲਈ। ਇਹ ਖਬਰ ਮਿਲਦਿਆਂ ਹੀ ਸਿੱਖਾਂ ਨੇ ਪਿਸ਼ਾਵਰ ਉਤੇ ਮੁੜ ਰਾਜ ਕਾਇਮ ਕਰ ਲਿਆ। ਉਥੇ ਬਾਗੀ ਸੁਰਾਂ ਨੂੰ ਦਬਾਉਣ ਮਗਰੋਂ ਉਹ ਖਾਗਾਨ ਘਾਟੀ ਵੱਲ ਕੂਚ ਕਰ ਗਏ। ਸਿੱਖ ਫੌਜ ਬਾਲਾਕੋਟ ਪੁੱਜ ਗਈ। ਖਾਗਾਨ ਵਾਦੀ ਦੇ ਬਾਲਕੋਟ ਵਿਚ 8 ਮਈ 1831 ਨੂੰ ਹੋਏ ਘਮਸਾਣ ਯੁੱਧ ਵਿਚ ਸੀਟਾਣਾ ਅਤੇ ਖਾਗਾਨ ਦੇ ਸੱਯਦ ਅਤੇ ਅਮੀਰ ਅਲ-ਮੋਮਿਨੀਮ, ਇਮਾਮ ਤੇ ਪਾਦਸ਼ਾਹ ਸਮੇਤ ਉਥੇ ਸ਼ਰਨ ਲੈਣ ਵਾਲੇ ਸਾਰੇ ਹਿੰਦੋਸਤਾਨੀ ਮਾਰੇ ਗਏ ਤੇ ਸਿੱਖਾਂ ਨੇ ਇਹ ਜੰਗ ਜਿੱਤ ਲਈ।

ਸੱਯਦ ਅਹਿਮਦ ਦੀ ਮੌਤ ਦੀ ਖਬਰ ਮਿਲਦਿਆਂ ਹੀ ਮਹਾਰਾਜਾ ਰਣਜੀਤ ਸਿੰਘ ਨੇ ਖੁਸ਼ੀ ਵਿਚ ਹਰ ਕਿਲ੍ਹੇ ਤੋਂ ਬੰਦੂਕਾਂ ਦੀ ਸਲਾਮੀ ਦੇਣ ਅਤੇ ਸਿੱਖਾਂ ਦੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਚ ਦੀਪਮਾਲਾ ਕਰਨ ਦੇ ਹੁਕਮ ਦਿੱਤੇ। ਅਮੀਰ, ਇਮਾਮ ਅਤੇ ਪਾਦਸ਼ਾਹ ਦੀਆਂ ਮ੍ਰਿਤਕ ਦੇਹਾਂ ਦਾ ਕੀ ਹੋਇਆ ਇਸ ਬਾਰੇ ਕਈ ਵੇਰਵੇ ਮਿਲਦੇ ਹਨ ਪਰ ਠੋਸ ਜਾਣਕਾਰੀ ਨਹੀਂ। ਇਹ ਵੱਖਰੀ ਗੱਲ ਹੈ ਕਿ ਜਿਸ ਵਹਾਬੀਵਾਦ ਦਾ ਇਸ ਤਰ੍ਹਾਂ ਅੰਤ ਹੋਇਆ, ਉਹ ਹੁਣ ਪਿਸ਼ਾਵਰ ਤੇ ਉਸ ਦੇ ਆਸ-ਪਾਸ ਕਈ ਸੌ ਕੋਹਾਂ ਤਕ ਪੂਰਾ ਦਮ-ਖਮ ਹਾਸਲ ਕਰ ਚੁੱਕਾ ਹੈ ਅਤੇ ਮੱਧ ਏਸ਼ੀਆ ਤੇ ਯੂਰੋਪ ਵਿਚ ਵੀ ਪੈਰ ਪਸਾਰਦਾ ਜਾ ਰਿਹਾ ਹੈ।

# ਚੰਗਾ ਲੱਗਦਾ ਹੈ...

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦ ਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਉਨ੍ਹਾਂ ਸਫਰ-ਏ-ਜ਼ਿੰਦਗੀ ਦੀ ਬਾਤ ਛੋਹੀ ਸੀ ਕਿ ਸਫਰ ਉਹ ਹੀ ਸੁਹੰਢਣਾ ਹੁੰਦੈ, ਜਿਸ ਵਿਚ ਸੂਰਜੀ ਸੋਚ ਨੂੰ ਪਛਾਣ ਮਿਲਦੀ, ਜਦ ਹਰਫਾਂ ਵਿਚ ਦੀਵਿਆਂ ਦੀ ਡਾਰ ਬਿਰਾਜਮਾਨ ਹੁੰਦੀ। ਉਨ੍ਹਾਂ ਨਸੀਹਤ ਕੀਤੀ ਸੀ, "ਹੁਸੀਨ ਸਫਰ ਦੇ ਹਰ ਪਲ ਨੂੰ ਜ਼ਿੰਦਾਦਿਲੀ ਨਾਲ ਇੰਜ ਜੀਓ, ਜਿਵੇਂ ਇਹ ਹੀ ਪਹਿਲਾਂ ਅਤੇ ਆਖਰੀ ਪਲ ਹੋਵੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਉਨ੍ਹਾਂ ਵਲਵਲਿਆਂ ਦੀ ਗੱਲ ਕੀਤੀ ਹੈ, ਜੋ ਸਰਘੀ ਵੇਲੇ ਘਾਹ ਉਤੇ ਪਈ ਤਰੇਲ ਵਾਂਗ ਚੰਗੇ ਚੰਗੇ ਲੱਗਦੇ ਹਨ। ਪਰਿੰਦਿਆਂ ਦੀ ਚੋਹਲ-ਮੋਹਲ, ਰੁੰਡ-ਮਰੁੰਡ ਰੁੱਖ ਦੀ ਟਾਹਣੀ 'ਤੇ ਲਗਰਾਂ ਦਾ ਫੁੱਟਣਾ, ਪੱਤਝੜ ਪਿਛੋਂ ਬਹਾਰ ਦਾ ਆਉਣਾ ਅਤੇ ਪੱਤਿਆਂ ਵਿਚੋਂ ਦੀ ਰੁਮਕਦੀ ਹਵਾ ਦਾ ਜ਼ਿੰਦਗੀ ਦੇ ਗੀਤ ਗਾਉਣਾ ਭਲਾ ਕਿਹਨੂੰ ਚੰਗਾ ਨਹੀਂ ਲੱਗਦਾ! ਡਾ. ਭੰਡਾਲ ਜੀਵਨ ਦੇ ਉਨ੍ਹਾਂ ਰੰਗੀਨ ਪਲਾਂ ਦੀ ਨਿਸ਼ਾਨਦੇਹੀ ਕਰਦੇ ਹਨ, ਜਿਨ੍ਹਾਂ ਨੂੰ ਮਾਣਦਿਆਂ ਮਨ ਖੇੜੇ ਵਿਚ ਆਇਆ ਉਡਾਰੀਆਂ ਭਰਦਾ ਹੈ। ਉਹ ਕਹਿੰਦੇ ਹਨ, "ਚੰਗਾ ਲੱਗਦਾ ਹੈ, ਕਮਰੇ ਦੀ ਇਕੱਲ ਹੰਢਾ ਰਹੇ ਬਜੁਰਗ ਨੂੰ, ਜਦ ਕੋਈ ਬੂਹਾ ਟੱਪਦਾ, ਬੋਲ ਸਾਂਝੇ ਕਰਦਾ, ਉਸ ਦੀ ਬੇ-ਰੌਣਕ ਜ਼ਿੰਦਗੀ ਨੂੰ ਖੁਸ਼ਗਵਾਰ ਬਣਾਉਂਦਾ।...ਚੰਗਾ ਲੱਗਦਾ ਹੈ, ਭੁੱਖ ਨਾਲ ਵਿਲਕਦੇ ਬਾਲ ਨੂੰ, ਜਦ ਕੋਈ ਉਸ ਦੀ ਤਲੀ 'ਤੇ ਟੁੱਕਰ ਧਰਦਾ।" -ਸੰਪਾਦਕ***

ਚੰਗਾ ਲੱਗਦਾ ਹੈ ਘਰ ਨੂੰ, ਘਰ ਤੋਂ ਦੂਰ ਜਾਂਦੀਆਂ ਪੈੜਾਂ ਦਾ ਘਰ ਨੂੰ ਪਰਤਣਾ। ਠੰਢੇ ਚੁੱਲੇ ਦਾ ਮੁੜ ਤੋਂ ਆਲੇ-ਦੁਆਲੇ 'ਚ ਪਰਿਵਾਰਕ ਮਹਿਫਿਲ ਸਜਾਉਣਾ। ਸੁੱਕੇ ਪਏ ਦਰਾਂ ਵਿਚ ਪਾਣੀ ਦਾ ਡੋਲਣਾ ਅਤੇ ਤੇਲ ਚੋਣਾ, ਕਮਰਿਆਂ ਦੀ ਚੁੱਪ ਦਾ ਟੁੱਟਣਾ ਅਤੇ ਨਿੱਕੀਆਂ-ਨਿੱਕੀਆਂ ਗੱਲਾਂ, ਹਾਸੇ ਤੇ ਚਹਿਲ-ਪਹਿਲ। ਵਿਹੜੇ ਦੀ ਵੈਰਾਨੀ ਨੂੰ ਗੁਫਤਗੂ ਦੇ ਭਾਗ ਲੱਗਣੇ ਅਤੇ ਹੁੰਗਾਰਾ ਉਡੀਕਦੀਆਂ ਕੰਧਾਂ ਨੂੰ ਆਪਣੀ ਸਜੀਵਤਾ ਦਾ ਅਹਿਸਾਸ ਹੋਣਾ।

ਚੰਗਾ ਲੱਗਦਾ ਹੈ, ਬਰੇਤਿਆਂ ਦਾ ਦਰਿਆਂ ਲਈ ਠਾਹਰ ਬਣਨਾ। ਇਸ ਦੇ ਕੰਢਿਆਂ ਦੀ ਉਜਾੜ ਵਿਚ ਜੀਵਨ ਧੜਕਣਾ। ਗੁੰਮ-ਸੁੰਮ ਹੋਈਆਂ ਲਹਿਰਾਂ ਵਿਚ ਮੁੜ ਤੋਂ ਸੰਗੀਤਕ ਲੋਰ ਦਾ ਲਰਜ਼ਣਾ ਅਤੇ ਇਸ ਲੋਰ ਵਿਚ ਹੇਕਾਂ ਦੀ ਪਾਕੀਜ਼ਗੀ ਤੇ ਕਰਤੱਵ ਦਾ ਗੁਣਗਾਨ ਕਰਨਾ।

ਚੰਗਾ ਲੱਗਦਾ ਹੈ, ਰੁੰਡ-ਮਰੁੰਡ ਰੁੱਖ ਦੀ ਟਾਹਣੀ 'ਤੇ ਲਗਰਾਂ ਦਾ ਫੁੱਟਣਾ। ਫੁੱਲਾਂ ਅਤੇ ਫਲਾਂ ਦੀ ਲੰਮੇਰੀ ਉਡੀਕ ਨੂੰ ਉਮੀਦਾਂ ਦੇ ਜਾਗ ਲੱਗਣੇ। ਸੱਥਾਂ ਦੀ ਪਰਵਾਸ ਦਾ, ਵਾਪਸ ਪਰਤਣ ਦੀ ਆਸ; ਪੱਤਿਆਂ ਵਿਚ 'ਵਾ ਰੁਮਕਣੀ ਦਾ ਪੈਦਾ ਹੋਣਾ। ਪਰਿੰਦਿਆਂ ਦੀ ਚੋਹਲ-ਮੋਹਲ। ਪੱਤਝੜ ਵਿਚ ਬਹਾਰਾਂ ਦਾ ਆਉਣਾ ਤੇ ਜ਼ਿੰਦਗੀ ਦਾ ਗੀਤ ਗਾਉਣਾ।

ਚੰਗਾ ਲੱਗਦਾ ਹੈ, ਜਦ ਆਲ੍ਹਣਿਆਂ ਨੂੰ ਤੋੜਨ ਵਾਲੇ ਹੱਥ, ਫਿਰ ਆਲ੍ਹਣਾ ਬਣਾਉਣ ਦੇ ਕਾਰਜ ਵਿਚ ਰੁੱਝਦੇ, ਪਰਿੰਦਿਆਂ ਨੂੰ ਵਾਪਸ ਪਰਤਣ ਲਈ ਪ੍ਰੇਰਦੇ ਅਤੇ ਬੋਟਾਂ ਦੀ ਤੰਦਰੁਸਤੀ ਲਈ ਅਜ਼ਾਨ ਪੜ੍ਹਦੇ।

ਚੰਗਾ ਲੱਗਦਾ ਹੈ ਕੁਦਰਤ ਨੂੰ, ਜਦ ਕੁਦਰਤ ਤੋਂ ਦੂਰ ਜਾ ਰਹੇ ਮਨੁੱਖ ਵਲੋਂ ਕੁਦਰਤੀ ਸਾਂਝ ਲਈ ਹੱਥ ਵਧਾਉਣਾ, ਰੁੱਖ ਉਗਾਉਣਾ ਅਤੇ ਕਾਇਨਾਤ ਦੀ ਰੰਗੀਨੀ ਨੂੰ ਵਧਾਉਣਾ। ਕੁਦਰਤ ਦੀਆਂ ਅਨਾਇਤਾਂ ਨੂੰ ਹੋਰ ਹੰਡਣਸਾਰ ਬਣਾਉਣ ਲਈ ਆਪਣਾ ਮਾਨਵੀ ਕਰਤੱਵ ਨਿਭਾਉਣਾ। ਕੁਦਰਤ ਤਾਂ ਉਡੀਕਦੀ ਹੈ ਕਿ ਉਸ ਦਾ ਆਪਣਾ ਜਾਇਆ, ਹੋਂਦ ਦੀ ਸਦੀਵਤਾ ਲਈ ਖੁਦ ਕੁਦਰਤ ਦੀ ਗੋਦ ਵਿਚ ਖੇਡੇ, ਆਉਣ ਵਾਲੀਆਂ ਪੀੜ੍ਹੀਆਂ ਨੂੰ ਖਿਡਾਵੇ ਅਤੇ ਸਾਹ-ਸੰਗਤੀ 'ਚ ਹਰਦਮਤਾ ਗੁਣਗੁਣਾਵੇ।

ਚੰਗਾ ਲੱਗਦਾ ਹੈ, ਪਰਦੇਸ ਵਿਚ ਤੁਰੇ ਜਾਂਦੇ ਕਿਸੇ ਉਦਾਸ ਅਤੇ ਨਿਰਾਸ਼ ਵਿਅਕਤੀ ਨੂੰ, ਉਸ ਦੇ ਮੋਢੇ 'ਤੇ ਕਿਸੇ ਬਜੁਰਗ ਦੀ ਥਪਕੀ। ਉਸ ਦੀ ਤੰਦਰੁਸਤੀ, ਤਮੰਨਾਵਾਂ ਤੇ ਜੀਵਨ ਵਿਚਲੀ ਤਰੱਕੀ ਅਤੇ ਨਵੀਆਂ ਰਾਹਾਂ ਸਿਰਜਣ ਲਈ ਅਸ਼ੀਰਵਾਦ ਦੇਣਾ। ਇਹ ਹੱਲਾਸ਼ੇਰੀ ਔਕੜਾਂ ਨੂੰ ਮਿਟਾਉਂਦੀ, ਪੈਰਾਂ ਵਿਚ ਸਫਰ ਉਗਾਉਣ ਲਈ ਕਦਮਾਂ ਵਿਚ ਨਵਾਂ ਉਤਸ਼ਾਹ ਅਤੇ ਉਦਮ ਬਣ ਜਾਂਦੀ।

ਚੰਗਾ ਲੱਗਦਾ ਹੈ, ਮਨ ਨੂੰ ਜਦ ਇਸ ਦੇ ਅੰਦਰ ਬੈਠੀ ਉਦਾਸ ਜੂਹ 'ਚ ਕੋਈ ਸੁਖਨਵਰ ਪਲ ਦਸਤਕ ਦਿੰਦਾ। ਨੈਣਾਂ ਵਿਚ ਸੁਪਨਿਆਂ ਦੀ ਆਮਦ ਕਿਆਸਦਾ, ਸੰਦਲੀ ਸੁਪਨੇ ਤਰਜ਼ੀਹਾਂ ਬਣਦੇ। ਤਕਦੀਰ ਨੂੰ ਤਦਬੀਰਾਂ ਨਾਲ ਨਵੇਂ ਸਿਰੇ ਤੋਂ ਵਿਉਂਤਦਾ। ਨਵੀਂ ਜ਼ਿੰਦਗੀ ਦੀ ਸ਼ੁਰੂਆਤ ਵਿਚ ਅਜਿਹੀ ਅਚਨਚੇਤੀ ਦਸਤਕ ਬਹੁਤ ਅਹਿਮ ਹੁੰਦੀ ਅਤੇ ਮਨ, ਸੂਰਜ ਵੰਨੀਂ ਮੋੜ ਕੱਟਦਾ।

ਚੰਗਾ ਲੱਗਦਾ ਹੈ, ਖਾਲੀ ਵਰਕਿਆਂ ਨੂੰ ਜਦ ਉਨ੍ਹਾਂ ਦੇ ਖਾਲੀਪਣ ਨੂੰ ਕੋਈ ਕਲਾ-ਕਿਰਤ, ਕਵਿਤਾ ਜਾਂ ਸ਼ਬਦ-ਸਾਧਨਾ, ਵਰਣਮਾਲਾ ਦਾ ਰੂਪਧਾਰ ਇਸ 'ਤੇ ਫੈਲ, ਸੁੱਖਦ-ਸੁਨੇਹਿਆਂ ਨੂੰ ਵਰਕਿਆਂ 'ਤੇ ਰੂਪਮਾਨ ਕਰਦੀ ਹੈ। ਇਨ੍ਹਾਂ ਸੁਨੇਹਿਆਂ ਵਿਚ ਜੀਵਨ ਦੇ ਰੰਗੀਨ ਪਲਾਂ ਦੀ ਨਿਸ਼ਾਨਦੇਹੀ ਹੁੰਦੀ। ਭਵਿੱਖ-ਮੁਖੀ ਸੋਚ ਦਾ ਮੁਹਾਂਦਰਾ ਵੀ ਲਿਸ਼ਕਦਾ। ਖਾਲੀ ਵਰਕਿਆਂ ਨੂੰ ਪੂਰਨਤਾ ਮਿਲਦੀ। ਇਹ ਇਬਾਰਤ ਹਨੇਰੀਆਂ ਜੂਹਾਂ ਰੁਸ਼ਨਾਉਂਦੀ, ਚਾਨਣ ਭਰੀਆਂ ਰਾਹਾਂ ਬਣਦੀਆਂ। ਵਰਕੇ ਦੀ ਹੋਣੀ ਸਾਰਥਕ ਹੁੰਦੀ।

ਬੜਾ ਚੰਗਾ ਲੱਗਦਾ ਹੈ, ਮੇਲੇ ਵਿਚ ਗੁਆਚੇ ਬੱਚੇ ਨੂੰ ਜਦ ਆਪਣਿਆਂ ਦੀ ਉਂਗਲ, ਉਸ ਦਾ ਸਹਾਰਾ ਬਣਦੀ। ਬੱਚੇ ਦਾ ਭੀੜ ਵਿਚ ਇਕੱਲੇ ਹੋਣ ਤੋਂ ਫਿਰ ਭੀੜ ਬਣ ਜਾਣਾ ਹੀ ਬੱਚੇ ਦੀ ਦੁਨੀਆਂ ਨੂੰ ਨਵੀਂ ਦਿਸ਼ਾ ਅਤੇ ਪਰਵਾਜ਼ ਦਿੰਦਾ।

ਚੰਗਾ ਲੱਗਦਾ ਹੈ, ਰਾਹ ਭੁੱਲ ਚੁਕੇ ਰਾਹੀ ਨੂੰ ਕਿਸੇ ਰਾਹਗੀਰ ਦਾ ਮਿਲਣਾ, ਜੋ ਉਸ ਦੀ ਮੰਜ਼ਿਲ ਦਾ ਥਹੁ-ਟਿਕਾਣਾ ਦੱਸਦਾ। ਔਝੜ ਰਾਹਾਂ ਵਿਚ ਸਹਾਰਾ ਤੇ ਸਾਥ ਬਣ ਕੇ, ਜੀਵਨ-ਪੈਂਡਿਆਂ ਨੂੰ ਸੁਖਾਵਾਂ ਬਣਾਉਂਦਾ।

ਚੰਗਾ ਲੱਗਦਾ ਹੈ, ਅੰਦਰ ਬੈਠੀ ਸੁੰਨ ਨੂੰ, ਜਦ ਉਸ ਵਿਚ ਬੋਲ ਉਗਦੇ। ਇਨ੍ਹਾਂ ਬੋਲਾਂ ਦੀ ਸੰਗਤ ਵਿਚੋਂ ਹੀ ਨਵੀਂ ਲੈਅ ਤੇ ਰੂਹਾਨੀ ਨੂੰ ਪਛਾਣ ਅਤੇ ਪਹਿਲਕਦਮੀ ਮਿਲਦੀ, ਜੋ ਆਤਮਕ ਉਡਾਣ ਨੂੰ ਨਵੇਂ ਅੰਬਰ ਦਾ ਸਿਰਨਾਂਵਾਂ ਦੱਸਦੀ ਅਤੇ ਇਸ ਨੂੰ ਪਾਉਣ ਦਾ ਵੱਲ ਵੀ। ਸੁੰਨ ਤੋਂ ਸੰਗੀਤ ਤੀਕ ਦਾ ਸਫਰ ਹੀ ਆਤਮਕ ਆਵੇਸ਼ ਅਤੇ ਅਸੀਮਤਾ ਨੂੰ ਪ੍ਰਭਾਸ਼ਿਤ ਕਰਨ ਵਿਚ ਸਭ ਤੋਂ ਅਹਿਮ।

ਚੰਗਾ ਲੱਗਦਾ ਹੈ, ਲੰਮੇ ਸਮੇਂ ਤੋਂ ਬੀਜ ਦਾ ਪੁੰਗਾਰਾ ਲੋਚਦੀ ਕੁੱਖ ਨੂੰ, ਜਦ ਇਸ ਵਿਚ ਪੁੰਗਾਰੇ ਦੀ ਧੜਕਣ ਮਹਿਸੂਸ ਹੁੰਦੀ, ਜੋ ਨਵੇਂ ਜੀਵਨ ਦਾ ਸ਼ੁਭ-ਅਰੰਭ ਹੁੰਦਾ। ਨਵੀਂ ਆਸ, ਅਰਮਾਨ ਅਤੇ ਅੰਦਾਜ਼ ਨੂੰ ਜੀਵਨ ਦੇ ਨਾਮ ਕਰਦੀ। ਕੁੱਖ ਨੂੰ ਆਪਾ ਚੰਗਾ ਲੱਗਦਾ, ਕਿਉਂਕਿ ਕੁੱਖ ਦਾ ਧਰਮ ਹੀ ਬੀਜ-ਪੁੰਗਾਰਿਆਂ ਵਿਚੋਂ ਨਰੋਈ ਆਮਦ ਦਾ ਸਬੱਬ ਹੁੰਦਾ।

ਚੰਗਾ ਲੱਗਦਾ ਹੈ ਰੱਕੜ ਨੂੰ, ਜਦ ਉਸ ਦੀ ਮਿੱਟੀ ਵਿਚੋਂ ਕੋਈ ਬੂਟਾ ਉਗਦਾ। ਇਸ ਦੇ



*ਚੰਗਾ ਲੱਗਦਾ ਹੈ...ਸਰੋਂ ਦੇ ਖੇਤ ਵਿਚ ਜੋਬਨ ਰੁੱਤੇ ਆਏ ਫੁੱਲਾਂ ਨੂੰ ਨਿਹਾਰਨਾ*

ਵਿਗਸਣ, ਫਲਣ ਅਤੇ ਫੁਲਣ ਵਿਚੋਂ ਹੀ ਰੱਕੜ ਨੂੰ ਜ਼ਰਖੇਜ਼ਤਾ ਦਾ ਖਿਤਾਬ ਮਿਲਦਾ। ਫਸਲਾਂ ਦੇ ਝੂਮਣ ਦੀ ਅਵਾਰਗੀ ਅਤੇ ਇਨ੍ਹਾਂ ਸੰਗ ਲਹਿਰਾਉਣ ਤੇ ਮਸਤੀ ਮਨਾਉਣ ਦਾ ਨਿਵੇਕਲਾ ਅੰਦਾਜ਼, ਰੱਕੜ ਦੀ ਕਿਸਮਤ ਹੀ ਬਦਲ ਦਿੰਦਾ।

ਚੰਗਾ ਲੱਗਦਾ ਹੈ ਕਿ ਖੇਤਾਂ ਵਿਚ ਛਾਈ ਹੋਈ ਮੁਰਦੇਹਾਣੀ ਨੂੰ ਜਦ ਕੋਈ ਜਿਉਣ ਦੀ ਗੱਲ ਕਰਦਾ ਹੈ, ਨਵੀਆਂ ਸੋਚਾਂ ਨਾਲ ਫਸਲਾਂ ਨੂੰ ਆਂਦਰਾਂ ਬਣਾ, ਨਵੀਂ ਤਰਕੀਬ ਨੂੰ ਖੇਤਾਂ ਦੇ ਨਾਮ ਕਰਦਾ, ਇਨ੍ਹਾਂ 'ਚੋਂ ਸੋਨਾ ਉਗਾਉਣ ਦਾ ਖਿਤਾਬ ਹਾਸਲ ਕਰਦਾ ਹੈ।

ਚੰਗਾ ਲੱਗਦਾ ਹੈ, ਇਕ ਬੂੰਦ ਲਈ ਲਿਲਕਦੇ ਮਾਰੂਥਲ ਨੂੰ, ਜਦ ਕੋਈ ਉਸ ਦੀ ਹਿੱਕ 'ਤੇ ਪਾਣੀ ਤ੍ਰੌਂਕਦਾ ਏ। ਉਹ ਕਈ ਸਦੀਆਂ ਦੀ ਪਿਆਸ ਮਿਟਾਉਂਦਾ, ਇਕ ਨਵੀਂ ਸ਼ੁਰੂਆਤ ਦਾ ਆਗਾਜ਼ ਕਰਦਾ, ਜਿਸ ਨਾਲ ਬੰਦਿਆਈ ਅਤੇ ਚੰਗਿਆਈ ਦਾ ਕਾਫਲਾ ਦਿਨੋ ਦਿਨ ਵਧਦਾ ਹੀ ਜਾਂਦਾ।

ਚੰਗਾ ਲੱਗਦਾ ਹੈ, ਕਮਰੇ ਦੀ ਇਕੱਲ ਹੰਢਾ ਰਹੇ ਬਜੁਰਗ ਨੂੰ, ਜਦ ਕੋਈ ਬੂਹਾ ਟੱਪਦਾ, ਬੋਲ ਸਾਂਝੇ ਕਰਦਾ, ਉਸ ਦੀ ਬੇ-ਰੌਣਕ ਜ਼ਿੰਦਗੀ ਨੂੰ ਖੁਸ਼ਗਵਾਰ ਬਣਾਉਂਦਾ। ਬਜੁਰਗ ਨੂੰ ਵੀ ਨੀਰਸ ਜੀਵਨ ਵਿਚੋਂ ਜ਼ਿੰਦਾਦਿਲੀ ਦਿਖਾਈ ਦਿੰਦੀ, ਜਿਸ ਨਾਲ ਡੁੱਬਦੇ ਸੂਰਜ ਵਿਚੋਂ ਵੀ ਲਿਸ਼ਕੋਰ ਪੈਦਾ ਹੁੰਦੀ।

ਚੰਗਾ ਲੱਗਦਾ ਹੈ, ਭੁੱਖ ਨਾਲ ਵਿਲਕਦੇ ਬਾਲ ਨੂੰ, ਜਦ ਕੋਈ ਉਸਦੀ ਤਲੀ 'ਤੇ ਟੁੱਕਰ ਧਰਦਾ, ਉਸ ਦੇ ਖਾਲੀ ਦੀਦਿਆਂ ਵਿਚ ਝਾਕਦਾ ਏ, ਜੋ ਉਸ ਦੇ ਸਾਹਾਂ ਦੀ ਅਉਧ ਵਧਾਉਣ ਦਾ ਸਬੱਬ ਬਣਦਾ।

ਚੰਗਾ ਲੱਗਦਾ ਹੈ ਧਾਰਮਿਕ ਆਸਥਾ ਨੂੰ, ਜਦ ਅਧਰਮੀ ਵਕਤਾਂ ਵਿਚ ਕੋਈ ਧਰਮ ਦੀ ਬਾਤ ਪਾਉਂਦਾ, ਮਨੁੱਖਤਾ ਲਈ ਹਾਅ ਦਾ ਨਾਹਰਾ ਮਾਰਦਾ, ਪ੍ਰੇਮ-ਭਾਵ ਦਾ ਹੋਕਰਾ ਦਿੰਦਾ, ਭਾਈਚਾਰਕ ਸਾਂਝ ਨੂੰ ਵਧਾਉਣ ਲਈ ਪਹਿਲ-ਕਦਮੀ ਕਰਦਾ। ਰੇਜ਼ਾ-ਰੇਜ਼ਾ ਹੋ ਗਈ ਧਾਰਮਿਕ ਆਸਥਾ ਫਿਰ ਜਿਉਣਾ ਅਤੇ ਮੌਲਣਾ ਲੋਚਦੀ। ਅਰਦਾਸ, ਅਜ਼ਾਨ ਅਤੇ ਆਰਤੀ ਇਕਸੁਰ ਹੁੰਦੇ।

ਚੰਗਾ ਲੱਗਦਾ ਹੈ ਮਾਯੂਸ ਬੱਚੇ ਨੂੰ, ਜਦ ਕੋਈ ਉਸ ਦਾ ਹਾਣੀ ਉਸ ਨੂੰ ਬੁਲਾਉਂਦਾ, ਤੋਤਲੀਆਂ ਗੱਲਾਂ ਕਰਦਾ, ਬੱਚਿਆਂ ਵਾਲੀਆਂ ਖੇਡਾਂ ਖੇਡਦਾ, ਭੋਲੀਆਂ ਸ਼ਰਾਰਤਾਂ ਵਿਚੋਂ ਜ਼ਿੰਦਗੀ ਦੀ ਬੇਲਾਗਤਾ ਤੇ ਬੇਫਿਕਰੀ ਮਾਣਦਾ, ਵਿਕੋਲਿਤਰਾ ਸੰਸਾਰ ਸਿਰਜਦਾ। ਕਦੇ ਬੱਚਿਆਂ ਦੇ ਸੰਸਾਰ ਨੂੰ ਦੇਖਣਾ, ਮਨੁੱਖ ਨੂੰ ਵੱਡਾ ਹੋਣ 'ਤੇ ਗਿਲਾਨੀ ਹੋਣੀ ਸ਼ੁਰੂ ਹੋ ਜਾਵੇਗੀ। ਬੱਚਾ, ਬੱਚੇ ਦੇ ਸਾਥ ਵਿਚ ਹੀ ਬਹੁਤ ਕੁਝ ਸਿੱਖਦਾ। ਇਸ 'ਚੋਂ ਉਮਰ ਭਰ ਦੀਆਂ ਸਾਝਾਂ ਤੇ ਸਿਮਰਤੀਆਂ ਸਿਰਜ ਹੁੰਦੀਆਂ।

***ਚੰਗਾ ਲੱਗਦਾ ਹੈ, ਰਿਸ਼ਤਿਆਂ ਦੀ ਬੇਰੁਖੀ ਹੰਢਾ ਰਹੇ ਆਦਮੀ ਨੂੰ ਜਦ ਉਮਰਾਂ ਪਿਛੋਂ ਕੋਈ ਆਪਣਾ ਧਾਅ ਕੇ ਮਿਲਦਾ। ਹਿੱਕ ਨਾਲ ਲਾਉਂਦਾ ਅਤੇ ਦੀਦਿਆਂ ਵਿਚੋਂ ਵਗਦਾ ਨੀਰ ਪੁਰਾਣੀ ਨਾਰਾਜ਼ਗੀ ਅਤੇ ਉਦਾਸੀਨਤਾ ਨੂੰ ਧੋਅ ਦਿੰਦਾ।...ਚੰਗਾ ਲੱਗਦਾ ਹੈ, ਜੀਵਨ ਦੀ ਢਲਦੀ ਸ਼ਾਮ ਵਿਚ ਸਹਾਰਾ ਲੋਚਦੇ ਪਤੀ-ਪਤਨੀ ਦਾ ਇਕ ਦੂਜੇ ਦਾ ਹੱਥ ਫੜਨਾ, ਮਿੱਠੀਆਂ ਤੇ ਬੀਤੀਆਂ ਗੱਲਾਂ ਨੂੰ ਚੇਤਿਆਂ ਵਿਚ ਨਵਿਆਉਣਾ, ਪਿਆਰੀਆਂ ਯਾਦਾਂ ਵਿਚ ਗੁਆਚਣਾ ਅਤੇ ਵਰਤਮਾਨ ਨੂੰ ਹੋਰ ਸੁਹੰਢਣਾ ਤੇ ਸ਼ਾਨਦਾਰ ਬਣਾਉਣ ਲਈ ਸਾਹਾਂ ਦੀ ਸਾਂਝ ਅਤੇ ਸਰਦਾਰੀ ਨੂੰ ਬਰਕਰਾਰ ਰੱਖਣਾ।***

ਚੰਗਾ ਲੱਗਦਾ ਹੈ, ਜੀਵਨ ਦੀ ਢਲਦੀ ਸ਼ਾਮ ਵਿਚ ਸਹਾਰਾ ਲੋਚਦੇ ਪਤੀ-ਪਤਨੀ ਦਾ ਇਕ ਦੂਜੇ ਦਾ ਹੱਥ ਫੜਨਾ, ਮਿੱਠੀਆਂ ਤੇ ਬੀਤੀਆਂ ਗੱਲਾਂ ਨੂੰ ਚੇਤਿਆਂ ਵਿਚ ਨਵਿਆਉਣਾ, ਪਿਆਰੀਆਂ ਯਾਦਾਂ ਵਿਚ ਗੁਆਚਣਾ ਅਤੇ ਵਰਤਮਾਨ ਨੂੰ ਹੋਰ ਸੁਹੰਢਣਾ ਤੇ ਸ਼ਾਨਦਾਰ ਬਣਾਉਣ ਲਈ ਸਾਹਾਂ ਦੀ ਸਾਂਝ ਅਤੇ ਸਰਦਾਰੀ ਨੂੰ ਬਰਕਰਾਰ ਰੱਖਣਾ।

ਚੰਗਾ ਲੱਗਦਾ ਹੈ, ਬੁੱਢੇ ਮਾਪਿਆਂ ਦੀ ਸੀਮਤ ਜਿਹੀ ਜ਼ਿੰਦਗੀ ਵਿਚ ਬੱਚਿਆਂ ਦਾ ਫੋਨ ਆਉਣਾ, ਨਿੱਕੀਆਂ ਬਾਤਾਂ ਵਿਚ ਵਿਹਲ ਨੂੰ ਸਾਰਥਕ ਬਣਾਉਣਾ। ਕਦੇ ਅਚਨਚੇਤੀ ਬੱਚਿਆਂ ਦਾ ਆ ਕੇ ਅਚੰਭਿਤ ਕਰਨਾ, ਬੁੱਕਲ ਵਿਚ ਲੈਣਾ ਅਤੇ ਮਾਂ ਦੇ ਹੱਥਾਂ ਦੀ ਰੋਟੀ ਖਾਣ ਲਈ ਰਿਹਾੜ ਕਰਨੀ। ਬਾਪੂ ਕੋਲੋਂ ਉਸ ਦੀਆਂ ਜੀਵਨ-ਯਾਦਾਂ ਨੂੰ ਸੁਣਨਾ। ਬਜੁਰਗਾਂ ਨੂੰ ਤਾਂ ਇਹ ਵੀ ਚੰਗਾ ਲੱਗਦਾ, ਜਦ ਉਨ੍ਹਾਂ ਦੇ ਜਨਮ ਦਿਨ ਜਾਂ ਵਿਆਹ ਦੀ ਭੁੱਲੀ ਹੋਈ ਤਾਰੀਕ ਨੂੰ ਬੱਚੇ ਯਾਦ ਕਰਵਾਉਂਦੇ, ਜਸ਼ਨ ਮਨਾਉਂਦੇ। ਜਾਂ ਕਦੇ ਕਦਾਈਂ ਬੱਚਿਆਂ ਵਲੋਂ ਭੇਜਿਆ ਕੇਕ ਜਾਂ ਫੁੱਲਾਂ ਦੇ ਗੁਲਦਸਤੇ ਦਾ ਘਰ ਦੀਆਂ ਬਰੂਹਾਂ 'ਤੇ ਆਉਣਾ ਅਤੇ ਹੁਸੀਨ ਤੇ ਯਾਦਗਾਰੀ ਦਿਨਾਂ ਦੀ ਯਾਦ ਦਿਵਾਉਣਾ।

ਚੰਗਾ ਲੱਗਦਾ ਹੈ ਪਰਦੇਸੀ ਪੁੱਤ ਨੂੰ ਉਡੀਕਦੀ ਮਾਂ ਨੂੰ, ਜਦ ਉਸ ਦਾ ਲਾਡਲਾ ਅਚਨਚੇਤੀ ਘਰ ਦੀ ਸਰਦਲ ਟੱਪ, ਕੰਧਾਂ ਨੂੰ ਘਰ ਬਣਾਉਂਦਾ। ਮਾਂ ਦੀਆਂ ਖੁਸ਼ੀਆਂ ਨੂੰ ਖੰਬ ਲਾਉਂਦਾ ਤੇ ਉਸ ਦੀਆਂ ਦੁਆਵਾਂ ਦੀਆਂ ਨਿਆਮਤਾਂ ਝੋਲੀ ਪਵਾਉਂਦਾ। ਮਾਂਵਾਂ ਨੇ ਸਦਾ ਬੈਠੇ ਨਹੀਂ ਰਹਿਣਾ। ਉਨ੍ਹਾਂ ਨੂੰ ਮਰਨ ਤੋਂ ਪਹਿਲਾਂ ਆਪਣੇ ਪੁੱਤਰ ਦਾ ਮੁਖੜਾ ਨਿਹਾਰਨ ਅਤੇ ਉਸ ਦੀ ਸਲਾਮਤੀ ਲਈ ਅਰਦਾਸ ਕਰਨ ਦਾ ਬਹੁਤ ਚਾਅ ਹੁੰਦਾ।

ਚੰਗਾ ਲੱਗਦਾ ਹੈ, ਮਨ ਦੀ ਨੁੱਕਰੇ ਬੈਠੀ ਸੂਰਤ ਨੂੰ, ਜਦ ਉਸ ਨੂੰ ਯਾਦ ਕੀਤਾ ਜਾਂਦਾ। ਵਕਤ ਦੀਆਂ ਤਹਿਆਂ ਫਰੋਲਦਿਆਂ ਬਹੁਤ ਕੁਝ ਚੇਤੇ ਆ ਜਾਂਦਾ, ਜੋ ਪਤਾ ਨਹੀਂ ਕਿਸ ਮੋੜ 'ਤੇ ਜੀਵਨ ਵਿਚੋਂ ਕਿਰਿਆ ਜਾਪਦਾ।

ਚੰਗਾ ਲੱਗਦਾ ਹੈ ਥੱਕੇ ਹੋਏ ਪੈਰਾਂ ਨੂੰ, ਜਦ ਕੋਈ ਉਨ੍ਹਾਂ ਲਈ ਉਤਸ਼ਾਹ ਦਾ ਨਿਉਂਦਾ ਪਾ ਕੇ ਸਿਰੜ, ਸਾਧਨਾ ਤੇ ਸਮਰਪਣ ਨਾਲ ਨਵੇਂ ਪੈਂਡਿਆਂ ਦਾ ਰਾਹੀ ਬਣਨ ਲਈ ਪ੍ਰੇਰਤ ਕਰਦਾ।

ਚੰਗਾ ਲੱਗਦਾ ਹੈ ਸੁਪਨ-ਹੀਣ ਅੱਖਾਂ ਨੂੰ, ਜਦ ਕੋਈ ਇਨ੍ਹਾਂ ਵਿਚ ਸੁਪਨਾ ਧਰਦਾ ਜਾਂ ਇਨ੍ਹਾਂ ਲਈ ਸੁਪਨਾ ਬਣਦਾ। ਸੁਪਨੇ ਲੈਣ ਦੀ ਤਮੰਨਾ ਹਰ ਅੱਖ ਦੀ ਹੁੰਦੀ ਅਤੇ ਜਦ ਸੋਚ ਦੇ ਹਾਣੀ ਦਾ ਸੁਪਨਾ ਅੱਖਾਂ ਦਾ ਹਾਸਲ ਬਣ ਜਾਂਦਾ ਤਾਂ ਜੀਵਨ ਚੰਗਾ ਚੰਗਾ ਲੱਗਦਾ।

ਚੰਗਾ ਲੱਗਦਾ ਹੈ, ਆਪਣੇ ਆਪ ਤੋਂ ਦੂਰ ਜਾ ਰਹੇ ਵਿਅਕਤੀ ਨੂੰ, ਜਦ ਉਹ ਆਪਣੇ ਅੰਤਰੀਵ ਵੰਨੀਂ ਪਰਤਦਾ। ਖੁਦ ਦੇ ਰੂਬਰੂ ਹੁੰਦਾ, ਆਪਣੀਆਂ ਤਰਜ਼ੀਹਾਂ ਤੇ ਤਮੰਨਾਵਾਂ ਨੂੰ ਆਪਣੀ ਤਕਦੀਰ ਬਣਾਉਂਦਾ। ਆਪਣੀਆਂ ਕਮੀਆਂ ਤੇ ਕੁਤਾਹੀਆਂ ਦੀ ਨਿਸ਼ਾਨਦੇਹੀ ਕਰਦਾ ਅਤੇ ਨਵੀਂ ਤਕਦੀਰ ਘੜਦਾ।

ਚੰਗਾ ਲੱਗਦਾ ਹੈ, ਸਫਲਤਾ ਦੀ ਟੀਸੀ 'ਤੇ ਪਹੁੰਚੇ ਸੁਖਮ-ਭਾਵੀ ਮਨੁੱਖ ਨੂੰ, ਜਦ ਉਹ ਆਪਣੇ ਤੱਪੜਾਂ ਵਾਲੇ ਸਕੂਲ ਨੂੰ ਨਤਮਸਤਕ ਹੁੰਦਾ। ਪੁਰਾਣੇ ਕਮਰਿਆਂ ਅਤੇ ਅਧਿਆਪਕਾਂ ਨੂੰ ਯਾਦ ਕਰਦਾ ਅਤੇ ਉਨ੍ਹਾਂ ਨੂੰ ਅਕੀਦਤ ਭੇਟ ਕਰਦਾ, ਸਮੁੱਚੀਆਂ ਸਫਲਤਾਵਾਂ ਨੂੰ ਉਨ੍ਹਾਂ ਦੇ ਪੈਰਾਂ ਵਿਚ ਧਰਦਾ।

ਚੰਗਾ ਲੱਗਦਾ ਹੈ ਸਾਹ ਦੇ ਪਿੰਜਰ ਨੂੰ, ਜਦ ਕੋਈ ਸਾਹਾਂ ਨੂੰ ਸੰਵੇਦਨਾ, ਸ਼ੁਭ-ਚਿੰਤਨ ਅਤੇ ਸੁਖਨ-ਸਬੂਰੀ ਦੇ ਲੜ ਲਾ, ਇਸ ਦੀ ਹੋਂਦ ਤੇ ਹਸਤੀ ਨੂੰ ਨਵੇਂ ਅਰਥ ਦਿੰਦਾ। ਸਾਹ-ਸਰੰਗੀ ਬਣ ਜਾਂਦੀ ਹੈ, ਸਾਹ-ਸਾਜ਼।

ਚੰਗਾ ਲੱਗਦਾ ਹੈ ਬੁੱਸੇ ਹੋਏ ਸਾਹਾਂ ਨੂੰ, ਜਦ ਕੋਈ ਇਨ੍ਹਾਂ 'ਚ ਸੁਗੰਧ ਦੀ ਜਾਗ ਲਾਉਂਦਾ। ਬੰਦਾ ਜਿਉਣਾ ਲੋਚਦਾ। ਮਹਿਕੀਲੇ ਪਲ ਜੀਵਨ ਦਾ ਸੁੰਦਰ ਸਰੂਪ ਸਿਰਜਦੇ। ਦੁਰਗੰਧ ਤੋਂ ਸੁਗੰਧ ਤੀਕ ਦਾ ਸਫਰ ਜਦ ਕਿਸੇ ਦਾ ਹਾਸਲ ਹੁੰਦਾ ਤਾਂ ਸਾਹਾਂ ਨੂੰ ਸੁਰਸਾਜ਼ੀ ਅਤੇ ਸੰਜੀਦਗੀ ਨੂੰ ਸਦਭਾਵਨਾ ਮਿਲਦੀ।

ਚੰਗਾ ਲੱਗਦਾ ਹੈ ਬਸਤਿਆਂ ਨੂੰ, ਜਦ ਬਸਤਿਆਂ ਦੇ ਹਰਫਾਂ ਨੂੰ ਮਸਤਕ ਵਿਚ ਉਗਣਾ ਨਸੀਬ ਹੁੰਦਾ। ਬਸਤਿਆਂ ਨੂੰ ਭਾਗ ਲੱਗਦੇ ਅਤੇ ਹਰਫ-ਹੀਣਾਂ ਨੂੰ ਸ਼ਬਦ-ਜੋਤ ਵਿਚ ਤਬਦੀਲ ਕਰਨ ਵਾਲੇ ਲੋਕ ਸ਼ੁਭ-ਨਸੀਬੀ ਦਾ ਫਖਰ ਹੁੰਦੇ।

ਚੰਗਾ ਲੱਗਦਾ ਹੈ, ਆਪੋ-ਆਪਣੇ ਘੁਰਨਿਆਂ ਵਿਚ ਬੰਦ, ਖੁਦ ਨਾਲ ਯੁੱਧ ਕਰ ਰਹੇ ਲੋਕਾਂ ਨੂੰ, ਜਦ ਉਹ ਪੁਰਾਣੇ ਸਾਥੀਆਂ ਨਾਲ ਮਿਲ ਬੈਠਦੇ। ਪੁਰਾਣੀਆਂ ਯਾਦਾਂ ਸਾਂਝੀਆਂ ਕਰਦੇ, ਬੀਤੇ ਨੂੰ ਚੇਤੇ ਕਰਕੇ ਹੱਸਦੇ। ਆਪਣੀਆਂ ਬੇਵਕੂਫੀਆਂ 'ਤੇ ਆਪਣੇ ਆਪ ਨੂੰ ਕੋਸਦੇ ਅਤੇ ਲੰਘ ਰਹੇ ਸਮੇਂ ਨੂੰ ਭੁਲਾ ਬਹਿੰਦੇ।

ਚੰਗਾ ਲੱਗਦਾ ਹੈ ਸਾਹਾਂ ਦੀ ਬੇਰੁਖੀ ਨੂੰ, ਜਦ ਕੋਈ ਸਾਹ-ਸਾਥੀ ਬਣ ਕੇ ਤੁਹਾਡੀਆਂ ਪੈੜਾਂ 'ਚ ਪੈੜ ਬਣਦਾ। ਛਾਂ ਬਣ ਕੇ ਇਕ ਦੂਜੇ ਲਈ ਅਰਪਿੱਤ ਹੋਣਾ ਅਤੇ ਗੁੰਮ ਖੁਸ਼ੀਆਂ ਤੇ ਖੇੜਿਆਂ ਨੂੰ ਮਨਾਉਣ ਦੀ ਤਾਂਘ ਪਾਲਣਾ।

ਚੰਗਾ ਲੱਗਦਾ ਹੈ, ਆਪਣਿਆਂ ਤੋਂ ਹੀ ਦੂਰ ਹੋ ਗਏ ਆਪਣਿਆਂ ਨੂੰ, ਜਦ ਉਹ ਪਰਾਇਆਂ ਦੇ ਫੁਸਲਾਏ ਆਖਰ ਨੂੰ ਆਪਣਿਆਂ ਵੰਨੀਂ ਪਰਤਦੇ। ਗਲੇ ਲਾਉਂਦੇ ਅਤੇ ਮਨ ਦੀਆਂ ਦੱਬੀਆਂ ਪਰਤਾਂ ਫਰੋਲਦੇ।

ਚੰਗਾ ਲੱਗਦਾ ਹੈ, ਮਾਰੂਥਲ ਵਿਚ ਉਗੀ ਥੋਹਰ ਨੂੰ, ਜਦ ਉਸ ਦੀ ਹਿੱਕ 'ਤੇ ਫੁੱਲ ਖਿੜਦਾ। ਰੰਗ ਤੇ ਮਹਿਕ ਦਾ ਵਣਜ ਕਰਦਾ ਅਤੇ ਕੰਡਿਆਲੀ ਥੋਹਰ ਨੂੰ ਵੀ ਸੁਹੱਪਣ ਭਰੀ ਪਛਾਣ ਮਿਲਦੀ।

ਚੰਗਾ ਲੱਗਦਾ ਹੈ, ਵਿਅਕਤੀ ਦੇ ਅੰਦਰ ਬੈਠੇ ਬਚਪਨੇ ਨੂੰ, ਜਦ ਉਹ ਅਚਾਨਕ ਕਾਰ ਰੋਕਦਾ। ਸੜਕ ਕਿਨਾਰੇ ਭੁੰਨੀਆਂ ਛੱਲੀਆਂ ਖਰੀਦਦਾ। ਮਰੂੰਡਾ ਲੈਣ ਲਈ ਰੇਹੜੀ ਵਾਲੇ ਨੂੰ ਹਾਕ ਮਾਰਦਾ। ਖੜੇ ਹੋ ਕੇ ਗੋਲਗੱਪੇ ਖਾਂਦਿਆਂ ਲਜ਼ੀਜ਼ਤਾ ਮਹਿਸੂਸ ਕਰਦਾ ਜਾਂ ਕ੍ਰਿਕਟ ਖੇਡਦੇ ਬੱਚਿਆਂ ਵਿਚ ਬੱਚਾ ਬਣ ਕੇ ਖੇਡਦਾ ਅਤੇ ਬਚਪਨ ਨੂੰ ਮੋੜ ਲਿਆਉਂਦਾ।

ਚੰਗਾ ਲੱਗਦਾ ਹੈ, ਮਾਪਿਆਂ ਦੇ ਅਨੁਸ਼ਾਸਨੀ ਜੀਵਨ ਤੋਂ ਉਕਤਾਏ ਬੱਚਿਆਂ ਨੂੰ, ਜਦ ਉਹ ਆਪਣੇ ਦਾਦਕੇ ਜਾਂ ਨਾਨਕੇ ਘਰ ਵਿਚ ਮਨ-ਮਰਜੀਆਂ ਕਰਦੇ। ਖਲਾਰਾ ਪਾਉਂਦੇ ਅਤੇ ਆਪਣੇ ਹਿੱਸੇ ਦੀ ਰੁੱਸੀ ਹੋਈ ਜ਼ਿੰਦਗੀ ਜਿਉਂਦੇ।

ਚੰਗਾ ਲੱਗਦਾ ਹੈ ਹੰਝੂਆਂ ਨੂੰ, ਜਦ ਉਨ੍ਹਾਂ ਨੂੰ ਹਾਸਿਆਂ ਦੀ ਨੇੜਤਾ ਨਸੀਬ ਹੁੰਦੀ। ਦੁੱਖਾਂ ਨੂੰ, ਜਦ ਸੁੱਖ ਢੁੱਕ ਢੁੱਕ ਕੋਲ ਬਹਿੰਦੇ ਜਾਂ ਰੁਆਂਸੇ ਵਕਤਾਂ ਨੂੰ, ਜਿਨ੍ਹਾਂ ਨੂੰ ਰੁਮਾਂਸ ਅਤੇ ਹੁਲਾਸ ਵਿਚੋਂ ਜੀਵਨ ਦਾ ਲੁਤਫ ਅਤੇ ਲੈਆਤਮਕਤਾ ਮਿਲਦੀ।

ਚੰਗਾ ਲੱਗਦਾ ਹੈ, ਆਲ੍ਹੇ ਵਿਚ ਧਰੇ ਹੋਏ ਚਿਰਾਗ ਨੂੰ, ਜਦ ਕੋਈ ਕੋਮਲ ਹੱਥਾਂ ਨਾਲ ਇਸ ਵਿਚ ਤੇਲ ਪਾਉਂਦਾ, ਬੱਤੀ ਟਿਕਾਉਂਦਾ ਅਤੇ ਜਗਾ ਕੇ ਘਰ ਦੀ ਆਰਤੀ ਕਰਦਾ। ਘਰ ਦੀਆਂ ਸੁੰਨੀਆਂ ਬਰੂਹਾਂ ਦੇ ਭਾਗ ਜਗਾਉਂਦਾ। ਚਿਰਾਗ ਜਗਦੇ ਤਾਂ

*(ਬਾਕੀ ਅਗਲੇ ਸਫੇ 'ਤੇ)*

# ਲਫਜ਼ਾਂ ਦਾ ਘੇਰਾ

ਉਹ ਭਾਸ਼ਾ ਜਿਉਂਦੀ ਅਤੇ ਪ੍ਰਚਲਿਤ ਨਹੀਂ ਰਹਿ ਸਕਦੀ , ਜਿਸ ਦੇ ਨਵੇਂ ਲਫਜ਼ਾਂ ਦੀ ਘੜਨ ਵਿਧੀ 'ਚ ਖੜੋਤ ਆ ਜਾਏ। ਰੋਜ਼ਾਨਾ ਜ਼ਿੰਦਗੀ ਦੇ ਤਜ਼ਰਬਿਆਂ ਅਤੇ ਬੋਲ ਚਾਲ ਦੇ ਤੌਰ ਤਰੀਕਿਆਂ ਤੋਂ ਨਵੇਂ ਸ਼ਬਦਾਂ ਜਾਂ ਲਫਜ਼ਾਂ ਦਾ ਉਪਜਣਾ ਸਹਿਜ ਹੀ ਹੁੰਦਾ ਰਹਿੰਦਾ ਹੈ। ਇੰਜ ਨਵੇਂ ਬਣੇ ਸ਼ਬਦਾਂ ਦੇ ਜੋੜ ਜੁਗਾੜ ਨਾਲ ਉਹ ਭਾਸ਼ਾ ਨਵੇਂ ਰੂਪ 'ਚ ਨਿਖਰਦੀ ਰਹਿੰਦੀ ਹੈ। ਕੋਈ ਲਫਜ਼ ਨਿਗੁਣਾ ਨਹੀਂ ਹੁੰਦਾ; ਸ਼ਬਦਾਂ ਪ੍ਰਤੀ ਊਚ-ਨੀਚ ਵਾਲੇ ਵਿਚਾਰ ਰੱਖਣੇ ਅਗਿਆਨ ਦੀ ਨਿਸ਼ਾਨੀ ਹੁੰਦੀ ਹੈ। ਬਹੁਤ ਸਾਰੇ ਸ਼ਬਦ ਹੁੰਦੇ ਹਨ, ਜੋ ਆਮ ਲੋਕਾਂ 'ਚ ਤਾਂ ਪ੍ਰਚਲਿਤ ਰਹਿੰਦੇ ਹਨ, ਪਰ ਕੁਝ ਬੇਸਮਝ ਤੇ ਸੀਮਤ ਬਿਰਤੀ ਵਾਲੇ ਲੋਕ ਉਨ੍ਹਾਂ ਸ਼ਬਦਾਂ ਪ੍ਰਤੀ ਨਫਰਤ ਨਾਲ ਦੇਖਣ ਲਗਦੇ ਹਨ ਅਤੇ ਸ਼ਬਦਾਂ ਨਾਲ ਨਫਰਤ ਕਰਦੇ ਕਰਦੇ ਉਸ ਬੋਲੀ ਦੇ ਲੋਕਾਂ ਨਾਲ ਵੀ ਨੱਕ ਬੁੱਲ ਚਾੜ੍ਹਦੇ ਆਪਣੀ ਤੰਗ ਬਿਰਤੀ ਦਾ ਪ੍ਰਗਟਾਵਾ ਕਰ ਜਾਂਦੇ ਹਨ। ਸਹਿਜ ਸੁਭਾਅ ਬੋਲੇ ਜਾਣ ਵਾਲੇ ਲੋਕਾਂ ਦੇ ਬੋਲਾਂ ਨੂੰ ਤੁਸੀਂ ਮੁੱਢੋਂ ਨਕਾਰ ਨਹੀਂ ਸਕਦੇ, ਇਹ ਉਨ੍ਹਾਂ ਲੋਕਾਂ ਦੇ ਜੀਵਨ ਦਾ ਅਤੇ ਆਪਣੇ ਤਾਲ ਮੇਲ ਤੇ ਇਕ



**ਕਲਵੰਤ ਸਿੰਘ ਸਹੋਤਾ**
ਫੋਨ: 604-589-5919

ਦੂਜੇ ਨੂੰ ਸਹਿਜ ਸੁਭਾਅ ਆਪਣੀ ਗੱਲ ਉਨ੍ਹਾਂ ਤੱਕ ਪਹੁੰਚਾਉਣ ਦਾ ਇੱਕ ਸਾਧਨ ਹੁੰਦਾ ਹੈ।

ਗੱਲ ਆਪਾਂ ਲਫਜ਼ਾਂ ਤੋਂ ਸ਼ੁਰੂ ਕੀਤੀ ਸੀ, ਮੁੜ ਉਧਰ ਹੀ ਆਉਂਦੇ ਹਾਂ। ਜੋ ਗੱਲ ਤੁਸੀਂ ਧੁਰ ਅੰਦਰੋਂ ਨਹੀਂ ਕਰਦੇ, ਉਹ ਦੂਜਿਆਂ ਦੇ ਮਨ ਨੂੰ ਭਾਉਣੀ ਨਹੀਂ; ਓਪਰੀ ਜਿਹੀ ਲੱਗੇਗੀ। ਜਿਹੜੀ ਗੱਲ ਤੁਸੀਂ ਲੋਕਾਂ ਦੇ ਤਜ਼ਰਬੇ ਤੇ ਸਹਿਜ ਸੁਭਾਅ ਬੋਲ ਚਾਲ ਦੇ ਤੌਰ ਤਰੀਕਿਆਂ ਅਤੇ ਆਮ ਪੱਧਰ 'ਤੇ ਹੁੰਦੀ ਗੱਲਬਾਤ ਤੋਂ ਹਜ਼ਮ ਨਹੀਂ ਕਰ ਸਕਦੇ, ਉਹ ਲੋਕ ਬੋਲੀ ਨਹੀਂ ਬਣ ਸਕਦੀ। ਲੋਕ ਬੋਲੀ ਉਹੀ ਹੁੰਦੀ ਹੈ, ਜਿਸ ਨੂੰ ਲੋਕ ਬੋਲਦੇ ਹੋਣ ਤੇ ਸਮਝਣ 'ਚ ਅੜਿੱਕਾ ਨਾ ਬਣੇ।

ਨਵੇਂ ਲਫਜ਼ ਘੜਨੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਪ੍ਰਚਲਿਤ ਕਰਨਾ ਚਾਹੀਦਾ ਹੈ। ਮਿਸਾਲ ਵਜੋਂ 'ਕੈਲੋਰੀਜ਼' (ਪੰਜਾਬੀ ਬੋਲਚਾਲ 'ਚ 'ਕੈਲਰੀਆਂ/ਕਰੋਲੀਆਂ') ਦਾ ਜ਼ਿਕਰ ਕਰਦਾ ਹਾਂ, ਇਹ ਸਰੀਰ ਨੂੰ ਚਲਦਾ ਰੱਖਣ ਲਈ, ਸਰੀਰ ਦੀ ਊਰਜਾ ਦੀ ਗਿਣਤੀ ਮਿਣਤੀ ਦਾ ਇੱਕ ਯੂਨਿਟ ਹੈ। ਜਿਵੇਂ ਇੰਨਾ ਚਿਰ ਦੌੜੇ ਤੇ ਇੰਨੀਆਂ ਕਰੋਲੀਆਂ ਲੂਹ ਹੋਣਗੀਆਂ; ਖਾਣੇ ਨੂੰ ਹਜ਼ਮ ਕਰਨ ਲਈ ਇੰਨੀਆਂ ਕਰੋਲੀਆਂ ਦੀ ਲੋੜ ਹੋਏਗੀ। ਇੰਜ ਹੀ ਖਾਣ-ਪੀਣ ਵਾਲੇ ਡੱਬਿਆਂ ਅਤੇ ਪੈਕਿਟਾਂ 'ਤੇ ਵੀ ਲਿਖਿਆ ਹੁੰਦਾ ਕਿ ਇਸ ਖਾਣੇ 'ਚ ਇੰਨੀਆਂ ਕਰੋਲੀਆਂ/ਕੈਲਰੀਆਂ ਹਨ।

ਮੈਨੂੰ ਯਾਦ ਹੈ, ਜਦੋਂ ਸਾਡੇ ਖੂਹ 'ਤੇ ਗੁੜ ਬਣਾਉਣ ਲਈ ਬੇਲਣਾ ਚਲਦਾ ਹੁੰਦਾ ਸੀ ਤਾਂ ਚੋਭਾ ਚੁੱਭੇ ਮੂਹਰੇ ਬੈਠਾ, ਕੜਾਹੇ 'ਚ ਉਬਲਦੀ ਗੰਨੇ ਦੇ ਰਸ ਥੱਲੇ ਖੋਰੀ ਦੇ ਬਾਲਣ ਦਾ ਝੋਕਾ ਦਿਆ ਕਰਦਾ ਸੀ, ਤਾਂ ਉਸ ਦੇ ਹੱਥ ਵਿਚ ਇਕ ਛੋਟੀ ਜਿਹੀ ਸੋਟੀ ਹੁੰਦੀ ਸੀ, ਜਿਸ ਨੂੰ ਕਰੋਲਣੀ ਕਹਿੰਦੇ ਸਨ। ਚੁੱਭੇ 'ਚ ਬਲਦੀ ਅੱਗ ਅਤੇ ਹੋਰ ਝੋਕੀ ਖੋਰੀ ਨੂੰ ਉਹ ਕਰੋਲਣੀ ਰੂਪੀ ਸੋਟੀ ਨਾਲ ਹਿਲਾ ਹਿਲਾ ਕੇ ਅੱਗ ਦੀ ਰਫਤਾਰ ਬਰਕਰਾਰ ਰੱਖਦਾ ਰਹਿੰਦਾ ਸੀ। ਆਖਿਰ ਹੌਲੀ ਹੌਲੀ ਉਹ ਕਰੋਲਣੀ ਚੁੱਭੇ ਦੀ ਅੱਗ ਨਾਲ ਘੁਲਦੀ ਆਪ ਵੀ ਲੂਹ ਹੋ ਹੋ ਕੇ ਛੋਟੀ ਹੋਈ ਜਾਂਦੀ ਸੀ, ਅਖੀਰ ਇੰਨੀ ਛੋਟੀ ਹੋ ਜਾਂਦੀ ਸੀ ਕਿ ਚੋਭਾ ਉਸ ਨੂੰ ਖੋਰੀ ਦੇ ਨਾਲ ਹੀ ਚੁੱਭੇ ਵਿਚ ਝੋਕ, ਖੂਹ ਦੇ ਬੰਜਰ 'ਚੋਂ ਹੀ ਤੂਤ ਦੇ ਦਰਖਤ ਨਾਲੋਂ ਹੋਰ ਛਿਟੀ ਤੋੜ ਨਵੀਂ ਕਰੋਲਣੀ ਬਣਾ ਲੈਂਦਾ ਸੀ।

ਗੱਲ ਤੁਰਦੀ ਤੁਰਦੀ ਕੈਲੋਰੀਜ਼ ਤੋਂ ਕਲੋਰੀਆਂ ਅਤੇ ਅੱਗੇ ਕਰੋਲੀਆਂ ਤੱਕ ਪੁੱਜ ਗਈ ਹੈ। ਕਰੋਲੀ ਕਿੱਥੋਂ ਆ ਗਈ? ਇੰਜ ਇਹ ਇੱਕ ਨਵੇਂ ਲਫਜ਼ ਦੀ ਉਤਪਤੀ ਹੋ ਗਈ ਹੈ। ਕੈਲੋਰੀਜ਼ ਤੋਂ ਕਲੋਰੀਆਂ ਤੇ ਅੱਗੇ ਕਲੋਰੀਆਂ ਤੋਂ ਕਰੋਲੀਆਂ ਪ੍ਰਚਲਿਤ ਕਰ ਦੇਣਾ ਵੀ ਗਲਤ ਨਹੀਂ, ਕਿਉਂਕਿ ਇਹ ਸਾਡੇ ਜੀਵਨ ਦੇ ਪਿਛੋਕੜ ਨਾਲ ਜੁੜਿਆ ਹੈ। ਇਸ ਲਫਜ਼ ਨੂੰ ਰੋਜ਼ਾਨਾ ਬੋਲੀ ਦੀ ਵਰਤੋਂ 'ਚ ਲਿਆਉਣਾ ਕੋਈ ਹੀਣ-ਭਾਵਨਾ ਵਾਲੀ ਗੱਲ ਨਹੀਂ।

ਸਾਡਾ ਘਰ ਪਿੰਡ ਦੇ ਬਾਹਰ ਵਾਰ ਹੁੰਦਾ ਸੀ। ਆਉਂਦਾ ਜਾਂਦਾ ਰਾਹੀ ਪਾਂਧੀ ਖੁੱਲ੍ਹੀ ਡਿਉਢੀ ਤੇ ਨਿੰਮ ਦੀ ਸੰਘਣੀ ਛਾਂ ਥੱਲੇ ਬੈਠ ਦਮ ਲੈ, ਲੱਸੀ ਪਾਣੀ ਪੀ, ਦੋ ਘੜੀਆਂ ਆਰਾਮ ਕਰ ਕੇ ਜਾਇਆ ਕਰਦਾ ਸੀ। ਉਸੇ ਪਾਸੇ ਸਾਡੇ ਲਾਗਲੇ ਪਿੰਡ ਸਰਕਾਰੀ ਹਸਪਤਾਲ ਵੀ ਸੀ ਅਤੇ ਸਾਡੇ ਪਿੰਡ ਦੇ ਮਸ਼ਹੂਰ, ਫੌਜ ਤੋਂ ਸੇਵਾ ਮੁਕਤ ਡਾਕਟਰ ਰੱਖਾ ਰਾਮ ਦੀ ਆਪਣੀ ਪ੍ਰੈਕਟਿਸ ਵੀ ਉਸੇ ਪਿੰਡ ਵਿਚ ਹੀ ਸੀ। ਇਲਾਕੇ 'ਚ ਉਹ ਡਾਕਟਰ ਆਪਣੀ ਕਾਬਲੀਅਤ ਕਰ ਕੇ ਬਹੁਤ ਮਾਣ-ਸਤਿਕਾਰ ਰੱਖਦਾ ਸੀ। ਅਕਸਰ ਹੀ ਸਾਡੇ ਪਿੰਡੋਂ ਬਿਰਧ ਮਾਈਆਂ-ਬੀਬੀਆਂ ਜਦੋਂ ਕਿਸੇ ਬਿਮਾਰੀ ਕਾਰਨ, ਚਾਹੇ ਉਨ੍ਹਾਂ ਸਰਕਾਰੀ ਹਸਪਤਾਲ ਜਾਣਾ ਜਾਂ ਡਾਕਟਰ ਰੱਖਾ ਰਾਮ ਕੋਲ ਜਾਣਾ ਤਾਂ ਮੁੜਦੀਆਂ ਜਦੋਂ ਕਈ ਵਾਰੀ ਸਾਡੇ ਘਰੇ ਰੁਕਣਾ ਤਾਂ ਮੇਰੀ ਮਾਂ ਨੂੰ ਕਹਿਣਾ, ਬੀਬੀ ਜੀ ਮੈਨੂੰ ਕਈ ਦਿਨਾਂ ਦਾ ਬੁਖਾਰ ਚੜ੍ਹਦਾ ਸੀ, ਮੈਂ ਡਾਕਖਾਨੇ ਗਈ ਸੀ, ਡਾਕਦਾਰ ਤੋਂ ਦੁਆਈ ਲੈ ਕੇ ਆਈ ਹਾਂ। ਉਹ ਸਾਡੇ ਪਿੰਡ ਵਾਲੀਆਂ ਪੂਰੀ ਉਮਰ ਭੋਗ ਕੇ ਗਈਆਂ ਮਾਈਆਂ ਬੀਬੀਆਂ ਨੇ ਕਦੇ ਹਸਪਤਾਲ ਨਹੀਂ ਸੀ ਕਿਹਾ, ਸਗੋਂ ਹਸਪਤਾਲ ਨੂੰ ਡਾਕਖਾਨਾ ਤੇ ਡਾਕਟਰ ਨੂੰ ਡਾਕਦਾਰ ਹੀ ਕਹਿੰਦਿਆਂ ਸਾਰੀ ਉਮਰ ਲੰਘਾ ਦਿੱਤੀ।

ਗੱਲ ਲਫਜ਼ਾਂ ਦੇ ਬਣਤਰ ਦੀ ਸ਼ੁਰੂ ਹੋਈ ਸੀ; ਸਹਿਜ ਸੁਭਾਅ ਲੋਕ ਬੋਲੀ 'ਚ ਡਾਕਟਰ ਨਾਲੋਂ ਡਾਕਦਾਰ ਕਹਿਣਾ ਸੌਖਾ ਲੱਗਦਾ ਸੀ, ਤੇ ਜਿੱਥੇ ਡਾਕਟਰ ਬੈਠਦਾ ਸੀ, ਚਾਹੇ ਉਹ ਸਰਕਾਰੀ ਹਸਪਤਾਲ ਸੀ ਜਾਂ ਰੱਖਾ ਰਾਮ ਦੀ ਕਲੀਨਿਕ, ਉਨ੍ਹਾਂ ਉਸ ਨੂੰ ਡਾਕਖਾਨਾ ਹੀ ਕਹਿਣਾ। ਹੁਣ ਦੇਖੋ, ਆਮ ਲੋਕ ਬੋਲੀ ਵਿਚ ਡਾਕਦਾਰ ਤੇ ਡਾਕਖਾਨਾ ਹੀ ਪ੍ਰਚਲਿਤ ਰਿਹਾ। ਆਪਣੇ ਬਚਪਨ ਤੋਂ ਲੈ ਕੇ ਕੈਨੇਡਾ ਆਉਣ ਤੱਕ ਜਿੰਨਾ ਚਿਰ ਮੈਂ ਪਿੰਡ ਰਿਹਾ, ਡਾਕਟਰ ਨੂੰ ਡਾਕਦਾਰ ਤੇ ਹਸਪਤਾਲ ਨੂੰ ਡਾਕਖਾਨਾ ਹੀ ਸੁਣਦਾ ਰਿਹਾ, ਇਸ ਕਰਕੇ ਕਿ ਆਮ ਸਹਿਜ ਭਾਸ਼ਾ 'ਚ ਇਹ ਪ੍ਰਵਾਨ ਹੋ ਚੁਕਾ ਸੀ, ਲੋਕ ਭਾਸ਼ਾ 'ਚ ਇਹ ਲਫਜ਼ ਘਰ ਕਰ ਗਏ ਸਨ ਤੇ ਪੰਜਾਬੀ ਭਾਸ਼ਾ ਦੀ ਉਤਪਤੀ ਲਈ ਇਹ ਇੱਕ ਨਿੱਗਰ ਯੋਗਦਾਨ ਸੀ।

ਇਸੇ ਪ੍ਰਥਾਏ ਮੈਂ ਇੱਕ ਹੋਰ ਮਿਸਾਲ ਦਿੰਦਾ




ਹਾਂ। ਮੈਂ ਛੋਟਾ ਜਿਹਾ ਸਾਂ, ਆਪਣੇ ਨਾਨਕੇ ਗਿਆ ਹੋਇਆ। ਨਾਨਕੇ ਮੇਰੇ ਪੰਜਾਬ ਤੋਂ ਜ਼ਮੀਨ ਵੇਚ ਕੇ ਯੂ. ਪੀ. ਚਲੇ ਗਏ ਸਨ, ਜਿੱਥੇ ਕੁਝ ਰਿਸ਼ਤੇਦਾਰ ਇਕੱਠੇ ਹੋ ਕੇ ਸਾਂਝੀ ਜ਼ਮੀਨ ਖਰੀਦ, ਕੋਆਪਰੇਟਿਵ ਫਾਰਮ ਬਣਾ ਕੇ ਸਾਂਝੀ ਖੇਤੀ ਕਰਨ ਲੱਗੇ। ਸਾਡੇ ਤਾਂ ਪਿੰਡ ਬਲਦਾਂ ਨਾਲ ਖੇਤੀ ਹੁੰਦੀ ਸੀ, ਯੂ. ਪੀ. ਮੇਰੇ ਨਾਨਕਿਆਂ ਦੇ ਸਾਂਝੇ ਫਾਰਮ 'ਚ ਕਈ ਟਰੈਕਟਰ ਸਨ। ਟਰੈਕਟਰ ਮੇਰੇ ਲਈ ਬੜੀ ਅਚੰਭੇ ਵਾਲੀ ਗੱਲ ਸੀ। ਮੇਰੇ ਮਾਮਾ ਜੀ ਪਹਿਲਾਂ ਅੰਗਰੇਜ਼ਾਂ ਦੀ ਫੌਜ ਵਿਚ ਸਨ, ਫਿਰ ਪੰਜਾਬ ਪੁਲਿਸ ਵਿਚ ਥਾਣੇਦਾਰ ਲੱਗ ਗਏ; ਜਦੋਂ ਯੂ. ਪੀ. ਜ਼ਮੀਨ ਲਈ ਤਾਂ ਪੁਲਿਸ ਦੀ ਨੌਕਰੀ ਛੱਡ ਕੇ ਨਵੀਂ ਲਈ ਜ਼ਮੀਨ 'ਚ ਖੇਤੀ ਕਰਨ ਜਾ ਲੱਗੇ। ਊਠ ਜਿੱਡਾ ਉਚਾ ਉਨ੍ਹਾਂ ਕੋਲ ਇੱਕ ਕੇਸ ਟਰੈਕਟਰ ਵੀ ਸੀ; ਚੀਕਣੀ ਮਿੱਟੀ 'ਚ ਝੋਨਾ ਲਾਉਣ ਲਈ ਕੱਦੂ ਕਰਨ ਅਤੇ ਨਵੀਂ ਜੰਗਲ ਕੱਟ ਕੇ ਅਬਾਦ ਹੋ ਰਹੀ ਜ਼ਮੀਨ ਨੂੰ ਵਾਹੁਣ ਤੇ ਪੱਧਰੀ ਕਰਨ ਲਈ ਬਹੁਤ ਤਾਕਤਵਰ ਸੀ ਉਹ ਟਰੈਕਟਰ। ਇੱਕ ਦਿਨ ਖੁੱਲ੍ਹੇ ਘਰ ਦੇ ਵਿਹੜੇ 'ਚ ਖੜ੍ਹੇ ਕੇਸ ਟਰੈਕਟਰ ਦੇ ਮੂਹਰਲੇ ਖੱਬੇ ਟਾਇਰ 'ਚ ਹਵਾ ਨਿਕਲੀ ਦੇਖ ਮੈਂ ਨੱਠਾ ਨੱਠਾ ਆਪਣੇ ਮਾਮੇ ਕੋਲ ਗਿਆ ਤੇ ਕਿਹਾ, "ਮਾਮਾ ਜੀ, ਆਪਣੇ ਟਰੈਕਟਰ ਦੇ ਪੜ੍ਹਏ 'ਚੋਂ ਹਵਾ ਨਿਕਲ ਗਈ।" ਅੱਗੋਂ ਸੁਣ ਕੇ ਮਾਮਾ ਜੀ ਗੁੱਸੇ ਨਾਲ ਬੋਲੇ, "ਓਏ ਤੈਨੂੰ ਪਤਾ ਨਹੀਂ ਪੜ੍ਹਆ ਨਹੀਂ ਕਹੀਦਾ; ਤੂੰ ਪਹੀਆ ਕਹਿ ਦੇ ਜਾਂ ਟਾਇਰ ਕਹਿ ਦੇ।" ਉਦੋਂ ਮੈਨੂੰ ਕੋਈ ਪਤਾ ਨਾ ਲੱਗਾ ਕਿ ਮਾਮਾ ਜੀ ਨੂੰ ਪੜ੍ਹਆ ਸੁਣ ਕੇ ਕਿਉਂ ਗੁੱਸਾ ਆ ਗਿਆ, ਮੈਂ ਤਾਂ ਉਦੋਂ ਤੱਕ ਹਰ ਘੁੰਮਣ ਵਾਲੇ ਗੋਲ ਚੱਕਰ ਨੂੰ ਪੜ੍ਹਆ ਹੀ ਸਮਝਦਾ ਸਾਂ, ਚਾਹੇ ਉਹ ਪੜ੍ਹਆ ਰੇਲ ਗੱਡੀ ਦਾ ਹੋਵੇ, ਚਾਹੇ ਬੱਸ ਦਾ, ਸਾਈਕਲ ਦਾ ਜਾਂ ਗੱਡੇ ਦਾ।

ਜਦੋਂ ਅਸੀਂ ਆਪਣੀ ਅਮੀਰ ਬੋਲੀ, ਲਫਜ਼ਾਂ ਤੇ ਸੱਭਿਆਚਾਰ ਤੋਂ ਮੁੱਖ ਮੋੜ ਬਣਾਉਟੀ ਲਹਿਜੇ 'ਚ ਵਿਚਰਨ ਲਗਦੇ ਹਾਂ ਤਾਂ ਆਪਣੀ ਮਾਤ ਭਾਸ਼ਾ ਨਾਲ ਧੋਖੇ ਵਾਲੀ ਗੱਲ ਹੈ। ਨਵੇਂ ਲਫਜ਼ ਬਣਾਉਣੇ, ਘੜਨੇ ਤੇ ਪ੍ਰਚਲਿਤ ਕਰਦੇ ਰਹਿਣਾ ਚਾਹੀਦਾ ਹੈ; ਇਨ੍ਹਾਂ ਨੂੰ ਵੱਧ ਤੋਂ ਵੱਧ ਵਰਤੋਂ 'ਚ ਲਿਆ ਕੇ ਆਮ ਲੋਕਾਂ ਦੀ ਭਾਸ਼ਾ ਦਾ ਅੰਗ ਬਣਾਉਣਾ ਚਾਹੀਦਾ ਹੈ।

ਮੇਰੇ ਮਾਸੜ ਜੀ ਕੋਰੇ ਅਨਪੜ੍ਹ ਸਨ, ਦਿਮਾਗ ਬੜਾ ਸ਼ਾਤਰ ਸੀ। ਉਹ ਕਾਮਯਾਬ ਕਿਸਾਨ ਸਨ, ਪਰ ਸਦਾ ਹੀ ਮੈਗਨਟ ਨੂੰ ਮੇਘਨਾਥ ਹੀ ਕਹਿਣਾ। ਜਦੋਂ ਕਦੇ ਟਰੈਕਟਰ ਦਾ ਆਲਟਰਨੇਟਰ (ਡੈਨਮੋ) ਕੰਮ ਨਾ ਕਰਨਾ ਤਾਂ ਉਨ੍ਹਾਂ ਕਹਿਣਾ ਟਰੈਕਟਰ ਦਾ ਮੇਘਨਾਥ ਖਰਾਬ ਹੋ ਗਿਆ। ਆਲਟਰਨੇਟਰ ਜਦੋਂ ਇੰਜਨ ਨਾਲ ਘੁੰਮਦਾ ਹੈ ਤਾਂ ਚੁੰਬਕੀ ਸ਼ਕਤੀ ਨਾਲ ਬਿਜਲੀ ਪੈਦਾ ਹੁੰਦੀ ਹੈ, ਜੋ ਟਰੈਕਟਰ ਦੀ ਬੈਟਰੀ ਨੂੰ ਚਾਰਜ ਕਰੀ ਰੱਖਦੀ ਹੈ।

ਇਸੇ ਲਹਿਜੇ 'ਚ ਹੀ ਮੇਰੇ ਬੀਬੀ ਜੀ ਨੇ ਸਰਟੀਫਿਕੇਟ ਨੂੰ ਸਾਦੀਫਿਟਕ ਹੀ ਕਿਹਾ ਅਤੇ ਲੈਕਚਰ ਨੂੰ ਲਸ਼ਕਰ। ਖਹਿਣਾ, ਫਲਾਣੇ ਲੀਡਰ ਨੇ ਬਹੁਤ ਵਧੀਆ ਲਸ਼ਕਰ ਕੀਤਾ। ਜਦੋਂ ਮੈਂ ਪ੍ਰਾਇਮਰੀ ਸਕੂਲ ਪੜ੍ਹਦਾ ਸਾਂ ਤਾਂ ਸਾਲਾਨਾ ਜਮਾਤ ਪਾਸ ਕਰਨ ਉਪਰੰਤ ਘਰ ਆ ਕੇ ਦੱਸਣਾ ਕਿ ਬੀਜੀ ਮੈਂ ਪਾਸ ਹੋ ਗਿਆ ਤਾਂ ਲਗਦੇ ਈ ਹੱਥ ਉਨ੍ਹਾਂ ਮੈਨੂੰ ਪੁੱਛਣਾ ਕਿ ਪੁੱਤ ਤੈਨੂੰ ਸਾਦੀਫਿਟਕ ਵੀ ਮਿਲਿਆ?

ਦੇਖੋ ਰੂਸੀ ਲੀਡਰਾਂ ਦੇ ਨਾਉਂ ਕਿਵੇ ਪੰਜਾਬੀ ਨਾਂਵਾਂ ਨਾਲ ਨੇੜਿਓਂ ਢੁਕਦੇ ਹਨ। ਮੀਖੇਲ ਗਾਰਬਚਵ ਨੂੰ ਮਿਲਖਾ ਗੁਰਬਚਨ ਕਹੋ, ਬੋਰਿਸ ਜੈਲਸਨ ਨੂੰ ਬੋਰਿਸ ਜੁਆਲਾ ਸਿੰਘ ਜਾਂ ਜੈਲ ਸਿੰਘ ਕਹੀਏ ਅਤੇ ਪੂਤਨ ਨੂੰ ਪੂਤਨ ਹੀ ਭਾਵ ਪੁੱਤ। ਇੱਥੇ ਮੈਂ ਆਪਣੇ ਪਿੰਡ ਦਾ ਜ਼ਿਕਰ ਕਰਦਾਂ, ਸਾਡੇ ਪਿੰਡ ਇੱਕ ਮਾਈ ਸੀ, ਜਿਸ ਦਾ ਨਾਂ ਸੀ ਫੂਲਬੰਤੀ; ਉਹ ਯੂ. ਪੀ. ਜਾਂ ਸ਼ਾਇਦ ਬਿਹਾਰ ਤੋਂ ਸੀ। ਹਿੰਦੀ ਤੇ ਪੰਜਾਬੀ ਉਹ ਰਲਾ ਕੇ ਬੋਲਦੀ ਸੀ। ਉਸ ਦਾ ਇਕਲੌਤਾ ਪੁੱਤ ਸੀ ਮਿਹਰ ਸਿੰਘ, ਉਹ ਚੋਟੀ ਦਾ ਅਮਲੀ ਸੀ; ਸ਼ਰਾਬ, ਡੋਡੇ, ਅਫੀਮ ਉਹ ਰੱਜ ਕੇ ਛਕਦਾ ਸੀ। ਜਦੋਂ ਮਿਹਰ ਸਿੰਘ ਨੇ ਸਮੇਂ ਸਿਰ ਘਰ ਨਾ ਆਉਣਾ ਤਾਂ ਫੂਲਬੰਤੀ ਨੇ ਗਲੀ ਗਲੀ ਉਸ ਨੂੰ ਲੱਭਦੇ ਫਿਰਨਾ, ਜੋ ਵੀ ਕੋਈ ਉਸ ਨੂੰ ਰਸਤੇ 'ਚ ਟੱਕਰੇ ਤਾਂ ਉਸ ਡੌਰ ਭੌਰ ਹੋਈ ਨੇ ਪੁੱਛਣਾ, ਮੇਰਾ ਪੂਤਨ ਦੇਖਿਆ ਕਿਤੇ? ਮੇਰਾ ਪੂਤਨ ਮਿਹਰ ਸਿੰਘ ਦੇਖਿਆ ਕਿਸੇ? ਹੁਣ ਜਦੋਂ ਵੀ ਮੈਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਨ ਦਾ ਨਾਉਂ ਸੁਣਦਾਂ ਤਾਂ ਮੈਨੂੰ ਮਾਈ ਫੂਲਬੰਤੀ ਤੇ ਉਸ ਦਾ ਅਮਲੀ ਪੁੱਤਰ ਮਿਹਰ ਸਿੰਘ ਯਾਦ ਆ ਜਾਂਦੇ ਹਨ।

ਸਰਲ ਪੰਜਾਬੀ 'ਚ ਗੱਲ ਕਰਦਿਆਂ ਅਮਰੀਕਾ ਦੀ ਦੱਖਣੀ ਸਟੇਟ ਲੂਈਜ਼ੀਆਨਾ ਨੂੰ ਲੁਸੀਆਣਾ, ਉੱਤਰੀ ਪੱਛਮੀ ਸਟੇਟ ਵਾਸ਼ਿੰਗਟਨ ਦੇ ਸ਼ਹਿਰਾਂ ਬੈਲਿੰਹਗਮ ਨੂੰ ਬਲੰਘਮ ਅਤੇ ਸਿਆਟਲ ਨੂੰ ਸੈਟਲ ਕਹਿਣਾ ਸੌਖਾ ਤੇ ਆਸਾਨ ਲਗਦਾ ਹੈ। ਕੋਵਿਡ-19 ਵਾਇਰਸ, ਜਿਸ ਦੀ ਮਾਰ ਦੀ ਮਹਾਮਾਰੀ ਨੇ ਸਾਰੀ ਦੁਨੀਆਂ 'ਚ ਪਰਲੋ ਲਿਆ ਰੱਖੀ ਹੈ, ਇਸ ਨੂੰ ਵੀ ਕੋਵਿਦ ਜਾਂ ਕੁਵਿੱਧ ਬੋਲਣਾ ਪੰਜਾਬੀ ਜ਼ਬਾਨ 'ਚ ਸਰਲ ਜਾਪਦਾ ਹੈ। ਵੈਸੇ ਵੀ ਕੋਵਿਡ-19 ਵਾਇਰਸ ਨੇ ਸਾਰੀ ਦੁਨੀਆਂ ਨੂੰ ਕੁਵਿੱਧੀ 'ਚ ਫਸਾਇਆ ਹੋਇਆ ਹੈ, ਭਾਵ ਬਿਪਤਾ ਪਾਈ ਹੋਈ ਹੈ ਅਤੇ ਤਰਥੱਲ ਮਚਿਆ ਪਿਆ ਹੈ। ਸੋ ਕੋਵਿਡ ਤੋਂ ਕੋਵਿਦ, ਕੋਵਿਦ ਤੋਂ ਕੁਵਿੱਧ; ਅੱਗੋਂ ਆਪਣੇ ਆਪ ਹੀ ਕੁਵਿੱਧੀ ਨਾਲ ਆ ਜੁੜਦਾ ਹੈ।

ਹੋਰ ਦੇਖੋ! ਰੇਲਵੇ ਸਟੇਸ਼ਨ ਤੋਂ ਰੇਲਵੇ ਟੇਸ਼ਣ ਅਤੇ ਹੌਸਪੀਟਲ ਤੋਂ ਹਸਪਤਾਲ ਬਣਿਆ। ਇਹ ਤਾਂ ਕੁਝ ਕੁ ਹੀ ਮਿਸਾਲਾਂ ਹਨ, ਬਾਕੀ ਹਜ਼ਾਰਾਂ ਲਫਜ਼ ਹੋਰ ਹਨ, ਜੋ ਥੋੜਾ ਬਹੁਤਾ ਕੰਨੇ ਬਿੰਦੀ ਦਾ ਫਰਕ ਪਾ ਕੇ ਪੰਜਾਬੀ ਭਾਸ਼ਾ ਦੇ ਲਫਜ਼ਾਂ ਵਿਚ ਸਮੋ ਹੋ ਗਏ ਹਨ। ਭਾਵੇਂ ਇਸ ਲੇਖ 'ਚ ਮੈਂ ਗੱਲ ਪੰਜਾਬੀ ਭਾਸ਼ਾ ਦੇ ਲਫਜ਼ਾਂ ਦੀ ਹੀ ਕੀਤੀ ਹੈ, ਪਰ ਬਾਕੀ ਦੁਨੀਆਂ ਦੀਆਂ ਭਾਸ਼ਾਵਾਂ 'ਚ ਵੀ ਇਵੇਂ ਹੀ ਨਵੇਂ ਲਫਜ਼ ਘੜੇ ਤੇ ਸਮੋਏ ਜਾਂਦੇ ਹਨ। ਦੇਖੋ ਜਿਵੇਂ ਅਸੀਂ ਅੰਗਰੇਜ਼ੀ ਦਾ ਲਫਜ਼ ਸਕੂਲ, ਪੰਜਾਬੀ 'ਚ ਵੀ ਸਕੂਲ ਹੀ ਅਪਨਾ ਲਿਆ ਹੈ, ਇਵੇਂ ਹੀ ਅੰਗਰੇਜ਼ੀ ਨੇ ਭੀ ਪੰਜਾਬੀ ਤੇ ਹਿੰਦੀ ਭਾਸ਼ਾਵਾਂ ਸਮੇਤ ਬਹੁਤ ਸਾਰੇ ਲਫਜ਼ ਜਿਉਂ ਦੇ ਤਿਉਂ ਹੀ ਪ੍ਰਚਲਿਤ ਕਰ ਲਏ ਹਨ। ਮਿਸਾਲ ਵਜੋਂ ਪਜਾਮਾ, ਵਰਾਂਡਾ, ਪੰਡਤ, ਗੁਰੂ, ਖਾਕੀ, ਕਰਮ, ਕਿਸਮਤ ਇਤਿਆਦਿ। ਦੂਜੀਆਂ ਭਾਸ਼ਾਵਾਂ ਦੇ ਲਫਜ਼ ਆਪਣੇ 'ਚ ਸਮੋ ਕੇ ਅਤੇ ਵਰਤ ਕੇ ਭਾਸ਼ਾਵਾਂ ਵੱਧ ਨਿੱਗਰ ਤੇ ਨਰੋਈਆਂ ਬਣਦੀਆਂ ਹਨ, ਨਾ ਕਿ ਕਮਜ਼ੋਰ; ਸੋ ਇਸ ਸਭ ਕਾਸੇ ਦੇ ਮੱਦੇਨਜ਼ਰ ਦੂਜੀਆਂ ਭਾਸ਼ਾਵਾਂ ਦੇ ਲਫਜ਼ਾਂ ਨੂੰ ਆਪਣੀ ਜ਼ਬਾਨ ਦੇ ਪਲਟਾ ਅਨੁਸਾਰ ਥੋੜ੍ਹਾ ਬਦਲ ਕੇ ਅਪਨਾ ਲੈਣਾ ਗਲਤ ਨਹੀਂ, ਸਗੋਂ ਕੁਦਰਤ ਦੇ ਨਿਯਮ ਮੁਤਾਬਕ ਦਰੁਸਤ ਹੈ।

ਦੁਨੀਆਂ 'ਚ ਹਜ਼ਾਰਾਂ ਹੀ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਨਵੇਂ ਲਫਜ਼ ਘੜਦੇ ਤੇ ਪ੍ਰਚਲਿਤ ਕਰਦੇ ਰਹਿਣਾ ਚਾਹੀਦਾ ਹੈ। ਇਹ ਕਦੇ ਵੀ ਨਾ ਸੋਚੀਏ ਕਿ ਫਲਾਣਾ ਕੀ ਕਹੇਗਾ? ਹਜ਼ਾਰਾਂ ਹੀ ਭਾਸ਼ਾਵਾਂ ਬੋਲਣ ਵਾਲੇ ਲੱਖਾਂ ਹੀ ਵੱਖੋ ਵੱਖਰੇ ਲੋਕ ਕਦੇ ਇਹ ਨਹੀਂ ਸੋਚਦੇ ਕਿ ਹੋਰ ਉਨ੍ਹਾਂ ਬਾਰੇ ਕੀ ਸੋਚਦੇ ਹੋਣਗੇ! ਹਰ ਭਾਸ਼ਾ ਆਪੋ ਆਪਣੇ ਥਾਂ ਅਹਿਮ ਹੈ। ਪੰਜਾਬੀ ਨੂੰ ਵੀ ਆਉਣ ਵਾਲੀਆਂ ਪੀੜ੍ਹੀਆਂ ਲਈ ਜ਼ਿੰਦਾ ਤੇ ਨਰੋਈ ਰੱਖਣ ਲਈ ਇਸ ਨੂੰ ਰੋਜ਼ਾਨਾ ਜੀਵਨ ਦੇ ਬੋਲ ਚਾਲ 'ਚ ਵਰਤਦੇ ਰਹਿਣਾ ਚਾਹੀਦਾ ਹੈ-ਘਰਾਂ 'ਚ ਬੱਚਿਆਂ ਨਾਲ ਪੰਜਾਬੀ 'ਚ ਗੱਲਬਾਤ ਕਰਨ ਦਾ ਵਤੀਰਾ/ਰੁਝਾਨ ਉਤਸ਼ਾਹਤ ਕਰਨਾ ਚਾਹੀਦਾ ਹੈ।

ਦੂਜੀਆਂ ਭਾਸ਼ਾਵਾਂ ਵੀ ਸਿੱਖਣੀਆਂ ਚਾਹੀਦੀਆਂ ਹਨ, ਪਰ ਆਪਣੀ ਮਾਂ ਬੋਲੀ ਪੰਜਾਬੀ ਨੂੰ ਵਿਸਾਰ ਕੇ ਨਹੀਂ। ਸਾਡੀ ਸ਼ਖਸੀਅਤ ਵੀ ਤਦੇ ਪ੍ਰਭਾਵਸ਼ਾਲੀ, ਨਿੱਗਰ ਤੇ ਪਾਏਦਾਰ ਬਣੇਗੀ, ਜੇ ਅਸੀਂ ਆਪਣੀ ਮਾਂ ਬੋਲੀ ਪੰਜਾਬੀ ਅਤੇ ਪੰਜਾਬੀ ਕਲਚਰ 'ਤੇ ਫਖਰ ਕਰਦਿਆਂ ਮਾਣ ਨਾਲ ਇਹ ਅੰਦਰ ਵਸਾਈਏ ਕਿ ਪੰਜਾਬੀ ਭਾਸ਼ਾ ਬੜੀ ਅਮੀਰ ਭਾਸ਼ਾ ਹੈ ਅਤੇ ਅਸੀਂ ਵਡਭਾਗੇ ਹਾਂ, ਜਿਨ੍ਹਾਂ ਦੀ ਮਾਤ ਭਾਸ਼ਾ ਪੰਜਾਬੀ ਹੈ।

---

# ਚੰਗਾ ਲੱਗਦਾ ਹੈ...

*(ਪਿਛਲੇ ਸਫੇ ਦੀ ਬਾਕੀ)*

ਹੀ ਘਰ ਵੱਸਦੇ।

ਚੰਗਾ ਲੱਗਦਾ ਹੈ ਅਰਥਹੀਣ ਸ਼ਬਦਾਂ ਨੂੰ, ਜਦ ਇਸ ਵਿਚ ਅਰਥਾਂ ਦੇ ਜੁਗਨੂੰ ਟਿਮਟਿਮਾਉਂਦੇ। ਕਿਸੇ ਮਨਮਸਤਕ ਵਿਚ ਗਿਆਨ ਦੀ ਕਾਤਰ ਟਿਕਾਉਂਦੇ। ਹਨੇਰਿਆਂ ਨੂੰ ਹੂੰਝ, ਚਾਨਣ-ਵਿਛਾਈ ਕਰਦੇ ਅਤੇ ਰਾਹਾਂ ਨੂੰ ਮੰਜ਼ਿਲ-ਪ੍ਰਾਪਤੀ ਦਾ ਸ਼ਿਲਾਲੇਖ ਬਣਾਉਂਦੇ।

ਚੰਗਾ ਲੱਗਦਾ ਹੈ ਚਿਰਾਗਹੀਣ ਬਨੇਰੇ ਨੂੰ, ਜਦ ਇਸ ਦੇ ਮੁੱਖ 'ਤੇ ਮੋਮਬੱਤੀਆਂ ਦੀ ਡਾਰ, ਚਾਨਣ ਦੀ ਸੱਦ ਲਾਉਂਦੀ। ਇਹ ਧੁੱਪ-ਰੰਗਾ ਚਾਨਣ ਹੌਲੀ ਹੌਲੀ ਪੌੜੀਆਂ ਉਤਰਦਾ ਵਿਹੜੇ ਅਤੇ ਘਰ ਨੂੰ ਰੁਸ਼ਨਾਉਂਦਾ। ਚੰਗਾ ਲੱਗਦਾ ਹੈ ਬਦਹਵਾਸੀ ਪੌਣ ਨੂੰ, ਜਦ ਕੋਈ ਤਾਜੀ ਅਤੇ ਸੁਗੰਧਤ ਹਵਾ ਦਾ ਬੁੱਲਾ ਇਸ ਦੀ ਜੂਹੇ ਫੇਰੀ ਪਾਉਂਦਾ।

ਚੰਗਾ ਲੱਗਦਾ ਹੈ ਵਿਯੋਗੀ ਨੂੰ, ਕਿਸੇ ਦਾ ਸਹਿਲਾਉਣਾ ਤੇ ਗਲ ਨਾਲ ਲਾਉਣਾ। ਤਲਿਸਮੀ ਖਾਮੋਸ਼ੀ ਵਿਚ ਸੰਦਲੀ ਬਹਾਰਾਂ ਦੀ ਆਮਦ ਨੂੰ ਜੀਵਨ-ਦਰ 'ਤੇ ਕਿਆਸਣਾ ਅਤੇ ਸੁਹਜਮਈ ਸੋਚਾਂ ਨੂੰ ਸਤਰੰਗੀ ਆਭਾ ਵਿਚ ਰੰਗਣਾ।

ਕਲਮ ਤਾਂ ਸੋਚਦੀ ਰਹਿੰਦੀ ਕਿ
ਬੜਾ ਚੰਗਾ ਲੱਗਦਾ ਹੈ
ਅੰਬਰ ਦੇ ਵਿਹੜੇ ਵਿਚ
ਤਾਰਿਆਂ ਦੀ ਫਸਲ ਉਗਾਉਣਾ
ਬੱਦਲਾਂ ਦੇ ਪਿੰਡੇ ਉਤੇ
ਵਾਸ਼ਪਾਂ ਦੀ ਕੀਰਤੀ ਦਾ
ਨਿਵੇਕਲਾ ਹੀ ਨਕਸ਼ ਬਣਾਉਣਾ।

ਬਹੁਤ ਚੰਗਾ ਲੱਗਦਾ ਹੈ
ਸਾਹੀਂ ਵੱਸੇ ਹਾਵਿਆਂ ਦੀ
ਮਰਜਾਣੀ ਸਾਂਝ ਨੂੰ ਮਿਟਾਉਣਾ
ਹੰਝੂਆਂ ਨਾਲ ਕੀਤੇ ਹੋਏ
ਫਿਕੜੀ ਜਿਹੀ ਰੰਗ-ਜੂਹੇ
ਸੂਹਾ ਰੰਗ ਹਾਸਿਆਂ ਦਾ ਲਾਉਣਾ।

ਬਹੁਤ ਚੰਗਾ ਲੱਗਦਾ ਹੈ
ਦਰਦਾਂ ਦੇ ਮੁੱਢ ਬਹਿ ਕੇ
ਹੌਲੇ ਹੌਲੇ ਚੁੱਪ ਸਹਿਲਾਉਣਾ
ਸੁੰਨੇ ਸੁੰਨੇ ਵਕਤਾਂ ਦੀ
ਸੁੰਨ ਹੋਈ ਵਾਰਤਾ ਨੂੰ
ਕੋਸੇ ਬੋਲਾਂ ਰਲ ਕੇ ਬੁਲਾਉਣਾ।

ਚੰਗਾ ਚੰਗਾ ਲੱਗਦਾ ਹੈ
ਅਰਥਹੀਣ ਵਾਅ ਦੇ ਪਿੰਡੇ
ਕਰਮ ਦਾ ਭਾਵ ਉਪਜਾਣਾ
ਮੁੱਦਤਾਂ ਦੀਆਂ ਰੁੱਸੀਆਂ
ਮਹਿਕੀਲੀਆਂ ਫਿਜ਼ਾਵਾਂ ਨੂੰ
ਮਸਤਕ ਦੀ ਵਾਦੀਏ ਫੈਲਾਉਣਾ।

ਬਹੁਤ ਚੰਗਾ ਲੱਗਦਾ ਹੈ
ਸਹਿਕਦੇ ਦਰਿਆਵਾਂ ਨੂੰ
ਹੋਂਦ ਦਾ ਅਹਿਸਾਸ ਕਰਾਉਣਾ
ਭੁੱਲ ਚੁੱਕਾ ਚੇਤਿਆਂ 'ਚੋਂ
ਰਹਿਮਤਾਂ ਦਾ ਰਾਗ
ਸੋਚ-ਬਰੂਹੀਂ ਉਕਰਾਉਣਾ।

ਚੰਗਾ ਚੰਗਾ ਲੱਗਦਾ ਹੈ
ਹੱਥ ਦੀਆਂ ਰੇਖਾਵਾਂ ਨੂੰ
ਰੱਟਣਾਂ ਦੀ ਭਾਸ਼ਾ ਬਣਾਉਣਾ
ਤੁਰਨ ਤੋਂ ਆਕੀ ਪੈਰੀਂ
ਫੱਟੀਆਂ ਬਿਆਈਆਂ ਦੀ
ਸੰਦਲੀ ਜਹੀ ਛਾਪ ਲਗਾਉਣਾ

ਬਹੁਤ ਚੰਗਾ ਲੱਗਦਾ ਹੈ
ਸੋਚਾਂ ਦੀਆਂ ਝੀਤਾਂ ਵਿਚੋਂ
ਚੱਲਦਾ ਰਹੇ ਵਿਚਾਰ-ਪ੍ਰਵਾਹ
ਕਰਮ ਦੀ ਧਰਾਤਲ 'ਤੇ
ਕੀਰਤੀ ਦੀ ਜਾਚਨਾ ਦਾ
ਵਹਿੰਦਾ ਰਹੇ ਅਰੋਕ ਵਹਾਅ।

ਚੰਗਾ ਲੱਗਦਾ ਹੈ, ਲੋਕ-ਮਨਾਂ ਵਿਚ ਮਨਫੀ ਹੋਏ ਵਿਅਕਤੀ ਨੂੰ, ਜਦ ਕੋਈ ਉਸ ਨੂੰ ਉਸ ਦਾ ਨਾਮ ਲੈ ਕੇ ਪਿਛਿਉਂ 'ਵਾਜ ਮਾਰਦਾ। ਉਸ ਦਾ ਹਾਲ-ਚਾਲ ਪੁੱਛਦਾ ਅਤੇ ਪੁਰਾਣੀ ਸਾਂਝ ਨੂੰ ਪੁਨਰ-ਸੰਜੀਵ ਕਰਦਾ।

ਚੰਗਾ ਲੱਗਦਾ ਹੈ, ਕਮਰੇ ਦੀ ਸੁੰਨਸਾਨ ਵਿਚ ਮੰਜੇ 'ਤੇ ਲੇਟੇ ਬਜ਼ੁਰਗ ਨੂੰ ਕੋਈ ਬੱਚਾ ਅਛੋਪਲੇ ਜਿਹੇ ਆਪਣੀ ਡਿੱਗੀ ਗੇਂਦ ਚੁੱਕਣ ਲਈ ਅੰਦਰ ਆ ਵੜਦਾ। ਉਸ ਨੂੰ ਯਾਦ ਆਉਂਦਾ, ਜਦ ਹਰ ਘਰ ਹੀ ਆਪਣਾ ਘਰ ਹੁੰਦਾ ਸੀ, ਹਰ ਔਰਤ ਹੀ ਮਾਂ ਹੁੰਦੀ ਸੀ ਅਤੇ ਕਿਸੇ ਵੀ ਘਰ ਵਿਚੋਂ ਕੁਝ ਵੀ ਖਾ ਲਿਆ ਜਾਂਦਾ ਸੀ।

ਚੰਗਾ ਲੱਗਦਾ ਹੈ, ਜਦ ਰਿਸ਼ਤਿਆਂ ਦੀ ਬੇਰੁਖੀ ਹੰਢਾ ਰਹੇ ਆਦਮੀ ਨੂੰ ਜਦ ਉਮਰਾਂ ਪਿਛੋਂ ਕੋਈ ਆਪਣਾ ਧਾਅ ਕੇ ਮਿਲਦਾ। ਹਿੱਕ ਨਾਲ ਲਾਉਂਦਾ ਅਤੇ ਦੀਦਿਆਂ ਵਿਚੋਂ ਵਗਦਾ ਨੀਰ ਪੁਰਾਣੀ ਨਾਰਾਜ਼ਗੀ ਅਤੇ ਉਦਾਸੀਨਤਾ ਨੂੰ ਧੋਅ ਦਿੰਦਾ।

ਚੰਗਾ ਲੱਗਦਾ ਹੈ, ਕਿਸੇ ਲੜਖੜਾਂਦੇ ਬਜ਼ੁਰਗ ਨੂੰ, ਜਦ ਉਸ ਦੀ ਡਿੱਗੀ ਹੋਈ ਐਨਕ ਜਾਂ ਡੰਗੋਰੀ ਨੂੰ ਕੋਈ ਰਾਹਗੀਰ ਚੁੱਕ ਕੇ ਫੜਾਉਂਦਾ। ਉਸ ਦੀ ਜੀਵਨ-ਯਾਤਰਾ ਨੂੰ ਸਾਂਵੀਂ ਕਰਨ ਵਿਚ ਕਰਮਯੋਗਤਾ ਨਿਭਾਉਂਦਾ।

ਚੰਗਾ ਲੱਗਦਾ ਹੈ ਆਪੇ ਨੂੰ, ਜਦ ਅਸੀਂ ਆਪੇ ਨੂੰ ਪਿਆਰ ਕਰਦੇ। ਖੁਦ ਨੂੰ ਅਪਨਾਉਂਦੇ। ਮਿਲੀਆਂ ਰਹਿਮਤਾਂ ਦੀ ਸ਼ੁਕਰਗੁਜ਼ਾਰੀ ਵਿਚੋਂ ਖੁਦ ਨੂੰ ਨਵੀਂ ਦਿਸ਼ਾ ਦਿੰਦੇ। ਕਿਸੇ ਨਾਲ ਪਿਆਰ ਕਰਨ ਤੋਂ ਪਹਿਲਾਂ ਜਰੂਰੀ ਹੈ ਕਿ ਖੁਦ ਨਾਲ ਪਿਆਰ ਕਰੋ। ਦੁਨੀਆਂ ਚੰਗੀ ਲੱਗੇਗੀ।

ਚੰਗਾ ਲੱਗਦਾ ਹੈ ਰਾਤਾਂ ਨੂੰ, ਜਦ ਉਹ ਹਨੇਰੀਆਂ ਰਾਤਾਂ ਤੋਂ ਅੱਕੀ ਪੁੰਨਿਆਂ ਦੀ ਰਾਤ ਦਾ ਹਾਣ ਮਾਣਦੀ। ਚੰਨ ਦਾ ਪੂਰਨ ਵਜੂਦ ਧਰਤੀ 'ਤੇ ਉਤਰਦਾ ਅਤੇ ਚਾਨਣ-ਰੰਗੀ ਚਾਦਰ ਨਾਲ ਇਸ ਨੂੰ ਲਪੇਟ ਲੈਂਦਾ।

ਚੰਗਾ ਲੱਗਦਾ ਹੈ, ਮਨ ਦੀ ਬੇਰੁਖੀ ਦੀਆਂ ਤਲੀਆਂ 'ਤੇ ਕਿਸੇ ਦਾ ਹੋਣ ਅਤੇ ਕਿਸੇ ਨੂੰ ਅਪਨਾਉਣ ਦੀ ਮਹਿੰਦੀ ਲਾਉਣਾ ਅਤੇ ਰੰਗਾਂ ਨੂੰ ਰੂਹ-ਰਮਤਾ ਬਣਾਉਣਾ।

ਚੰਗਾ ਲੱਗਦਾ ਹੈ, ਬੰਦੇ ਦੀ ਕ੍ਰਿਆਸ਼ੀਲਤਾ ਨੂੰ, ਜਦ ਇਹ ਵਰਕਿਆਂ 'ਤੇ ਫੈਲ, ਤਵਾਰੀਖ ਨੂੰ ਨਵੀਂ ਤਕਦੀਰ ਅਤੇ ਪਛਾਣ ਦਿੰਦੀ। ਅੰਤਰ-ਆਤਮਾ ਨੂੰ ਕਾਗਜ਼ ਦੀ ਹਿੱਕ 'ਤੇ ਉਕਰਨ ਵਾਲੇ ਮਨ ਦਾ ਭਾਰ ਨਹੀਂ ਢੋਂਦੇ। ਉਹ ਜੀਵਨ-ਸੁਖਨਤਾ ਨੂੰ ਜੀਵਨ-ਸਿਧਾਂਤ ਬਣਾਉਂਦੇ।

# ਪੰਚ ਪਰਵਾਣ ਪੰਚ ਪਰਧਾਨੁ

## ਗੁਰਬਾਣੀ ਗਿਆਨ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

18ਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਜਦੋਂ ਸੈਮੂਅਲ ਹੈਨੀਮੈਨ ਨੇ ਹੋਮਿਓਪੈਥੀ ਇਜ਼ਾਦ ਕੀਤੀ ਤਾਂ ਪੁਰਾਣੇ ਸਕੂਲ ਦੇ ਇਕ ਡਾਕਟਰ ਨੇ ਉਸ ਨੂੰ ਆ ਕੇ ਪੁੱਛਿਆ, "ਤੁਹਾਡੀ ਹੋਮਿਓਪੈਥੀ ਤੇ ਸਾਡੀ ਐਲੋਪੈਥੀ ਵਿਚ ਕੀ ਫਰਕ ਹੈ?" ਹੈਨੀਮੈਨ ਨੇ ਝੱਟ ਜਵਾਬ ਦਿੱਤਾ, "ਤੁਹਾਡੀ ਪ੍ਰਣਾਲੀ ਸਿਰ ਪਰਨੇ ਖੜੀ ਹੈ, ਇਸ ਨੂੰ ਉਲਟਾ ਕੇ ਸਿੱਧੀ ਕਰ ਦਿਓ ਤਾਂ ਸਾਡੀ ਹੋਮਿਓਪੈਥੀ ਬਣ ਜਾਵੇਗੀ।" ਉਸ ਨੇ ਪੁੱਛਿਆ, "ਉਹ ਕਿਵੇਂ?" ਹੈਨੀਮੈਨ ਨੇ ਸਮਝਾਇਆ, "ਤੁਸੀਂ ਬੀਮਾਰੀ ਦਾ ਇਲਾਜ ਕਰਦੇ ਹੋ, ਅਸੀਂ ਬੀਮਾਰ ਦਾ, ਤੁਸੀਂ ਬਿਮਾਰੀ ਦਾ ਨਾਂ ਲੱਭ ਕੇ ਦਵਾਈ ਦਿੰਦੇ ਹੋ, ਅਸੀਂ ਬਿਮਾਰੀ ਦੀਆਂ ਨਿਸ਼ਾਨੀਆਂ ਦੇਖ ਕੇ। ਤੁਹਾਡੀ ਦਵਾਈ ਹਰ ਰੋਜ਼ ਕਈ ਵਾਰ ਲੈਣੀ ਪੈਂਦੀ ਹੈ, ਸਾਡੀ ਹਫਤਿਆਂ ਵਿਚ ਇਕ ਵਾਰੀ; ਤੁਹਾਡੀ ਦਵਾਈ ਵਿਚ ਦਵਾਈ ਭੌਤਿਕ ਮਾਤਰਾ ਵਿਚ ਹਾਜਰ ਹੁੰਦੀ ਹੈ, ਸਾਡੀ ਵਿਚ ਉਸ ਦੀ ਸ਼ਕਤੀ। ਤੁਹਾਡੀ ਦਵਾਈ ਉਪਰੋਂ ਉਪਰੋਂ ਅਰਾਮ ਦਿੰਦੀ ਹੈ, ਸਾਡੀ ਧੁਰ ਅੰਦਰੋਂ; ਤੁਹਾਡੀ ਦਵਾਈ ਵਿਚ ਦਵਾ ਦੀ ਮਿਕਦਾਰ ਵਧਾਉਣ ਨਾਲ ਦਵਾ ਦਾ ਅਸਰ ਵਧਦਾ ਹੈ, ਸਾਡੀ ਵਿਚ ਘਟਾਉਣ ਨਾਲ; ਤੁਹਾਡੀ ਦਵਾਈ ਦਾ ਸਵਾਦ ਕੌੜਾ ਹੁੰਦਾ ਹੈ, ਸਾਡੀ ਦਾ ਮਿੱਠਾ...।" ਉਹ ਵਿਚੋਂ ਟੋਕ ਕੇ ਬੋਲਿਆ, "ਬਸ ਬਸ, ਚਲ ਮੈਨੂੰ ਆਪਣਾ ਚੇਲਾ ਬਣਾ।"

19ਵੀਂ ਸਦੀ ਦੇ ਅੱਧ ਵਿਚ ਜਦੋਂ ਇਕ ਪੁਰਾਣੇ ਹੀਗਲਵਾਦੀ ਨੇ ਕਾਰਲ ਮਾਰਕਸ ਨੂੰ ਪੁੱਛਿਆ, "ਕੀ ਤੂੰ ਹੀਗਲ ਦੇ ਡਾਇਲੈਕਟਿਕਸ (Dialectics) ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈਂ।" ਤਾਂ ਉਸ ਨੇ ਜਵਾਬ ਦਿੱਤਾ, "ਨਹੀਂ ਨਹੀਂ, ਇਹ ਸਿਰ ਪਰਨੇ ਖੜ੍ਹਿਆ ਸੀ, ਮੈਂ ਤਾਂ ਇਸ ਨੂੰ ਸਿੱਧਾ ਖੜ੍ਹਾ ਕੀਤਾ ਹੈ।" ਪੁਰਾਤਨ ਯੂਨਾਨ ਵਿਚ ਓਰੇਕਲ ਆਫ ਡੈਲਫੀ (Oracle of Delphi) ਨੇ ਭਵਿਖਵਾਣੀ ਕੀਤੀ ਕਿ ਸੁਕਰਾਤ ਦੇਸ਼ ਦਾ ਸਭ ਤੋਂ ਸਿਆਣਾ ਮਨੁੱਖ ਹੈ। ਦਰਸ਼ਨ ਕਰਨ ਆਏ ਲੋਕਾਂ ਨੇ ਉਸ ਨੂੰ ਪੁੱਛਿਆ, "ਕੀ ਤੂੰ ਸੱਚੀ ਮੁੱਚੀਂ ਸਭ ਤੋਂ ਸਿਆਣਾ ਹੈ?" ਸੁਕਰਾਤ ਨੇ ਕਿਹਾ, "ਜੀ ਨਹੀਂ, ਸਿਆਣਪ ਮੇਰੇ ਵਿਚ ਕੋਈ ਨਹੀਂ। ਦੂਜਿਆਂ ਦੇ ਵਿਚਾਰ ਉਲਟੇ ਹਨ, ਮੈਂ ਤਾਂ ਉਨ੍ਹਾਂ ਨੂੰ ਸਿੱਧਾ ਕਰ ਦਿੰਦਾ ਹਾਂ। ਉਹ ਐਨੇ 'ਚ ਈ ਮੈਨੂੰ ਸਿਆਣਾ ਸਮਝਣ ਲੱਗ ਪੈਂਦੇ ਹਨ।"

ਕਈ ਵਾਰ ਇੰਜ ਲਗਦਾ ਹੈ ਕਿ ਅਜੋਕੇ ਸਿੱਖ ਵਿਦਵਾਨਾਂ, ਪੁਜਾਰੀਆਂ ਤੇ ਉਨ੍ਹਾਂ ਦੇ ਸੰਗੀ ਸਾਥੀਆਂ ਨੇ ਸਿੱਖੀ ਵਿਚਾਰਧਾਰਾ ਦੇ ਅਰਥ ਵੀ ਉਲਟੇ ਕਰ ਦਿੱਤੇ ਹਨ ਤੇ ਅਸਲ ਸਿੱਖੀ ਸਮਝਣ ਲਈ ਇਨ੍ਹਾਂ ਨੂੰ ਵੀ ਸਿੱਧੇ ਖੜਾ ਕਰਨਾ ਪੈਣਾ ਹੈ। ਮਿਸਾਲ ਵਜੋਂ ਗੁਰੂ ਸਾਹਿਬ ਨੇ ਸਿੱਖੀ ਦਾ ਰਾਹ ਦੱਸਦਿਆਂ ਕਿਹਾ ਕਿ ਸੁਣੀ ਸੁਣਾਈ ਗੱਲ ਤੇ ਭਰੋਸਾ ਕਰਨਾ ਅਕਲਮੰਦੀ ਨਹੀਂ। ਉਨ੍ਹਾਂ ਅਨੁਸਾਰ ਕਿਸੇ ਦੀ ਕਹੀ ਗੱਲ ਨੂੰ ਬਿਨਾ ਪਰਖਿਆਂ ਸੱਚ ਨਹੀਂ ਮੰਨਿਆ ਜਾ ਸਕਦਾ। ਉਨ੍ਹਾਂ ਨੇ ਲੋਕਾਂ ਦੀਆਂ ਕਹੀਆਂ ਹੋਈਆਂ, ਪਰ ਜਾਹਰਾ ਤੌਰ 'ਤੇ ਨਾ ਮੰਨੀਆਂ ਜਾਣ ਵਾਲੀਆਂ ਗੱਲਾਂ ਦੀਆਂ ਮਿਸਾਲਾਂ ਵੀ ਦਿੱਤੀਆਂ।

ਸਿੱਖ ਪੁਜਾਰੀਆਂ ਤੇ ਪ੍ਰਚਾਰਕਾਂ ਨੇ ਇਹ ਫੈਲਾਇਆ ਕਿ ਸੁਣਨਾ ਫਲਦਾਇਕ ਤੇ ਗਿਆਨ-ਵਧਾਊ ਕਾਰਜ ਹੈ, ਇਸ ਲਈ ਸੁਣ ਕੇ ਅਮਲ ਕਰੋ। ਫਲਸਰੂਪ ਅਜੋਕੇ ਸਿੱਖ ਈਸਰ, ਬਰਮਾ, ਇੰਦਰ, ਪਾਰਵਤੀ ਮਾਂ ਦੀ ਹੋਂਦ ਮੰਨਦੇ ਹਨ ਤੇ ਤੀਰਥ ਇਸ਼ਨਾਨਾਂ ਨੂੰ ਵੀ ਮਹਤੱਵ ਦਿੰਦੇ ਹਨ। ਉਹ ਸਿੱਧਾਂ, ਪੀਰਾਂ, ਸੁਰਾਂ, ਨਾਥਾਂ, ਜਮਦੂਤਾਂ, ਪਾਤਾਲਾਂ, ਵੇਦਾਂ ਤੇ ਸਿਮਰਤੀਆਂ ਤੋਂ ਵੀ ਇਨਕਾਰ ਨਹੀਂ ਕਰਦੇ। ਇਸੇ ਤਰ੍ਹਾਂ 'ਮੰਨੇ' ਦੀਆਂ ਚਾਰ ਪਉੜੀਆਂ ਵਿਚ ਗੁਰੂ ਸਾਹਿਬ ਨੇ ਬੁੱਧੀ ਤੋਂ ਕੰਮ ਲੈਣ ਨੂੰ ਭਾਵ 'ਮਨਨ' ਕਰਨ ਨੂੰ 'ਸੁਣਿਐ' ਦੇ ਦੋਸ਼ ਠੀਕ ਕਰਨ ਦੀ ਵਿਧੀ ਵਜੋਂ ਪੇਸ਼ ਕੀਤਾ। ਇਹੀ ਨਹੀਂ ਉਨ੍ਹਾਂ ਨੇ ਇਸ ਨੂੰ ਸੱਚ ਪ੍ਰਾਪਤੀ ਦੀ ਸਰਵੋਤਮ ਵਿਧੀ ਦੱਸ ਕੇ ਬੜੇ ਉਚੇ ਸ਼ਬਦਾਂ ਵਿਚ ਮਹਿਮਾ ਕੀਤੀ, ਪਰ ਵਿਦਵਾਨ ਬਣੇ ਪੁਜਾਰੀਆਂ ਨੇ ਇਸ ਦੇ ਅਰਥ 'ਮੰਨਣਾ' ਭਾਵ ਵਿਸ਼ਵਾਸ ਕਰਨਾ ਦੱਸ ਕੇ ਸਿੱਖਾਂ ਲਈ ਦਿਮਾਗ ਦਾ ਕੰਮ ਰੋਕ ਦਿੱਤਾ। ਗੱਲ ਇੱਥੇ ਹੀ ਨਹੀਂ ਰੁਕੀ, 16ਵੀਂ ਪਉੜੀ ਦੇ ਅਰਥਾਂ ਵਿਚ ਵੀ ਉਨ੍ਹਾਂ ਨੇ ਇਸੇ ਤਰ੍ਹਾਂ ਦਾ ਵਿਗਾੜ ਪਾ ਦਿੱਤਾ।

ਉਨ੍ਹਾਂ ਦੇ ਸਿੱਧੇ ਪੁੱਠੇ ਅਰਥਾਂ ਦਾ ਜਾਇਜ਼ਾ ਲੈਣ ਲਈ ਸਭ ਪਾਠਕ ਇਕ ਪ੍ਰਯੋਗ ਕਰਨ। ਉਹ ਆਪਣੇ ਨੇੜੇ ਤੇੜੇ ਦੇ ਪੰਜ ਚਾਰ ਵਿਦਵਾਨਾਂ, ਪੁਜਾਰੀਆਂ ਜਾਂ ਪ੍ਰਚਾਰਕਾਂ ਨੂੰ ਇਹ ਸਵਾਲ ਪੁੱਛਣ ਕਿ ਗੁਰੂ ਸਾਹਿਬ 'ਸੁਣਿਐ' ਤੇ 'ਮੰਨੇ' ਦੀਆਂ ਪਉੜੀਆਂ ਪਿਛੋਂ ਅਚਾਨਕ 'ਪੰਚਾਂ' 'ਤੇ ਕਿਉਂ ਪਹੁੰਚ ਗਏ? ਇਨ੍ਹਾਂ ਤਿੰਨਾਂ ਵਿਚ ਐਸੀ ਕੀ ਸਾਂਝੀ ਜਾਂ ਖਾਸ ਚੀਜ਼ ਹੈ, ਜਿਸ ਕਾਰਨ ਉਨ੍ਹਾਂ ਨੇ 'ਮੰਨੇ' ਤੋਂ ਤੁਰਤ ਪਿਛੋਂ 'ਪੰਚਾਂ' 'ਤੇ ਵਿਚਾਰ ਕਰਨਾ ਜਰੂਰੀ ਸਮਝਿਆ? ਫਿਰ ਉਹ ਉਨ੍ਹਾਂ ਦੇ ਉਤਰ ਨੋਟ ਕਰਨ। ਕੋਈ ਕਹੇਗਾ ਕਿ ਗੁਰੂ ਸਾਹਿਬ ਦੀ ਜਿਵੇਂ ਮੌਜ ਸੀ, ਉਨ੍ਹਾਂ ਉਵੇਂ ਕੀਤਾ, ਕਿਸੇ ਕੀ ਲੈਣਾ ਐ। ਕੋਈ ਕਹੇਗਾ ਕਿ ਉਨ੍ਹਾਂ ਨੇ ਪੁਰਾਣੇ ਮੁੱਦੇ ਛੱਡ ਕੇ ਨਵੀਂ ਗੱਲ ਕੀਤੀ ਹੈ। ਕੋਈ ਕਹੇਗਾ ਕਿ ਸੁਣਨ ਤੇ ਮੰਨਣ ਵਾਲੇ ਮਨੁੱਖਾਂ ਦਾ ਦਰਜਾ 'ਪੰਚਾਂ' ਜਿਹਾ ਹੋ ਜਾਂਦਾ ਹੈ ਤੇ ਉਹ ਗਲਤ-ਠੀਕ ਦੇ ਜੱਜ ਬਣ ਜਾਂਦੇ ਹਨ। ਕਈ ਕਹਿਣਗੇ ਕਿ ਪਰਮਾਤਮਾ ਨੂੰ ਮੰਨਣ ਵਾਲੇ ਹਰ ਕਚਹਿਰੀ ਤੇ ਹਰ ਦਰਬਾਰ ਵਿਚ ਮਾਨਤਾ ਪਾਉਂਦੇ ਹਨ। ਕਈ ਕਹਿਣਗੇ ਕਿ ਗੁਰੂ ਦੀ ਸੁਣ ਕੇ ਮੰਨਣ ਵਾਲਾ ਬੰਦਾ ਸਿਆਣਾ ਗਿਣਿਆ ਜਾਂਦਾ ਹੈ ਤੇ ਲੋਕ ਉਸ ਨੂੰ ਪੰਚਾਂ ਵਾਂਗ ਉਚਾ ਸਮਝ ਕੇ ਸਲਾਹ ਲੈਂਦੇ ਹਨ। ਜਿੰਨੇ ਵਿਦਵਾਨ, ਉਨੇ ਸਪਸ਼ਟੀਕਰਣ। ਹਾਲਾਂ ਕਿ ਬਹੁਤ ਸਿੱਧਾ ਉਤਰ ਹੈ, ਪਰ ਕੋਈ ਵਿਰਲਾ ਵੀ ਇਸ ਨੂੰ ਸਹੀ ਨਹੀਂ ਦੱਸ ਸਕੇਗਾ। ਕਿਉਂ? ਕਿਉਂਕਿ ਉਹ ਮਨ ਅੰਦਰ ਲੱਖਣ ਨਹੀਂ ਲਾਉਂਦੇ। ਉਹ ਉਹੀ ਮੰਨਦੇ ਹਨ, ਜੋ ਕੁਝ ਉਨ੍ਹਾਂ ਸਿੱਖ ਵਿਦਵਾਨਾਂ ਤੇ ਪੁਜਾਰੀਆਂ ਤੋਂ ਸੁਣਿਆ ਹੁੰਦਾ ਹੈ। ਅਰਥਾਤ ਉਹ 'ਸੁਣਨ' ਤੇ 'ਮੰਨਣ' ਦੇ ਸੌਦਾਗਰ ਹਨ, 'ਮੰਨੇ' ਜਾਂ ਮਨਨ ਦੇ ਨਹੀਂ।

ਇਸ ਪ੍ਰਯੋਗ ਦਾ ਮਨੋਰਥ ਕਿਸੇ ਦੀ ਪ੍ਰੀਖਿਆ ਲੈਣਾ ਨਹੀਂ, ਸਗੋਂ ਇਹ ਸਿੱਟਾ ਪ੍ਰਮਾਣਿਤ ਕਰਨਾ ਹੈ ਕਿ ਮੁੱਢੋਂ ਘੁੱਥੇ ਰਾਹੀ ਸੌਖਿਆਂ ਸਹੀ ਰਾਹ 'ਤੇ ਨਹੀਂ ਪੈਂਦੇ। ਇਹ ਕੁਰਾਹਤ ਭਰੀ ਸਥਿਤੀ ਅਜੋਕੇ ਸਿੱਖ ਵਿਦਵਾਨਾਂ ਦੇ 16ਵੀਂ ਪਉੜੀ ਦੇ ਅਰਥਾਂ ਤੋਂ ਪਤਾ ਲੱਗ ਜਾਂਦੀ ਹੈ। ਹੇਠ ਇਸ ਪਉੜੀ ਦਾ ਉਤਾਰਾ ਤੇ ਮਿਸਾਲ ਲਈ ਨਾਲ ਉਘੇ ਸਿੱਖ ਵਿਦਵਾਨ ਖੁਸ਼ਵੰਤ ਸਿੰਘ ਦੇ ਕੀਤੇ ਹੋਏ ਅਰਥ।

ਪੰਚ ਪਰਵਾਣ ਪੰਚ ਪਰਧਾਨੁ॥
ਪੰਚੇ ਪਾਵਹਿ ਦਰਗਹਿ ਮਾਨੁ॥
ਪੰਚੇ ਸੋਹਹਿ ਦਰਿ ਰਾਜਾਨੁ॥
ਪੰਚਾ ਕਾ ਗੁਰੁ ਏਕੁ ਧਿਆਨੁ॥
ਜੇ ਕੋ ਕਹੈ ਕਰੈ ਵੀਚਾਰੁ॥
ਕਰਤੇ ਕੈ ਕਰਣੈ ਨਾਹੀ ਸੁਮਾਰੁ॥
ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
ਜੇ ਕੋ ਬੁਝੈ ਹੋਵੈ ਸਚਿਆਰੁ॥
ਧਵਲੈ ਉਪਰਿ ਕੇਤਾ ਭਾਰੁ॥
ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ॥
ਜੀਅ ਜਾਤਿ ਰੰਗਾ ਕੇ ਨਾਵ॥
ਸਭਨਾ ਲਿਖਿਆ ਵੁੜੀ ਕਲਾਮ॥
ਏਹੁ ਲੇਖਾ ਲਿਖਿ ਜਾਣੈ ਕੋਇ॥
ਲੇਖਾ ਲਿਖਿਆ ਕੇਤਾ ਹੋਇ॥
ਕੇਤਾ ਤਾਣੁ ਸੁਆਲਿਹੁ ਰੂਪੁ॥
ਕੇਤੀ ਦਾਤਿ ਜਾਣੈ ਕੌਣੁ ਕੂਤੁ॥
ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥
ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥੧੬॥

ਸੁਣ ਕੇ ਮੰਨਣ ਤੇ ਪਰਮਾਤਮਾ ਵਿਚ ਅਥਾਹ ਭਰੋਸਾ ਕਰਨ ਵਾਲਿਆਂ ਦਾ ਹਵਾਲਾ ਦਿੰਦਿਆਂ ਖੁਸ਼ਵੰਤ ਸਿੰਘ ਇਸ ਪਉੜੀ ਦਾ ਟੀਕਾ ਇਸ ਤਰ੍ਹਾਂ ਕਰਦਾ ਹੈ, "ਉਨ੍ਹਾਂ (ਭਰੋਸਾ ਕਰਨ ਵਾਲਿਆਂ) ਵਿਚੋਂ ਹੀ ਮਨੁੱਖਤਾ ਦੇ ਆਗੂ ਚੁਣੇ ਜਾਂਦੇ ਹਨ। ਇਹ ਉਹ ਪੁਰਸ਼ ਹੁੰਦੇ ਹਨ, ਜੋ ਪਰਮਾਤਮਾ ਦੀਆਂ ਨਜ਼ਰਾਂ ਵਿਚ ਚੜ੍ਹੇ ਹੁੰਦੇ ਹਨ ਤੇ ਰਾਜਿਆਂ ਮਹਾਰਾਜਿਆਂ ਦੇ ਦਰਬਾਰਾਂ ਵਿਚ ਸੁਸ਼ੋਭਿਤ ਹੁੰਦੇ ਹਨ। ਉਨ੍ਹਾਂ ਦੇ ਮਨ ਪਵਿਤਰ ਭਗਤੀ ਵਿਚ ਰੱਤੇ ਹੁੰਦੇ ਹਨ। ਉਨ੍ਹਾਂ ਦੀ ਗੱਲਬਾਤ ਵਿਚੋਂ ਤਰਕ ਡੁਲ੍ਹ ਡੁਲ੍ਹ ਪੈਂਦਾ ਹੈ, ਕਿਉਂਕਿ ਉਹ ਜਾਣਦੇ ਹਨ ਕਿ ਪਰਮਾਤਮਾ ਅਣਗਿਣਤ ਕਾਰਜਾਂ ਦਾ ਕਰਤਾ ਹੈ। ਜਿਸ ਹੁਕਮ ਦਾ ਪ੍ਰਿਥਵੀ ਨੂੰ ਧੌਲੇ ਬਲਦ ਦੇ ਸਿੰਗ ਜਿਹਾ ਸਹਾਰਾ ਹੈ, ਉਹ ਦਇਆ ਤੇ ਧਰਮ ਵਿਚੋਂ ਪੈਦਾ ਹੋਇਆ ਨਿਯਮ ਹੈ। ਚਾਹੇ ਦਇਆ ਤੇ ਧਰਮ 'ਚੋਂ ਨਿਕਲੇ ਇਸ ਹੁਕਮ ਦੀਆਂ ਤੰਦਾਂ ਬਹੁਤ ਬਾਰੀਕ ਤੇ ਕਮਜ਼ੋਰ ਹਨ, ਫਿਰ ਵੀ ਇਸ ਨੇ ਸੰਸਾਰ ਨੂੰ ਇਕਸੁਰਤਾ ਦੇ ਬੰਧਨ ਵਿਚ ਬੰਨਿਆ ਹੋਇਆ ਹੈ। ਜੇ ਕੋਈ ਸੱਚ ਜਾਣਨਾ ਚਾਹੇ, ਉਹ ਧਵਲੇ ਅਤੇ ਇਸ ਉਤੇ ਪਏ ਭਾਰ ਦਾ ਵਿਚਾਰ ਕਰੇ। ਧਰਤੀਆਂ ਤਾਂ ਸਾਡੀ ਧਰਤੀ ਤੋਂ ਬਿਨਾ ਵੀ ਕਈ ਹਨ ਤੇ ਉਨ੍ਹਾਂ ਤੋਂ ਅੱਗੇ ਕਈ ਹੋਰ ਵੀ ਹਨ। ਫਿਰ ਉਨ੍ਹਾਂ ਦਾ ਭਾਰ ਕੌਣ ਚੁੱਕਦਾ ਹੈ ਅਤੇ ਹੇਠੋਂ ਧਵਲਾ ਬੌਲਦ ਕਿਹੜੀ ਸ਼ਕਤੀ 'ਤੇ ਟਿਕਿਆ ਹੈ? ਸਦਾ ਤੋਂ ਵਗਦੀਆਂ ਕਲਮਾਂ ਨੇ ਸੰਸਾਰ ਦੇ ਰੰਗ ਬਿਰੰਗੇ ਜੀਵ ਜੰਤੂਆਂ ਬਾਰੇ ਲਿਖਿਆ ਹੈ। ਕੀ ਕੋਈ ਇੰਨਾ ਕੁਝ ਲਿਖ ਜਾਂ ਕਹਿ ਸਕਦਾ ਹੈ, ਜੋ ਇਸ ਨੇ ਇੰਨੇ ਸਮੇਂ ਵਿਚ ਲਿਖਿਆ ਜਾਂ ਕਿਹਾ ਹੈ? ਕੀ ਕਿਸੇ ਨੇ ਸੋਚਿਆ ਹੈ ਕਿ ਇਹ ਕਿੱਡਾ ਵੱਡਾ ਕੰਮ ਹੈ? ਫਿਰ ਇਸ ਨੂੰ ਕਰਨ ਵਾਲੇ ਦੀ ਸੁੰਦਰਤਾ ਤੇ ਸ਼ਕਤੀ ਦਾ ਅੰਦਾਜ਼ਾ ਕਿਵੇਂ ਲਾਇਆ ਜਾਵੇ? ਉਸ ਬਾਰੇ ਕੋਈ ਕੀ ਕਹੇ, ਜਿਸ ਨੇ ਇਕ ਸ਼ਬਦ ਨਾਲ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ ਕਰ ਦਿੱਤੀ ਤੇ ਉਸ ਵਿਚ ਹਜ਼ਾਰਾਂ ਦਰਿਆ ਚਲਾ ਦਿੱਤੇ? ਗੁਰੂ ਜੀ ਪਰਮਾਤਮਾ ਨੂੰ ਕਹਿੰਦੇ ਹਨ, ਮੇਰੀ ਕੀ ਹਸਤੀ ਹੈ ਕਿ ਮੈਂ ਤੁਹਾਡੀ ਪ੍ਰਸ਼ੰਸਾ ਕਰ ਸਕਾਂ? ਤੁਹਾਡੀ ਉਸਤਤ ਕਰਨ ਲਈ ਮੇਰੇ ਕੋਲ ਕੋਈ ਸ਼ਕਤੀ ਹੀ ਨਹੀਂ। ਜੋ ਆਪ ਜੀ ਨੂੰ ਭਾਉਂਦਾ ਹੈ, ਸੋਈ ਕਰਦੇ ਹੋ। ਤੁਸੀਂ ਹਮੇਸ਼ਾ ਇਸੇ ਤਰ੍ਹਾਂ ਬਣੇ ਰਹੋ, ਸ਼ਰੀਰ-ਰਹਿਤ ਜੀਓ!"

ਖੁਸ਼ਵੰਤ ਸਿੰਘ ਦਾ ਟੀਕਾ ਅੰਗਰੇਜ਼ੀ ਵਿਚ ਹੈ। ਇਸ ਨੂੰ ਪੜ੍ਹ ਕੇ ਇੰਦਾਂ ਲਗਦਾ ਹੈ, ਜਿਵੇਂ ਉਹ ਪੰਚਾਂ ਅਤੇ ਧਵਲੇ ਉਤੇ ਇਕ ਰਟਿਆ ਰਟਾਇਆ ਹਾਈ ਸਕੂਲ ਦਾ ਪ੍ਰਸਤਾਵ ਲਿਖ ਰਿਹਾ ਹੋਵੇ। ਉਹ ਜਪੁਜੀ ਦਾ ਟੀਕਾ ਕਰਦਾ ਨਹੀਂ ਜਾਪਦਾ, ਸਗੋਂ ਇਸ ਉਤੇ ਆਪਣੀ ਇਕ ਖੁਲ੍ਹੀ ਕਵਿਤਾ ਲਿਖ ਰਿਹਾ ਨਜ਼ਰ ਆਉਂਦਾ ਹੈ। ਉਹ ਨਹੀਂ ਪ੍ਰਵਾਹ ਕਰਦਾ ਕਿ ਗੱਲ ਕੀ ਹੈ ਤੇ ਗੱਲ ਦਾ ਸੰਦਰਭ ਕੀ ਹੈ? ਉਹ ਤਾਂ ਆਪਣੀ ਕਾਵਿ ਕਲਾ ਨੂੰ ਚਮਕਾਉਣ ਦੀ ਧੁਨ ਵਿਚ ਮਗਨ ਹੈ। ਗੁਰੂ ਸਾਹਿਬ ਕਹਿ ਕੀ ਰਹੇ ਹਨ ਤੇ ਕਿਉਂ ਕਹਿ ਰਹੇ ਹਨ, ਇਸ ਨਾਲ ਉਸ ਦਾ ਕੋਈ ਵਾਸਤਾ ਨਹੀਂ। ਉਸ ਨੂੰ ਤਾਂ ਬਸ ਸਿੱਖ ਹੋਣ ਨਾਤੇ ਜਪੁਜੀ ਦਾ ਟੀਕਾ ਕਰ ਕੇ ਇਕ ਪਿਤਰੀ ਆਭਾਰ (Generational obligation) ਲਾਹੁਣ ਦੀ ਕਾਹਲ ਹੈ। ਜੇ ਇੰਦਾਂ ਨਾ ਹੁੰਦਾ ਤਾਂ ਉਹ ਇਹ ਨਾ ਲਿਖਦਾ ਕਿ ਪਰਮਾਤਮਾ ਵਿਚ ਵਿਸ਼ਵਾਸ ਕਰਨ ਵਾਲਿਆਂ ਵਿਚੋਂ ਆਗੂ ਚੁਣੇ ਜਾਂਦੇ ਹਨ। ਉਹ ਸੋਚਦਾ ਤਾਂ ਸਹੀ ਕਿ ਉਹ ਆਗੂ ਕਿੱਥੇ ਚੁਣੇ ਜਾਂਦੇ ਹਨ ਤੇ ਉਨ੍ਹਾਂ ਨੂੰ ਕੌਣ ਚੁਣਦਾ ਹੈ? ਉਹ ਦੱਸਦਾ ਤਾਂ ਸਹੀ ਕਿ ਉਹ ਰਾਜੇ ਮਹਾਰਾਜਿਆਂ ਦੇ ਦਰਬਾਰ ਕਿੱਥੇ ਹਨ, ਜਿੱਥੇ ਉਨ੍ਹਾਂ ਨੂੰ ਸਨਮਾਨ ਮਿਲਦਾ ਹੈ? ਅੱਜ ਰਾਜਿਆਂ ਦੇ ਦਰਬਾਰ ਨਹੀਂ ਰਹੇ, ਪਰ ਸਰਕਾਰੇ ਦਰਬਾਰੇ ਸਨਮਾਨ ਹਮੇਸ਼ਾ ਚਾਪਲੂਸੀ ਤੇ ਘਟੀਆ ਰਾਜਨੀਤੀ ਕਰਨ ਵਾਲਿਆਂ ਨੂੰ ਮਿਲਦਾ ਹੈ। ਇਸ ਤਰ੍ਹਾਂ ਦੀ ਹਵਾਈ ਗੱਲ ਕਰਕੇ ਕੀ ਉਹ ਇਹ ਸਿੱਧ ਕਰਦਾ ਨਹੀਂ ਜਾਪਦਾ ਕਿ ਗੁਰੂ ਸਾਹਿਬ ਨੇ ਐਵੇਂ ਗੱਪ ਮਾਰੀ ਸੀ? ਪੰਚਾਂ ਵਿਚੋਂ ਨਿਕਲ ਕੇ ਧੌਲੇ ਦੀਆਂ ਸ਼ੁਰੂ ਕਰ ਦਿੰਦਾ ਹੈ; ਧੌਲੇ ਦੀਆਂ ਛੱਡ ਧਰਤੀ ਦੀਆਂ; ਧਰਤੀ ਦੀਆਂ ਸੁੱਟ ਜੀਵ ਜੰਤੂਆਂ ਦੀਆਂ ਤੇ ਇਹ ਸਭ ਕੁਝ ਛੱਡ ਛਡਾ ਉਹ ਨਿਰੰਕਾਰ ਨੂੰ ਲੰਮੀ ਉਮਰ ਦੀਆਂ ਦੁਆਵਾਂ ਦੇਣ ਵਲ ਨਿਕਲ ਜਾਂਦਾ ਹੈ। ਉਹ ਵਿਸ਼ਿਆਂ ਦਾ ਤਤਕਰਾ ਲੰਮਾ ਕਰਦਾ ਚਲਾ ਜਾਂਦਾ ਹੈ, ਪਰ ਇਨ੍ਹਾਂ ਨਾਲ ਇਨਸਾਫ ਬਿਲਕੁਲ ਨਹੀਂ ਕਰਦਾ। ਇਕ ਬੁਧੀਜੀਵੀ ਦਾ ਫਰਜ਼ ਹੈ ਕਿ ਜੋ ਉਸ ਨੂੰ ਸਮਝ ਪਵੇ, ਉਸ ਦੀ ਵਿਸਥਾਰਪੂਰਵਕ ਵਿਆਖਿਆ ਕਰੇ ਤੇ ਜੋ ਸਮਝ ਵਿਚ ਨਾ ਪਵੇ, ਉਸ ਬਾਰੇ ਪ੍ਰਸ਼ਨ ਪੁੱਛੇ; ਪਰ ਉਸ ਨੇ ਅਜਿਹੀ ਕੋਈ ਗੱਲ ਨਹੀਂ ਕੀਤੀ।

ਇਸ ਪਉੜੀ ਦੀ ਬਣਦੀ ਵਿਆਖਿਆ ਇਹ ਹੈ ਕਿ ਗੁਰੂ ਸਾਹਿਬ ਸੱਚ ਪ੍ਰਾਪਤੀ ਦੀ ਵਿਧੀ ਦਾ ਜ਼ਿਕਰ ਕਰਦਿਆਂ ਸੁਣੀਆਂ ਗੱਲਾਂ ਨੂੰ ਬੁੱਧੀ ਦੀ ਵਰਤੋਂ ਰਾਹੀਂ ਪੜਤਾਲਣ ਦੀ ਸਲਾਹ ਦਿੰਦੇ ਹਨ। ਆਪਣੇ ਸਿਧਾਂਤ ਦੀ ਪ੍ਰੋੜਤਾ ਵਿਚ ਉਹ ਕੁਝ ਮਿਸਾਲਾਂ ਪੇਸ਼ ਕਰਦੇ ਹਨ, ਜਿਨ੍ਹਾਂ ਰਾਹੀਂ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਸਮਝਾਇਆ ਹੈ ਕਿ ਉਹ ਉਨ੍ਹਾਂ ਦੇ ਦੱਸੇ 'ਮੰਨੇ' ਭਾਵ ਮਨਨ ਦੇ ਗੁਰ ਨੂੰ ਕਿਵੇਂ ਲਾਗੂ ਕਰਨ। ਜਿਵੇਂ ਉਨ੍ਹਾਂ ਦੇ ਕਹਿਣ ਦਾ ਢੰਗ ਹੈ, ਪਹਿਲਾਂ ਉਹ ਬਿਨਾ ਕੁਝ ਕਹੇ ਕੁਝ ਤੁਕਾਂ ਲਿਖ ਕੇ ਡੈਟਾ ਪੇਸ਼ ਕਰਦੇ ਹਨ। ਫਿਰ ਪੁੱਛਦੇ ਹਨ, "ਸੋਚ ਕੇ ਦੇਖੋ ਕੀ ਇਹ ਠੀਕ ਹੈ?" ਉਹ ਲਿਖਦੇ ਹਨ ਕਿ ਪੰਜ ਦਾ ਅੰਕ ਲੋਕਾਂ ਦੇ ਬੜਾ ਸਿਰ ਚੜ੍ਹਿਆ ਹੈ ਭਾਵ ਉਹ ਪੰਜ ਨੂੰ ਸ਼ੁਭ ਮੰਨ ਕੇ ਹਰ ਥਾਂ ਪਰਵਾਨ ਕਰਦੇ ਹਨ। ਪੰਜ ਹੀ ਪਰਧਾਨ ਬਣਾਉਂਦੇ ਹਨ, ਪੰਜ ਮਿਲ ਕੇ ਹੀ ਰਾਜੇ ਦੇ ਦਰਬਾਰ ਜਾਂਦੇ ਹਨ ਅਤੇ ਪੀਰਾਂ ਫਕੀਰਾਂ ਦੀਆਂ ਦਰਗਾਹਾਂ 'ਤੇ ਵੀ ਪੰਜਾਂ ਦੀ ਹਾਜ਼ਰੀ ਨੂੰ ਮਾਣ ਦਿੱਤਾ ਜਾਂਦਾ ਹੈ। ਸਭਨਾਂ ਨੇ ਇਕ ਪੰਜਾਂ ਦੀ ਗਿਣਤੀ ਦਾ ਸੂਤਰ (ਫਾਰਮੂਲਾ) ਧਿਆਨ ਵਿਚ ਰੱਖਿਆ ਹੋਇਆ ਹੈ, ਜਿਸ ਨੂੰ ਗੁਰ ਵਾਂਗ ਹਰ ਥਾਂ ਵਰਤ ਲੈਂਦੇ ਹਨ; ਪਰ ਜੇ ਕੋਈ ਇੰਦਾਂ ਕਹਿੰਦਾ ਹੈ ਜਾਂ ਕਰਦਾ ਹੈ, ਭਾਵ ਹਰ ਗੱਲ ਵਿਚ ਪੰਜਾਂ 'ਤੇ ਹੀ ਵਿਸ਼ਵਾਸ ਕਰਦਾ ਹੈ, ਤਾਂ ਉਹ ਮਨ ਵਿਚ ਵਿਚਾਰ (ਮਨਨ) ਕਰੇ ਕਿ ਸ੍ਰਿਸ਼ਟੀ ਦੇ ਰਚੈਤਾ ਨੇ ਪੰਜ ਨਹੀਂ, ਬੇਸ਼ੁਮਾਰ ਚੀਜ਼ਾਂ ਬਣਾਈਆਂ ਹਨ। ਅਜਿਹਾ ਅੰਧ ਵਿਸ਼ਵਾਸ ਕਰਨ ਵਾਲਾ ਸੋਚੇ ਕਿ ਕੁਦਰਤ ਤਾਂ ਪੰਜਾਂ 'ਤੇ ਰੁਕੀ ਨਹੀਂ, ਫਿਰ ਉਸ ਦੀ ਆਪਣੀ ਸੂਈ ਹਰ ਵਾਰ ਪੰਜ 'ਤੇ ਕਿਉਂ ਅਟਕ ਜਾਂਦੀ ਹੈ?

ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਆਹ ਚਿੱਟੇ ਬਲਦ ਦੀ ਹੀ ਗੱਲ ਲੈ ਲਓ, ਜਿਸ ਨੂੰ ਧਰਮ ਦਇਆ ਦਾ ਪੁੱਤਰ ਦੱਸ ਕੇ ਕਿਹਾ ਜਾਂਦਾ ਹੈ ਕਿ ਇਸ ਨੇ ਪ੍ਰਿਥਵੀ ਨੂੰ ਸਿਰੜ ਸਾਧਨਾ ਨਾਲ ਚੁੱਕ ਕੇ ਰੱਖਿਆ ਹੋਇਆ ਹੈ। ਜੇ ਕੋਈ ਧੌਲੇ ਦੀ ਮਿੱਥ-ਕਥਾ ਨੂੰ ਮੰਨਦਾ ਹੈ ਤਾਂ ਜਰਾ ਇਸ ਦਾ ਹਿਸਾਬ ਕਰ ਕੇ ਦੇਖੇ। ਧਰਤੀ ਅੱਗੇ ਤੋਂ ਅੱਗੇ ਪਈ ਹੈ, ਭਾਵ ਤੁਰਦੇ ਚਲੇ ਜਾਓ, ਇਹ ਅੱਗੋਂ ਹੋਰ ਆਉਂਦੀ ਰਹਿੰਦੀ ਹੈ। ਆਪਣੇ ਭਾਰ ਤੋਂ ਇਲਾਵਾ ਇਸ ਉਤੇ ਹੋਰ ਵੀ ਬਹੁਤ ਕੁਝ ਲੱਦਿਆ ਹੋਇਆ ਹੈ। ਜਰਾ ਲੱਖਣ ਲਾਓ, ਉਸ ਧਵਲੇ 'ਤੇ ਕਿੰਨਾ ਭਾਰ ਹੋ ਜਾਵੇਗਾ? ਇਹ ਪੰਜਾਂ ਦੀ ਗਿਣਤੀ ਵਿਚ ਆਉਣ ਵਾਲਾ ਨਹੀਂ, ਸਗੋਂ ਅਸੰਖ ਮਾਨ ਦਾ ਹੋਵੇਗਾ। ਅਜਿਹਾ ਕਿਹੜਾ ਧਵਲਾ ਹੈ, ਜੋ ਇੰਨਾ ਭਾਰ ਚੁੱਕ ਕੇ ਆਦਿ ਕਾਲ ਤੋਂ ਖੜਾ ਰਹਿ ਸਕਦਾ ਹੈ? ਫਿਰ ਇਸ ਇੰਨੇ ਭਾਰ ਅਤੇ ਨਾਲ ਧਵਲੇ ਦੇ ਆਪਣੇ ਭਾਰ ਹੇਠ ਕਿਹੜਾ ਜੋਰ ਹੈ, ਜੋ ਇਨ੍ਹਾਂ ਸਾਰਿਆਂ ਨੂੰ ਚੁੱਕ ਕੇ ਰੱਖ ਰਿਹਾ ਹੋਵੇ? ਦਿਮਾਗ ਤੋਂ ਕੰਮ ਲੈ ਕੇ ਸੋਚੋ ਕਿ ਪ੍ਰਿਥਵੀ ਨੂੰ ਚੁੱਕਣ ਵਾਲਾ ਧੌਲਾ ਕਿਸ ਚੀਜ਼ 'ਤੇ ਖੜ੍ਹਾ ਹੈ? ਜੇ ਧਿਆਨ ਨਾਲ ਸੋਚੋਗੇ ਤਾਂ ਇਸ ਸੁਣੀ ਸੁਣਾਈ ਮਨਘੜਤ ਕਹਾਣੀ ਵਿਚ ਉਸੇ ਵੇਲੇ ਵਿਸ਼ਵਾਸ ਉਡ ਜਾਵੇਗਾ।

ਫਿਰ ਇਸ ਧਰਤੀ ਉਤੇ ਵਿਚਰਦੇ ਜੀਵ ਜੰਤੂਆਂ ਦੀ ਗੱਲ ਲਵੋ। ਜੀਵ ਜਾਤੀਆਂ, ਪਰਜਾਤੀਆਂ ਅਤੇ ਉਨ੍ਹਾਂ ਦੇ ਰੰਗਾਂ ਤੇ ਨਾਂਵਾਂ ਦਾ ਵੇਰਵਾ ਲਿਖਣ ਲਈ ਸਾਰੀ ਦੁਨੀਆਂ ਦੇ ਲੇਖਕਾਂ ਦੀਆਂ ਕਲਮਾਂ ਸਦੀਆਂ ਤੋਂ ਚਲ ਰਹੀਆਂ ਹਨ। ਇਹ ਲੇਖਾ ਬਹੁਤ ਵੱਡਾ ਹੋ ਗਿਆ ਹੈ, ਪਰ ਹਾਲੇ ਪੂਰਾ ਨਹੀਂ ਹੋਇਆ। ਇੰਨੀ ਗੁੰਜਾਇਸ਼ ਕਿਸ ਵਿਚ ਹੈ, ਜੋ ਵੱਖ ਵੱਖ ਕਿਸਮਾਂ ਦਾ ਜਾਇਜ਼ਾ ਵੀ ਲਾ ਸਕੇ। ਉਤਪਤੀ ਦੀ ਸੰਖਿਆ ਜਾਣਨ ਦੀ ਤਾਕਤ ਕਿਸੇ ਕੋਲ ਨਹੀਂ। ਇਹ ਕੋਈ ਪੰਜਾਂ ਦੀ ਖੇਡ ਨਹੀਂ ਕਿ ਕੋਈ ਗਿਣ ਸਕੇ। ਗਿਣੇ ਤਾਂ ਕੋਈ ਤਦ, ਜੇ ਸ੍ਰਿਸ਼ਟੀ ਦੀਆਂ ਇਹ ਜਿਣਸਾਂ ਇਕ ਇਕ ਕਰਕੇ ਬਣੀਆਂ ਹੋਣ। ਇਹ ਤਾਂ ਥੋਕ ਦੇ ਭਾ ਬਣੀਆਂ ਹਨ। ਬਸ ਇਕੋ ਝਟਕੇ ਵਿਚ ਸਾਰਾ ਖਿਲਾਰਾ ਰਚਿਆ ਗਿਆ ਤੇ ਉਸੇ ਵੇਲੇ ਲੱਖਾਂ ਧਾਰਾਵਾਂ ਦੇ ਵਹਿਣ ਫੁੱਟ ਨਿਕਲੇ। ਕੀ ਕੋਈ ਇਸ ਕੁਦਰਤ ਦੇ ਵਿਸਥਾਰ ਦਾ ਵਿਚਾਰ ਕਰ ਸਕਦਾ ਹੈ? ਵਾਰ ਵਾਰ ਤਾਂ ਕੀ, ਕੋਈ ਇਕ ਵਾਰ ਵੀ ਨਹੀਂ ਕਰ ਸਕਦਾ। ਜੋ ਕੁਝ ਨਿਯਮਾਂ (ਹੁਕਮਾਂ) ਅਨੁਸਾਰ ਹੋ ਸਕਦਾ ਹੈ, ਉਹੀ ਠੀਕ ਹੈ। ਅਦਿੱਖ ਸਦੀਵੀ ਵਰਤਾਰੇ ਦੀ ਇਹੀ ਖੇਡ ਹੈ।

ਕਈ ਵਿਦਵਾਨ ਕਹਿਣਗੇ ਕਿ ਇਹ ਵਿਆਖਿਆ ਤਰੁਟੀ ਭਰਪੂਰ ਹੈ। ਜੀ ਹਾਂ, ਤਰੁਟੀਆਂ ਤਾਂ ਇਸ ਵਿਚ ਬੜੀਆਂ ਭਾਰੀਆਂ ਹਨ। ਇਸ ਨੂੰ ਕੋਈ ਸੁਣਨਾ ਪਸੰਦ ਨਹੀਂ ਕਰੇਗਾ, ਕਿਉਂਕਿ ਇਸ ਵਿਚ ਕੋਈ ਕਰਾਮਾਤੀ ਗਾਥਾ ਨਹੀਂ ਪ੍ਰੋਈ ਹੋਈ। ਇਸ ਨੂੰ ਕੋਈ ਆਪਣੇ ਸਮਾਜ ਵਿਚ ਲਾਗੂ ਨਹੀਂ ਕਰੇਗਾ, ਕਿਉਂਕਿ ਇਸ ਦੀਆਂ ਖਾਰਜ ਕੀਤੀਆਂ ਮਾਨਤਾਵਾਂ ਪਹਿਲਾਂ ਹੀ ਪੰਜ ਪੰਜ ਦੀਆਂ ਪਿਰਤਾਂ ਬਣ ਚੁਕੀਆਂ ਹਨ। ਇਸ ਨੂੰ ਕੋਈ ਪੜ੍ਹੇਗਾ ਨਹੀਂ, ਕਿਉਂਕਿ ਇਸ ਵਿਚ ਕੋਈ ਰੱਬੀ ਗੱਲ ਨਹੀਂ ਹੈ। ਇਸ ਨਾਲ ਸੰਗਤ ਇੱਕਠੀ ਨਹੀਂ ਹੋਵੇਗੀ, ਕਿਉਂਕਿ ਇਸ ਨੂੰ ਗਾ ਕੇ ਰਸੀਲਾ ਕੀਰਤਨ ਨਹੀਂ ਕੀਤਾ ਜਾ ਸਕਦਾ। ਇਸ ਵਿਚ ਨਿਯਮਾਂ ਤੇ ਹੁਕਮਾਂ ਦੀ ਗੱਲ ਹੈ, ਅਰਦਾਸਾਂ ਤੇ ਬਖਸ਼ਿਸ਼ਾਂ ਦੀ ਕੋਈ ਨਹੀਂ, ਇਸ ਲਈ ਇਹ ਚੜ੍ਹਾਵੇ ਇੱਕਠੇ ਕਰਨ ਲਈ ਕਾਰਆਮਦ ਨਹੀਂ। ਇਹ ਹਰ ਇਕ ਦੀ ਸਮਝ ਵਿਚ ਭਲੀਭਾਂਤ ਆ ਜਾਂਦੀ ਹੈ, ਇਸ ਲਈ ਇਸ ਨੂੰ ਸਮਝਾਉਣ ਲਈ ਕਿਸੇ ਪੁਜਾਰੀ ਜਾਂ ਪ੍ਰਚਾਰਕ ਦੀ ਲੋੜ ਨਹੀਂ। ਇਸ ਵਿਚ ਤਾਂ ਪਾਂਡੇ ਨੂੰ ਜਨੇਊ ਸਮੇਤ ਮੋੜਨ ਜਿਹਾ ਸਿੱਧਾ ਤੇ ਸੁਖਾਲਾ ਤਰਕ ਹੈ, ਜੋ ਮਨੁੱਖੀ ਸੋਚ ਵਿਚ ਗੰਢਾਂ ਪਾਉਣ ਦੀ ਥਾਂ ਉਨ੍ਹਾਂ ਨੂੰ ਖੋਲ੍ਹਦਾ ਹੈ। ਅਜਿਹੇ ਤਰਕ ਨੂੰ ਤਾਂ ਉਸ ਵੇਲੇ ਦੇ ਬ੍ਰਾਹਮਣ ਵਾਦੀਆਂ ਨੇ ਅੱਜ ਤੀਕ ਸਵੀਕਾਰ ਨਹੀਂ ਕੀਤਾ, ਫਿਰ ਅਜੋਕੇ ਸਿੱਖ ਵਿਦਵਾਨਾਂ ਵਿਚ ਛੁਪਿਆ ਬ੍ਰਾਹਮਣਵਾਦ ਇਸ ਵਿਆਖਿਆ ਨੂੰ ਕਿਵੇਂ ਸਹੀ ਕਹੇਗਾ? ਹਾਂ, ਇਹ ਵਿਆਖਿਆ ਵਿਸ਼ਵਾਸ ਦਾ ਭਰਮ ਮਿਟਾ ਕੇ ਬੁੱਧੀ ਦਾ ਲੇਖ ਜਰੂਰ ਲਿਖਦੀ ਹੈ। ਇਹ ਇਸ ਪਉੜੀ ਨੂੰ ਉਸੇ ਸੰਵਾਦ ਦੀ ਅਗਲੀ ਕੜੀ ਵਜੋਂ ਦਰਸਾਉਂਦੀ ਹੈ, ਜੋ ਗੁਰੂ ਸਾਹਿਬ ਨੇ ਜਪੁਜੀ ਦੀਆਂ ਪਹਿਲੀਆਂ ਪਉੜੀਆਂ ਵਿਚ ਰਚਾਇਆ ਹੈ। ਇਹ ਗਿਆਨ ਦੇ ਰਾਹ ਦਾ ਅਗਲਾ ਮੀਲ ਪੱਥਰ ਹੈ, ਜੋ ਗੁਰੂ ਸਾਹਿਬ ਦੀ ਸੇਧ 'ਤੇ ਪੂਰਾ ਉਤਰਦਾ ਹੈ। ਸੰਖੇਪ ਵਿਚ, ਇਹ ਵਿਆਖਿਆ ਉਹੀ ਗੱਲ ਕਹਿੰਦੀ ਹੈ, ਜੋ ਗੁਰੂ ਸਾਹਿਬ ਨੇ ਇਸ ਪਉੜੀ ਵਿਚ ਕਹਿਣੀ ਚਾਹੀ ਹੈ।

ਅੱਜ ਗੁਰੂ ਸਾਹਿਬ ਦੇ ਸੁਝਾਏ ਤਰਕ 'ਤੇ ਚਲਦਾ ਵਿਗਿਆਨ ਬਹੁਤ ਅੱਗੇ ਨਿਕਲ ਚੁਕਾ ਹੈ। ਅੱਗੇ ਤੋਂ ਅੱਗੇ ਪਸਰੀ ਪਈ ਧਰਤੀ ਦਾ ਬਿਓਰਾ ਮਿਲ ਗਿਆ ਹੈ। ਅੱਜ ਪਤਾ ਹੈ ਕਿ ਇਸ ਦਾ ਆਕਾਰ ਗੋਲਾਕਾਰ ਹੈ ਤੇ ਖੇਤਰਫਲ 196.9 ਮਿਲੀਆਨ ਵਰਗ ਮੀਲ ਹੈ। ਅੱਜ ਇਹ ਵੀ ਮਾਲੂਮ ਹੋ ਚੁਕਾ ਹੈ ਕਿ ਇਸ ਦੀ ਮਿੱਟੀ, ਪਾਣੀ ਤੇ ਬਨਾਸਪਤੀ ਦਾ ਸਾਂਝਾ ਭਾਰ 5.972x$10^{2}$t ਕਿਲੋਗਰਾਮ ਹੈ ਤੇ ਇਸ ਉਤਲੇ ਵਾਯੂਮੰਡਲ ਦਾ ਭਾਰ $5.2\times10^{18}$ ਕਿਲੋ ਹੈ। ਇਹ ਵੀ ਜਾਣ ਚੁਕੇ ਹਾਂ ਕਿ ਇਸ ਦੇ ਕੁਲ ਅਣੂਆਂ (Atoms) ਦੀ ਗਿਣਤੀ 1.3x10u$^{1}$ ਹੈ ਤੇ ਇਸ ਤੋਂ ਪੂਰੀ ਦਿਸਦੀ ਗਲੈਕਸੀ ਵਿਚ ਅਣੂਆਂ ਦੀ ਗਿਣਤੀ 1.1x$10^{82}$ ਹੈ। ਇਹ ਕੋਈ ਆਮ ਸੰਖਿਆਵਾਂ ਨਹੀਂ ਹਨ। ਜੇ 1.3x10u$^{1}$ ਦੀ ਸਾਇੰਟਿਫਿਕ ਨੋਟੇਸ਼ਨ ਨੂੰ ਹੀ ਖੋਲ੍ਹਿਆ ਜਾਵੇ ਤਾਂ ਇਹ ਇਕ ਏਕੇ ਪਿਛੇ 82 ਸਿਫਰਾਂ ਲੱਗਣ ਵਾਲੀ ਸੰਖਿਆ ਤੋਂ ਵੀ ਵੱਧ ਬਣਦੀ ਹੈ। ਇਹ ਸ਼ਬਦਾਂ ਵਿਚ ਨਹੀਂ ਦੱਸੀ ਜਾ ਸਕਦੀ। ਇਸ ਦੀ ਕਲਪਨਾ ਕਰਨਾ ਵੀ ਅਸੰਭਵ ਹੈ, ਕਿਉਂਕਿ ਮਨੁੱਖੀ ਦਿਮਾਗ ਇਸ ਸੰਖਿਆ ਤੀਕ ਕਦੇ ਖੁਲ੍ਹਿਆ ਹੀ ਨਹੀਂ। ਇਸ ਨੂੰ ਸੋਚ ਕੇ ਦਿਮਾਗ ਦੇ ਤੰਤੂਆਂ ਨੂੰ ਮੋਚ ਆ ਸਕਦੀ ਹੈ ਤੇ ਸੋਚਣ ਵਾਲੇ ਨੂੰ ਗਸ਼ੀ! ਜੇ ਗੁਰੂ ਸਾਹਿਬ ਅੱਜ ਆਉਣ ਤਾਂ ਸੋਚ ਕੇ ਨਿਹਾਲ ਹੋਣ ਕਿ ਚਲੋ ਉਨ੍ਹਾਂ ਦੇ ਕੁਝ ਸਿੱਖ ਤਾਂ ਅਸੰਖ ਦੇ ਨੇੜੇ ਪੁੱਜੇ ਹਨ! ਪਰ ਉਹ ਹੈਰਾਨ ਵੀ ਹੋਣ ਕਿਉਂਕਿ ਉਨ੍ਹਾਂ ਦੇ ਵਧੇਰੇ ਨੇੜਲੇ ਤਾਂ ਹਾਲੇ ਵੀ ਪੰਜ ਦੀ ਰਟ 'ਚ ਹੀ ਫਸੇ ਹੋਏ ਹਨ।

ਚਲੋ, ਅੰਕੜੇ ਤਾਂ ਹੋਰ ਵੀ ਬਹੁਤ ਸਾਰੇ ਪਤਾ ਹਨ ਤੇ ਜੋ ਨਹੀਂ ਪਤਾ, ਉਹ ਸਮੇਂ ਨਾਲ ਪਤਾ ਲੱਗ ਜਾਣਗੇ; ਪਰ ਇਨ੍ਹਾਂ ਸਭ ਜਾਣਕਾਰੀਆਂ ਦੇ ਬਾਵਜੂਦ ਗੁਰੂ ਸਾਹਿਬ ਦੀ ਸਿੱਖਿਆ ਦਾ ਮਹੱਤਵ ਘੱਟ ਨਹੀਂ ਹੋਣਾ। ਕਿਉਂ? ਕਿਉਂਕਿ ਇਹ ਜਾਣਕਾਰੀਆਂ ਤਾਂ ਵਿਗਿਆਨ ਦਾ ਸਿੱਟਾ ਹਨ, ਵਿਗਿਆਨ ਦਾ ਸਿਰਾ ਨਹੀਂ। ਵਿਗਿਆਨਕ ਸਿਧਾਂਤ ਦਾ ਨਾ ਕੋਈ ਆਦਿ ਅੰਤ ਹੁੰਦਾ ਹੈ ਤੇ ਨਾ ਹੀ ਇਹ ਕਦੇ ਪੁਰਾਣਾ ਪੈਂਦਾ ਹੈ। ਇਹ ਕੁਦਰਤ ਨਾਲ ਜੁੜਿਆ ਕੁਦਰਤ ਦਾ ਨਿਯਮ ਹੈ, ਇਸ ਲਈ ਜਦੋਂ ਤੀਕ ਕੁਦਰਤ ਰਹੇਗੀ, ਇਹ ਨਾਲ ਰਹੇਗਾ। ਬੇਅੰਤ ਜਾਣਕਾਰੀ ਹੋਣ 'ਤੇ ਵੀ ਧਰਤੀ ਹਾਲੇ 'ਹੋਰ ਪਰੈ ਹੋਰ ਹੋਰ' ਲਗਦੀ ਹੈ ਤੇ ਬ੍ਰਹਮ-ਗਿਆਨ ਹਾਲੇ ਵੀ ਦਰਬਾਰ ਦੇ ਝੰਡੇ ਵਾਂਗ ਦੂਰ ਦਿਖਾਈ ਦਿੰਦਾ ਹੈ। ਕੁਦਰਤ ਇੰਨੀ ਵਿਸ਼ਾਲ ਹੈ ਕਿ ਇਸ ਦਾ ਭੇਤ ਪਾਉਣਾ ਸੰਭਵ ਹੋਣ 'ਤੇ ਵੀ ਪਾਇਆ ਨਹੀਂ ਜਾ ਸਕੇਗਾ। ਮਨੁੱਖ ਇਵੇਂ ਹੀ ਗਿਆਨ ਲਈ ਮੁਸ਼ੱਕਤਾਂ ਘਾਲਦਾ ਰਹੇਗਾ, ਪਰ ਗਿਆਨ ਦੀ ਮੰਜ਼ਿਲ ਅੱਗੇ ਹੀ ਅੱਗੇ ਵਧਦੀ ਰਹੇਗੀ। ਇਸੇ ਲਈ ਲਗਦਾ ਹੈ ਕਿ ਹਾਲੇ ਤਾਂ ਸਭ ਕੁਝ ਪਾਉਣ ਵਾਲਾ ਹੀ ਪਿਆ ਹੈ।

ਹਾਲੇ ਤਾਂ ਖਿਆਲ ਦੀ ਸਪੀਡ ਵਾਲਾ ਰਾਕਟ ਨਹੀਂ ਬਣਿਆ, ਗਲੈਕਸੀਆਂ ਦੇ ਆਰ-ਪਾਰ ਉਡਾਰੀਆਂ ਨਹੀਂ ਭਰੀਆਂ, ਪੁਲਾੜ ਦਾ ਖਾਲੀ ਪਾਸਾ ਨਹੀਂ ਵੇਖਿਆ, ਬਲੈਕ ਹੋਲਾਂ ਦੇ ਵਿਚ ਵੜ ਕੇ ਨਹੀਂ ਦੇਖਿਆ, ਐਂਟੀ-ਮੈਟਰ ਦੇ ਦਰਸ਼ਨ ਨਹੀਂ ਕੀਤੇ ਤੇ ਕਿਸੇ ਪਰਾਈ ਪੁਲਾੜੀ ਸਭਿਅਤਾ ਨਾਲ ਮੇਲ ਨਹੀਂ ਹੋਇਆ। ਹੋਰ ਤਾਂ ਹੋਰ ਹਾਲੇ ਤਾਂ ਗੂਗਲ ਤੋਂ ਰੋਟੀ ਵੀ ਡਾਊਨਲੋਡ ਨਹੀਂ ਹੋਈ। ਮੁੱਖ ਗੱਲ, ਹਾਲੇ ਤਾਂ ਸ੍ਰਿਸ਼ਟੀ ਦੇ ਕਾਦਰ ਦਾ ਸਤਿ ਨਾਮ ਭਾਵ ਅਸਲ ਨਾਓਂ ਵੀ ਪਤਾ ਕਰਨ ਵਾਲਾ ਰਹਿੰਦਾ ਹੈ। ਕੁਦਰਤ ਦੇ ਦਿਸਦੇ, ਅਣਦਿਸਦੇ ਸਭ ਪਹਿਲੂ ਜਾਣ ਕੇ ਹੀ ਇਹ ਨਾਮ ਪਤਾ ਚਲਣਾ ਹੈ। ਇਹ ਸਭ ਪ੍ਰਾਪਤੀਆਂ ਅੰਧ-ਵਿਸ਼ਵਾਸਾਂ ਤੇ ਪੰਜ ਦੇ ਪਹਾੜੇ ਨਾਲ ਨਹੀਂ ਹੋਣੀਆਂ, ਪਰ ਇਹ ਉਪਲਬਦੀਆਂ ਜਦੋਂ ਵੀ ਹੋਈਆਂ ਤੇ ਜਿਵੇਂ ਵੀ ਹੋਈਆਂ, ਇਨ੍ਹਾਂ ਦੀ ਪ੍ਰਾਪਤੀ ਪਿੱਛੇ ਗੁਰੂ ਸਾਹਿਬ ਦੀ ਬਾਣੀ ਦੇ ਸ਼ਬਦ ਜਰੂਰ ਗੂੰਜ ਰਹੇ ਹੋਣਗੇ। ਇਸੇ ਲਈ ਉਨ੍ਹਾਂ ਦੀ ਬਾਣੀ ਨੂੰ ਅਮਰ ਕਿਹਾ ਜਾਂਦਾ ਹੈ ਤੇ ਉਨ੍ਹਾਂ ਦੇ ਜਪੁਜੀ ਨੂੰ ਵਿਗਿਆਨ!

# ਵੱਡੀ ਕ੍ਰਾਂਤੀ ਦਾ ਆਵੇਸ਼-ਪੰਚਮ ਪਾਤਸ਼ਾਹ ਦੀ ਸ਼ਹਾਦਤ

ਸਿੱਖ ਇਤਿਹਾਸ ਦੇ ਪ੍ਰਥਮ ਹਵਾਲਾ ਸਰੋਤ 'ਮਹਿਮਾ ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਹਨ, ਜਿਨ੍ਹਾਂ ਵਿਚ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਵਿਚ ਚੰਦੂ ਸ਼ਾਹ ਦੀਵਾਨ ਵਲੋਂ ਮੁੱਖ ਭੂਮਿਕਾ ਨਿਭਾਉਣ ਦਾ ਵਿਸ਼ੇਸ਼ ਤਜ਼ਕਰਾ ਹੈ।

ਚੰਦੂ ਸ਼ਾਹ ਦੀਵਾਨ, ਬਾਦਸ਼ਾਹ ਜਹਾਂਗੀਰ ਦੇ ਰਾਜ ਵਿਚ ਮਹਿਕਮਾ ਮਾਲ ਦਾ ਉਚ ਅਧਿਕਾਰੀ ਸੀ। ਉਸ ਨੇ ਆਪਣੀ ਲੜਕੀ ਲਈ ਯੋਗ ਵਰ ਟੋਲਣ ਲਈ ਉਦੋਂ ਦੇ ਰੀਤ-ਰਿਵਾਜ ਅਨੁਸਾਰ ਬ੍ਰਾਹਮਣ ਨੂੰ ਪੰਜਾਬ ਵੱਲ ਭੇਜਿਆ ਸੀ। ਉਹ ਪੁੱਛਦਾ ਪੁਛਾਉਂਦਾ ਸ੍ਰੀ ਅੰਮ੍ਰਿਤਸਰ ਪਹੁੰਚ ਗਿਆ। ਬਿਲ-ਆਖਿਰ ਉਸ ਨੇ ਆਪਣੀ ਸੋਝੀ ਅਨੁਸਾਰ ਹਰ ਪੱਖ ਤੋਂ ਖੋਜ ਪਰਖ ਕੀਤੀ ਤੇ



ਗੱਜਣਵਾਲਾ ਸੁਖਮਿੰਦਰ ਸਿੰਘ
ਫੋਨ: 91-99151-06449

ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਸ੍ਰੀ ਹਰਿਗੋਬਿੰਦ ਜੀ ਨੂੰ ਸ਼੍ਰੇਸਟ ਵਰ ਵਜੋਂ ਚੁਣ ਲਿਆ। ਫਿਰ ਉਸ ਨੇ ਵਾਪਸ ਦਿੱਲੀ ਜਾ ਕੇ ਗੁਰੂ ਸਾਹਿਬ ਬਾਰੇ ਸਾਰਾ ਵੇਰਵਾ ਦੱਸਿਆ ਤਾਂ ਚੰਦੂ ਸ਼ਾਹ ਨੂੰ ਬ੍ਰਾਹਮਣ ਦੀ ਪਸੰਦ ਚੰਗੀ ਨਾ ਲੱਗੀ। ਉਸ ਦੇ ਤਕੱਬੁਰੀ ਮੁੱਖ ਤੋਂ ਨਿਕਲਿਆ, "ਮੈਂ ਬਡ ਦਿਵਾਨ ਪਾਤਸ਼ਾਹਿ ਕੋ ਜਿਤ ਕਿਤ ਮੇਰਾ ਹੁਕਮ ਅਟਾਲ।" ਭਾਵ ਮੈਂ ਵੱਡੇ ਮੁਰਾਤਬੇ ਵਾਲੇ ਨਾਮੀ-ਗਰਾਮੀ ਬਾਦਸ਼ਾਹ ਦਾ ਦੀਵਾਨ, ਜਿਥੇ ਕਿਥੇ ਮੇਰਾ ਹੁਕਮ ਚੱਲਦਾ ਹੈ, ਵਜ਼ੀਰ ਮੁਸ਼ੀਰ ਮੇਰੇ ਕਹਿਣੇ ਵਿਚ; ਤੂੰ (ਬ੍ਰਾਹਮਣ) ਮੇਰੀ ਹੈਸੀਅਤ ਅਨੁਸਾਰ ਸਹੀ ਪਛਾਨ ਨਹੀਂ ਕਰ ਸਕਿਆ। ਫਿਰ ਵੀ ਮੈਂ (ਪਰੰਪਰਾ ਅਨੁਸਾਰ) ਤੇਰਾ ਲਿਆ ਹੋਇਆ ਫੈਸਲਾ ਮੰਨ ਲੈਂਦਾ ਹਾਂ, ਪਰ ਤੂੰ! ਚੁਬਾਰੇ ਦੀ ਇਟ ਮੋਰੀ ਵਿਚ ਲਾ ਆਇਆਂ।

'ਗੁਰ ਪ੍ਰਤਾਪ ਸੂਰਜ ਗ੍ਰੰਥ' ਦਾ ਰਚੈਤਾ ਭਾਈ ਸੰਤੋਖ ਸਿੰਘ ਲਿਖਦਾ ਹੈ, ਚੰਦੂ ਨੇ ਰੀਤੀ ਅਨੁਸਾਰ ਸ਼ਗਨ ਦੀ ਰਸਮ ਕਰਨ ਲਈ ਬ੍ਰਾਹਮਣ ਨੂੰ ਮੁੜ ਦਿੱਲੀ ਤੋਂ ਸ੍ਰੀ ਅੰਮ੍ਰਿਤਸਰ ਭੇਜ ਦਿੱਤਾ। ਉਧਰ ਦਿੱਲੀ ਦੇ ਸਿੱਖਾਂ ਨੇ, ਗੁਰੂ ਘਰ ਪ੍ਰਤੀ ਚੰਦੂ ਦੇ ਕੁਰਖਤ ਬੋਲ ਸੁਣੇ ਸਨ ਤਾਂ ਉਨ੍ਹਾਂ ਤੁਰੰਤ ਮਜਲਸ ਕੀਤੀ ਤੇ ਗੁਰੂ ਸਾਹਿਬ ਵੱਲ ਸੰਦੇਸ਼ਾ ਭੇਜ ਦਿੱਤਾ- ਗੁਰੂ ਸਾਹਿਬ ਜੀ! ਦੀਵਾਨ ਚੰਦੂ ਧਨ-ਸੰਪਦਾ ਦਾ ਅਭਿਮਾਨੀ, ਸਾਕਤ (ਮਨਮੁੱਖ) ਬਿਰਤੀ ਵਾਲਾ ਹੈ। ਗੁਰੂ ਘਰ ਵਿਚ ਇਸ ਦੀ ਕੋਈ ਸ਼ਰਧਾ ਨਹੀਂ ਹੈ। ਉਸ ਨਾਲ ਰਿਸ਼ਤਾ ਜੋੜਨਾ ਸ਼ੋਭਦਾ ਨਹੀਂ ਹੈ। ਸੰਦੇਸ਼ਾ ਪੜ੍ਹ ਕੇ ਗੁਰੂ ਸਾਹਿਬ ਨੇ ਸੂਝਵਾਨ ਦਾਨੇ ਸਿੱਖਾਂ ਨਾਲ ਮਸ਼ਵਰਾ ਕੀਤਾ ਤੇ ਇਹ ਫਰਮਾ ਕੇ 'ਸਤਿਗੁਰ ਕੇ ਘਰ ਮਾਣ ਨਿਮਾਣਨ ਮਾਨੀ ਜਬ ਕਬ ਲਹੈ ਸਜਾਇ।' (ਸਤਿਗੁਰੂ ਦੇ ਘਰ ਤਾਂ ਨਿਮਾਣਿਆ ਨੂੰ ਮਾਣ ਮਿਲਦਾ ਹੈ, ਅਸੀਂ ਤਾਂ ਨਿਮਰ ਹੋ ਨਿਮਰ (ਨੀਵੇਂ) ਲੋਕਾਂ ਨੂੰ ਮਿਲਦੇ ਹਾਂ।) ਗੁਰੂ ਸਾਹਿਬ ਨੇ ਦਿੱਲੀ ਦੀ ਸੰਗਤ ਦੇ ਸੰਦੇਸ਼ ਦਾ ਪਾਲਣ ਕੀਤਾ ਤੇ ਉਨ੍ਹਾਂ ਨੇ ਚੰਦੂ ਦਾ ਸਾਕ ਲੈਣਾ ਨਾ-ਮਨਜ਼ੂਰ ਕਰ ਦਿੱਤਾ। ਚੰਦੂ ਨੂੰ ਖਬਰ ਹੋਈ ਤਾਂ ਉਸ ਦੀ ਹੰਗਤਾ ਲਾਟ ਬਣ ਕੇ ਭੜਕ ਉਠੀ। ਉਸ ਨੇ ਗੁਰੂਘਰ ਦੀ ਉਚਤਾ ਦੇ ਉਲਟ ਪੈਂਤੜਾ ਲੈ ਲਿਆ। ਦਿਨ-ਬ-ਦਿਨ ਧ੍ਰੋਹੀ ਸ਼ਕਤੀਆਂ ਦਾ ਦੰਭ ਉਭਰਨ ਲੱਗਾ। ਰੰਜਸ਼ੀ ਚੰਦੂ ਨੇ ਤਦ ਤੋਂ ਤੁਅੱਸਬੀ ਬਾਦਸ਼ਾਹ ਜਹਾਂਗੀਰ ਨੂੰ ਗੁਮਰਾਹ ਕਰਨਾ ਸੁਰੂ ਕਰ ਦਿੱਤਾ।

ਮੁਅੱਰਿਖ ਲਿਖਦਾ ਹੈ ਕਿ ਪਹਿਲੇ ਗੁਰੂ ਸਾਹਿਬਾਨ ਤੋਂ ਹੁਣ ਤਕ ਮੁਗਲ ਪ੍ਰਸ਼ਾਸਨ ਦੀ ਗੁਰੂ ਘਰ ਨਾਲ ਕੋਈ ਝੜਪ ਨਹੀਂ ਸੀ ਹੋਈ। ਸਗੋਂ ਬਾਦਸ਼ਾਹ ਅਕਬਰ, ਜੋ ਧਰਮ-ਨਿਰਪੱਖਤਾ ਦਾ ਧਾਰਨੀ, ਕੁਦਰਤੀ ਫਰਾਖਦਿਲ ਸੀ, ਸਿੱਖ ਧਰਮ ਲਈ ਸਹਾਈ ਹੀ ਹੋਇਆ; ਜਦੋਂ ਕਿ ਇਸਲਾਮੀ ਸਰ੍ਹਾ ਦੀ ਨਕਸ਼ਬੰਦੀ ਜਮਾਤ ਦੇ ਕੱਟੜ ਮੁਲਾਣੇ ਅਕਬਰ ਦੀ ਧਰਮ ਨਿਰਪੱਖ ਨੀਤੀ ਦੇ ਮੁੱਢੋਂ ਬਰਖਿਲਾਫ ਸਨ। ਅਕਬਰ ਦੇ ਅੱਖਾਂ ਮੀਟਣ ਦੀ ਦੇਰ ਸੀ ਕਿ ਇਸਲਾਮੀ ਕੱਟੜਵਾਦੀ ਨਕਸ਼ਬੰਦੀਆਂ ਦੀ ਬਦੌਲਤ ਤੁਅੱਸਬੀ ਜਹਾਂਗੀਰ ਦਿੱਲੀ ਤਖਤ 'ਤੇ ਆ ਬੈਠਾ। ਜਹਾਂਗੀਰ ਦੇ ਕੱਟੜਪੰਥੀ ਪ੍ਰਸ਼ਾਸਨ ਨੂੰ ਪੰਜਵੇਂ ਪਾਤਸ਼ਾਹ ਤਕ ਉਸਰ ਚੁਕੀ ਸਿੱਖ-ਸੰਸਥਾ, ਸਟੇਟ ਅੰਦਰ ਸਟੇਟ ਦਾ ਰੂਪ ਧਾਰਨ ਕਰੀ ਦਿਸਦੀ ਸੀ। ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ਹੋਂਦ ਵਿਚ ਆ ਚੁਕੀ ਸੀ ਤੇ ਹਰਿਮੰਦਰ ਸਾਹਿਬ ਪ੍ਰਕਾਸ਼ਮਾਨ ਹੋ ਚੁਕਾ ਸੀ। ਖਾਸ ਗੁਪਤ ਰੂਪ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਮੁੱਢ ਬੱਝਣਾ ਲਾਜ਼ਿਮ ਹੋ ਗਿਆ ਸੀ।

ਜਹਾਂਗੀਰ ਤਖਤ 'ਤੇ ਬੈਠਾ ਹੀ ਸੀ, ਤਾਂ ਉਸ ਦੇ ਪੁੱਤਰ ਖੁਸਰੋ ਨੇ ਬਗਾਵਤ ਕਰ ਦਿੱਤੀ। ਅਕਬਰ ਦੀ ਸਹਿਮਤੀ ਸਦਕਾ ਉਹ ਆਪਣੇ ਆਪ ਨੂੰ ਤਖਤ ਦਾ ਦਾਅਵੇਦਾਰ ਸਮਝਦਾ ਸੀ। ਇਤਿਹਾਸਕਾਰ ਈਸ਼ਵਰੀ ਪ੍ਰਸ਼ਾਦ ਲਿਖਦੇ ਹਨ, ਇਕ ਦਿਨ ਖੁਸਰੋ ਤਿੰਨ ਸੌ ਘੋੜ ਸਵਾਰਾਂ ਦਾ ਲਸ਼ਕਰ ਲੈ ਕੇ ਆਪਣੇ ਦਾਦਾ ਅਕਬਰ ਬਾਦਸ਼ਾਹ ਦੀ ਕਬਰ ਪਰ ਜ਼ਿਆਰਤ ਕਰਨ ਦੇ ਬਹਾਨੇ ਨਿਕਲਿਆ ਤੇ ਬਾਗੀ ਹੋ ਕੇ ਆਗਰੇ ਦੇ ਕਿਲ੍ਹੇ ਤੋਂ ਲਾਹੌਰ ਵੱਲ ਭੱਜ ਪਿਆ। ਰਸਤੇ 'ਚ ਉਸ ਨਾਲ ਕਈ ਆਹਲਾ ਅਹਿਲਕਾਰ, ਮੁਗਲ ਸਰਦਾਰ ਰਲਦੇ ਗਏ। ਬਾਦਸ਼ਾਹ ਜਹਾਂਗੀਰ ਨੇ ਬਾਗੀ ਸਹਿਜ਼ਾਦੇ ਖੁਸਰੋ ਨੂੰ ਮਾਰਨ/ਪਕੜਨ ਲਈ ਨਜ਼ਦੀਕੀ ਫਰੀਦ ਖਾਂ ਬੁਖਾਰੀ (ਮੁਰਤਜ਼ਾ ਖਾਨ) ਨੂੰ ਭਾਰੀ ਫੌਜ ਦੇ ਕੇ ਉਸ ਦੇ ਪਿੱਛੇ ਲਾ ਦਿਤਾ। ਥੋੜੇ ਸਮੇਂ ਬਾਅਦ ਆਪ ਵੀ ਜਹਾਂਗੀਰ ਫੌਜ ਲੈ ਕੇ ਪਿੱਛੇ ਪਿੱਛੇ ਚੱਲ ਪਿਆ। ਖੁਸਰੋ ਲਾਹੌਰ ਦੇ ਕਿਲ੍ਹੇ 'ਤੇ ਕਬਜ਼ਾ ਕਰਨਾ ਚਾਹੁੰਦਾ ਸੀ।

ਇਤਿਹਾਸਕਾਰ ਮੁਹੰਮਦ ਅਕਬਰ 'ਪੰਜਾਬ ਅੰਡਰ ਦਾ ਮੁਗਲਜ਼' ਵਿਚ ਲਿਖਦਾ ਹੈ ਕਿ ਖੁਸਰੋ ਨੇ ਨੌਂ ਦਿਨ ਕਿਲ੍ਹੇ ਨੂੰ ਘੇਰਾ ਪਾਈ ਰੱਖਿਆ, ਪਰ ਸਫਲ ਨਾ ਹੋ ਸਕਿਆ। ਪਿਛੋਂ ਚੜ੍ਹੀ ਆਉਂਦੀ ਫਰੀਦ ਖਾਂ ਬੁਖਾਰੀ ਦੀ ਫੌਜ ਨੂੰ ਡੱਕਣ ਲਈ, ਉਹ ਲਾਹੌਰੋਂ ਵਾਪਸ ਮੁੜ ਪਿਆ। ਉਸ ਦੀ ਤਰਨਤਾਰਨ-ਗੋਇੰਦਵਾਲ ਕੋਲ ਭੈਰੋਵਾਲ ਦੇ ਸਥਾਨ 'ਤੇ ਟੱਕਰ ਹੋ ਗਈ। ਇਥੇ ਖੁਸਰੋ ਦੀ ਹਾਰ ਹੋ ਗਈ ਤੇ ਉਸ ਦੀ ਫੌਜ ਉਥੋਂ ਨੱਸਣ ਲੱਗੀ। ਖੁਸਰੋ ਵੀ ਭੱਜ ਨਿਕਲਿਆ।

ਮਹਿਮਾ ਪ੍ਰਕਾਸ਼ ਦਾ ਰਚੈਤਾ ਸਰੂਪ ਦਾਸ ਭੱਲਾ ਲਿਖਦਾ ਹੈ, ਖੁਸਰੋ ਭਗੌੜਾ ਹੋ ਗਿਆ, ਉਸ ਦਾ ਧਨ-ਮਾਲ ਲੁਟਿਆ ਗਿਆ ਸੀ। ਉਹ ਭੱਜ ਕੇ ਗੁਰੂ ਅਰਜਨ ਦੇਵ ਜੀ ਕੋਲ ਤਰਨਤਾਰਨ ਆ ਗਿਆ। ਗੁਰੂ ਜੀ ਨੇ ਲੋੜਵੰਦ ਤੇ ਉਸ ਦੀ ਦੁਖਦਾਈ ਹਾਲਤ ਵੇਖ ਉਸ ਨੂੰ ਭੋਜਨ ਛਕਾਇਆ, ਕੁਛ ਪੈਸੇ ਟਕੇ ਦੀ ਇਮਦਾਦ ਕੀਤੀ।

ਨਵੀਨ ਖੋਜਕਾਰਾਂ (ਹਿਸਟੋਰੀਅਨਜ਼) ਦੀ ਖੋਜ ਬੰਧਨਮੁਕਤ/ਸੁਤੰਤਰ ਨਹੀਂ ਹੋਇਆ ਕਰਦੀ, ਜਾਣੇ-ਅਣਜਾਣੇ ਉਨ੍ਹਾਂ ਦੀ ਰੀਸਰਚ, ਸਟੇਟ ਦੇ ਉਸਾਰੇ ਨੈਰੇਟਿਵ/ਨਜ਼ਰੀਏ ਦੇ ਅਨੁਸਾਰੀ ਹੀ ਹੋਇਆ ਕਰਦੀ ਹੈ। ਮੁਢਲੇ ਸ੍ਰੋਤ ਅਤੇ ਸੀਨਾ-ਬਸੀਨਾ ਚਲੀਆਂ ਆਉਂਦੀਆਂ ਮੌਖਿਕ ਕਥਾ-ਕਥਾਵਾਂ ਇਤਿਹਾਸਕ ਪ੍ਰਸੰਗ ਦੀ ਅਸਲੀਅਤ ਦੇ ਮਜ਼ੀਦ ਨਜ਼ਦੀਕ ਹੋਇਆ ਕਰਦੀਆਂ।

ਖੁਸਰੋ ਦੀ ਮਦਦ ਕਰਨ ਦੀ ਘਟਨਾ ਸਦਕਾ ਚੰਦੂ ਸ਼ਾਹ ਨੂੰ ਜਹਾਂਗੀਰ ਨੂੰ ਭੜਕਾਉਣ ਦਾ ਸੁੰਦਰ ਮੌਕਾ ਮਿਲ ਗਿਆ। ਚੰਦੂ ਨੇ ਬਾਦਸ਼ਾਹ ਕੋਲ ਜਾ ਚੁਗਲੀ ਕੀਤੀ,

ਇਕ ਦੁਸਟ ਖੱਤਰੀ ਚੰਦੂ ਸ਼ਾਹੀ।
ਤਿਨ ਬਾਦਸ਼ਾਹ ਪੇ ਚੁਗਲੀ ਲਾਈ।
ਸਹਜ਼ਾਦੇ ਜੀ ਭਾਗ ਕਰ ਗਏ ਅਰਜਨ ਪਾਸ।
ਕਛੁ ਮਦਤ ਖਜ਼ਾਨੇ ਕੀ ਕਰੀ ਕੀਨੀ ਬਹੁਤ ਸੁਪਾਸ॥

ਗੁਰੂ ਅਰਜਨ ਦੇਵ ਆਪਣੇ ਆਪ ਨੂੰ ਪਾਤਸ਼ਾਹ ਅਖਵਾਉਂਦਾ ਹੈ ਹੋਰ ਕਿਸੇ ਨੂੰ ਕੁਝ ਨਹੀਂ ਸਮਝਦਾ।

ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਬਾਗੀ ਖੁਸਰੋ ਦੀ ਮਦਦ ਕਰਨ ਦੇ ਇਵਜ਼ ਚੰਦੂ ਸ਼ਾਹ ਦੀਵਾਨ ਨੇ ਬਾਦਸ਼ਾਹ ਪਾਸੋਂ ਲਿਖਤੀ ਰੁੱਕਾ (ਪਰਵਾਨਾ) ਹਾਸਲ ਕਰ ਲਿਆ ਕਿ ਗੁਰੂ ਸਾਹਿਬ ਤੋਂ ਦੋ ਲੱਖ ਜੁਰਮਾਨਾ ਵਸੂਲ ਕੀਤਾ ਜਾਵੇ। ਗੁਰੂ ਸਾਹਿਬ ਕੋਲ ਬਾਦਸ਼ਾਹ ਦਾ ਪਰਵਾਨਾ ਪਹੁੰਚਿਆ, ਧਨ ਦੋਇ ਲਾਖ ਸ਼ਾਹੁ ਮੰਗਵਾਯੋ॥ ਸਰੂਪ ਦਾਸ ਭੱਲਾ ਵੀ ਲਿਖਦੇ ਹਨ ਕਿ ਚੰਦੂ ਨੇ ਇਹ ਮਨਜ਼ੂਰੀ ਵੀ ਲੈ ਲਈ ਸੀ ਕਿ ਗੁਰੂ ਸਾਹਿਬ ਨੂੰ ਮੇਰੇ ਸਪੁਰਦ ਕਰ ਦੇਵੋ ਤੇ ਮੇਰੇ ਕੋਲੋਂ ਦੋ ਲੱਖ ਲੈ ਲੈਣੇ-ਜੋ ਸਪੁਰਦ ਹਮਾਰੀ ਕਰ ਦੀਜੈ। ਦੁਇ ਲਾਖ ਰੁਪਯਾ ਮੇਰੇ ਸੇ ਲੀਜੈ।

ਅਗਮ ਅਗੋਚਰ ਗੁਰੂ ਸਾਹਿਬ ਪਰਵਾਨਾ ਪੜ੍ਹ ਕੇ ਆਉਣ ਵਾਲੇ ਕੱਲ੍ਹ ਦੀ ਸਾਰੀ ਗੁਪਤ ਕਹਾਣੀ ਜਾਣ ਗਏ। ਉਨ੍ਹਾਂ ਨੂੰ ਸ਼ਹਾਦਤ ਵੱਲ ਜਾਂਦਾ ਮਾਰਗ ਨਜ਼ਰ ਆਉਣ ਲੱਗਾ। ਉਨ੍ਹਾਂ ਨੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਨੂੰ ਬੁਲਾਇਆ। ਬਾਬਾ ਬੁੱਢਾ ਜੀ ਨੂੰ ਮੁਖਾਤਿਬ ਹੋ ਫਰਮਾਇਆ, ਅਸੀਂ ਆਪਣਾ ਅੰਤਿਮ ਸਮਾਂ ਆਇਆ ਜਾਣ ਲਿਆ ਹੈ। ਸ੍ਰੀ ਹਰਿਗੋਬਿੰਦ ਜੀ ਬਲ ਸਹਿਤ ਸਮਰਥਾਵਾਨ ਹੋ ਗਏ ਹਨ। ਗੁਰੂਭਾਰੀ ਪਰਗਟ ਹੋਣਗੇ। ਆਗਿਆ ਪਾ ਬਾਬਾ ਬੁੱਢਾ ਜੀ ਨੇ ਗੁਰਤਾ-ਪਦ ਦੀ ਰਸਮ ਨਿਭਾਉਂਦਿਆਂ ਸ੍ਰੀ ਹਰਿਗੋਬਿੰਦ ਜੀ ਦੇ ਮੱਥੇ ਪਰ ਤਿਲਕ ਲਗਾ ਦਿਤਾ।

ਮੁਅੱਰਿਖ ਲਿਖਦਾ ਹੈ, ਗੁਰਤਾ-ਪਦ ਬਖਸ਼ਣ ਵੇਲੇ ਪੰਚਮ ਪਾਤਸ਼ਾਹ ਨੇ ਸ੍ਰੀ ਹਰਿਗੋਬਿੰਦ ਜੀ ਨੂੰ ਫਰਮਾਇਆ, ਇਹ ਗੁਰੂ ਨਾਨਕ ਜੀ ਦੀ ਗੱਦੀ ਹੈ,

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ'
ਇਤਿ ਮਾਰਗਿ ਪੈਰ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

ਹੁਣ ਜ਼ੁਲਮ ਦਾ ਟਾਕਰਾ ਕਰਨ ਲਈ ਤਲਵਾਰ ਚੁੱਕਣੀ ਲਾਜ਼ਿਮ ਹੈ। ਉਨ੍ਹਾਂ ਦੇ ਮਿਸ਼ਨ ਨੂੰ ਅੱਗੇ ਲੈ ਕੇ ਜਾਣਾ ਹੈ। ਭਗਤੀ ਤੇ ਸ਼ਕਤੀ ਦੀਆਂ ਸ਼ਮਸ਼ੀਰਾਂ/ਤੇਗਾਂ ਦੀ ਚਮਕ ਨੇ ਗੁਰੂ ਨਾਨਕ ਮਾਰਗ ਦੇ ਪ੍ਰਕਾਸ਼ ਨੂੰ ਕੁੱਲ ਆਲਮ 'ਤੇ ਲਿਸ਼ਕੋਰਨਾ ਹੈ।

ਗੁਰੂ ਸਾਹਿਬ ਕੁਝ ਸਿੱਖਾਂ ਨਾਲ ਲਾਹੌਰ ਪਹੁੰਚ ਗਏ ਸਨ। ਇੰਤਹਾਈ ਗਰਮ, ਜੇਠ ਦਾ ਭੀਸ਼ਮ ਮਹੀਨਾ ਸੀ। ਆਪਣੀ ਨਿਗਰਾਨੀ ਹੇਠ ਚੰਦੂ ਸ਼ਾਹੀ ਨੇ ਸਖਤ ਤਸੀਹੇ ਦਿੱਤੇ। ਗੁਰੂ ਸਾਹਿਬ ਨੂੰ ਉਬਲਦੀ ਦੇਗ ਵਿਚ ਬਿਠਾਇਆ ਗਿਆ, ਸੀਸ ਉਪਰ ਤੱਤੀ ਰੇਤ ਪਾਈ ਗਈ। ਗੁਰੂ ਜੀ ਗਰਮ ਲੋਹ 'ਤੇ ਸ਼ਾਂਤ ਚਿਤ ਬੈਠੇ ਰਹੇ। ਚੰਦੂ ਵਾਰ ਵਾਰ ਰਿਸ਼ਤੇ ਦੀ ਮੰਗ ਦੁਹਰਾਉਂਦਾ ਰਿਹਾ। ਸਾਹਿਬ ਦਾ ਸਰੀਰ ਫਲੂਹਿਆ ਗਿਆ, ਚਮੜੀ ਜਲ ਗਈ ਸੀ, ਪਰ ਅਡੋਲ ਸਮਾਧੀ ਅਭੰਗਤ ਰਹੀ।

ਬਿਲ-ਆਖਿਰ ਪਵਿੱਤਰ ਪ੍ਰਭਾਤ ਆਈ, ਸਾਹਿਬ ਨੇ ਰਾਵੀ ਦੇ ਪਾਣੀਆਂ ਨੂੰ ਯਾਦ ਕੀਤਾ। ਬਦਬਖਤ, ਜ਼ਾਲਿਮ ਚੰਦੂ ਵੱਲੋਂ ਆਗਿਆ ਹੋਈ। ਰਾਵੀ ਦੀਆਂ ਲਹਿਰਾਂ ਨੇ ਗੁਰੂ ਨੂੰ ਗੋਦ ਵਿਚ ਲੈ ਲਿਆ। ਸਾਹਿਬ ਸ਼ਹਾਦਤ ਪਾ ਗਏ, ਸਿੱਖ ਪੰਥ ਦੇ ਪਹਿਲੇ ਸ਼ਹੀਦ ਹੋਣ ਦਾ ਮੁਰਾਤਬਾ ਹਾਸਲ ਕਰ ਗਏ।

ਬਿਲਾ-ਸ਼ੱਕ ਸ਼ਹਾਦਤ ਵਾਲੀ ਰਾਤ ਸ਼ਦੀਦ ਉਦਾਸ ਰਾਤ ਸੀ, ਪਰ ਅਥਾਹ ਤਸੀਹਿਆਂ ਦੇ ਦੁਖਦ ਵਰਤਾਰੇ ਅਤੇ ਜਰਨ ਦੇ ਭਾਣੇ ਨੇ ਸਿੱਖ-ਮਨਾਂ ਅੰਦਰ ਅਸਚਰਜ ਧਰਵਾਸ ਦੀ ਬਖਸ਼ਿਸ਼ ਕਰ ਦਿੱਤੀ। ਗੁਰੂ ਸਾਹਿਬ ਦੀ ਸ਼ਹਾਦਤ ਵੱਡੀ ਕ੍ਰਾਂਤੀ ਦਾ ਆਵੇਸ਼ ਸੀ, ਕੁਲ-ਆਲਮ ਵਿਚ ਨਵੇਂ ਅਧਿਆਇ ਦੀ ਸ਼ੁਰੂਆਤ ਸੀ। ਜੰਗ ਦੇ ਮੈਦਾਨ ਸਜਣੇ ਸਨ ਤੇ ਇਤਿਹਾਸਕ ਜੰਗਾਂ ਵਿਚ ਸ਼ਹੀਦਾਂ ਦੀ ਬੇਮਿਸਾਲ ਪ੍ਰਭੁਤਾ ਨੇ ਪ੍ਰਕਾਸ਼ਮਾਨ ਹੋਣਾ ਸੀ। ਛੇਵੇਂ ਨਾਨਕ ਨੇ ਅਜਬ ਰੂਪ ਵਿਚ ਸੰਗਤ ਦੇ ਸਨਮੁੱਖ ਹੋਣਾ ਸੀ।

---

# ਮਿਠਤੁ ਨੀਵੀ

ਓਹਦੇ ਸ਼ਬਦ ਸਿੱਧੇ ਸਾਦੇ ਹਨ, ਫਿਰ ਵੀ ਉਨ੍ਹਾਂ ਦੀ ਧੁਨੀ, ਤਰੰਗਾਂ, ਸੁਰ, ਰਾਗ ਸਾਡੇ ਕੰਨਾਂ ਤੋਂ ਪਰੇ ਕਿਉਂ ਰਹਿ ਜਾਂਦੇ ਹਨ? ਪਰ ਕਈ ਚੰਨ ਜਿਹੇ ਦੀਪਕ ਇਹਦੀ ਰੋਸ਼ਨੀ ਨਾਲ ਲੋਅ ਵੀ ਵੰਡ ਰਹੇ ਹਨ। ਕਪਟ ਤੇ ਭ੍ਰਿਸ਼ਟ ਰੂਹ ਨੂੰ ਜੋ ਮਰਜ਼ੀ ਪਰੋਸੀ ਜਾਓ, ਉਹਨੂੰ ਨਹੀਂ ਸੁਆਦ ਲੱਗਣਾ, ਨਾਨਕ ਦੇ ਹੱਥਾਂ ਦਾ ਚੋਗਾ। ਨਾਨਕ ਤਾਂ ਵੰਡਦਾ ਹੀ ਰਹੇਗਾ, ਸੋ ਦਿਲ ਕਰਦਾ ਹੈ, ਹਰੇਕ ਦੇ ਘਰ ਤੇ ਮੇਰੀ ਕੁੱਲੀ 'ਚ ਵੀ ਨਾਨਕ ਸ਼ਬਦ ਜਗਦਾ ਰਹੇ। ਓਹਦੇ ਕਦਮਾਂ ਦੀ ਉਡੀਕ 'ਚ ਨਾਨਕੀਆਂ ਨਿੱਤ ਬੈਠੀਆਂ ਨੇ, ਉਹਨੂੰ ਕਾਲੂ ਨੇ ਵੀ ਨਾ ਸਮਝਿਆ। ਗੁਰੂ ਨਾਨਕ ਸਾਥੋਂ ਸਿਰਫ ਕਿਰਤ ਕਰਨ, ਨਾਮ

ਡਾ. ਅਮਰਜੀਤ ਸਿੰਘ ਟਾਂਡਾ

ਜਪਣ ਤੇ ਮਿਲ ਬੈਠ ਕੇ ਵੰਡ ਛਕਣ ਦਾ ਵਾਇਦਾ ਮੰਗਦਾ ਹੈ; ਸਿਰਫ 'ਸਚੁ' ਹਰੇਕ ਲਈ ਧਰਮ ਬਣਨਾ ਚਾਹੀਦਾ ਹੈ। ਊਚ-ਨੀਚ, ਛੂਤ-ਛਾਤ ਦੀ ਵਿਚਾਰਧਾਰਾ ਦਾ ਖਾਤਮਾ ਕਰਕੇ ਸਿੱਖ ਸਿਧਾਂਤ ਦੀ ਨੀਂਹ ਰੱਖੀ ਗੁਰੂ ਨਾਨਕ ਨੇ। ਨਵੇਂ ਮਨੁੱਖ ਦੀ ਸਿਰਜਣਾ ਦਾ ਨਿਸ਼ਾਨਾ ਮਿੱਥ ਕੇ ਨਵੇਂ ਸਮਾਜ ਦੀ ਰੂਪ-ਰੇਖਾ ਉਲੀਕੀ।

ਹਰਿਮੰਦਰ ਸਾਹਿਬ ਦੀ ਸਿਰਜਣਾ ਕਰਕੇ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕਰਕੇ ਸ਼ਬਦ-ਗੁਰੂ ਮਾਡਲ ਮਨੁੱਖੀ ਸੋਝੀ ਦਾ ਕੇਂਦਰ ਸਿਰਜਿਆ। ਗੁਰਬਾਣੀ 'ਤੇ ਆਧਾਰਿਤ ਸਿੱਖ ਰਾਜਨੀਤੀ ਦੇ ਵਿਸ਼ੇ 'ਤੇ ਵਿਚਾਰ ਕਰੀਏ ਤਾਂ ਜੋ ਸਿੱਖ ਰਾਜਨੀਤੀ ਵਿਚ ਆਇਆ ਨਿਘਾਰ ਖਤਮ ਹੋ ਸਕੇ, ਪੰਥ ਦੀ ਚੜ੍ਹਦੀ ਕਲਾ ਹੋਵੇ ਅਤੇ ਸਿੱਖ ਪੰਥ ਦੀ ਰੋਜ਼ਾਨਾ ਅਰਦਾਸ ਮੂਰਤੀਮਾਨ ਹੋ ਨਿਬੜੇ। ਅਕਾਲ ਤਖਤ ਦੀ ਸਿਰਜਣਾ ਕਰਕੇ ਮੀਰੀ-ਪੀਰੀ ਦੀ ਬੁਨਿਆਦ ਗੁਰੂ ਹਰਗੋਬਿੰਦ ਸਾਹਿਬ ਨੇ ਰੱਖੀ।

ਜਪੁਜੀ ਦੀਆਂ ਇੱਕ ਇਕ ਕਰਕੇ ਪਉੜੀਆਂ ਚੜ੍ਹਦਿਆਂ ਨਿੱਤ ਓਹਦੇ ਦੀਵਾਨੇ ਤੇ ਮਿੱਤਰ ਜ਼ਿੰਦਗੀ ਦਾ ਪੂਰਾ ਤੇ ਖੁੱਲ੍ਹਾ ਨਜ਼ਾਰਾ ਮਾਣਦੇ ਹਨ। ਆਤਮ ਰਿਮਝਿਮ ਵਰਸਦੀ ਹੈ, ਓਹਦੇ ਹਰ ਸ਼ਬਦ 'ਚ। ਆਪਣੀ ਹੀ ਰਵਾਨਗੀ 'ਚ ਵਹਿੰਦਾ ਉਹ ਇੱਕ ਦਰਿਆ ਹੈ-ਸ਼ਾਂਤ, ਸੀਤਲ, ਠੰਡਾ। ਚੰਨ-ਤਾਰਿਆਂ ਨਾਲ ਭਰਿਆ, ਲੋਕਾਈ ਦੀ ਛੱਤ ਹੈ, ਨਾਨਕ ਇੱਕ ਨੀਲਾ ਅਰਸ਼ ਹੈ। ਨਾਨਕ ਇੱਕ ਸੂਰਜ ਹੈ-ਰਿਸ਼ਮਾਂ ਵੰਡਦਾ, ਨਿੱਘ ਦਿੰਦਾ। ਨਾਨਕ ਇੱਕ ਅਨੋਖਾ ਰਾਹ ਹੈ, ਜਿਸ 'ਤੇ ਕਦਮ ਰੱਖਦਿਆਂ ਹੀ ਕੁਦਰਤ ਦਿਸਦੀ ਹੈ, ਜਿੱਥੇ ਨਾ ਕੋਈ ਚਿੰਤਾ ਹੈ ਤੇ ਨਾ ਹੀ ਕੋਈ ਤੌਖਲੇ।

ਸੰਗਤ-ਪੰਗਤ ਪਿਛੋਂ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਸਿਰਜ ਕੇ ਖਾਲਸਾ ਰਾਜ ਕਾਇਮ ਕਰਨ ਦਾ ਰਾਹ ਬਣਾਇਆ ਸੀ। ਬਰਾਬਰ ਸਮਾਜ, ਧਾਰਮਿਕ ਤੇ ਰਾਜਸੀ ਅਤਿਆਚਾਰ ਦੇ ਵਿਰੁੱਧ ਨਵੇਂ ਸਮਾਜ ਨੂੰ ਹਥਿਆਰਬੰਦ ਸੰਘਰਸ਼ ਲਈ ਪ੍ਰੇਰਨਾ ਅਤੇ ਖਾਲਸੇ ਵਲੋਂ ਰਾਜਸੀ ਸੱਤਾ ਹਾਸਲ ਕਰਨਾ ਹੀ ਸਿੱਖ-ਲਹਿਰ ਦੀ ਰੂਪ ਰੇਖਾ ਉਲੀਕਣੀ ਇੱਕ ਸਿਧਾਂਤਕ ਮਾਡਲ ਰੋਲ ਦਾ ਸੰਕਲਪ ਹੈ। ਗੁਰੂ ਨਾਨਕ ਦੇਵ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਸਥਾਪਤ ਕਰਨ ਦੇ ਸਮੇਂ ਨੂੰ ਚੜ੍ਹਦੀ ਕਲਾ ਦਾ ਸਮਾਂ ਕਿਹਾ ਜਾ ਸਕਦਾ ਹੈ। ਕਥਿਤ ਦਲਿਤ ਭਾਈਚਾਰੇ ਅਤੇ ਗੈਰ-ਸਿੱਖ, ਛੋਟੇ ਤੇ ਗਰੀਬ ਹਿੰਦੂ ਨੂੰ ਜ਼ਰੂਰ ਨਾਲ ਲੈਣਾ ਪਵੇਗਾ, ਜੇ ਸਾਨੂੰ ਪੰਜਾਬ ਵਿਚ ਕੌਮੀ ਮੁਕਤੀ ਦਾ ਸੰਘਰਸ਼ ਚਲਾਉਣਾ ਹੈ ਤਾਂ। ਇਸ ਕਾਰਜ ਲਈ ਗੁਰੂ ਗ੍ਰੰਥ ਸਾਹਿਬ ਅੰਦਰ ਅੰਕਿਤ ਬਾਣੀ ਹੀ ਪ੍ਰੇਰਨਾ ਸਰੋਤ ਹੈ। ਓਹਦਾ ਸ਼ਬਦ ਵਿਚਾਰ ਮਰਦਾਨੇ ਜਾਂ ਬਾਲੇ ਜਿਹੇ ਦਿਲ ਨੂੰ ਹੀ ਚੰਗਾ ਲੱਗੇਗਾ। ਸਭਨਾਂ ਵਿਚ ਰਮਿਆ ਹੋਇਆ ਰੱਬ ਇੱਕ ਹੈ-ਸਦੀਵੀ ਹੋਂਦ ਵਾਲਾ, ਜਨਮ ਰਹਿਤ।

ਹਰ ਦਿਨ ਸਰਘੀ ਦਾ ਰੰਗ ਨਵੇਂ ਦਿਨ ਤੇ ਨਵੀਂ ਰਾਹ ਲਿਖਦਾ ਲਿਖਦਾ ਹਰੇਕ ਨੂੰ ਕੁਝ ਨਵਾਂ ਸਿਰਜਣ ਨੂੰ ਆਖਦਾ ਹੈ। ਕਾਲੀ ਜਿਹੀ ਰਾਤ 'ਚੋਂ ਜਰਾ ਪੈਰ ਜਦੋਂ ਵੀ ਬਾਹਰ ਆਉਂਦੇ ਹਨ ਤਾਂ ਚੰਨ ਦੀ ਕਾਤਰ ਵੱਲ ਵੀ ਤੇ ਨਵੀਂ ਸਵੇਰ ਦੀ ਤਾਂਘ ਵੱਲ ਵੀ, ਆਸ ਚਮਕਦੀ ਹੈ। ਸੱਜਰਾ ਦਿਨ ਕਹਿੰਦਾ ਹੈ ਕਿ ਤੂੰ ਕੋਈ ਉਚੀ ਸੋਚ ਸਿਰਜ, ਸਰਘੀ ਆਪੇ ਖਿੜ੍ਹ ਪਵੇਗੀ; ਦੂਰ ਹੋ ਜਾਣਗੇ ਹਨੇਰੇ, ਸੂਰਜ ਨੂੰ ਚਾਰ ਦਿਨ ਜਗਣ ਲਈ ਕਹਿ ਅਤੇ ਉਠ ਪੱਬਾਂ ਨਾਲ ਕੋਈ ਮੰਜ਼ਿਲ ਬੰਨ੍ਹ, ਰਾਹ ਤਾਂ ਆਪੇ ਹੀ ਉਸਰ ਜਾਂਦੇ ਹਨ; ਪਰ ਸੰਗਰਾਂਦ, ਮੱਸਿਆ, ਪੁੰਨਿਆਂ ਚੰਗੇ-ਮਾੜੇ ਦਿਨਾਂ ਦੀ ਵਿਚਾਰ ਵਾਲੇ ਸਮਝੇ ਜਾਂਦੇ ਹਨ-ਘਰਾਂ 'ਚ ਤਾਂ ਕੀ, ਗੁਰਦੁਆਰਿਆਂ ਵਿਚ ਵੀ ਇਹ ਰਹਿਤ ਆਮ ਹੈ।

ਗੁਰਦੁਆਰਿਆਂ ਵਿਚ ਵੀ ਆਰਤੀਆਂ ਹੁੰਦੀਆਂ ਹਨ। ਦੇਵੀ-ਦੇਵਤਿਆਂ ਅਤੇ ਪੀਰਾਂ ਦੀ ਕਰੋਪੀ ਤੋਂ ਬਚਣ ਲਈ ਹਵਨ, ਜੱਗ, ਜੋਤਾਂ, ਦਾਨ ਪੁੰਨ ਕਰਨ ਲਈ ਕਿਹਾ ਜਾਂਦਾ ਹੈ-ਦੀਵੇ ਬਾਲੇ ਤੇ ਜੋਤਾਂ ਜਗਾਈਆਂ ਜਾਂਦੀਆਂ, ਧੂਫਾਂ ਹੀ ਧੁਖਾਈਆਂ ਜਾਂਦੀਆਂ, ਮੱਥੇ ਟੇਕੇ ਜਾਂਦੇ ਹਨ ਅਤੇ ਸੁਹਣੇ-ਸੁਹਣੇ ਰੁਮਾਲੇ ਤੇ ਭੇਟਾ ਹੀ ਚੜ੍ਹਾਈਆਂ ਜਾਂਦੀਆਂ ਹਨ। ਔਖੇ-ਔਖੇ ਗਿਣਤੀ ਮਿਣਤੀ ਦੇ ਪਾਠ ਅਤੇ ਜਪ-ਤਪ ਹੀ ਕੀਤੇ ਤੇ ਕਰਾਏ ਜਾ ਰਹੇ ਹਨ। ਸੰਤ-ਸਾਧ ਤੇ ਬਹੁਤੇ ਧਾਰਮਿਕ ਆਗੂ ਅੱਜ ਵੀ ਧਰਮ ਦੇ ਨਾਂ 'ਤੇ ਜਨਤਾ ਨੂੰ ਲੁੱਟ ਰਹੇ ਹਨ। ਚੁਫੇਰੇ ਰੂੜੀਵਾਦੀ ਰਹੁਰੀਤਾਂ ਦਾ ਜੋਰ ਹੈ।

ਉਜੜੀਆਂ ਖੇਤੀਆਂ ਕਈ ਵਾਰ ਫੁੱਟ ਤਾਂ ਪੈਂਦੀਆਂ ਹਨ, ਪਰ ਪਲਾਂ 'ਚ ਹਰੀਆਂ ਨਹੀਂ ਕੀਤੀਆਂ ਜਾ ਸਕਦੀਆਂ। ਤਿੰਨ ਦਿਨ ਤਾਂ ਕੀ, ਪਾਣੀ ਵਿਚ ਤਾਂ 2-4 ਮਿੰਟ ਰਹਿਣਾ ਮੁਸ਼ਕਿਲ ਹੈ, ਜੰਮੇ ਹੋਏ ਪਾਣੀ ਉਤੇ ਲੋਕ ਚੱਲਦੇ ਤਾਂ ਦੇਖੇ ਹਨ, ਪਾਣੀ 'ਤੇ ਨਹੀਂ; ਦਿਸ਼ਾ ਤਾਂ ਬਦਲੀ ਹੋਊ ਪਰ ਮੱਕੇ ਨੂੰ ਘੁਮਾਉਣਾ ਅਸੰਭਵ ਹੈ। ਪੱਥਰ 'ਚ ਨਰਮ ਪੰਜਾ ਕਿਵੇਂ ਧਸ ਸਕਦਾ ਹੈ? ਲੋਕਾਂ ਨੇ ਕਰਾਮਾਤਾਂ ਬਾਬੇ ਨਾਲ ਜੋੜ ਦਿੱਤੀਆਂ ਹਨ, ਸੱਚੀ-ਸੁੱਚੀ ਕਿਰਤ ਅਤੇ ਕਰਮ ਕਰਾਮਾਤ ਸਿੱਧ ਹੋ ਸਕਦੇ ਹਨ।

ਨਾਨਕ ਦੇ ਪਿੰਡ ਜਾਣ ਲਈ ਮੋਹ, ਹੰਕਾਰ, ਨਫਰਤ ਨੂੰ ਤਿਲਾਂਜਲੀ ਦੇਣੀ ਹੀ ਪੈਣੀ ਹੈ। ਕਿਸੇ ਦੇ ਦਰ 'ਤੇ ਬੰਦਾ ਉਦੋਂ ਜਾਂਦਾ ਹੈ, ਜਦੋਂ ਲੋੜ ਪਵੇ ਨਹੀਂ ਤਾਂ ਹੰਕਾਰਿਆ ਰਾਹਾਂ 'ਚ ਠੇਡੇ ਖਾਂਦਾ ਰਹਿੰਦਾ ਹੈ।

ਜ਼ਿੰਦਗੀ ਦੇ ਦੀਪਕ ਬਾਲਣ ਲਈ ਪਹਿਲਾਂ ਵਧੀਆ ਮਿੱਟੀ 'ਚੋਂ ਦੀਪਕ ਬਣਾਉਣਾ ਪਏਗਾ, ਚੰਗੀ ਤਰ੍ਹਾਂ ਸ਼ਬਦ ਰੂਪੀ ਲੋਅ 'ਚ ਪਕਾ ਕੇ ਜੀਵਨ ਰੂਪੀ ਤੇਲ ਲਈ ਜਾਣਾ ਹੀ ਪਏਗਾ, ਜੋ ਮਿਲਾਵਟ ਵਾਲਾ ਨਾ ਹੋਵੇ, ਨਹੀਂ ਤਾਂ ਕੁਝ ਚਿਰ ਬਲ ਕੇ ਦੀਵਾ ਬੁਝ ਜਾਵੇਗਾ। ਬੱਤੀ ਵੱਟਣ ਲਈ ਦੁੱਧ ਚਿੱਟੀ ਕਪਾਹ ਦੀ ਖੋਜ ਕਰਦਿਆਂ ਵੀ ਦੇਰ ਲੱਗ ਸਕਦੀ ਹੈ, ਨਹੀਂ ਤਾਂ ਕਰਮਾਂ ਦਾ 'ਕੱਠਾ ਕੀਤਾ ਤੇਲ ਬੱਤੀ ਨਹੀਂ ਚੁੱਕੇਗੀ। ਸੋ ਇੱਕ ਇਕ ਕਰਕੇ ਦਿਲਾਂ 'ਚ ਨਾਨਕ ਰੂਪੀ ਦੀਵਾ ਜਗਾ ਲੈਣ ਨਾਲ ਸ਼ਾਇਦ ਹਨੇਰਾ ਹੌਲੀ ਹੌਲੀ ਦੂਰ ਹੁੰਦਾ ਦਿਸੇ। ਨਾਨਕ ਨੇ ਸ਼ਬਦ ਗਾ ਕੇ ਹੀ ਸਭ ਕੁਝ ਵਰਤਾ ਦਿਤਾ ਸੀ-ਕਈਆਂ ਨੂੰ ਚੰਗਾ ਵੀ ਨ੍ਹੀਂ ਲੱਗਾ, ਕਿਉਂਕਿ ਸੱਚ ਜਰਾ ਕੌੜਾ ਕੁਸੈਲਾ ਤਾਂ ਹੁੰਦਾ ਹੀ ਹੈ। ਨਿੰਮ ਦਾ ਘੋਲ ਪੀਣ ਲੱਗਿਆਂ ਬਹੁਤ ਬੁਰਾ ਲੱਗਦਾ ਹੈ। ਮੈਨੂੰ ਅਜੇ ਵੀ ਯਾਦ ਹੈ ਕਿ ਬੀਜੀ ਨੂੰ ਨਿੰਮ ਦਾ ਘੋਲ ਤਿਆਰ ਕਰਦਿਆਂ ਹੀ ਸਾਡੇ ਮਨ ਨੂੰ ਕੁਝ ਹੋਣ ਲੱਗ ਜਾਂਦਾ ਸੀ, ਪਰ ਤੁਸੀਂ ਸਾਰੇ ਹੀ ਜਾਣਦੇ ਹੋ ਨਾਨਕ ਦਾ ਕਿਹਾ ਤੇ ਔਲ਼ੇ ਦਾ ਖਾ ਕੇ ਹੀ ਪਤਾ ਲੱਗੇਗਾ।

ਲੋਕੋ! ਜੇ ਬੰਦਾ ਨਾਨਕ-ਗੋਬਿੰਦ ਦੇ ਅਕਾਸ਼ੀ ਬੁੱਕ 'ਚੋਂ ਅੰਮ੍ਰਿਤ ਦੀਆਂ ਸ਼ਹਿਦ ਤੋਂ ਵੀ ਮਿੱਠੀਆਂ ਬੂੰਦਾਂ ਪੀ ਕੇ ਕੁੜਿਤਣ ਹੀ ਉਗਲਦਾ ਰਹੇਗਾ ਤਾਂ ਅਗਾਂਹ ਤੋਂ ਕੋਈ ਅਜਿਹਾ ਕਰਕੇ ਨਾਨਕ-ਗੋਬਿੰਦ ਦੇ ਨਾਂ ਦੀ ਤੌਹੀਨ ਨਾ ਕਰੇ, ਨਾ ਹੀ ਉਸ ਨੂੰ ਅਜਿਹਾ ਕੋਈ ਹੱਕ ਹੈ। ਕਈਆਂ ਨੇ ਤਾਂ ਅਜਿਹਾ ਕਰਕੇ ਠੇਕੇ ਲੈ ਲਏ ਹਨ, ਦੂਜਿਆਂ ਦੀ ਬੇਇੱਜਤੀ ਕਰਨ ਦੇ।

ਨਾਨਕ ਦੇ ਦਰ 'ਤੇ ਕਿਹੜੀ ਸਿਕਿਉਰਿਟੀ ਦੀ ਲੋੜ ਹੈ, ਕਾਹਦੇ ਲਈ ਬਰਛੇ ਕਿਰਪਾਨਾਂ ਤਿਆਰ-ਬਰ-ਤਿਆਰ ਲੈ ਕੇ ਖੜ੍ਹੇ ਹੋ? ਜੇ ਮੇਰੇ ਵਰਗੇ ਦੇ ਮੈਲੇ ਕੁਚੈਲੇ ਕੱਪੜੇ ਹਨ ਤਾਂ ਕੋਈ ਅੰਦਰ ਹੀ ਨਹੀਂ ਲੰਘਣ ਦਿੰਦਾ। ਮੇਰੀ ਤਾਂ ਉਥੇ ਹੀ ਸ਼ਰਧਾ ਖਤਮ ਕਰ ਦਿੱਤੀ ਗਈ, ਪਰ ਨਾਨਕ ਨੂੰ ਤੁਹਾਡੇ ਉਸਾਰੇ ਮਰਮਰੀ ਮਹਿਲ 'ਚ ਨਹੀਂ, ਕਿਤੇ ਰਸਤੇ 'ਚ ਮਿਲ ਲਵਾਂਗੇ। ਤੁਸੀਂ ਛਾਤੀਆਂ ਚੌੜ੍ਹੀਆਂ ਕਰਕੇ ਲਾ ਲਓ ਓਹਦੇ ਸ਼ਬਦ 'ਤੇ ਵੀ ਪਹਿਰੇ! ਯਾਰ ਕਦੇ ਕੋਈ ਸ਼ਬਦ 'ਤੇ ਵੀ ਪਹਿਰੇ ਲਾਉਂਦਾ ਦੇਖਿਆ ਸੀ?

ਹੋਰ ਤਾਂ ਹੋਰ ਨਾਨਕ ਦੇ ਘਰ, ਓਹਦੀ ਹੀ ਵਡਿਆਈ ਦੇ ਗੀਤ ਗਾਉਣ 'ਤੇ ਵੀ ਪਾਬੰਦੀਆਂ ਨੇ। ਇਹ ਆਪ ਉਥੋਂ ਲੋਕਾਂ ਨੂੰ ਸਿਰੋਪਿਆਂ ਦਾ ਬਿਜਨਸ ਕਰ ਕਰ ਆਪਣੇ ਕਾਰੋਬਾਰ 'ਚ ਵਾਧੇ ਕਰ ਰਹੇ ਹਨ। ਕਿਸੇ ਨੂੰ ਬੋਲਣ ਲਈ ਅਰਜ਼ੀਆਂ ਭਰਨੀਆਂ ਪੈਂਦੀਆਂ ਹਨ। ਸੱਚ ਬੋਲਣ 'ਤੇ ਫਤਵੇ ਸੁਣਾ ਦਿੱਤੇ ਜਾਂਦੇ ਹਨ, ਖਤ ਪਾ ਪਾ ਡਰਾਇਆ, ਧਮਕਾਇਆ ਜਾਂਦਾ ਹੈ, ਜਿਵੇਂ ਇਨ੍ਹਾਂ ਦੀ ਪ੍ਰਾਈਵੇਟ ਕੰਪਨੀ ਹੋਵੇ। ਹੁਣ ਹਰ ਥਾਂ, ਹਰ ਦੇਸ਼ 'ਚ ਨਾਨਕ-ਗੋਬਿੰਦ ਦੇ ਨਹੀਂ, ਲੋਕਾਂ ਦੇ ਨਾਂ 'ਤੇ ਗੁਰਦੁਆਰੇ ਵੱਜਦੇ ਨੇ, ਕਿਉਂਕਿ ਉਨ੍ਹਾਂ ਆਪਣੇ ਨਾਂਵਾਂ ਦੇ ਟਰਸਟ ਬਣਾ ਬਣਾ ਲੰਗਰ ਤੇ ਮਾਇਆ ਦੀਆਂ ਸੇਜਾਂ ਦਾ ਪੱਕਾ ਪ੍ਰਬੰਧ ਕਰ ਲਿਆ ਹੈ। ਇਹ ਫਲਾਣੇ ਦਾ ਗੁਰਦੁਆਰਾ, ਅਹੁ ਫਲਾਣੇ ਦਾ ਗੁਰਦੁਆਰਾ। ਕੱਲ ਨੂੰ ਸ਼ਾਇਦ ਇਹ ਅਸਲੀ ਬਾਪੂ ਦਾ ਨਾਂ ਵੀ ਭੁੱਲ ਜਾਣ, ਮੇਰੇ ਦਿਲ ਨੂੰ ਪੂਰਾ ਡਰ ਹੈ।

ਹੁਣ ਤਾਂ ਇਹ ਨਾਨਕ ਨੂੰ ਕਿਸ਼ਤੀਆਂ 'ਚ ਵੀ ਸੈਰ ਤੇ ਟੂਰਾਂ 'ਤੇ ਲੈ ਕੇ ਜਾਣ ਲੱਗ ਪਏ ਹਨ। ਓਹਦੀਆਂ ਪੀੜ੍ਹੀਆਂ ਨੂੰ ਘੁੱਟਦੇ, ਵਿਖਾਵੇ 'ਚ ਨੱਕ ਰਗੜਦੇ ਦਿਸ ਪੈਣਗੇ, ਪਰ ਹੰਕਾਰ ਨਹੀਂ ਤਿਆਗਣਗੇ। ਅਡੰਬਰ ਤਾਂ ਨਿੱਤ ਇਨ੍ਹਾਂ ਤੋਂ ਸਿੱਖੇ ਕੋਈ! ਕਿਸੇ ਦਿਨ ਇਹ ਨਾਨਕ ਵਰਗੇ ਚੰਨ ਨੂੰ ਚੰਦ 'ਤੇ ਲਿਜਾ ਕੇ ਓਹਦੇ ਸਿਰ ਬੇਅੰਤ ਅਹਿਸਾਨ ਕਰਨਗੇ।

ਜੀਵਨ ਪਰਿਭਾਸ਼ਾ ਦੇ ਲੱਛਣ ਏਦਾਂ ਨਹੀਂ ਕਦੇ ਬਦਲਦੇ ਹੁੰਦੇ! ਇੱਕ-ਦੂਜੇ ਨੂੰ ਫਿੱਕਾ ਬੋਲ ਕੇ ਸ਼ਹਿਦ ਨਹੀਂ ਕਦੇ ਸਿੰਮਦੇ। ਕੌੜ ਤੁੰਮਿਆਂ 'ਚੋਂ ਕਦੇ ਮਿੱਠੇ ਰਸ ਨਹੀਂ ਉਪਜਦੇ। ਕੀ ਅਸੀਂ

(ਬਾਕੀ ਅਗਲੇ ਸਫੇ 'ਤੇ)

# ਖਾਲਿਸਤਾਨ, ਖਾਲਸਾ ਰਾਜ ਅਤੇ ਸਿੱਖ ਕੌਮ

## ਪ੍ਰਤੀਕਰਮ

***ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਦੀ ਲਿਖਤ 'ਖਾਲਿਸਤਾਨ ਦਾ ਐਲਾਨਨਾਮਾ: ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ' ਬਾਰੇ ਪਿਛਲੇ ਅੰਕਾਂ ਵਿਚ ਅਸੀਂ ਹਜ਼ਾਰਾ ਸਿੰਘ ਮਿਸੀਸਾਗਾ, ਹਰਜੀਤ ਦਿਓਲ ਬਰੈਂਪਟਨ, ਗੁਰਬਚਨ ਸਿੰਘ, ਡਾ. ਬਲਕਾਰ ਸਿੰਘ ਅਤੇ ਅਮਰਜੀਤ ਸਿੰਘ ਮੁਲਤਾਨੀ ਦੇ ਪ੍ਰਤੀਕਰਮ ਛਾਪ ਚੁਕੇ ਹਾਂ। ਇਨ੍ਹਾਂ ਵਿਚਾਰਕਾਂ ਨੇ ਪੰਜਾਬ ਦੀ ਸਿਆਸਤ ਬਾਰੇ ਕੁਝ ਅਹਿਮ ਨੁਕਤਿਆਂ ਦੀ ਨਿਸ਼ਾਨਦੇਹੀ ਕੀਤੀ। ਇਸ ਵਾਰ ਅਸੀਂ ਕਮਲਜੀਤ ਸਿੰਘ ਬਾਸੀ, ਫਰੀਮਾਂਟ ਦੇ ਵਿਚਾਰ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ। 'ਪੰਜਾਬ ਟਾਈਮਜ਼' ਦੇ ਪੰਨਿਆਂ 'ਤੇ ਪਹਿਲਾਂ ਵੀ ਵੱਖ-ਵੱਖ ਮਸਲਿਆਂ ਬਾਰੇ ਵਿਚਾਰ-ਚਰਚਾ ਦੇ ਜੋੜ ਜੁੜਦੇ ਰਹੇ ਹਨ। ਬੇਨਤੀ ਇਹੀ ਹੈ ਕਿ ਵਿਚਾਰ-ਚਰਚਾ ਦੌਰਾਨ ਤਹੱਮਲ ਤੇ ਸਬਰ ਦਾ ਪੱਲਾ ਫੜ ਕੇ ਰੱਖਿਆ ਜਾਵੇ। -ਸੰਪਾਦਕ***

ਸ. ਕਰਮਜੀਤ ਸਿੰਘ ਨੇ ਆਪਣੇ ਲੇਖ 'ਖਾਲਿਸਤਾਨ ਦਾ ਐਲਾਨਨਾਮਾ: ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ' (2 ਮਈ 2020) ਵਿਚ ਇਹ ਕਬੂਲ ਕੀਤਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਸਥਾਪਤ ਕੀਤਾ ਰਾਜ ਪੂਰਨ ਖਾਲਸਾ ਰਾਜ ਸੀ ਅਤੇ ਇਸ ਦੇ ਨਾਲ 1986 ਵਿਚ ਐਲਾਨਿਆ ਖਾਲਿਸਤਾਨ ਵੀ ਖਾਲਸਾ ਰਾਜ ਸਥਾਪਤ ਕਰਨ ਦੀ ਪ੍ਰਚੰਡ ਸਵੇਰ ਸੀ।

ਹੁਣ ਇਨ੍ਹਾਂ ਦੋਹਾਂ ਰਾਜਾਂ ਦੀ ਪੈਰਵੀ ਕਰਨ ਵਾਲਿਆਂ ਦੇ ਰਾਜ ਅਤੇ ਜੀਵਨ ਫਲਸਫਿਆਂ 'ਤੇ ਝਾਤ ਮਾਰਨ ਦੀ ਲੋੜ ਹੈ। ਮਹਾਰਾਜਾ ਰਣਜੀਤ ਸਿੰਘ ਆਮ ਲੋਕਾਂ ਦਾ ਨੁਮਾਇੰਦਾ ਬਣ ਕੇ ਉਭਰਿਆ। ਉਸ ਨੇ ਕਿਸੇ ਧਰਮ ਜਾਂ ਫਿਰਕੇ ਜਾਂ

**ਕਮਲਜੀਤ ਸਿੰਘ ਬਾਸੀ, ਫਰੀਮਾਂਟ**
**ਫੋਨ: 510-284-7106**

ਇਲਾਕੇ ਦੇ ਲੋਕਾਂ ਨਾਲ ਕੋਈ ਭੇਦਭਾਵ ਨਹੀਂ ਵਰਤਿਆ। ਕਰਮਜੀਤ ਸਿੰਘ ਇਸ ਨੂੰ ਅਸਲ ਲੋਕ ਰਾਜ ਮੰਨਦੇ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਵਜ਼ੀਰ, ਜਰਨੈਲ ਅਤੇ ਪੁਲਿਸ ਅਫਸਰ ਹਿੰਦੂ, ਸਿੱਖ ਅਤੇ ਮੁਸਲਮਾਨ ਸਨ। ਉਸ ਦਾ ਪ੍ਰਧਾਨ ਮੰਤਰੀ ਧਿਆਨ ਸਿੰਘ ਡੋਗਰਾ, ਵਿਦੇਸ਼ ਮੰਤਰੀ ਫਕੀਰ ਅਜ਼ੀਜ਼-ਉਦ-ਦੀਨ ਅਤੇ ਵਿੱਤ ਮੰਤਰੀ ਦੀਨਾ ਨਾਥ ਬ੍ਰਾਹਮਣ, ਤੋਪਖਾਨੇ ਦਾ ਜਰਨੈਲ ਮੀਆਂ ਗੌਸਾ ਸਨ। ਉਸ ਦੀਆਂ ਪਤਨੀਆਂ ਵਿਚ ਹਿੰਦੂ, ਸਿੱਖ ਅਤੇ ਮੁਸਲਮਾਨ ਔਰਤਾਂ ਵੀ ਸਨ। ਉਸ ਨੇ ਹਰਿਮੰਦਰ ਸਾਹਿਬ ਦੀ ਨਵਉਸਾਰੀ ਅਤੇ ਤਖਤ ਸ੍ਰੀ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ, ਨਾਂਦੇੜ ਦੀ ਵੀ ਬੜੇ ਪਿਆਰ ਸਤਿਕਾਰ ਨਾਲ ਸੇਵਾ ਕੀਤੀ। ਉਸ ਨੇ ਕਈ ਮੰਦਿਰਾਂ ਅਤੇ ਮਸਜਿਦਾਂ ਦੀ ਵੀ ਉਸਾਰੀ ਕਰਵਾਈ।

ਮਹਾਰਾਜਾ ਰਣਜੀਤ ਸਿੰਘ ਦੀ ਰਾਖੀ ਵਾਸਤੇ ਅਕਾਲੀ ਸਨ, ਜੋ ਰਣਜੀਤ ਸਿੰਘ ਨੂੰ ਸਿੱਖ ਧਰਮ ਦਾ ਪਾਲਕ ਮੰਨਦੇ ਸਨ ਅਤੇ ਫੂਲਾ ਸਿੰਘ, ਜੋ ਉਸ ਵਕਤ ਅਕਾਲ ਤਖਤ ਦਾ ਜਥੇਦਾਰ ਸੀ, ਉਨ੍ਹਾਂ ਦਾ ਜਰਨੈਲ ਸੀ। ਇਨ੍ਹਾਂ ਤੱਥਾਂ ਤੋਂ ਸਾਫ ਜਾਹਰ ਹੈ ਕਿ ਉਸ ਵਕਤ ਦੇ ਸਿੱਖ ਧਰਮ ਦੇ ਸਰਵ ਉਚ ਜਥੇਦਾਰ ਜਾਂ ਰਖਵਾਲੇ, ਰਣਜੀਤ ਸਿੰਘ ਦੇ ਰਾਜ ਜਾਂ ਸਰਕਾਰ ਚਲਾਉਣ ਦੇ ਤਰੀਕਿਆਂ ਨਾਲ ਪੂਰੀ ਤਰ੍ਹਾਂ ਸਹਿਮਤ ਸਨ। ਰਣਜੀਤ ਸਿੰਘ ਨੇ ਆਪਣੀਆਂ ਮੁਸਲਿਮ ਪਤਨੀਆਂ ਦੇ ਧਰਮ ਤਬਦੀਲ ਨਹੀਂ ਕਰਵਾਏ। ਉਸ ਨੇ ਯੂਰਪੀ ਫੌਜੀ ਜਰਨੈਲਾਂ ਨੂੰ ਆਪਣੀ ਫੌਜ ਵਿਚ ਭਰਤੀ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਨੂੰ ਖਾਲਿਸਤਾਨ ਨਹੀਂ ਗਰਦਾਨਿਆ।

ਦੂਜੇ ਪਾਸੇ ਪ੍ਰਚੰਡ ਸਵੇਰ ਵਾਲੇ ਯੋਧਿਆਂ ਨੇ ਸਿੱਖ ਰਾਜ ਦੀ ਪਰਿਭਾਸ਼ਾ, ਇਕੋ ਇਕ ਧਰਮ ਅਤੇ ਉਹ ਵੀ ਜ਼ੋਰ-ਜਬਰ ਜ਼ਰੀਏ ਸਥਾਪਤ ਕਰਨਾ ਮੰਨ ਲਈ। ਇਨ੍ਹਾਂ ਯੋਧਿਆਂ ਨੇ ਸਿੱਖਾਂ ਨੂੰ ਕਈ ਕਿਸਮਾਂ ਵਿਚ ਤਰਤੀਬ ਦੇ ਕੇ ਆਪਣੇ ਆਪ ਨੂੰ ਸਰਵੋਤਮ ਜਾਣ ਲਿਆ। ਜਿਥੇ ਮਹਾਰਾਜਾ ਰਣਜੀਤ ਸਿੰਘ ਨੇ ਗੈਰ ਸਿੱਖਾਂ ਨੂੰ ਬਰਾਬਰੀ ਦੇ ਕੇ ਗੁਰੂ ਸਾਹਿਬ ਦੇ ਫਰਮਾਨ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਨੂੰ ਅਮਲੀ ਜਾਮਾ ਪਹਿਨਾਇਆ, ਉਥੇ ਪ੍ਰਚੰਡ ਸਵੇਰ ਵਾਲੇ ਯੋਧਿਆਂ ਨੇ ਜਿਲਾ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਪਿੰਡਾਂ ਵਿਚੋਂ ਹਿੰਦੂ ਤਾਂ ਕੀ, ਉਹ ਸਿੱਖ ਜੋ ਇਨ੍ਹਾਂ ਨੂੰ ਫਿਰੌਤੀਆਂ ਨਹੀਂ ਸਨ ਦਿੰਦੇ, ਆਪਣੇ ਨਸਲ-ਸਫਾਈ ਮੁਹਿੰਮ ਅਧੀਨ ਘਰੋਂ ਬੇਘਰ ਕਰ ਦਿੱਤੇ। ਬੇਘਰ ਹੋਏ ਇਹ ਹਿੰਦੂ ਅਤੇ ਸਿੱਖ ਅੱਜ ਦਿੱਲੀ ਦੇ ਨਜਫਗੜ੍ਹ ਰੋਡ 'ਤੇ ਰਾਜਾ ਗਾਰਡਨ ਜਾਂ ਹੋਰ ਕਾਲੋਨੀਆਂ ਵਿਚ ਕਰਮਜੀਤ ਸਿੰਘ ਨੂੰ ਮਿਲ ਸਕਦੇ ਹਨ, ਜਿਨ੍ਹਾਂ ਨੇ ਆਪਣੇ ਹਸਦੇ-ਵਸਦੇ ਘਰ ਅਤੇ ਕਾਰੋਬਾਰ ਛੱਡ ਕੇ ਆਪਣੀ ਜ਼ਿੰਦਗੀ ਮੁੜ ਦਰਖਤਾਂ ਦੀਆਂ ਛਾਂਵਾਂ ਹੇਠ ਰਹਿ ਕੇ ਸ਼ੁਰੂ ਕੀਤੀ।

ਮਹਾਰਾਜਾ ਰਣਜੀਤ ਸਿੰਘ ਨੇ ਜਿੱਥੇ ਮੰਦਿਰਾਂ ਅਤੇ ਮਸਜਿਦਾਂ ਦੀ ਸਥਾਪਨਾ ਕੀਤੀ, ਉਥੇ ਇਨ੍ਹਾਂ ਯੋਧਿਆਂ ਨੇ ਅਕਾਲ ਤਖਤ ਅਤੇ ਹੋਰ ਸਿੱਖ ਸਥਾਨਾਂ ਵਿਚ ਆਪਣੇ ਬਚਾਓ ਵਾਸਤੇ ਮਘੋਰੇ ਕੀਤੇ। ਆਮ ਸ਼ਰਧਾਲੂ ਦੇ ਮਨ ਵਿਚ ਸੁਆਲ ਪੈਦਾ ਹੁੰਦਾ ਹੈ ਕਿ ਇਹ ਲੋਕ ਜਦ ਛੈਣੀਆਂ ਹਥੌੜਿਆਂ ਦੀ ਵਰਤੋਂ ਕਰਕੇ ਉਨ੍ਹਾਂ ਪਵਿਤਰ ਅਸਥਾਨਾਂ ਵਿਚ ਮੋਘ ਕੱਢ ਰਹੇ ਹੋਣਗੇ ਤਾਂ ਕੀ ਇਨ੍ਹਾਂ ਯੋਧਿਆਂ ਦੀ ਜ਼ਮੀਰ ਨਹੀਂ ਜਾਗੀ ਹੋਵਗੀ? ਇੰਦਰਾ ਗਾਂਧੀ ਨੂੰ ਤਾਂ ਇਨ੍ਹਾਂ ਸਥਾਨਾਂ ਨਾਲ ਕੋਈ ਸ਼ਰਧਾ ਭਾਵਨਾ ਨਹੀਂ ਸੀ, ਪਰ ਇਹ ਲੋਕ ਤਾਂ ਆਪਣੇ ਆਪ ਨੂੰ ਸਿੱਖੀ ਦੇ ਸੋਮੇ ਮੰਨਦੇ ਸਨ!

ਸ. ਕਰਮਜੀਤ ਸਿੰਘ ਲਈ ਇਹ ਸਵਾਲ ਮੂੰਹ ਅੱਡੀ ਖੜ੍ਹਾ ਹੈ। ਕਰਮਜੀਤ ਸਿੰਘ ਨੂੰ ਅਪ੍ਰੇਸ਼ਨ ਬਲੈਕ ਥੰਡਰ ਦੀ ਲਾਈਵ ਵੀਡੀਓ ਚੇਤੇ ਹੋਵੇਗੀ। ਉਸ ਵਿਚ ਕੀ ਕਰ ਰਹੇ ਸਨ ਇਹ ਜਰਨੈਲ, ਸਭ ਨੂੰ ਪਤਾ ਹੈ। ਇਹ ਜਰਨੈਲ ਦਿਨੇ ਨਾਮ ਬਦਲ ਕੇ ਸਰਕਾਰੀ ਠੇਕੇਦਾਰੀਆਂ ਵੀ ਕਰਦੇ ਸਨ ਅਤੇ ਲੇਬਰ 'ਤੇ ਗੋਲੀਆਂ ਵੀ ਚਲਾਉਂਦੇ ਸਨ। ਪਟਿਆਲੇ ਦੇ ਵ੍ਹਾਈਟ ਹਾਊਸ ਦੇ ਸਾਕੇ ਨੂੰ ਯਾਦ ਕਰਨਾ ਕਰਮਜੀਤ ਸਿੰਘ ਵਾਸਤੇ ਕਾਫੀ ਲਾਹੇਵੰਦ ਹੋਵੇਗਾ, ਜਿਥੇ ਇਕ ਜਰਨੈਲ ਯੋਧਾ ਠੇਕੇਦਾਰ ਬਣ ਕੇ ਕਿੰਨੀਆਂ ਕੁ ਧਾਰਮਿਕ ਕਾਰਵਾਈਆਂ ਕਰ ਰਿਹਾ ਸੀ!

ਸ. ਕਰਮਜੀਤ ਸਿੰਘ ਪਹਿਲਾਂ ਵੀ ਆਪਣੀਆਂ ਲਿਖਤਾਂ ਵਿਚ ਕਹਿ ਚੁਕੇ ਹਨ ਕਿ ਸਿੱਖ ਸਮਾਜ ਲਾਈਲੱਗ ਹੈ, ਗੁਮਰਾਹ ਹੈ, ਜਿਸ ਕਰਕੇ ਸਿੱਖ ਸਮਾਜ ਕਦੇ ਖਾਲਿਸਤਾਨ ਪੱਖੀ ਪਾਰਟੀਆਂ ਨੂੰ ਵੋਟ ਨਹੀਂ ਦਿੰਦਾ। ਸੋਚਣਾ ਬਣਦਾ ਹੈ ਕਿ ਸਾਰੇ ਸਮਾਜ ਨੂੰ ਹੀ ਲਾਈਲੱਗ, ਗੁਮਰਾਹ ਕਹਿ ਦੇਣਾ ਕਿੰਨੀ ਕੁ ਵਿਦਵਤਾ ਹੈ? ਕਰਮਜੀਤ ਸਿੰਘ ਨੂੰ ਇਹ ਵੀ ਪਤਾ ਹੋਵੇਗਾ ਕਿ ਖਾਲਿਸਤਾਨ ਦੀ ਸਥਾਪਨਾ 1970 ਵਿਚ ਜਗਜੀਤ ਸਿੰਘ ਨੇ ਵੀ ਕੀਤੀ ਸੀ। ਉਸ ਵਕਤ ਪਾਕਿਸਤਾਨੀ ਡਿਕਟੇਟਰ ਯਾਹੀਆ ਖਾਨ ਨੇ ਨਨਕਾਣਾ ਸਾਹਿਬ ਨੂੰ ਵੈਟੀਕਨ ਦਾ ਦਰਜਾ ਦੇਣ ਦਾ ਵਾਅਦਾ ਕਰਦਿਆਂ ਚਾਬੀਆਂ ਜਗਜੀਤ ਸਿੰਘ ਨੂੰ ਸੌਂਪੀਆਂ ਸਨ। ਖਾਲਿਸਤਾਨ ਇਕੱਲੇ ਅਤਿ-ਅਭਿਲਾਸ਼ੀ ਸਿਆਸਤਦਾਨਾਂ ਦਾ ਹੀ ਨਹੀਂ, ਸਗੋਂ ਕੁਝ ਅਖੌਤੀ ਧਾਰਮਿਕ ਬੰਦਿਆਂ ਦੀ ਵੀ ਕਾਢ ਹੈ, ਜਿਸ ਦੀ ਕੌਮਾਂਤਰੀ ਜੜ੍ਹ ਸਰਦ ਜੰਗ ਵਿਚ ਵੀਜ਼ਾ ਹੈ।

ਇਥੇ ਸ. ਕਰਮਜੀਤ ਸਿੰਘ ਨੂੰ ਬੀ. ਬੀ. ਸੀ. ਦੇ ਨੁਮਾਇੰਦੇ ਮਾਰਕ ਟੱਲੀ ਅਤੇ ਸਤੀਸ਼ ਜੈਕਬ ਦੀ ਕਿਤਾਬ 'ਅੰਮ੍ਰਿਤਸਰ: ਮਿਸੇਜ਼ ਗਾਂਧੀ'ਜ਼ ਲਾਸਟ ਬੈਟਲ' (ਅੰਮ੍ਰਿਤਸਰ: ਸ੍ਰੀਮਤੀ ਗਾਂਧੀ ਦੀ ਆਖਰੀ ਲੜਾਈ) ਦੇ ਸਫਾ 97 ਨਾਲ ਲਗਦੀ ਤਸਵੀਰ ਦੇਖ ਕੇ ਕਾਫੀ ਹੈਰਾਨੀ ਹੋਵੇਗੀ ਕਿ ਕੌਣ ਰਾਜੀਵ ਗਾਂਧੀ ਦੀ ਨੇੜਤਾ ਦਾ ਨਿੱਘ ਮਾਣ ਰਿਹਾ ਸੀ!

ਇਸੇ ਲੜੀ ਵਿਚ ਹੀ ਸ. ਗੁਰਬਚਨ ਸਿੰਘ ਦੇ ਵਿਚਾਰ ਵੀ ਪੜ੍ਹਨ ਨੂੰ ਮਿਲੇ। ਉਹ ਮੰਨਦੇ ਹਨ ਕਿ ਗੁਰੂ ਸਾਹਿਬਾਨ ਦਾ ਕਥਨ ਹੈ ਕਿ ਰਾਜਾ ਉਹੀ ਹੋ ਸਕਦਾ ਹੈ, ਜੋ ਗੁਣੀ ਅਤੇ ਪੰਚਾਇਤੀ ਅਸੂਲਾਂ ਦਾ ਧਾਰਨੀ ਹੋਵੇ। ਅਗਾਂਹ ਉਨ੍ਹਾਂ ਸਿਰਦਾਰ ਕਪੂਰ ਸਿੰਘ ਦੇ ਕਥਨ ਨੂੰ ਦੁਹਰਾਇਆ ਹੈ ਕਿ ਖਾਲਸਾ ਪੰਥ ਸਭਨਾਂ ਲਈ ਆਜ਼ਾਦੀ, ਅਨੇਕਤਾ ਮੁਖੀ ਸਮਾਜ ਅਤੇ ਆਪਸੀ ਭਾਈਚਾਰਾ ਬੁਲੰਦ ਰੱਖੇਗਾ। ਉਨ੍ਹਾਂ ਨੇ ਆਪਣੇ ਲੇਖ ਵਿਚ ਬਹੁਤਾ ਤਾਂ ਹੋਰਨਾਂ ਦੇ ਕਥਨ ਹੀ ਦੁਹਰਾਏ ਹਨ।

ਇਥੇ ਕਰਮਜੀਤ ਸਿੰਘ ਦੇ ਜ਼ੋਰ-ਜਬਰ ਵਾਲਾ ਖਾਲਿਸਤਾਨ ਅਤੇ ਸਿਰਦਾਰ ਕਪੂਰ ਸਿੰਘ ਦੇ ਸਭਨਾਂ ਲਈ ਬਰਾਬਰੀ ਵਾਲਾ ਖਾਲਸਾ ਰਾਜ ਆਪਸ ਵਿਚ ਆਹਮੋ-ਸਾਹਮਣੇ ਹਨ। ਨਾਲ ਹੀ ਗੁਰਬਚਨ ਸਿੰਘ ਦੇ ਦਿੱਤੇ ਪੰਚਾਇਤੀ ਰੂਪ ਨੂੰ ਵੀ ਦੇਖਣਾ ਬਣਦਾ ਹੈ। ਜਿਥੇ ਸਿਰਦਾਰ ਕਪੂਰ ਸਿੰਘ ਦੀ ਵਿਆਖਿਆ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਢੁਕਦੀ ਹੈ, ਉਥੇ ਹੁਣ ਦੇ ਖਾਲਿਸਤਾਨੀ ਚੌਖਟੇ ਵਿਚ ਉਹ ਫਿਟ ਨਹੀਂ ਬੈਠਦੀ। ਸ. ਗੁਰਬਚਨ ਸਿੰਘ ਦੀ ਪੰਚਾਇਤੀ ਧਾਰਨਾ ਕੀ ਲੋਕ ਰਾਇ ਨਹੀਂ ਹੈ? ਜਾਂ ਉਹ ਕਿਹੜਾ ਨਿਜ਼ਾਮ ਪਸੰਦ ਕਰਦੇ ਹਨ?

ਸ. ਕਰਮਜੀਤ ਸਿੰਘ ਦੀ ਸੋਚਣੀ ਡਰ ਅਤੇ ਸਹਿਮ ਤੋਂ ਪ੍ਰਭਾਵਿਤ ਹੋ ਕੇ 'ਸਟਾਕਹੋਮ ਸਿੰਡਰੋਮ' ਵੱਲ ਚਲ ਪਈ ਹੈ। ਉਹ 1980-90 ਦੇ ਸਹਿਮ ਨੂੰ ਅਜੇ ਭੁਲਾ ਨਹੀਂ ਸਕੇ ਅਤੇ ਨਾ ਹੀ ਨਿਰਪੱਖ ਧਾਰਨਾ ਬਣਾ ਸਕੇ ਹਨ।

ਸ. ਕਰਮਜੀਤ ਸਿੰਘ ਅਜੋਕੇ ਖਾਲਿਸਤਾਨੀ ਤੌਰ-ਤਰੀਕਿਆਂ ਨੂੰ ਮੰਨਦੇ ਹੋਏ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਪੂਰਨ ਖਾਲਸਾ ਸਵੀਕਾਰ ਕੇ ਆਪਣੀ ਵਿਅੰਗਾਤਮਕ ਉਲਝਣ ਦਾ ਸਬੂਤ ਦੇ ਗਏ ਹਨ।

## ਪ੍ਰੋ. ਬਲਕਾਰ ਸਿੰਘ ਦਾ ਪ੍ਰਤੀਕਰਮ ਸੰਤੁਲਿਤ ਤੇ ਸੰਜੀਦਾ

**ਸੰਪਾਦਕ ਜੀ,**

'ਪੰਜਾਬ ਟਾਈਮਜ਼' ਦੇ 23 ਮਈ ਦੇ ਅੰਕ ਵਿਚ ਪ੍ਰੋ. ਬਲਕਾਰ ਸਿੰਘ ਨੇ ਕਰਮਜੀਤ ਸਿੰਘ ਦੇ 'ਖਾਲਿਸਤਾਨੀ ਐਲਾਨਨਾਮੇ' ਦਾ ਜੋ ਲੇਖਾ-ਜੋਖਾ ਕੀਤਾ ਹੈ, ਵਿਚਾਰਨਯੋਗ ਤਾਂ ਹੈ ਹੀ, ਇਸ ਵਿਸ਼ੇ ਦਾ ਇੱਕ ਸੰਤੁਲਿਤ ਅਤੇ ਸੰਜੀਦਾ ਦਸਤਾਵੇਜ਼ ਹੋ ਨਿਬੜਿਆ ਹੈ। ਪਤਾ ਨਹੀਂ ਕਿਉਂ ਵਿਦਵਾਨ ਕਰਮਜੀਤ ਸਿੰਘ ਇਹ ਮੰਨਣ ਤੋਂ ਇਨਕਾਰੀ ਹਨ ਕਿ ਬਿੱਲੀ ਦੇ ਅੱਖਾਂ ਮੀਟ ਲੈਣ ਨਾਲ ਕਬੂਤਰ ਨੇ ਗਾਇਬ ਹੋ ਜਾਣਾ ਹੈ।

ਕੁਝ ਸਮਾਂ ਪਹਿਲਾਂ ਲਾਇਬਰੇਰੀ ਬੈਠਿਆਂ 'ਪ੍ਰੀਤਲੜੀ' (ਸ਼ਾਇਦ ਫਰਵਰੀ ਅੰਕ) ਦੇ ਵਰਕੇ ਫਰੋਲ ਰਿਹਾ ਸਾਂ ਕਿ ਅਖੀਰਲੇ ਸਫੇ 'ਤੇ ਕੁਝ ਅਸਪਸ਼ਟ ਜਿਹਾ ਲਿਖਿਆ ਦੇਖਿਆ। ਇਸ ਦਾ ਭਾਵ ਸੀ ਕਿ ਪੰਜਾਬ 'ਚ ਕਾਲੇ ਦੌਰ ਦੌਰਾਨ ਜਿਨ੍ਹਾਂ ਪੰਥ ਰੱਖਿਆ ਦੇ ਨਾਂ 'ਤੇ ਮਜਲੂਮਾਂ ਦਾ ਕਤਲੇਆਮ ਹੋਇਆ, ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਦੇ ਮੂੰਹ 'ਤੇ ਕਾਲਖ ਅਵੱਸ਼ ਮਲਣਗੀਆਂ। ਸ਼ਾਇਦ ਫਰਵਰੀ ਦੇ ਹੀ ਕਿਸੇ ਦਿਨ ਪ੍ਰੀਤਲੜੀ ਦੇ ਨੌਜਵਾਨ ਸੰਪਾਦਕ ਸੁਮੀਤ ਸਿੰਘ ਦਾ ਕਤਲ ਹੋਇਆ ਸੀ। ਜੋ ਸੰਦੇਸ਼ ਇਸ ਰਸਾਲੇ ਨੇ ਮੁੱਖ ਪੰਨੇ 'ਤੇ ਦੇਣਾ ਸੀ, ਬੜੀ ਮਜਬੂਰੀ ਜਿਹੀ ਵਿਚ ਅਖੀਰੀ ਸਫੇ 'ਤੇ ਦਿੱਤਾ ਜਾਣਾ ਦਰਸਾਉਂਦਾ ਹੈ ਕਿ ਦਹਿਸ਼ਤ ਦਾ ਸੰਤਾਪ ਹੰਢਾ ਚੁਕੀ ਸੂਝਵਾਨਾਂ ਦੀ ਚਹੇਤੀ 'ਪ੍ਰੀਤਲੜੀ' ਅੱਜ ਵੈਂਟੀਲੇਟਰ 'ਤੇ ਪਈ ਕਿਉਂ ਜਾਪਦੀ ਹੈ! ਅਸਹਿਮਤੀ ਰੱਖਣ ਵਾਲਿਆਂ ਨੂੰ ਗੱਡੀ ਚਾੜ੍ਹ ਦਿਓ। ਮਹਾਰਾਜਾ ਰਣਜੀਤ ਸਿੰਘ ਨੇ ਤਾਂ ਇਸ ਫਲਸਫੇ ਨਾਲ ਲੰਮਾ ਸਮਾਂ ਰਾਜ ਨਹੀਂ ਸੀ ਕੀਤਾ। ਨਾ ਹੀ ਅੱਗੇ ਕਦੀ ਕੀਤਾ ਜਾ ਸਕਦਾ ਹੈ।

ਪੰਜਾਬ ਟਾਈਮਜ਼ ਦੇ ਇਸੇ ਅੰਕ ਵਿਚ ਅਮਰਜੀਤ ਸਿੰਘ ਮੁਲਤਾਨੀ ਨੇ ਪਾਠਕਾਂ ਨੂੰ ਜਿਨ੍ਹਾਂ ਹਕੀਕਤਾਂ ਦੇ ਰੂਬਰੂ ਕਰਵਾਇਆ ਹੈ, ਉਸ ਨੂੰ ਜਾਣਦਿਆਂ-ਸਮਝਦਿਆਂ ਜੇ ਕੁਝ ਲੋਕ ਬੇਮਤਲਬ ਸੁਆਹ ਵਿਚ ਫੂਕਾਂ ਮਾਰਨਾ ਜਾਰੀ ਰੱਖਦੇ ਹਨ ਤਾਂ ਇਹੀ ਕਿਹਾ ਜਾ ਸਕਦਾ ਹੈ, 'ਲਗੇ ਰਹੋ ਮੁੰਨਾ ਭਾਈ।'

*-ਹਰਜੀਤ ਦਿਓਲ ਬਰੈਂਪਟਨ, ਫੋਨ: 905-676-9242*

# ਆਪਣੇ ਅਤੇ ਬੇਗਾਨਿਆਂ ਦੀ ਮਾਰ ਹੇਠ 'ਸਿੱਖ'?

***ਪਿਛਲੇ ਅੰਕ ਵਿਚ ਅਸੀਂ ਪ੍ਰਭਸ਼ਰਨਬੀਰ ਸਿੰਘ ਦਾ ਲੇਖ 'ਨਸਲਕੁਸ਼ੀ ਦੀ ਰਾਜਨੀਤੀ, ਬਿਰਤਾਂਤਕ ਹਿੰਸਾ ਅਤੇ ਪੰਥ ਦਾ ਭਵਿੱਖ' ਛਾਪਿਆ ਸੀ, ਜਿਸ ਵਿਚ ਉਨ੍ਹਾਂ ਨਸਲਕੁਸ਼ੀ ਦੀ ਸਿਆਸਤ ਬਾਰੇ ਕੁਝ ਨੁਕਤੇ ਸਾਂਝੇ ਕੀਤੇ ਸਨ। ਲੇਖ ਵਿਚ ਉਨ੍ਹਾਂ ਨੇ ਖੱਬੇਪੱਖੀਆਂ ਨੂੰ ਵੀ ਨਿਸ਼ਾਨੇ 'ਤੇ ਲਿਆਂਦਾ ਸੀ। ਇਸ ਬਾਰੇ ਸਾਨੂੰ ਅਮਰਜੀਤ ਸਿੰਘ ਮੁਲਤਾਨੀ (ਨਿਊ ਯਾਰਕ) ਦੀ ਟਿੱਪਣੀ ਹਾਸਲ ਹੋਈ ਹੈ, ਜਿਸ ਵਿਚ ਉਨ੍ਹਾਂ ਸਿੱਖਾਂ ਦੇ ਮਾੜੇ ਹਾਲਾਤ ਬਾਰੇ ਵਿਚਾਰ ਰੱਖੇ ਹਨ। -ਸੰਪਾਦਕ***

'ਪੰਜਾਬ ਟਾਈਮਜ਼' ਦੇ 23 ਮਈ ਦੇ ਅੰਕ ਵਿਚ ਪ੍ਰਭਸ਼ਰਨਬੀਰ ਸਿੰਘ ਨੇ ਸਿੱਖਾਂ ਨਾਲ ਸਬੰਧਿਤ ਕੁਝ ਅਹਿਮ ਮਸਲਿਆਂ ਦਾ ਜ਼ਿਕਰ ਕੀਤਾ ਹੈ ਅਤੇ ਆਮ ਸਿੱਖਾਂ ਨੂੰ ਸਲਾਹਾਂ ਵੀ

**ਅਮਰਜੀਤ ਸਿੰਘ ਮੁਲਤਾਨੀ**
**ਨਿਊ ਯਾਰਕ**
**multaniny@gmail.com**

ਦਿੱਤੀਆਂ ਹਨ। ਸਿੱਖਾਂ ਨੂੰ ਮੇਰੀ ਜਾਚੇ ਸਭ ਤੋਂ ਵੱਧ ਨੁਕਸਾਨ ਅਖੌਤੀ ਧਾਰਮਿਕ ਮੁਖੀਆਂ, ਧਰਮ 'ਤੇ ਆਧਾਰਿਤ ਸਿਆਸੀ ਪਾਰਟੀਆਂ ਅਤੇ ਸਿੱਖ ਸਮਾਜ ਵਿਚ ਪੱਸਰਿਆ ਹੋਇਆ ਗੱਗੜ ਗਿਆਨੀ ਕਿਸਮ ਦਾ ਪੁਜਾਰੀਵਾਦ ਪਹੁੰਚਾ ਰਿਹਾ ਹੈ। ਇਹ ਸਾਰੇ ਆਪੇ ਬਣੇ ਚੌਧਰੀ ਇਹ ਨਹੀਂ ਸਮਝ ਰਹੇ ਕਿ ਦੁਨੀਆਂ ਅਤੇ ਇਸ ਦੇ ਅਗਾਂਹਵਧੂ ਮੁਲਕਾਂ ਦਾ ਸਮਾਜਕ ਤਾਣਾ-ਬਾਣਾ ਕਿਵੇਂ ਸੁਹਿਰਦ ਤੇ ਨਰਮ ਹੈ; ਕਿਵੇਂ ਇਕ ਦੂਜੇ ਦੇ ਸਹਾਇਕ ਬਣ ਕੇ ਕੌਮ ਤੇ ਦੇਸ਼ ਤਰੱਕੀ ਕਰਦੇ ਹਨ; ਕਿਵੇਂ ਨਾਬਰਾਬਰੀ ਤੇ ਜਾਤ-ਪਾਤ ਤੋਂ ਮੁਕਤ ਹੋ ਕੇ ਇਨਸਾਨੀ ਦਿਮਾਗ ਜ਼ਰਖੇਜ਼ ਬਣਦੇ ਹਨ ਅਤੇ ਉਨ੍ਹਾਂ ਦੀਆਂ ਕੀਤੀਆਂ ਖੋਜਾਂ ਕਿਵੇਂ ਕੌਮ ਤੇ ਦੇਸ਼ ਲਈ ਗੌਰਵ ਦਾ ਕਾਰਨ ਬਣਦੀਆਂ ਹਨ!

ਪਰ ਬਦਕਿਸਮਤੀ ਨਾਲ ਸਿੱਖਾਂ ਨੂੰ ਹਰ ਸੰਭਵ ਮਾੜੀ ਰਵਾਇਤ ਅਤੇ ਅਹਿਲ ਦਰਜੇ ਦੀ ਘਟੀਆ ਰਾਜਨੀਤਕ/ਧਾਰਮਿਕ ਪਹੁੰਚ ਨੇ ਗ੍ਰਸਿਆ ਹੋਇਆ ਹੈ। ਇਸ ਵੇਲੇ ਰਾਜਨੀਤਕ ਤੌਰ 'ਤੇ ਸਿੱਖ ਬਹੁਤ ਡੂੰਘੀ ਅਸੁਰੱਖਿਅਤਾ ਦੀ ਹੀਣ ਭਾਵਨਾ ਦਾ ਸ਼ਿਕਾਰ ਹੈ। ਉਸ ਨੂੰ ਹਰ ਸਮੇਂ ਲੱਗਦਾ ਹੈ, ਜਿਵੇਂ ਉਸ ਦੀ ਹੋਂਦ ਖਤਰੇ ਵਿਚ ਹੈ ਅਤੇ ਉਹ ਕਾਫੀ ਸਮਾਂ ਇਸੇ ਚਿੰਤਾ ਤੇ ਉਪਾਵਾਂ 'ਚ ਹੀ ਵਿਅਰਥ ਗਵਾ ਦਿੰਦਾ ਹੈ। ਉਸ ਨੂੰ ਇਸ ਬਾਰੇ ਕੋਈ ਵੀ ਹੌਸਲੇ ਦੀ ਬਾਂਹ ਨਹੀਂ ਫੜਾਉਂਦਾ ਸਗੋਂ ਨਸਲਕੁਸ਼ੀ ਦਾ ਬੰਬ ਉਸ ਦੀ ਜੇਬ ਵਿਚ ਪਾ ਦਿੰਦਾ ਹੈ।

ਗੁਰਦੁਆਰੇ ਵੀ ਸਿੱਖਾਂ ਨੂੰ ਮਾਨਸਿਕ ਸਕੂਨ ਨਹੀਂ ਦਿੰਦੇ। ਇਥੇ ਸਿਰਫ ਧਰਮ ਦੀਆਂ ਗੱਲਾਂ ਨਹੀਂ ਹੁੰਦੀਆਂ। ਗੁਰਦੁਆਰਿਆਂ ਵਿਚ ਜ਼ਿਆਦਾਤਰ ਧਾਰਮਿਕ ਬੁਲਾਰੇ ਗੁਰਬਾਣੀ ਤੇ ਕਥਾ ਵਿਆਖਿਆ ਦੌਰਾਨ ਆਪਣੇ ਨਿਜੀ ਵਿਚਾਰਾਂ ਨੂੰ ਬਾਣੀ ਦੀ ਚਾਸ਼ਣੀ ਚੜ੍ਹਾ ਕੇ ਭਾਈਚਾਰੇ ਦੀ ਹੋਣ ਵਾਲੀ ਸੋਚ ਵਜੋਂ ਪੇਸ਼ ਕਰਦੇ ਹਨ। ਉਹ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਦੀ ਬਿਲਕੁਲ ਪ੍ਰਵਾਹ ਨਹੀਂ ਕਰਦੇ। ਉਨ੍ਹਾਂ ਦਾ ਮੁੱਖ ਮਕਸਦ ਹੁੰਦਾ ਹੈ, ਸੰਗਤ ਦੀ ਜੇਬ ਹਲਕੀ ਕਰਨੀ। ਉਹ ਅਜਿਹੇ ਪ੍ਰਸੰਗਾਂ ਦੀ ਛਹਿਬਰ ਲਾਉਂਦੇ ਹਨ, ਜੋ ਸਿੱਖਾਂ ਦੀ ਅਸਥਿਰ ਮਾਨਸਿਕਤਾ ਨੂੰ ਟੁੰਬਦੇ ਹਨ। ਫਿਰ ਵਾਰੀ ਆਉਂਦੀ ਹੈ, ਅਖੌਤੀ ਪੰਥ-ਪ੍ਰਸਤ ਸਿਆਸੀ/ਸਮਾਜਕ ਬੁਲਾਰਿਆਂ ਦੀ। ਇਹ ਸਿੱਖਾਂ ਨੂੰ ਇਕ ਨਹੀਂ, ਕਈ ਅਖੌਤੀ ਸਮੱਸਿਆਵਾਂ ਦੇ ਦਰਪੇਸ਼ ਦੱਸਦੇ ਹਨ। ਹਰ ਕੋਈ ਨਿਜੀ ਮੁਫਾਦ ਅਨੁਸਾਰ ਹੀ ਭੁਗਤਦਾ ਹੈ।

ਸਿੱਖ ਧਰਮ ਦੇ ਵਿਰੋਧੀਆਂ ਦੀ ਅੱਜ ਕੱਲ੍ਹ ਚੜ੍ਹ ਮੱਚੀ ਹੋਈ ਹੈ। ਹੁਣ ਉਨ੍ਹਾਂ ਨੂੰ ਖੁਦ ਆਪਣੇ ਹੱਥੀਂ ਕੁਝ ਵੀ ਕਰਨ ਦੀ ਲੋੜ ਨਹੀਂ ਪੈਂਦੀ। ਜ਼ਰਾ ਜਿਹੇ ਸਿਆਸੀ ਲਾਭ ਵਾਲਾ ਲੌਲੀਪੌਪ ਦਿਖਾਉ, ਇਕ ਨਹੀਂ, ਦਰਜਨਾਂ ਦੇ ਦਰਜਨ ਸਿੱਖ ਉਸ ਲੌਲੀਪੌਪ ਦੀ ਪ੍ਰਾਪਤੀ ਖਾਤਰ ਇਕ ਦੂਜੇ ਦਾ ਘਾਣ ਕਰਨ ਲਈ ਤਿਆਰ ਹੋ ਜਾਣਗੇ। ਸਿੱਖਾਂ ਵਿਚ ਵੱਡੇ ਪੱਧਰ 'ਤੇ ਫੈਲੀ ਹੋਈ ਅਨੁਸ਼ਾਸਨ ਹੀਣਤਾ ਇਸ ਦਾ ਇਕ ਮੁੱਖ ਕਾਰਨ ਹੈ। ਅਨੁਸ਼ਾਸਨ ਨਾਲ ਹੀ ਸਿੱਖ ਤਰੱਕੀ ਕਰ ਸਕਦੇ ਹਨ, ਨਹੀਂ ਤਾਂ ਆਸਾਰ ਕੋਈ ਚੰਗੇ ਸੰਕੇਤ ਨਹੀਂ ਦੇ ਰਹੇ।

ਪ੍ਰਭਸ਼ਰਨਬੀਰ ਸਿੰਘ ਨੇ ਹੋਰ ਕਈ ਛਿਟ-ਪੁੱਟ ਸਿਆਸੀ ਦ੍ਰਿਸ਼ਟਾਂਤਾਂ ਦਾ ਜ਼ਿਕਰ ਕੀਤਾ ਹੈ। ਮੇਰੇ ਵਿਚਾਰ ਵਿਚ ਸਿੱਖ ਦੁਨੀਆਂ ਵਿਚ ਜਿੱਥੇ ਕਿਤੇ ਵੀ ਹੈ, ਉਸ ਨੂੰ ਨਿਜੀ ਪੱਧਰ 'ਤੇ ਆਪਣੇ ਆਪ ਨੂੰ ਗਿਆਨਵਾਨ ਤੇ ਚਰਿੱਤਰਵਾਨ ਬਣਾਉਣਾ ਪਵੇਗਾ, ਉਹ ਵੀ ਬਿਨਾ ਕਿਸੇ ਨਾਮ ਧਰੀਕ ਧਾਰਮਿਕ/ਸਿਆਸੀ ਵਿਦਵਾਨ ਦੀ ਮਦਦ ਦੇ। ਸਿੱਖਾਂ ਨੂੰ ਹਰ ਵੇਲੇ ਚੇਤੇ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਰਹਿਬਰ ਗੁਰੂ ਨਾਨਕ ਨੇ ਕੁਦਰਤ ਦੇ ਬਖਸ਼ੇ ਗਿਆਨ ਨਾਲ ਹੀ ਉਸ ਵਕਤ ਪ੍ਰਚਲਿਤ ਸਾਰੇ ਵੱਖ-ਵੱਖ ਧਰਮਾਂ ਦੇ ਸਮਕਾਲੀ ਧਾਰਮਿਕ ਮੁਖੀਆਂ ਨੂੰ ਚਿੱਤ ਕੀਤਾ ਸੀ। ਹਰ ਸਿੱਖ ਨੂੰ ਇਹ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਸਿੱਖ ਹੋਣ ਦੇ ਨਾਤੇ ਉਸ ਵਿਚ ਵੀ ਗਿਆਨ ਦੀ ਉਹੋ ਸਮਰੱਥਾ ਹੈ, ਪਰ ਸ਼ਾਇਦ ਉਸ ਕੋਲੋਂ ਆਤਮ ਚਿੰਤਨ ਨਹੀਂ ਹੋ ਰਿਹਾ ਜਾਂ ਉਸ ਨੂੰ ਅਜਿਹਾ ਕਰਨ ਤੋਂ ਹਟਕਾਰਿਆ ਜਾ ਰਿਹਾ ਹੈ ਤਾਂ ਜੋ ਗੁਰੂ ਨਾਨਕ ਦੇ ਕਥਨ ਅਨੁਸਾਰ 'ਘਰ ਘਰ ਅੰਦਰ ਧਰਮਸਾਲ' ਨਾ ਬਣ ਸਕੇ ਅਤੇ ਸਿੱਖਾਂ ਨੂੰ ਭੇਡਾਂ ਵਿਚ ਤਬਦੀਲ ਕੀਤਾ ਜਾ ਸਕੇ।

ਪ੍ਰਭਸ਼ਰਨਬੀਰ ਸਿੰਘ ਨੇ ਇਹ ਕਾਮਨਾ ਵੀ ਕੀਤੀ ਹੈ ਕਿ ਸਿੱਖ ਹਰ ਖੇਤਰ ਵਿਚ ਉਚਕੋਟੀ ਦੇ ਸਿਰਨਾਵੇਂ ਸਥਾਪਿਤ ਕਰਨ। ਹਰ ਸਿੱਖ ਦੀ ਵੀ ਇਹੋ ਚਾਹਤ ਹੋਣੀ ਚਾਹੀਦੀ ਹੈ, ਪਰ ਜਦੋਂ ਤੁਸੀਂ ਸਿੱਖਿਆ ਦੇ ਪਿੜ ਵਿਚ ਉਚੇ ਮੁਕਾਮ ਹਾਸਿਲ ਕਰ ਲੈਂਦੇ ਹੋ ਤਾਂ ਕੁਦਰਤੀ ਜਦੋਂ ਤੁਹਾਡੇ ਗਿਆਨ ਦੇ ਅੰਜਨ ਖੁਲ੍ਹਦੇ ਹਨ ਤਾਂ ਅਨਪੜ੍ਹਾਂ ਜਿਹੇ ਧਾਰਮਿਕ ਲੀਡਰਾਂ ਨੂੰ ਤੁਹਾਡੀ ਗੱਲ ਸਮਝ ਨਹੀਂ ਆਉਂਦੀ ਤੇ ਤੁਸੀਂ ਪੰਥ ਵਿਚੋਂ ਛੇਕ ਦਿੱਤੇ ਜਾਂਦੇ ਹੋ। ਧਾਰਮਿਕ ਉਚ ਅਹੁਦਿਆਂ 'ਤੇ ਵੀ ਵਿਸ਼ਾਲ ਦੂਰ-ਦ੍ਰਿਸ਼ਟੀ ਵਾਲੇ ਉਚ ਸਿੱਖਿਅਤ ਲੋਕ ਹੀ ਹੋਣ, ਤਾਂ ਹੀ ਤੁਹਾਡੀ ਇਸ ਕਾਮਨਾ ਤੋਂ ਸਿੱਖ ਲਾਹਾ ਲੈ ਸਕਦੇ ਹਨ।

## ਮਿਠਤੁ ਨੀਵੀ

***(ਪਿਛਲੇ ਸਫੇ ਦੀ ਬਾਕੀ)***

ਗੁਰੂ ਨਾਨਕ ਦੀ ਇੱਕ ਵੀ ਮੰਨੀ ਹੈ ਕਦੇ? ਅਸੀਂ ਸਿੱਖਿਆ ਹੈ, ਸਦਾ ਦੂਜੇ ਨੂੰ ਆਪ ਤੋਂ ਨੀਂਵਾਂ ਰੱਖਣਾ। ਫਿਰ ਕਿੱਥੋਂ ਪਿਆਰ ਭਾਲੋਗੇ? ਮੁਹੱਬਤ ਦੀਆਂ ਨਜ਼ਮਾਂ ਤਿੱਖੜ ਦੁਪਹਿਰਾਂ 'ਚ ਨਹੀਂ ਰਚੀਆਂ ਜਾਂਦੀਆਂ, ਸਦਾ ਰਮਣੀਕ ਸ਼ਾਮਾਂ 'ਚੋਂ ਹੀ ਵਰ੍ਹਦੀਆਂ ਹਨ, ਪੌਣਾਂ ਬਣ ਉਤਰਦੀਆਂ ਹਨ। ਜਿੰਨਾ ਚਿਰ ਹਉਮੈ ਰਹੇਗੀ, ਬੰਦਾ ਜਾਂ ਜਾਨਵਰ ਵੀ ਨੇੜੇ ਨਹੀਂ ਢੁੱਕੇਗਾ। ਮਿਠਤੁ ਨੀਵੀ ਨਾਨਕਾ-ਸਦਾ ਮਿੱਠੇ ਬੋਲਾਂ ਦੀ ਮਿਠਾਸ ਹੀ ਢਾਣੀਆਂ 'ਕੱਠੀਆਂ ਕਰਦੀ ਹੈ, ਹਰ ਹਿਰਦੇ ਨੂੰ ਨਚਾ ਸਕਦੀ ਹੈ, ਪਿਆਰ ਦੀ ਗਲਵੱਕੜੀ 'ਚ ਬਿਠਾ ਸਕਦੀ ਹੈ-ਨਿੱਤ ਜਿੱਤ ਸਕਦੀ ਹੈ, ਜਦੋਂ ਕਿ ਕੌੜੇ ਕੁਸੈਲੇ ਬੋਲਾਂ ਨਾਲ ਅਸੀਂ ਰੁੱਖਾਂ ਨੂੰ ਵੀ ਵੈਰੀ ਬਣਾ ਲਿਆ ਹੈ।

# ਲਹੂ ਦੇ ਅੱਥਰੂ ਤੇ ਸ਼ਿਕਨ ਦੀਆਂ ਦੰਦੀਆਂ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਮਨਮਸਤਕ ਵਿਚ ਆਸਥਾ ਹੁੰਦੀ ਹੈ ਕਿ ਸਾਡੇ ਰਹਿੰਦੇ ਕਾਰਜ ਨੇਪਰੇ ਚੜ੍ਹ ਜਾਣਗੇ, ਵਿਗੜੇ ਕਾਰਜ ਸੰਵਰ ਜਾਣਗੇ, ਡਰ ਦੂਰ ਹੋ ਜਾਣਗੇ, ਚਿੰਤਾ ਮੁੱਕ ਜਾਵੇਗੀ ਤੇ ਹਿਰਦੇ ਵਿਚ ਠੰਢ ਵਰਤ ਜਾਵੇਗੀ। ਹੋਰ ਤਾਂ ਹੋਰ, ਅਸੀਂ ਨਫਰਤ ਦੀ ਅੱਗ ਵਿਚ ਸੜਨ ਦੀ ਥਾਂ ਮੁਹੱਬਤ ਦੇ ਮੁਜੱਸਮੇ ਹੋ ਜਾਂਦੇ ਹਾਂ।

ਉਥੇ ਗਿਆਂ ਹਰ ਕਿਸੇ ਨਾਲ ਅਜਿਹਾ ਹੁੰਦਾ ਹੈ, ਇਹਦੇ ਬਾਰੇ ਕੋਈ ਕੁਝ ਨਹੀਂ ਕਹਿ ਸਕਦਾ। ਅਸੀਂ ਸਿਰਫ ਆਪਣੇ ਅੰਦਰ ਝਾਤੀ ਮਾਰ ਕੇ ਆਪਣੇ ਬਾਰੇ ਹੀ ਦੱਸ ਸਕਦੇ ਹਾਂ ਕਿ ਅਸੀਂ ਕਿਸ ਹਾਲ ਵਿਚ ਸੱਚਖੰਡ ਵਿਖੇ



**ਅਵਤਾਰ ਸਿੰਘ (ਪ੍ਰੋ.)**
ਫੋਨ: 91-9417518384

ਗਏ ਸਾਂ ਤੇ ਕਿਸ ਸੂਰਤ ਵਿਚ ਬਾਹਰ ਆਏ ਹਾਂ। ਕੋਈ ਕੀ ਦੱਸ ਸਕਦਾ ਹੈ!

ਸ੍ਰੀ ਹਰਿਮੰਦਰ ਸਾਹਿਬ ਤੋਂ ਪਹਿਲਾਂ ਹਿੰਦੂਆਂ ਦੇ ਤੀਰਥ ਅਸਥਾਨ ਹੋਰ ਸਨ ਤੇ ਮੁਸਲਮਾਨਾਂ ਦੇ ਮਰਕਜ਼ ਹੋਰ ਸਨ। ਹਿੰਦੂ ਗੰਗਾ ਤੇ ਬਨਾਰਸ ਨੂੰ ਪਵਿੱਤਰ ਮੰਨਦੇ ਸਨ ਅਤੇ ਮੁਸਲਮਾਨ ਕਾਬੇ ਤੇ ਮੱਕੇ ਨੂੰ ਮੁਕੱਦਸ ਮੰਨਦੇ ਸਨ। ਹਿੰਦੂ ਲੋਕ ਦੇਹੁਰਿਆਂ ਵਿਚ ਪੂਜਾ ਅਰਚਾ ਕਰਕੇ ਮੁਕਤੀ ਮਹਿਸੂਸ ਕਰਦੇ ਸਨ ਤੇ ਮੁਸਲਿਮ ਮਸੀਤਾਂ ਵਿਚ ਨਮਾਜ਼ ਅਦਾ ਕਰਕੇ ਸੁਰਖਰੂ ਹੋ ਗਏ ਮਹਿਸੂਸ ਕਰਦੇ ਸਨ।

ਇਨ੍ਹਾਂ ਅਸਥਾਨਾਂ ਦੇ ਚਮਤਕਾਰ ਤੇ ਕਰਾਮਾਤ ਦਾ ਕੁਝ ਹਿੱਸਾ ਅਸੀਂ ਅੱਖਾਂ ਨਾਲ ਦੇਖ ਸਕਦੇ ਹਾਂ ਤੇ ਕੁਝ ਕੰਨਾਂ ਨਾਲ ਸੁਣ ਸਕਦੇ ਹਾਂ। ਇਨ੍ਹਾਂ ਅਸਥਾਨਾਂ ਵਿਖੇ ਅੱਖਾਂ ਨੂੰ ਦਿਖਣ ਵਾਲਾ ਦ੍ਰਿਸ਼ ਅਤੇ ਕੰਨਾਂ ਨਾਲ ਸੁਣਿਆ ਜਾਣ ਵਾਲਾ ਆਦੇਸ਼ ਬੇਸ਼ੱਕ ਅਲੱਗ ਅਲੱਗ ਹੁੰਦਾ ਹੈ, ਪਰ ਸਾਡੇ ਮਨਮਸਤਕ 'ਤੇ ਪੈਣ ਵਾਲਾ ਅਸਰ ਇੱਕੋ ਜਿਹਾ ਹੁੰਦਾ ਹੈ। ਮੰਦਿਰ ਵੱਲ ਜਾਣ ਸਮੇਂ ਹਿੰਦੂ ਦਾ ਹਿਰਦਾ ਵੀ ਉਹੋ ਜਿਹਾ ਹੁੰਦਾ ਹੈ, ਜਿਹੋ ਜਿਹਾ ਕਿਸੇ ਮੁਸਲਿਮ ਦਾ ਮਸਜਿਦ ਵਿਖੇ ਜਾਣ ਸਮੇਂ ਹੁੰਦਾ ਹੈ। ਇੱਥੋਂ ਤੱਕ ਕਿ ਉਥੋਂ ਬਾਹਰ ਆਉਣ ਸਮੇਂ ਵੀ ਉਨ੍ਹਾਂ ਦੇ ਚਿਹਰਿਆਂ 'ਤੇ ਉਤਰਿਆ ਇਤਮੀਨਾਨ ਤੇ ਸਹਿਜ ਇੱਕੋ ਜਿਹਾ ਹੁੰਦਾ ਹੈ।

ਸਾਡੀਆਂ ਹਕੂਮਤਾਂ ਦਾ ਇਨ੍ਹਾਂ ਅਸਥਾਨਾਂ ਦੀ ਅਦਿੱਖ ਅਤੇ ਅੰਦਰੂਨੀ ਏਕਤਾ ਨਾਲ ਕੋਈ ਲੈਣਾ ਦੇਣਾ ਨਹੀਂ ਹੁੰਦਾ। ਉਹ ਸਦਾ ਅਲਹਿਦਗੀ ਪਸੰਦ ਹੁੰਦੀਆਂ ਹਨ ਤੇ ਉਨ੍ਹਾਂ ਦਾ ਦਾਰੋਮਦਾਰ ਅਲਹਿਦਗੀ 'ਤੇ ਹੀ ਮੁਨੱਸਰ ਕਰਦਾ ਹੈ। ਇਸੇ ਕਰਕੇ ਉਨ੍ਹਾਂ ਨੂੰ ਇਨ੍ਹਾਂ ਅਸਥਾਨਾਂ ਵਿਚੋਂ ਕੋਈ ਨਾ ਕੋਈ ਰੜਕਦੀ ਰਹਿੰਦੀ ਹੈ, ਜਿਸ ਕਰਕੇ ਉਹ ਹਮੇਸ਼ਾ ਇਨ੍ਹਾਂ ਵਿਚੋਂ ਕਿਸੇ ਇਕ ਤਰ੍ਹਾਂ ਦੇ ਅਸਥਾਨ ਨੂੰ ਗਿਰਾ ਕੇ ਮਲੀਆਮੇਟ ਕਰਨ ਦੇ ਮਨਸੂਬੇ ਘੜਦੀਆਂ ਰਹਿੰਦੀਆਂ ਹਨ।

ਸਾਡੇ ਰਾਜਸੀ ਇਤਿਹਾਸ ਕਿਸੇ ਇਕ ਤਰ੍ਹਾਂ ਦੇ ਅਸਥਾਨਾਂ ਨੂੰ ਉਸਾਰਨ ਦੇ ਇਤਿਹਾਸ ਹਨ ਤੇ ਦੂਜੀ ਤਰ੍ਹਾਂ ਦੇ ਅਸਥਾਨਾਂ ਨੂੰ ਕਿਸੇ ਨਾ ਕਿਸੇ ਬਹਾਨੇ ਡੇਗ ਦੇਣ ਦੇ ਇਤਿਹਾਸ ਹਨ। ਇਤਿਹਾਸ ਦੀਆਂ ਅੱਖਾਂ ਨੇ ਕਿਤੇ ਸੋਮਨਾਥ ਦਾ ਮੰਦਿਰ ਢਹਿੰਦਾ ਦੇਖਿਆ ਹੈ, ਕਿਤੇ ਬੁੱਧ ਦੀ ਮੂਰਤ ਟੁੱਟਦੀ ਦੇਖੀ ਹੈ ਤੇ ਕਦੇ ਬਾਬਰੀ ਮਸਜਿਦ ਮਲੀਆਮੇਟ ਹੁੰਦੀ ਦੇਖੀ ਹੈ।

ਕਦੇ ਅਬਦਾਲੀ ਹਰਿਮੰਦਰ ਡੇਗਦਾ ਹੈ ਅਤੇ ਕਦੀ ਰਣਜੀਤ ਸਿੰਘ ਆਪਣੇ ਜੋੜੇ ਤੇ ਘੋੜੇ ਸਮੇਤ ਲਾਹੌਰ ਦੀ ਸ਼ਾਹੀ ਮਸਜਿਦ ਵਿਚ ਜਾ ਵੜਦਾ ਹੈ। ਕਦੇ ਖਾਲਸਾ ਧਾੜਵੀਆਂ ਤੋਂ ਅਬਲਾ ਬੱਚੀਆਂ ਖੋਹ ਕੇ ਘਰ ਘਰ ਪਹੁੰਚਾਉਂਦਾ ਹੈ ਤੇ ਕਦੇ ਰਣਜੀਤ ਸਿੰਘ ਆਪਣੀ ਸ਼ਾਹੀ ਮੰਡਲੀ ਵਿਚ ਜਮਾਂ ਕੀਤੀਆਂ ਸਵਾ ਸੌ ਸੋਹਣੀਆਂ ਸੁਨੱਖੀਆਂ ਲੜਕੀਆਂ ਵਿਚੋਂ ਪੱਚੀ ਸਾਲ ਤੋਂ ਉਪਰ ਵਾਲੀਆਂ ਨੂੰ ਆਪਣੇ ਅਹਿਲਕਾਰਾਂ ਨੂੰ ਤੋਹਫੇ ਵਜੋਂ ਦੇ ਦਿੰਦਾ ਹੈ। ਇਤਿਹਾਸ ਦੇ ਅਜਿਹੇ ਉਤਾਰ-ਚੜ੍ਹਾਅ ਜ਼ਮਾਨੇ ਦੀ ਅੱਖ ਨੇ ਖੁਦ ਦੇਖੇ ਹਨ।

ਸੰਤਾਲੀ ਪਿਛੋਂ ਇਧਰਲੇ ਪਿੰਡਾਂ ਦੀਆਂ ਮਸੀਤਾਂ ਵਿਚ ਬਣੇ ਗੁਰਦੁਆਰੇ ਦੇਖੇ ਹਨ ਤੇ ਉਧਰਲੇ ਪੰਜਾਬ ਦੇ ਪੇਂਡੂ ਗੁਰਦੁਆਰਿਆਂ ਦਾ ਹਸ਼ਰ ਸਾਨੂੰ ਪਤਾ ਨਹੀਂ ਹੈ। ਹੋਰ ਤਾਂ ਹੋਰ ਇਨ੍ਹਾਂ ਗੁਨਾਹਗਾਰ ਅੱਖਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਨੂੰ ਦਰੜਦੇ ਫੌਜੀ ਟੈਂਕ ਦੇਖੇ ਹਨ, ਚੱਲਦੀਆਂ ਏ. ਕੇ. ਸੰਤਾਲੀਆਂ ਤੇ ਤੋਪਾਂ ਦੀ ਗੜਗੜਾਹਟ ਸੁਣੀ ਹੈ।

ਹਕੂਮਤਾਂ ਕੋਈ ਵੀ ਹੋਣ, ਉਹ ਜਦ ਤੱਕ ਵੀ ਰਹਿਣਗੀਆਂ, ਅਜਿਹੇ ਕਾਰੇ ਕਰਦੀਆਂ ਹੀ ਰਹਿਣਗੀਆਂ ਤੇ ਆਪਣੇ ਅਜਿਹੇ ਕੁਕਰਮਾਂ ਤੋਂ ਕਦੇ ਬਾਜ ਨਹੀਂ ਆਉਣਗੀਆਂ। ਤਮਾਮ ਹਕੂਮਤਾਂ ਦੀ ਇੱਕ ਹੀ ਪਰਿਭਾਸ਼ਾ ਹੈ, 'ਪਾੜੋ ਤੇ ਰਾਜ ਕਰੋ।'

ਇਹ ਤਾਂ ਜੁੜੇ ਹੋਏ ਲੋਕਾਂ ਨੂੰ ਪਾੜ ਦਿੰਦੀਆਂ ਹਨ ਤੇ ਜੋ ਪਹਿਲੋਂ ਹੀ ਪਾਟੇ ਹੋਏ ਹੋਣ, ਉਥੇ ਤਾਂ ਇਨ੍ਹਾਂ ਨੂੰ ਕੁਝ ਕਰਨ ਦੀ ਲੋੜ ਨਹੀਂ ਪੈਂਦੀ, ਮੁਫਤੋ ਮੁਫਤੀ ਕੰਮ ਸੌਰ ਜਾਂਦਾ ਹੈ। ਹਕੂਮਤਾਂ ਅਸਲ ਕੈਂਚੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਸੂਈ-ਧਾਗੇ ਨਾਲ ਅੰਦਰੋਂ ਈਰਖਾ ਹੁੰਦੀ ਹੈ।

ਗੁਰੂ ਸਾਹਿਬਾਨ ਨੇ ਮਾਨਵੀ ਆਸਥਾ ਦੇ ਇਨ੍ਹਾਂ ਅਸਥਾਨਾਂ ਵਿਚ ਕੋਈ ਸਾਂਝ ਦਾ ਸੂਤਰ ਦੇਖਿਆ, ਜਿਹਦੇ ਆਧਾਰ 'ਤੇ ਉਨ੍ਹਾਂ ਨੇ ਇਨ੍ਹਾਂ ਦੀ ਅਲਹਿਦਗੀ ਵਿਚ ਕਿਸੇ ਅੰਦਰੂਨੀ ਅਤੇ ਅਦਿੱਖ ਏਕਤਾ ਦੀ ਦੱਸ ਪਾਈ। ਅਲਹਿਦਗੀ ਤੋਂ ਪਾਰ ਜਾ ਚੁਕੇ ਸੱਜਣ ਪੁਰਸ਼ਾਂ ਨੂੰ ਉਨ੍ਹਾਂ ਨੇ ਸਿੱਖ ਆਖਿਆ ਤੇ ਉਨ੍ਹਾਂ ਲਈ ਅਜਿਹੇ ਧਰਮ ਅਸਥਾਨ ਦਾ ਨਿਰਮਾਣ ਕੀਤਾ, ਜਿਹਦੀ ਪਛਾਣ ਅਲਹਿਦਗੀ ਵਿਚ ਨਹੀਂ, ਸਗੋਂ ਸਾਂਝੀਵਾਲਤਾ ਵਿਚ ਹੈ; ਜਿੱਥੇ ਤਮਾਮ ਦੂਰੀਆਂ ਸਿਮਟ ਜਾਂਦੀਆਂ ਹਨ ਤੇ ਭੇਦ ਭਾਵ ਮਿਟ ਜਾਂਦੇ ਹਨ। ਜਿੱਥੇ ਜੋ ਵੀ ਆਵੇ, ਉਹ ਹਿੰਦੂ ਜਾਂ ਮੁਸਲਿਮ ਨਹੀਂ ਰਹਿੰਦਾ, ਸਗੋਂ ਗੁਰੂ ਕਾ ਸਿੱਖ ਹੁੰਦਾ ਹੈ। ਜਿਸ ਅੱਖ ਨੂੰ ਇੱਥੇ ਆਇਆ ਕੋਈ ਵੀ ਤੀਰਥ ਯਾਤਰੀ ਹਿੰਦੂ ਜਾਂ ਮੁਸਲਿਮ ਦਿਖਦਾ ਹੈ, ਉਹ ਅੱਖ ਕਿਸੇ ਸਿੱਖ ਦੀ ਨਹੀਂ ਹੋ ਸਕਦੀ।

ਗੁਰੂ ਸਾਹਿਬ ਨੇ ਇਸ ਅਸਥਾਨ ਦਾ ਨੀਂਹ-ਪੱਥਰ ਉਸ ਹਸਤੀ ਤੋਂ ਰਖਵਾਇਆ, ਜੋ ਹਕੂਮਤ ਦੀ ਨਜ਼ਰ ਵਿਚ ਮੁਸਲਮਾਨ ਸੀ, ਪਰ ਗੁਰੂ ਦੀ ਨਜ਼ਰ ਵਿਚ ਸਿੱਖ ਸੀ। ਇਸ ਅਸਥਾਨ ਵਿਖੇ ਕੀਰਤਨ ਦੀ ਸੇਵਾ ਉਨ੍ਹਾਂ ਨੂੰ ਬਖਸ਼ੀ ਗਈ, ਜੋ ਹਕੂਮਤ ਦੀ ਨਜ਼ਰ ਵਿਚ ਮੁਸਲਿਮ ਸਨ, ਪਰ ਸੱਚੇ ਪਾਤਸ਼ਾਹ ਲਈ ਸੱਚੇ ਸਿੱਖ ਸਨ।

ਮੁਸਲਮਾਨਾਂ ਨੂੰ ਸੱਚੇ ਸੁੱਚੇ ਸਿੱਖ ਸਮਝਣ ਵਾਲੇ ਪਾਤਸ਼ਾਹ ਬਾਦਸ਼ਾਹਾਂ ਦੀ ਨਜ਼ਰ ਵਿਚ ਕਾਫਰ ਸਨ ਤੇ ਉਨ੍ਹਾਂ ਨੇ ਉਨ੍ਹਾਂ ਨਾਲ ਕਾਫਰਾਂ ਵਾਲਾ ਸਲੂਕ ਕੀਤਾ। ਗੁਰੂ ਅਰਜਨ ਦੇਵ ਮਹਾਰਾਜ ਨੂੰ ਕੜਾਕੇ ਦੀ ਧੁੱਪ ਵਿਚ ਤੱਤੀ ਤਵੀ 'ਤੇ ਬਹਾ ਕੇ ਸ਼ਹੀਦ ਕਰ ਦਿੱਤਾ ਗਿਆ। ਨੌਵੇਂ ਪਾਤਸ਼ਾਹ ਦੇ ਸਿਦਕੀ ਅਤੇ ਸੂਰਮੇ ਸਿੱਖਾਂ ਨੂੰ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਸ਼ਹੀਦ ਕਰ ਦਿੱਤਾ ਗਿਆ। ਕਿਸੇ ਨੂੰ ਦੋ ਫੱਟਿਆਂ ਵਿਚਾਲੇ ਨਰੜ ਕੇ ਚੀਰ ਦਿੱਤਾ ਗਿਆ, ਕਿਸੇ ਨੂੰ ਲੋਗੜ ਵਿਚ ਲਪੇਟ ਕੇ ਸਾੜ ਦਿੱਤਾ ਗਿਆ ਤੇ ਕਿਸੇ ਨੂੰ ਦੇਗ ਵਿਚ ਬਹਾਲ ਕੇ ਉਬਾਲ ਦਿੱਤਾ ਗਿਆ। ਅਖੀਰ ਅਡੋਲ ਪਾਤਸ਼ਾਹ ਦਾ ਸੀਸ ਕਲਮ ਕਰ ਦਿੱਤਾ ਗਿਆ।

ਦਸਮੇਸ਼ ਪਿਤਾ ਨੂੰ ਉਜਾੜ ਦਿੱਤਾ ਗਿਆ, ਪਰਿਵਾਰ ਵਿਛੋੜ ਦਿੱਤਾ ਗਿਆ, ਪਿਆਰੇ ਸਿੱਖ ਤੇ ਵੱਡੇ ਬੇਟੇ ਮੈਦਾਨ-ਏ-ਜੰਗ ਵਿਚ ਕਤਲ ਕਰ ਦਿੱਤੇ ਗਏ ਤੇ ਨਿਕੜੇ ਮਾਸੂਮ ਬਾਲ ਨੀਂਹਾਂ 'ਚ ਚਿਣ ਕੇ ਮਾਰ ਦਿੱਤੇ ਗਏ। ਹਕੂਮਤ ਲਈ ਇਹ ਸਾਰੇ ਭਿਆਨਕ ਕਤਲ ਸਨ, ਪਰ ਸਾਡੇ ਲਈ ਇਹ ਲਾਮਿਸਾਲ ਸ਼ਹਾਦਤ ਦੇ ਪੁੰਜ ਸਨ।

ਜਿਸ ਤਰ੍ਹਾਂ ਹਿੰਦੂ ਤੇ ਮੁਸਲਮਾਨ ਨੂੰ ਅਲਹਿਦਗੀ ਵਿਚ ਦੇਖਿਆ ਜਾਂਦਾ ਹੈ, ਅੱਜ ਸਿੱਖ ਨੂੰ ਵੀ ਉਸੇ ਤਰ੍ਹਾਂ ਦੀ ਅਲਹਿਦਗੀ ਵਿਚ ਦੇਖਿਆ ਜਾਣ ਲੱਗ ਪਿਆ ਹੈ। ਸਿੱਖ ਹੁਣ ਸਾਂਝੀਵਾਲਤਾ ਤੇ ਵੰਨ-ਸੁਵੰਨਤਾ ਦਾ ਪਰਿਆਇ ਨਹੀਂ ਰਿਹਾ, ਸਗੋਂ ਅਲਹਿਦਗੀ ਪਸੰਦ ਅਤੇ ਵੱਖਵਾਦੀ ਰੁਚੀਆਂ ਦਾ ਧਾਰਨੀ ਹੋ ਗਿਆ ਹੈ। ਕਿਸੇ ਭਲੇ ਵਕਤ ਹਿੰਦੂ-ਮੁਸਲਿਮ ਦੀ ਕਾਣ ਮੇਟਣ ਦਾ ਸਬੱਬ ਬਣਿਆ ਸਿੱਖ ਅੱਜ ਖੁਦ ਉਸ ਕਾਣ ਦਾ ਸ਼ਿਕਾਰ ਹੋ ਗਿਆ ਹੈ। ਆਮ ਸਿੱਖਾਂ ਦੀ ਗੱਲ ਛੱਡੋ, ਉਹ ਕਾਣ ਵਿਦਵਾਨ ਸਿੱਖਾਂ ਦੀ ਅੱਖ ਵਿਚ ਵੀ ਆ ਚੁਕੀ ਹੈ।

ਸਾਂਝੀਵਾਲਤਾ ਮਹਿਜ਼ ਇਕ ਜੁਮਲਾ ਬਣ ਕੇ ਰਹਿ ਗਿਆ ਹੈ ਤੇ 'ਸਰਬੱਤ ਦਾ ਭਲਾ' ਅਰਦਾਸ ਦੇ ਆਖਰੀ ਵਾਕੰਸ਼ ਤੋਂ ਵੱਧੇ ਕੋਈ ਮਹੱਤਵ ਨਹੀਂ ਰੱਖਦਾ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਹੁਣ ਸੇਵਾ ਨਹੀਂ ਰਹੀ, ਪ੍ਰਬੰਧ ਹੋ ਚੁਕੀ ਹੈ। ਇੱਥੋਂ ਦੀ ਸੇਵਾ ਹੁਣ ਸੇਵਾਦਾਰਾਂ ਦੇ ਹੱਥਾਂ ਵਿਚੋਂ ਖਿਸਕ ਕੇ ਪ੍ਰਬੰਧਕ ਕਮੇਟੀ ਦੇ ਮੈਨੇਜਰਾਂ ਦੇ ਹੱਥ ਵਿਚ ਜਾ ਚੁਕੀ ਹੈ ਤੇ ਉਥੇ ਹੁਣ ਸਭ ਕੁਝ ਮੈਨੇਜ ਹੁੰਦਾ ਹੈ।

ਪ੍ਰਬੰਧਕ ਕਮੇਟੀ ਦੀ ਚੋਣ ਵੀ ਉਸ ਤਰ੍ਹਾਂ ਨਹੀਂ ਹੁੰਦੀ, ਜਿਸ ਤਰ੍ਹਾਂ ਕਿਸੇ ਵਕਤ ਸ੍ਰੀ ਕੇਸਗੜ ਸਾਹਿਬ ਵਿਖੇ ਪੰਜ ਪਿਆਰਿਆਂ ਦੀ ਹੋਈ ਸੀ। ਹੁਣ ਇਸ ਪ੍ਰਬੰਧਕ ਕਮੇਟੀ ਦੀ ਚੋਣ ਐਨ ਉਸੇ ਤਰ੍ਹਾਂ ਹੁੰਦੀ ਹੈ, ਜਿਸ ਤਰ੍ਹਾਂ ਹਕੂਮਤ ਚੁਣੀ ਜਾਂਦੀ ਹੈ; ਜਿਸ ਤਰ੍ਹਾਂ ਪੰਚ, ਸਰਪੰਚ, ਐਮ. ਐਲ. ਏ. ਜਾਂ ਐਮ. ਪੀ. ਚੁਣੇ ਜਾਂਦੇ ਹਨ; ਜਿਸ ਤਰ੍ਹਾਂ ਮੰਤਰੀ, ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਦੀ ਚੋਣ ਹੁੰਦੀ ਹੈ। ਇਸ ਤਰ੍ਹਾਂ ਚੁਣੇ ਹੋਏ ਲੋਕ ਹਰ ਕੰਮ ਉਸੇ ਤਰ੍ਹਾਂ ਕਰਦੇ ਹਨ ਤੇ ਉਸੇ ਤਰ੍ਹਾਂ ਦੇ ਸਕੈਂਡਲ ਕਰਦੇ ਹਨ। ਇੱਥੋਂ ਦੀ ਪ੍ਰਬੰਧਕ ਕਮੇਟੀ ਹੁਣ ਹਕੂਮਤ ਦਾ ਰੂਪ ਵਟਾ ਚੁਕੀ ਹੈ ਤੇ ਉਹੀ ਕਿਰਦਾਰ, ਅਨਾਚਾਰ ਤੇ ਦੁਰਾਚਾਰ ਅਪਨਾ ਚੁਕੀ ਹੈ, ਜਿਹਦਾ ਕਿਸੇ ਨੂੰ ਹੱਲ ਵੀ ਨਜ਼ਰ ਨਹੀਂ ਆਉਂਦਾ।

ਹੁਣ ਇਸ ਪ੍ਰਬੰਧਕ ਕਮੇਟੀ ਲਈ ਵੀ ਕੋਈ ਹਿੰਦੂ-ਮੁਸਲਿਮ ਕੋਈ ਸਿੱਖ ਹੁੰਦਾ ਹੈ। ਹੁਣ ਇੱਥੇ ਮਰਦਾਨਾ ਰਬਾਬ ਨਹੀਂ ਵਜਾ ਸਕਦਾ ਤੇ ਨੰਦਲਾਲ ਪਾਠ ਨਹੀਂ ਕਰ ਸਕਦਾ। ਹੁਣ ਮਰਦਾਨੇ ਨੂੰ ਰਬਾਬ ਵਜਾਉਣੀ ਆਵੇ ਜਾ ਨਾ ਆਵੇ, ਪਰ ਉਹਨੂੰ ਮਰਦਾਨਾ ਸਿੰਘ ਹੋਣਾ ਪਵੇਗਾ ਤੇ ਗੁਰੂ ਕੇ ਲਾਲ, ਭਾਈ ਨੰਦ ਲਾਲ ਜੀ ਨੂੰ ਨੰਦਲਾਲ ਸਿੰਘ ਹੋਣਾ ਪਵੇਗਾ।

ਮੇਰਾ ਇਕ ਮਲਵਈ ਦੋਸਤ ਪੰਜਾਬ ਯੂਨੀਵਰਸਿਟੀ, ਚੰਡੀਗੜ ਤੋਂ ਫਿਲਾਸਫੀ 'ਚ ਪੀਐਚ.ਡੀ. ਕਰਕੇ ਮੇਰੇ ਕੋਲ ਆਇਆ ਤੇ ਚਾਰ ਪੰਜ ਦਿਨ ਮੇਰੇ ਕੋਲ ਰਿਹਾ। ਇਕ ਦਿਨ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਚਲਾ ਗਿਆ। ਵਾਪਸ ਆਇਆ ਤਾਂ ਉਹਦੇ ਮੱਥੇ 'ਤੇ ਸ਼ਿਕਨ ਦੇ ਨਿਸ਼ਾਨ ਉਭਰੇ ਹੋਏ ਸਨ। ਮੈਂ ਹੈਰਾਨ ਹੋਇਆ ਤੇ ਉਹਨੂੰ ਕਾਰਨ ਪੁੱਛਿਆ। ਕਹਿਣ ਲੱਗਾ, "ਉਹ ਤਾਂ ਗਡੋਡੂਆਂ ਨਾਲ ਭਰਿਆ ਪਿਆ।" ਮੈਂ 'ਗਡੋਡੂਆਂ' ਦਾ ਅਰਥ ਪੁੱਛਿਆ ਤਾਂ ਉਹਨੇ 'ਹਿੰਦੂ' ਦੱਸਿਆ। ਉਹਦੇ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਿੰਦੂਆਂ ਦੀ ਹਾਜ਼ਰੀ ਬੜੀ ਹੀ ਦੁਖਦਾਇਕ ਸੀ। ਜੇ ਕਿਤੇ ਉਹ ਚਾਰ ਮੁਸਲਮਾਨ ਵੀ ਦੇਖ ਲੈਂਦਾ ਤਾਂ ਸ਼ਾਇਦ ਉਥੇ ਹੀ ਪਾਟ ਕੇ ਖਿੱਲਰ ਜਾਂਦਾ ਤੇ ਕਦੀ ਵਾਪਸ ਨਾ ਆਉਂਦਾ।

ਉਸ ਦੋਸਤ ਦਾ ਹਾਲ ਦੇਖ ਕੇ ਮੇਰੀਆਂ ਅੱਖਾਂ ਵਿਚ ਲਹੂ ਦੇ ਅੱਥਰੂ ਉਤਰ ਆਏ। ਮੇਰਾ ਜੀ ਤਾਂ ਕਰੇ ਕਿ ਇਹਨੂੰ ਹੁਣੇ ਘਰੋਂ ਕੱਢ ਦੇਵਾਂ, ਪਰ ਮੈਂ ਅਜਿਹਾ ਨਾ ਕਰ ਸਕਿਆ, ਕਿਉਂਕਿ ਅਜਿਹਾ ਕਰਕੇ ਉਹਦੇ ਤੇ ਮੇਰੇ ਵਿਚ ਕੋਈ ਫਰਕ ਨਹੀਂ ਸੀ ਰਹਿਣਾ। ਮੇਰੀਆਂ ਅੱਖਾਂ 'ਚ ਉਤਰੇ ਲਹੂ ਦੇ ਅੱਥਰੂ ਉਹ ਦੇਖ ਨਾ ਸਕਿਆ ਤੇ ਉਸੇ ਤਰ੍ਹਾਂ ਮੇਰੇ ਸਾਹਮਣੇ ਦੋ ਦਿਨ ਆਪਣੇ ਸ਼ਿਕਨ ਦੀਆਂ ਦੰਦੀਆਂ ਕੱਢਦਾ ਰਿਹਾ। ਉਹ ਇਸੇ ਤਰ੍ਹਾਂ ਮੇਰਾ ਮੂੰਹ ਚਿੜਾਉਂਦਾ ਰਿਹਾ ਤੇ ਮੈਂ ਫਰਾਖਦਿਲੀ ਦੀ ਸੂਲੀ 'ਤੇ ਟੰਗਿਆ ਰਿਹਾ।

## ਜੂਨ ਚੌਰਾਸੀ ਦਾ ਕਾਲਾ ਹਫਤਾ

ਤ੍ਰਾਹ ਤ੍ਰਾਹ ਪੰਜਾਬ ਕਰੇ, ਹਰਿਮੰਦਰ ਨੇ ਦੱਬੇ ਆਣ।
ਅਚਾਨਕ ਕਰਫਿਊ ਲਾ, ਲੋਕਾਂ ਦਾ ਕਰ'ਤਾ ਘਾਣ।
ਪੂਰਬ ਪੰਚਮ ਪਾਤਸ਼ਾਹ, ਸ਼ਹੀਦੀ ਦਿਨ ਮਨਾਉਣ।
ਸੰਗਤ ਦੱਬੀ ਅਣਭੋਲ, ਦੇਹ ਤਾਨਾਸ਼ਾਹ ਫੁਰਮਾਣ।

ਜਿਨ੍ਹਾਂ ਨੇ ਫੌਜਾਂ ਚਾੜ੍ਹੀਆਂ, ਉਹ ਵੀ ਸਕੇ ਨਾ ਜਾਣ।
ਮਗਰਮੱਛ ਦੇ ਹੰਝੂ ਰੋਂਦੇ, ਲਾਏ ਲੋਥਾਂ ਢੇਰ ਮਸਾਣ।
ਨਾ ਕੀਤੀ ਦਇਆ ਕੋਈ, ਚਾਹੇ ਬੱਚੇ, ਬੁੱਢੇ, ਜਵਾਨ।
ਕਹਿਰ ਦੀ ਗਰਮੀ ਉਤੋਂ, ਬਾਰੂਦ ਨੇ ਪਾਏ ਘਮਸਾਣ।

ਬੰਨਿਆ ਸਾਰਾ ਪੰਜਾਬ, ਨਾ ਟੈਲੀਫੋਨ ਨਾ ਅਖਬਾਰ।
ਨਾ ਸਾਇਕਲ, ਸਕੂਟਰ, ਮੋਟਰ ਬਾਈਕ, ਨਾ ਕਾਰ।
ਬੱਸਾਂ, ਗੱਡੀਆਂ ਬੰਦ ਸਨ, ਨਾ ਲੋਕੀਂ ਦਿਸਦੇ ਬਾਹਰ।
ਦੁਕਾਨਾਂ, ਫੜ੍ਹੀਆਂ ਬੰਦ ਸਭ, ਕੁੱਲ ਬੰਦ ਹੋਏ ਬਾਜ਼ਾਰ।

ਸੜਕਾਂ ਹੋਈਆਂ ਸੁੰਨੀਆਂ, ਨਾ ਦਿਸੇ ਕੋਈ ਵਿਚਕਾਰ।
ਦਨਦਨਾਉਂਦੀ ਪੁਲਿਸ ਸੀ, ਜਾਂ ਫੌਜੀਆਂ ਦੀ ਮੋਟਰਕਾਰ।
ਬਕਤਰਬੰਦ ਸਨ ਗੱਡੀਆਂ, ਤੇ ਹਥਿਆਰਬੰਦ ਸਵਾਰ।

ਲੋਕੀਂ ਇੰਜ ਸਨ ਨੂੜਿਓ, ਜਿਉਂ ਖੁਰੀਆਂ ਲਾਏ ਲੁਹਾਰ।

ਪਹਿਲਾ ਹਫਤਾ ਜੂਨ ਦਾ, ਬਣਿਆ ਪੰਥ ਲਈ ਦੁਰਕਾਰ।
ਹੱਲਾ ਹੋ ਗਿਆ ਤਖਤ 'ਤੇ, ਉਤੋਂ ਹੁਕਮ ਦਿੱਤੇ ਸਰਕਾਰ।
ਖਾੜਕੂ ਤਾਂ ਗਿਣਤੀ ਦੇ ਸਨ, ਫੱਸੇ ਮੁਸਾਫਿਰ ਵਿਚਕਾਰ।
ਟੈਂਕ, ਤੋਪਾਂ ਤੜ ਤੜ ਚੱਲੀਆਂ, ਲੱਗਦੇ ਲੋਥਾਂ ਦੇ ਅੰਬਾਰ।

ਢੇਰੀ ਹੋਇਆ ਅਕਾਲ ਤਖਤ, ਸਰੋਵਰ ਹੋ ਗਿਆ ਲਾਲ।
ਛੱਲਣੀ ਕੀਤਾ ਸ੍ਰੀ ਹਰਿਮੰਦਰ, ਅੰਦਰ ਫੱਟੜ ਸੀ ਬੇਹਾਲ।
ਅੰਕੜੇ ਸਰਕਾਰੀ ਚੁੱਪ ਹਨ, ਕਿੰਨੇ ਮਰੇ, ਕਿੰਨੇ ਫੜੇ ਨਾਲ।
ਤੋਸ਼ਾਖਾਨਾ, ਅਜਾਇਬ ਘਰ, ਸਭ ਲੁੱਟਿਆ ਗਿਆ ਮਾਲ।

ਸੰਗਤ ਸਣੇ ਖਾੜਕੂ ਨੂੜ ਲਏ, ਸੁੱਟ ਦਿੱਤੇ ਜੋਧਪੁਰ ਜੇਲ੍ਹ।
ਸੁਣੀ ਨਾ ਕੋਈ ਦਲੀਲ ਅਪੀਲ, ਅੰਨ੍ਹੇ ਕਾਨੂੰਨ ਦਾ ਖੇਲ।
ਸੜ ਰਹੇ ਹਨ ਪੈਂਤੀ ਸਾਲ ਤੋਂ, ਨਾ ਹੋਏ ਪਰਿਵਾਰ ਦਾ ਮੇਲ।
ਧੋਖੇਬਾਜ਼ ਨੇਤਾ ਨੇ ਪਾਸ ਹੋਏ, ਮਨੁੱਖਤਾ ਹੋ ਗਈ ਫੇਲ੍ਹ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

# ਪਿੰਡ ਦੇ ਪਿੰਡੇ 'ਤੇ ਫਿਰ ਕਿਉਂ ਮਾਸ ਦੀ ਬੋਟੀ ਨਹੀਂ!

ਪ੍ਰੋ. ਰਬਿੰਦਰ ਸਿੰਘ ਮਸਰੂਰ ਦਾ ਇਕ ਸ਼ੇਅਰ ਹੈ, "ਕੁਰਸੀਆਂ ਵਾਲੇ ਘਰਾਂ ਦੀ ਨੀਤ ਜੇ ਖੋਟੀ ਨਹੀਂ, ਪਿੰਡ ਦੇ ਪਿੰਡੇ 'ਤੇ ਫਿਰ ਕਿਉਂ ਮਾਸ ਦੀ ਬੋਟੀ ਨਹੀਂ!" (ਤੁਰਨਾ ਮੁਹਾਲ ਹੈ)

ਅੱਜ ਕਲ੍ਹ ਦੇ ਵਰਤਾਰੇ 'ਤੇ ਇਹ ਸ਼ੇਅਰ ਸਾਰਥਕ ਰੂਪ ਵਿਚ ਢੁਕਦਾ ਹੈ। ਕੁਰਸੀਆਂ ਵਾਲੇ

**ਡਾ. ਨਿਸ਼ਾਨ ਸਿੰਘ ਰਾਠੌਰ**
ਫੋਨ: 91-75892-33437

ਘਰਾਂ (ਹਾਕਮਾਂ) ਦੀ ਨਿਯਤ ਸੱਚਮੁਚ ਖੋਟੀ ਹੈ। ਇਸੇ ਕਰਕੇ ਕਿਰਤੀਆਂ (ਮਜ਼ਦੂਰਾਂ) ਦੇ ਪਿੰਡੇ 'ਤੇ ਮਾਸ ਦੀ ਬੋਟੀ ਨਹੀਂ ਹੈ, ਭਾਵ ਮਜ਼ਦੂਰ ਮਰ ਰਹੇ ਹਨ ਅਤੇ ਆਪਣੇ ਘਰ-ਘਰ ਪਿੰਡ ਪਹੁੰਚਣ ਲਈ ਸੈਂਕੜੇ ਕਿਲੋਮੀਟਰ ਦੀ ਦੂਰੀ ਪੈਦਲ ਤੁਰੇ ਜਾ ਰਹੇ ਹਨ। ਹੈਰਾਨੀ ਹੁੰਦੀ ਹੈ ਕਿ ਔਰਤਾਂ, ਬੱਚੇ, ਬੁੱਢੇ ਸਭ ਪੈਦਲ ਹੀ ਤੁਰਨ ਲਈ ਮਜ਼ਬੂਰ ਹਨ। ਕੁਝ ਕੋਲ ਸਾਇਕਲ ਹਨ ਅਤੇ ਉਹ ਹਜ਼ਾਰ-ਹਜ਼ਾਰ ਕਿਲੋਮੀਟਰ ਸਾਇਕਲ 'ਤੇ ਜਾਣ ਲਈ ਮਜਬੂਰ ਹਨ। ਇਨ੍ਹਾਂ ਕਿਰਤੀਆਂ ਦੀ ਇਸ ਮਜਬੂਰੀ ਦਾ ਜ਼ਿੰਮੇਵਾਰ ਕੌਣ ਹੈ? ਇਹ ਸਵਾਲ ਬਹੁਤ ਅਹਿਮ ਹੈ, ਜੋ ਹੁਣ ਰਾਜਨੀਤੀ ਦੀ ਹਨੇਰੀ ਵਿਚ ਉਡ ਗਿਆ ਹੈ, ਗੁਆਚ ਗਿਆ ਹੈ, ਅਲੋਪ ਹੋ ਗਿਆ ਹੈ।

ਕੁਦਰਤੀ ਆਫਤਾਂ ਤੋਂ ਲੈ ਕੇ ਸਿਆਸੀ ਘਪਲਿਆਂ ਤੱਕ ਦੀ ਸਭ ਤੋਂ ਵੱਧ ਮਾਰ ਆਮ ਲੋਕਾਂ ਜਾਂ ਕਿਰਤੀਆਂ ਨੂੰ ਹੀ ਪੈਂਦੀ ਹੈ। ਇਸ ਗੱਲ ਵਿਚ ਰਤਾ ਭਰ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਹੈ ਕਿ ਕਿਰਤੀ ਵਰਗ ਨੂੰ ਆਪਣੇ ਪੈਰਾਂ ਹੇਠ ਕੁਚਲ ਕੇ ਸਿਆਸਤਦਾਨ ਸਦਾ ਹੀ ਆਪਣੇ ਘਰ ਭਰਦੇ ਰਹੇ ਹਨ। ਕਹਿਣ ਨੂੰ ਤਾਂ ਹਰ ਜਮਾਤ, ਪਾਰਟੀ ਅਤੇ ਸਰਕਾਰ ਕਿਰਤੀਆਂ ਨੂੰ ਵੱਧ ਹੱਕ ਦੇਣ ਦੇ ਨਾਅਰੇ ਲਾਉਂਦੇ ਵੇਖੇ ਜਾ ਸਕਦੇ ਹਨ, ਪਰ ਹਾਕਮਾਂ ਦੀ ਬਦਨੀਤੀ ਦਾ ਪ੍ਰਤੱਖ ਪ੍ਰਮਾਣ ਸੜਕਾਂ 'ਤੇ ਤੁਰੇ ਜਾਂਦੇ ਕਿਰਤੀਆਂ ਦੇ ਚਿਹਰਿਆਂ ਤੋਂ ਸਾਫ ਦੇਖਿਆ, ਪੜ੍ਹਿਆ ਜਾਂ ਸਮਝਿਆ ਜਾ ਸਕਦਾ ਹੈ।

ਇਹ ਵਰਤਾਰਾ ਕੇਵਲ ਅਜੋਕੇ ਸੰਦਰਭ ਵਿਚ ਹੀ ਵਿਚਾਰ-ਚਰਚਾ ਦਾ ਵਿਸ਼ਾ ਨਹੀਂ ਹੈ, ਸਗੋਂ ਇਹ ਵਿਸ਼ਾ ਤਾਂ ਸਦੀਆਂ ਤੋਂ ਵਿਚਾਰ-ਚਰਚਾ ਦੀ ਮੰਗ ਕਰਦਾ ਰਿਹਾ ਹੈ, ਪਰ ਇਸ ਵਿਸ਼ੇ ਨੂੰ ਜਾਣ-ਬੁਝ ਕੇ ਅੱਖੋਂ-ਪਰੋਖੇ ਕੀਤਾ ਜਾਂਦਾ ਰਿਹਾ ਹੈ। ਉਂਜ ਇਹ ਵਿਸ਼ਾ ਅੱਜ ਵੀ ਵਿਚਾਰਾਂ ਤੋਂ ਕੋਹਾਂ ਦੂਰ ਹੋ ਕੇ ਵੋਟਾਂ ਦੀ ਰਾਜਨੀਤੀ ਦੀ ਭੇਟ ਚੜ੍ਹ ਗਿਆ ਜਾਪਦਾ ਹੈ। ਹਾਕਮਾਂ ਨੂੰ ਸੜਕਾਂ 'ਤੇ ਪੈਦਲ ਤੁਰੇ ਜਾਂਦੇ ਕਿਰਤੀ ਹੁਣ ਵੋਟਾਂ ਦਿੱਸਣ ਲੱਗੇ ਹਨ। ਖਬਰੇ ਤਾਹੀਂਓ ਸਰਕਾਰਾਂ/ਹਾਕਮਾਂ ਦੀਆਂ ਅੱਖਾਂ ਖੁੱਲਣ ਦਾ ਸਿਲਸਿਲਾ ਅਰੰਭ ਹੋ ਗਿਆ ਹੈ।

ਕਰੋਨਾ ਵਾਇਰਸ ਕਰਕੇ ਸਮੁੱਚੇ ਸੰਸਾਰ ਦੇ ਕਿਰਤੀ ਆਪਣੇ ਕੰਮਾਂ ਤੋਂ ਵਿਹਲੇ ਹੋ ਗਏ ਜਾਂ ਕਰ ਦਿੱਤੇ ਗਏ ਹਨ। ਹੁਣ ਇਨ੍ਹਾਂ ਕੋਲ ਨਾ ਤਾਂ ਖਾਣ ਨੂੰ ਰੋਟੀ ਹੈ, ਨਾ ਪਾਉਣ ਨੂੰ ਕੱਪੜਾ। ਇਹ ਲੋਕ ਬੇਸਹਾਰਾ ਹੋ ਕੇ ਆਪਣੇ ਪਿੰਡਾਂ ਨੂੰ ਮੁੜ ਪਏ ਹਨ, ਪਰ ਕਹਿਰ ਖੁਦਾ ਦਾ! ਨਿੱਕੇ-ਨਿੱਕੇ ਬੱਚੇ ਸੈਂਕੜੇ ਕਿਲੋਮੀਟਰ ਦਾ ਸਫਰ ਪੈਦਲ ਚੱਲ ਰਹੇ ਹਨ। ਹਾਕਮ ਜਮਾਤ ਨੂੰ ਇਨ੍ਹਾਂ ਕਿਰਤੀਆਂ ਵਿਚੋਂ ਆਪਣੇ ਵੋਟ ਖੁੱਸ ਜਾਣ ਦਾ ਡਰ ਸਤਾ ਰਿਹਾ ਹੈ। ਭਾਰਤ 'ਚ ਇਹ ਵਰਤਾਰਾ ਆਪਣੇ ਸਿਖਰ 'ਤੇ ਹੈ। ਸੜਕਾਂ 'ਤੇ ਮਾਨਵਤਾ ਮਰ ਰਹੀ ਹੈ, ਸੜਕਾਂ ਖੂਨ ਨਾਲ ਲਾਲ ਹੋ ਰਹੀਆਂ ਹਨ, ਪਰ ਹਾਕਮਾਂ ਨੂੰ ਗੱਦੀ ਦਾ ਮੋਹ ਸਤਾ ਰਿਹਾ ਹੈ ਤੇ ਗੱਦੀ ਨੂੰ ਚੰਬੜੇ ਰਹਿਣ ਦੀਆਂ ਸਕੀਮਾਂ ਘੜੀਆਂ ਜਾ ਰਹੀਆਂ ਹਨ।

ਕਰੋਨਾ ਵਾਇਰਸ ਤੋਂ ਬਚਾਓ ਲਾਜ਼ਮੀ ਹੈ। ਇਸ ਕਰਕੇ ਵੱਡੇ-ਵੱਡੇ ਤਕਨੀਕੀ ਅਦਾਰੇ ਲਗਭਗ ਬੰਦ ਹਨ, ਪਰ ਇਨ੍ਹਾਂ ਕਿਰਤੀਆਂ ਦਾ ਇਸ ਵਿਚ ਕੀ ਦੋਸ਼ ਹੈ? ਕੀ ਸਰਕਾਰਾਂ ਲੋਕਾਂ ਦੀ ਹਿਫਾਜ਼ਤ ਲਈ ਨਹੀਂ ਹੁੰਦੀਆਂ? ਕੀ ਸਰਕਾਰਾਂ ਦੀ ਇਨ੍ਹਾਂ ਪ੍ਰਤੀ ਕੋਈ ਜ਼ਿੰਮੇਵਾਰੀ ਨਹੀਂ? ਖਬਰੇ ਇਹ ਮੁੱਦਾ ਚੰਦ ਦਿਨਾਂ ਦਾ ਮਹਿਮਾਨ ਬਣ ਕੇ ਸਾਡੇ ਜ਼ਿਹਨ ਵਿਚ ਰਹੇਗਾ ਅਤੇ ਮੁੜ ਅਤੀਤ ਦੀ ਬੁੱਕਲ ਵਿਚ ਗੁਆਚ ਜਾਵੇਗਾ। ਇਹ ਭਾਰਤੀ ਮਾਨਸਿਕਤਾ ਹੈ ਕਿ ਅਸੀਂ ਕੋਈ ਇੱਕ ਮੁੱਦਾ ਜਨੂੰਨੀ ਹੱਦ ਤੱਕ ਪ੍ਰਚਾਰਿਤ ਕਰਦੇ ਹਾਂ, ਭੰਡਦੇ ਹਾਂ ਅਤੇ ਚੰਦ ਦਿਨਾਂ ਪਿਛੋਂ ਭੁੱਲ-ਭੁਲਾ ਜਾਂਦੇ ਹਾਂ।

ਕਰੋਨਾ ਵਾਇਰਸ ਮੁੱਕ ਜਾਵੇਗਾ, ਅਸੀਂ ਇਹ ਮੁੱਦੇ ਭੁੱਲ ਜਾਵਾਂਗੇ, ਪਰ ਜਿਨ੍ਹਾਂ ਮਾਂਵਾਂ ਦੇ ਪੁੱਤ ਸੜਕਾਂ 'ਤੇ ਸਦਾ ਦੀ ਨੀਂਦਰ ਸੌਂ ਗਏ, ਕੀ ਉਹ ਕਦੇ ਮੁੜ ਘਰਾਂ ਨੂੰ ਮੁੜਨਗੇ? ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਪਰ ਇਤਿਹਾਸ ਦੇ ਕਾਲੇ ਪੰਨੇ ਕਦੇ ਚਿੱਟੇ ਨਹੀਂ ਕੀਤੇ ਜਾ ਸਕਦੇ, ਤੇ ਨਾ ਹੀ ਬਦਲੇ ਜਾ ਸਕਦੇ ਹਨ। ਅੱਜ ਮਨੁੱਖਤਾ ਦਾ ਘਾਣ ਹੋ ਰਿਹਾ ਹੈ ਅਤੇ ਬਦਕਿਸਮਤੀ ਮਨੁੱਖ ਹੀ ਇਸ ਦਾ ਸਭ ਤੋਂ ਵੱਧ ਜ਼ਿੰਮੇਵਾਰ ਹੈ।

ਸਰਕਾਰ, ਪਾਰਟੀ, ਜਮਾਤ, ਕੌਮ, ਨਸਲ, ਧਰਮ, ਰੰਗ, ਖੇਤਰ ਕੋਈ ਵੀ ਹੋਵੇ-ਸਭ ਤੋਂ ਪਹਿਲਾਂ ਮਨੁੱਖ, ਮਨੁੱਖ ਹੈ ਅਤੇ ਮਨੁੱਖ ਨੂੰ ਮਨੁੱਖਤਾ ਦਾ ਸਬੂਤ ਦੇਣਾ ਚਾਹੀਦਾ ਹੈ। ਦੇਸ਼ ਉਦੋਂ ਹੀ ਜਿਉਂਦਾ ਮੰਨਿਆ ਜਾਂਦਾ ਹੈ, ਜਦੋਂ ਇਸ ਵਿਚ ਰਹਿਣ ਵਾਲੇ ਲੋਕ ਜਾਗਦੇ ਹੋਣ, ਜਿਉਂਦੇ ਹੋਣ; ਪਰ ਬਦਕਿਸਮਤੀ ਅੱਜ 99% ਲੋਕ ਸੁੱਤੇ ਪਏ ਹਨ। ਜ਼ਮੀਰਾਂ ਮਰ ਚੁਕੀਆਂ ਹਨ। ਆਪਣੇ ਹੱਕਾਂ ਪ੍ਰਤੀ ਅਗਿਆਨ ਨੇ ਮਨੁੱਖ ਨੂੰ ਲੰਗੜਾ ਬਣਾ ਕੇ ਰੱਖ ਦਿੱਤਾ ਹੈ। ਸਵਾਲ ਚੁੱਕਦੇ ਮਨੁੱਖ ਖਤਮ ਹੋ ਗਏ ਹਨ, ਅਲੋਪ ਹੋ ਗਏ ਹਨ। ਹੁਣ ਬਚੇ ਹਨ-ਕਿਰਤੀਆਂ ਦੀ ਮੌਤ 'ਤੇ ਜਸ਼ਨ ਮਨਾਉਣ ਵਾਲੇ, ਹੱਸਣ ਵਾਲੇ, ਆਪਣੇ ਘਰ ਭਰਨ ਵਾਲੇ, ਸੜਕਾਂ 'ਤੇ ਤੁਰੇ ਜਾਂਦੇ ਕਿਰਤੀਆਂ ਨੂੰ ਕੀੜੇ-ਮਕੌੜੇ ਸਮਝਣ ਵਾਲੇ ਅਤੇ ਵੋਟਾਂ ਪੱਕੀਆਂ ਕਰਨ ਦੀਆਂ ਵਿਉਂਤਾਂ ਘੜਨ ਵਾਲੇ ਹਾਕਮ।

ਸਰਕਾਰਾਂ, ਹਾਕਮਾਂ ਤੋਂ ਨਾ-ਉਮੀਦੀ ਪਿਛੋਂ ਆਮ ਲੋਕਾਂ ਨੂੰ ਹੀ ਅੱਗੇ ਆਉਣਾ ਪਵੇਗਾ। ਕਿਰਤੀਆਂ ਨੂੰ ਤੁਰੇ ਜਾਂਦਿਆਂ ਨੂੰ ਆਪਣੀਆਂ ਗੱਡੀਆਂ ਵਿਚ ਬਿਠਾ ਕੇ ਸਹੀ ਥਾਂ 'ਤੇ ਉਤਾਰ ਦੇਣਾ ਮਨੁੱਖਤਾ ਭਰਪੂਰ ਕਾਰਜ ਹੈ। ਹਰ ਪਿੰਡ, ਸ਼ਹਿਰ ਵਿਚ ਲੋਕ ਆਪਣੇ ਘਰਾਂ ਦੇ ਬਾਹਰ ਪਾਣੀ ਅਤੇ ਰੋਟੀ ਰੱਖਣ ਤਾਂ ਕਿ ਭੁੱਖੇ ਢਿੱਡ ਤੁਰੇ ਜਾਂਦੇ ਮਜ਼ਦੂਰ ਰੋਟੀ ਲੈ ਸਕਣ, ਪਾਣੀ ਪੀ ਸਕਣ। ਹਾਕਮਾਂ, ਪਾਰਟੀਆਂ ਵੱਲੋਂ ਮਦਦ ਦਾ ਵਿਖਾਵਾ ਮੀਡੀਆ ਵੱਲੋਂ ਵਿਖਾਇਆ ਜਾ ਰਿਹਾ ਹੈ, ਪਰ ਆਮ ਲੋਕਾਂ ਨੂੰ ਵੀ ਅੱਗੇ ਆ ਕੇ ਗਰੀਬ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਕਿ ਮਨੁੱਖਤਾ ਬਚੀ ਰਹੇ। ਮਨੁੱਖ ਰਹੇਗਾ ਤਾਂ ਹੀ ਦੇਸ਼ ਰਹੇਗਾ।

# ਕੰਜੂਸ ਯੋਧਾ

ਰਾਜਸਥਾਨੀ ਕਹਾਣੀ

ਵਿਜੇਦਾਨ ਦੇਥਾ

ਅਨੁਵਾਦ: ਹਰਪਾਲ ਸਿੰਘ ਪੰਨੂ
ਫੋਨ: 91-94642-51454

*ਹਥਲੀ ਕਹਾਣੀ ਵਿਚ ਰਾਜਸਥਾਨੀ ਮੂਲ ਦੇ ਕਹਾਣੀਕਾਰ ਵਿਜੇਦਾਨ ਦੇਥਾ ਨੇ ਮੀਆਂ-ਬੀਵੀ ਦੀ ਨੋਕ-ਝੋਕ ਰਾਹੀਂ ਸਿਰੇ ਦੇ ਕੰਜੂਸ ਬਾਣੀਏ ਦਾ ਚਿੱਤਰ ਉਘਾੜਿਆ ਹੈ, ਜੋ ਇਹ ਕਹਿਣ ਦੀ ਵੀ ਕੰਜੂਸੀ ਨਹੀਂ ਕਰਦਾ ਕਿ ਜਿਸ ਬੰਦੇ ਵਿਚ ਕੰਜੂਸੀ ਦਾ ਗੁਣ ਨਹੀਂ, ਉਸ ਦਾ ਦੁਨੀਆਂ ਵਿਚ ਆਉਣਾ ਤੇ ਜਿਉਣਾ ਫਜ਼ੂਲ ਹੈ। ਉਹ ਤਾਂ ਇਥੋਂ ਤੱਕ ਵੀ ਕਹਿ ਦਿੰਦਾ ਹੈ, "ਮਰਨਾ ਕਬੂਲ, ਆਪਣਾ ਧਰਮ ਨ੍ਹੀਂ ਛੱਡੀਦਾ...ਆਦਮੀ ਦਾ ਸਭ ਤੋਂ ਵੱਡਾ ਗੁਣ ਕੰਜੂਸੀ ਹੈ। ਇਸ ਤੋਂ ਪਵਿੱਤਰ ਤੇ ਮਹਾਨ ਨਾ ਕੋਈ ਤੀਰਥ, ਨਾ ਧਰਮ, ਨਾ ਮੰਦਿਰ, ਨਾ ਭਗਤੀ, ਨਾ ਭਗਵਾਨ, ਨਾ ਮੁਕਤੀ।" ਪਾਂਡੇ ਦਾ ਭੇਸ ਵਟਾ ਕੇ ਲੱਛਮੀ ਦੇਵੀ ਬਾਣੀਏ ਤੋਂ ਕੁਝ ਨਾ ਕੁਝ ਦੱਖਣਾ ਲੋੜਦੀ ਹੈ, ਪਰ ਗੱਲ ਨਾ ਬਣਦੀ ਵੇਖ ਜਦੋਂ ਚੁਟਕੀ ਮਿੱਟੀ ਦੀ ਮੰਗ ਕਰਦੀ ਹੈ ਤਾਂ ਬਾਣੀਏ ਦੇ ਇਹ ਬੋਲ ਸਿਰਾ ਲਾ ਦਿੰਦੇ ਹਨ, "ਮੈਂ ਤਾਂ ਕਿਸੇ ਨੂੰ ਗਾਲ੍ਹ ਵੀ ਨਹੀਂ ਦਿੰਦਾ, ਤੁਸੀਂ ਚੁਟਕੀ ਮਿੱਟੀ ਦੀ ਮੰਗਦੇ ਹੋ!" ਪਰ ਕਹਾਣੀ ਦੇ ਅਖੀਰ ਵਿਚ ਜਦ ਲੱਛਮੀ ਨੇ ਮਨ ਚਾਹਿਆ ਵਰਦਾਨ ਮੰਗਣ ਦੀ ਖੁੱਲ ਦਿੱਤੀ ਤਾਂ ਕੰਜੂਸ ਬਾਣੀਏ ਨੇ ਵੱਡਾ ਦਿਲ ਦਿਖਾਉਣ 'ਚ ਵੀ ਕੰਜੂਸੀ ਨਹੀਂ ਵਿਖਾਈ। ਉਂਜ ਇਸ ਕਹਾਣੀ ਵਿਚ ਫਜ਼ੂਲ ਖਰਚੀਆਂ ਉਤੇ ਲੁਕਵਾਂ ਵਿਅੰਗ ਕੀਤਾ ਗਿਆ ਹੈ, ਜੋ ਧਾਰਮਿਕ ਤੇ ਸਮਾਜਕ ਪੱਧਰ 'ਤੇ ਸਿਰ ਚੁੱਕੀ ਖੜ੍ਹੀਆਂ ਹਨ। -ਸੰਪਾਦਕ*

ਇਤਿਹਾਸ ਪੜ੍ਹਨ ਵਾਲਿਆਂ ਨੂੰ ਪਤਾ ਹੈ ਕਿ ਉਸ ਜਿਹਾ ਸੂਰਮਾ ਧਰਤੀ ਉਤੇ ਨਾ ਕਦੇ ਹੋਇਆ, ਨਾ ਹੋਏਗਾ। ਉਹ ਇੱਕੋ ਇੱਕ ਅਵਤਾਰ ਹੈ, ਜਿਸ ਦਾ ਜਨਮ ਤਾਂ ਹੋਇਆ, ਮਰਿਆ ਨਹੀਂ, ਮਨ ਚਾਹੀ ਦੇਹ ਵਿਚ ਹਮੇਸ਼ ਵਸਦਾ ਹੈ। ਉਹ ਸਮਾਂ, ਉਹ ਹਵਾ, ਉਹ ਧੁੱਪ ਕੇਹੀ ਖੁਸ਼ਕਿਸਮਤ ਸੀ, ਜਿਸ ਜ਼ਮਾਨੇ ਵਿਚ ਇਸ ਕੰਜੂਸ ਸੇਠ ਨੇ ਧਰਤੀ ਉਪਰ ਆਪਣੀ ਲੀਲਾ ਰਚੀ!

ਨੇੜਿਉਂ ਦੇਖ ਕੇ ਸੂਰਜ ਨੇ ਉਸ ਦਾ ਹੁਲੀਆ ਕੁਝ ਇਸ ਤਰ੍ਹਾਂ ਬਿਆਨ ਕੀਤਾ-ਦੁਬਲੀ ਪਤਲੀ, ਮਾੜਚੂ, ਕਾਂਗੜੀ ਦੇਹ, ਕਣਕ ਵੰਨਾ ਰੰਗ; ਪਤਾ ਨਾ ਲਗਦਾ ਜਿਉਂਦੈ ਕਿ ਮੁਰਦਾ। ਹਥੇਲੀ ਜਿਹੀ ਸਾਫ ਸ਼ਫਾਫ ਖੋਪੜੀ। ਬਚਪਨ ਵਿਚ ਸਾਰਾ ਸਿਰ ਸੰਘਣੇ ਵਾਲਾਂ ਨੇ ਢਕਿਆ ਹੋਇਆ ਸੀ, ਪਰ ਸੂਰਜ ਨੂੰ ਵੀ ਪਤਾ ਨਹੀਂ ਉਹ ਵਾਲ ਕਦੋਂ ਗਏ, ਕਿੱਧਰ ਗਏ! ਪੈਸਾ ਵਧਦਾ ਗਿਆ, ਵਾਲ ਕਿਨਾਰਾ ਕਰਦੇ ਗਏ। ਸਾਹਮਣੇ ਵਾਲੇ ਅੱਠੇ ਦੰਦ ਸਨ ਤਾਂ ਠੀਕ, ਪਰ ਵਿਰਲੇ। ਮੂੰਹ ਇਸ ਤਰ੍ਹਾਂ ਦਾ, ਜਿਵੇਂ ਕੁਝ ਖਾਣ ਵਾਸਤੇ ਨਹੀਂ, ਗੱਲਾਂ ਕਰਨ ਵਾਸਤੇ ਬਣਿਆ। ਹਿਸਾਬ ਕਿਤਾਬ ਵਿਚ ਬੇਜੋੜ। ਮਧਰਾ ਕੱਦ, ਪਰ ਜੀ ਕਰੇ ਤਾਂ ਆਸਮਾਨ ਦੇ ਤਾਰੇ ਤੋੜ ਲਏ! ਸੂਰਜ ਨੂੰ ਆਪਣੀ ਵਹੀ ਵਿਚ ਲੁਕੋ ਲਵੇ! ਬਦਰੰਗ ਪੁਰਾਣੀ ਪਗੜੀ, ਸੁਣਿਆ ਹੈ ਕਦੇ ਪੀਲੀ ਹੋਇਆ ਕਰਦੀ ਸੀ। ਮਲਮਲ ਦੀ ਬਨੈਣ। ਮਲਮਲ ਦੀ ਧੋਤੀ। ਨੰਗੇ ਪੈਰ।

ਕੱਛ ਵਿਚ ਵਹੀ ਹੋਵੇ, ਇਉਂ ਲੱਗੇ ਜਿਵੇਂ ਸਾਰੇ ਸੰਸਾਰ ਦੇ ਜੀਅ ਜੰਤ ਦੱਬ ਰੱਖੇ ਹੋਣ। ਪਤਾ ਨਹੀਂ ਕੀ ਸੋਚਦਾ ਰੋਅਬਦਾਬ ਨਾਲ ਦੁਕਾਨੋਂ ਬਾਹਰ ਨਿਕਲਿਆ। ਸੇਠਾਣੀ ਚੌਂਕ ਵਿਚ ਭਗਵਾਨ ਪਾਰਸਨਾਥ ਦੀ ਮੂਰਤੀ ਰਾਖ ਨਾਲ ਰਗੜ ਰਗੜ ਮਾਂਜ ਰਹੀ ਦੇਖੀ। ਮਾਂਜ ਮਾਂਜ ਕੇ ਪੂਜਾ ਦੇ ਬਰਤਨ ਲਿਸ਼ਕਾ ਰਹੀ ਸੀ। ਸੇਠ ਦੀਆਂ ਮਿਚੀਆਂ ਮਿਚੀਆਂ ਅੱਖਾਂ ਵਿਚ ਹਰਕਤ ਪੈਦਾ ਹੋਈ। ਸੂਰਜ ਦੀ ਨਿਗ੍ਹਾ ਵਿਚ ਕੁਝ ਛੁਪਿਆ ਰਹਿ ਜਾਏ, ਰਹਿ ਜਾਏ, ਸੇਠ ਦੀਆਂ ਅੱਖਾਂ ਤੋਂ ਕੁਝ ਨ੍ਹੀਂ ਛਿਪ ਸਕਦਾ। ਨੱਕ ਮੂੰਹ ਚਾੜ੍ਹ ਕੇ ਗੁੱਸੇ ਅਤੇ ਘ੍ਰਿਣਾ ਨਾਲ ਬੋਲਿਆ, "ਤੈਨੂੰ ਕਿੰਨੀ ਵਾਰ ਸਮਝਾਇਆ, ਭਾਂਡੇ ਟੀਂਡੇ ਏਨੇ ਰਗੜ ਰਗੜ ਕੇ ਸਾਫ ਨਾ ਕਰਿਆ ਕਰ।"

ਝਿਜਕਦਿਆਂ ਸੇਠਾਣੀ ਨੇ ਉਸ ਵੱਲ ਦੇਖਿਆ। ਇਹ ਤੋਤਾ ਰਟਣ ਸੁਣ ਸੁਣ ਕੇ ਉਸ ਦੇ ਕੰਨ ਪੱਕ ਗਏ ਸਨ, ਪਰ ਉਹ ਕਹਿਣ ਤੋਂ ਨਾ ਹਟਦਾ। ਆਖਰ ਫਰਜ਼ ਤਾਂ ਨਿਭਾਉਣਾ ਹੋਇਆ। ਜਦੋਂ ਤੱਕ ਆਖਾ ਨਹੀਂ ਮੰਨਦੀ, ਹਦਾਇਤਾਂ ਤਾਂ ਦੇਣੀਆਂ ਪੈਣਗੀਆਂ ਹੀ; ਪਰ ਸੇਠਾਣੀ ਉਸ ਦਾ ਸਲੋਕ ਸੁਣ ਕੇ ਸਗੋਂ ਹੋਰ ਜ਼ੋਰ ਨਾਲ ਰਗੜਨ ਲੱਗੀ। ਇੱਕ ਦੋ ਕਦਮ ਨੇੜੇ ਆ ਕੇ ਕੁਝ ਝੁਕਿਆ, ਤਿੱਖੀ ਅਵਾਜ਼ ਵਿਚ ਬੋਲਿਆ, "ਕੰਨ ਖੋਲ੍ਹ ਕੇ ਸੁਣ ਲੈ ਧਿਆਨ ਨਾਲ। ਇਹ ਮੂਰਤੀ ਅਤੇ ਪੂਜਾ ਦੇ ਬਾਕੀ ਬਰਤਨ ਮਾਂਜ ਮਾਂਜ ਕੇ ਜੇ ਘਸਾ ਦਿੱਤੇ, ਫਿਰ ਨਵੇਂ ਮੈਂ ਨ੍ਹੀਂ ਲੈ ਕੇ ਆਉਣੇ।"

ਚਾਹੁੰਦੀ ਨਹੀਂ ਸੀ, ਫਿਰ ਵੀ ਗੁੱਸਾ ਆ ਗਿਆ। ਮੂਰਤੀ 'ਤੇ ਪਾਣੀ ਪਾਉਂਦੀ ਹੋਈ ਬੋਲੀ, "ਰਾਮ ਰਾਮ, ਸਵੇਰੇ ਸਵੇਰੇ ਭਗਵਾਨ ਬਾਰੇ ਕੀ ਬਕਣ ਲੱਗੇ ਹੋ। ਬੋਲਣ ਤੋਂ ਪਹਿਲਾਂ ਕੁਝ ਸੋਚ ਲਿਆ ਕਰੋ।"

ਸੇਠ ਹੱਸਿਆ, "ਭਗਵਾਨ ਤਾਂ ਬਜ਼ਾਰ ਵਿਚੋਂ ਪੈਸਿਆਂ ਦਾ ਮਿਲ ਜਾਂਦੈ। ਪੈਸਾ ਵੱਡਾ ਹੋਇਆ ਕਿ ਭਗਵਾਨ? ਦੱਸ ਫੇਰ?"

"ਅੱਛਾ ਬਾਬਾ ਅੱਛਾ! ਕੰਮ ਕਰਨ ਦੇਹ। ਤੇਰੇ ਅੱਗੇ ਹੱਥ ਬੰਨ੍ਹੇ।"

ਕਹਿਣ ਕੁਛ ਹੋਰ ਲੱਗੀ ਸੀ ਕਿ ਕੱਛ ਵਿਚ ਦੱਬੀ ਵਹੀ ਦੇਖ ਕੇ ਗੁੱਸੇ ਨਾਲ ਬੋਲੀ, "ਕਿੱਥੇ ਜਾ ਰਹੇ ਹੋ ਅੱਜ?"

"ਕਿੱਥੇ ਜਾਣੈ? ਕਿੰਨੇ ਦਿਨਾਂ ਤੋਂ ਕੰਮ ਕਾਜ ਬੰਦ ਪਿਐ। ਹੁਣ ਠੀਕ ਹਾਂ ਮੈਂ ਬਿਲਕੁਲ।"

ਹੱਥਾਂ ਉਪਰੋਂ ਪਾਣੀ ਝਟਕ ਕੇ ਉਠ ਖਲੋਤੀ। ਉਸ ਦੇ ਮੁਰਦਾਰ ਮੂੰਹ ਵੱਲ ਦੇਖ ਕੇ ਦੁਖੀ ਹੋ ਕੇ ਬੋਲੀ, "ਏਨੀ ਛੇਤੀ ਆਪਣਾ ਵਾਅਦਾ ਭੁੱਲ ਗਏ? ਗੰਗਾ ਨਹਾਏ ਬਿਨਾ ਮੈਂ ਕੰਮ ਵੱਲ ਮੂੰਹ ਵੀ ਨ੍ਹੀਂ ਕਰਨ ਦਿਆਂਗੀ। ਕਿਹੇ ਮਰਦ ਹੋ? ਜ਼ਬਾਨ ਤੋਂ ਮੁੱਕਰਦੇ ਸ਼ਰਮ ਨਹੀਂ ਆਉਂਦੀ?"

ਸੇਠਾਣੀ ਦੀ ਅਕਲ 'ਤੇ ਉਸ ਨੂੰ ਬੜਾ ਤਰਸ ਆਇਆ। ਹੱਸਦਾ ਬੋਲਿਆ, "ਕਮਾਈ ਤੋੜਨੀ ਵਾਅਦਾ ਤੋੜਨ ਨਾਲੋਂ ਜ਼ਿਆਦਾ ਬੁਰੀ ਹੈ। ਗੰਗਾ ਹੋਵੇ ਜਾਂ ਪਿੰਡ ਦਾ ਤਲਾਬ, ਹੈ ਤਾਂ ਬਾਰਸ਼ ਦਾ ਹੀ ਪਾਣੀ। ਬੇਸਮਝ ਲੋਕ ਫਰਕ ਕਰਦੇ ਨੇ। ਕਹੋਂ ਤਾਂ ਪਿੰਡ ਦੇ ਤਲਾਬ ਵਿਚ ਦਸ ਵਾਰ ਨਹਾ ਲਾਂ? ਜ਼ਿਆਦਾ ਪੁੰਨ ਲੱਗੇਗਾ!"

"ਇਹ ਪੁੰਨ ਆਪਣੇ ਕੋਲ ਰੱਖੋ। ਇੱਕ ਵਾਰ ਹਰਦੁਆਰ ਭੇਜ ਕੇ ਛੱਡੂੰਗੀ। ਏਸ ਸੁੱਖਣਾ ਬਿਨਾ ਤੁਸੀਂ ਕਿਤੇ ਠੀਕ ਹੋ ਸਕਦੇ ਸੀ?"

"ਕੀ ਬਚਗਾਨਾ ਗੱਲਾਂ ਕਰਦੀ ਐਂ। ਗੰਗਾ ਨਹਾਉਣ ਵਾਲੇ ਕਦੇ ਬਿਮਾਰ ਨਹੀਂ ਹੁੰਦੇ?"

"ਕੌਣ ਕਿਵੇਂ ਬਿਮਾਰ ਹੁੰਦੈ, ਮੈਨੂੰ ਨ੍ਹੀਂ ਪਤਾ। ਮੈਨੂੰ ਤਾਂ ਇਹ ਪਤੈ, ਬਈ ਮੈਂ ਸੁੱਖ ਸੁੱਖੀ ਤਾਂ ਤੁਸੀਂ ਰਾਜੀ ਹੋਏ। ਮਨ ਵਿਚ ਖੋਟ ਸੀ ਤਾਂ ਵਾਅਦਾ ਕਿਉਂ ਕੀਤਾ?"

"ਇਸ ਗਲਤੀ ਸਦਕਾ ਤੇਰੇ ਪੈਰੀਂ ਪੈਨਾ। ਮਾਫ ਕਰ ਦੇਹ।"

ਇਹ ਕਹਿੰਦਿਆਂ ਕਹਿੰਦਿਆਂ ਸੱਚੀਂ ਉਹ ਬੈਠ ਗਿਆ ਤੇ ਪੈਰ ਛੂਹਣ ਵਾਸਤੇ ਹੱਥ ਅੱਗੇ ਵਧਾਏ ਹੀ ਸਨ ਕਿ ਸੇਠਾਣੀ ਨੇ ਘਬਰਾ ਕੇ ਹੱਥ ਫੜ ਲਏ, ਕਿਹਾ, "ਹੇ ਰਾਮ! ਕੀ ਪਾਗਲਪਣ ਕਰ ਰਹੇ ਹੋ? ਕਮਾਈ ਦੇ ਲੋਭ ਵਿਚ ਘਰ ਵਾਲੀ ਦੇ ਪੈਰੀਂ ਪੈਂਦਿਆਂ ਸ਼ਰਮ ਨ੍ਹੀਂ ਆਉਂਦੀ? ਕਿਸੇ ਨੇ ਦੇਖ ਲਿਆ, ਮੇਰੀ ਤਾਂ ਇੱਜਤ ਦੋ ਟਕਿਆਂ ਦੀ ਹੋ ਜਾਏਗੀ।"

ਟਕਾ ਸ਼ਬਦ ਸੁਣਨ ਸਾਰ ਉਸ ਦੇ ਦਿਲ ਦੀ ਕਲੀ ਕਲੀ ਖਿੜ ਗਈ, ਜਿਵੇਂ ਬੁਝਦੇ ਜਾਂਦੇ ਦੀਵੇ ਵਿਚ ਤੇਲ ਪਾ ਦਿੱਤਾ ਹੋਵੇ। ਬੋਝੇ ਵਿਚ ਹੱਥ ਪਾ ਕੇ ਕਹਿਣ ਲੱਗਾ, "ਇੱਜਤ ਦੇ ਟਕੇ ਮਿਲਦੇ ਹੁੰਦੇ ਕਿਆ ਕਹਿਣੇ! ਤੈਨੂੰ ਹਜ਼ਾਰ ਵਾਰ ਸਮਝਾਇਆ ਹੈ ਕਿ ਪੈਸੇ ਤੋਂ ਵੱਡਾ ਰਾਮ ਵੀ ਨਹੀਂ ਹੁੰਦਾ, ਪਰ ਤੇਰੀ ਸਮਝ ਵਿਚ ਕੁਝ ਆਏ, ਤਾਂ ਹੀ ਨਾ! ਦੁਨੀਆਂ ਦਾ ਸਭ ਤੋਂ ਵੱਡਾ ਧਰਮ ਹੈ, ਪੈਸਾ ਕਮਾਉਣਾ ਅਤੇ ਆਦਮੀ ਦਾ ਸਭ ਤੋਂ ਵੱਡਾ ਗੁਣ ਹੈ, ਕੰਜੂਸੀ। ਕੰਜੂਸੀ ਨੂੰ ਤੂੰ ਮਾਮੂਲੀ ਚੀਜ਼ ਸਮਝਦੀ ਹੈਂ? ਅੱਜ ਤੱਕ ਕਿਸੇ ਨੇ ਇਸ ਨੂੰ ਨਹੀਂ ਸਰਾਹਿਆ, ਬੁਰਾਈ ਹੀ ਬੁਰਾਈ ਕੀਤੀ ਹੈ, ਫਿਰ ਵੀ ਇਹ ਭਲੇ ਤੇ ਨੇਕ ਮਨੁੱਖਾਂ ਦੇ ਧੁਰ ਅੰਦਰ ਵਸੀ ਹੋਈ ਹੈ। ਬਹਾਦਰੀ, ਸੱਚਾਈ, ਦ੍ਰਿੜ੍ਹਤਾ ਜਿਹੇ ਗੁਣ ਇਸ ਦੇ ਸਾਹਮਣੇ ਫਿੱਕੇ ਪੈ ਜਾਂਦੇ ਹਨ। ਸੁਣ ਕੇ ਮੈਨੂੰ ਤਾਂ ਹੈਰਾਨੀ ਹੁੰਦੀ ਹੈ ਕਿ ਬੇਵਕੂਫਾਂ ਨੇ ਕੁਝ ਫਜ਼ੂਲ ਗੁਣਾਂ ਦੀ ਖਾਹਮਖਾਹ ਤਾਰੀਫ ਕੀਤੀ ਹੈ। ਇਸ ਦੇ ਸਾਹਮਣੇ ਭਗਤੀ ਭੁਗਤੀ ਕਰਨੀ ਤਿਣਕੇ ਬਰਾਬਰ ਹੈ!"

ਕੰਨਾਂ ਵਿਚ ਉਂਗਲੀਆਂ ਦੇ ਕੇ ਸੇਠਾਣੀ ਬੋਲੀ, "ਇਹ ਸੁਣਦੀ ਸੁਣਦੀ ਮੈਂ ਤਾਂ ਦੁਖੀ ਹੋ ਗਈ, ਰਾਮ ਕਰੇ ਬੋਲੀ ਹੋ ਜਾਵਾਂ, ਤੇਰੀ ਬਕ ਬਕ ਤੋਂ ਖਹਿੜਾ ਛੁਟੇ। ਨਫਰਤ ਨਾਲ ਸੇਠ ਵੱਲ ਦੇਖ ਕੇ ਉਸ ਨੇ ਖੂੰਜੇ ਵਿਚ ਥੁੱਕ ਦਿੱਤਾ। ਸ਼ਾਂਤ ਚਿੱਤ ਸੇਠ ਥੁੱਕ ਨਿਗਲਦਿਆਂ ਬੋਲਿਆ, "ਨਿਗਲ ਕੇ ਕੰਮ ਸਰਦਾ ਹੋਵੇ ਫਿਰ ਥੁੱਕ ਵੀ ਬੇਕਾਰ ਕਿਉਂ ਗਵਾਓ? ਇੱਕ ਮਾਮੂਲੀ ਗੱਲ ਤੇਰੇ ਪੱਲੇ ਨ੍ਹੀਂ ਪੈਂਦੀ, ਧਰਮ ਪੁੰਨ ਦੀ ਕੀ ਗੱਲ ਸਮਝੇਂਗੀ?"

"ਮੈਨੂੰ ਨਹੀਂ ਕੁਝ ਸਮਝਣ ਦੀ ਲੋੜ, ਤੁਸੀਂ ਤਾਂ ਸਮਝਦੇ ਹੋ! ਹੋਰ ਮੌਜ ਮੇਲਾ ਤਾਂ ਪਿਆ ਖੂਹ ਵਿਚ, ਰੱਜ ਕੇ ਖਾਣਾ ਵੀ ਨਹੀਂ ਖਾਂਦੇ। ਭੁੱਖੇ ਰਹਿ ਰਹਿ ਕੇ ਤੁਹਾਡੀਆਂ ਪਸਲੀਆਂ ਨਿਕਲ ਆਈਆਂ। ਸੋਚੋ ਤਾਂ ਮਰਨ ਵੇਲੇ ਇੱਕ ਦਮੜੀ ਨਾਲ ਜਾਏਗੀ?"

"ਕਿਨ੍ਹਾਂ ਬੇਵਕੂਫਾਂ ਦੀਆਂ ਗੱਲਾਂ ਵਿਚ ਆ ਗਈ ਤੂੰ? ਉਨ੍ਹਾਂ ਨੂੰ ਪੁੱਛ, ਮਰਨ ਵੇਲੇ ਔਰਤ ਨਾਲ ਜਾਂਦੀ ਹੈ? ਫਿਰ ਵਿਆਹ ਕਿਉਂ ਕਰਾਉਂਦੇ ਨੇ? ਮਰ ਕੇ ਮਕਾਨ ਨਾਲ ਜਾਂਦੈ? ਮਕਾਨ ਕਿਉਂ ਬਣਾਉਂਦੇ ਨੇ? ਬੱਚੇ ਨਾਲ ਜਾਂਦੇ ਨੇ? ਬੱਚੇ ਕਿਉਂ ਜੰਮਦੇ ਨੇ? ਗਹਿਣੇ ਨਾਲ ਜਾਂਦੇ ਨੇ? ਚੰਗਾ ਖਾਣਾ, ਪੀਣਾ, ਪਹਿਨਣਾ ਨਾਲ ਜਾਂਦੈ? ਨੱਕੋ ਨੱਕ ਪੇਟ ਭਰੀ ਜਾਂਦੇ ਨੇ, ਫਿਰ ਖਾਲੀ ਦਾ ਖਾਲੀ। ਜੇ ਜ਼ਿਆਦਾ ਅੰਨ ਖਾਣਾ ਚੰਗੀ ਗੱਲ ਹੁੰਦੀ, ਫਿਰ ਸੂੱਸਰੀ ਨਾਲ ਕਿਸੇ ਦਾ ਕੀ ਮੁਕਾਬਲਾ, ਜੋ ਦਿਨ ਰਾਤ ਅਨਾਜ ਵਿਚ ਪਈ ਰਹਿੰਦੀ ਹੈ।"

ਖਿਝ ਕੇ ਸੇਠਾਣੀ ਬੋਲੀ, "ਸਮਝ ਗਈ, ਸਮਝ ਗਈ। ਮੇਰਾ ਖਾਣਾ, ਪਹਿਨਣਾ ਤੁਹਾਨੂੰ ਬੁਰਾ ਲਗਦੈ। ਤੁਹਾਡੇ ਨਾਲ ਉਲਝਣਾ ਬੇਕਾਰ ਹੈ, ਪਰ ਹਰਦੁਆਰ ਭੇਜ ਕੇ ਰਹੂੰਗੀ, ਸੁੱਖਣਾ ਸੁੱਖੀ ਹੋਈ ਹੈ। ਮੇਰੀ ਜ਼ਿੰਦ ਤੁਹਾਡੇ ਤੋਂ ਘੱਟ ਨਹੀਂ।"



ਸੇਠ ਨੇ ਮੱਥੇ 'ਤੇ ਹੱਥ ਮਾਰਿਆ, "ਔਰਤ ਨੂੰ ਦੁਨੀਆਂ ਵਿਚ ਭੇਜ ਕੇ ਈਸ਼ਵਰ ਨੇ ਸਭ ਤੋਂ ਵੱਡੀ ਭੁੱਲ ਕੀਤੀ। ਓ ਮੂਰਖ! ਤੂੰ ਪਾਣੀ ਪਾਣੀ ਵਿਚ ਫਰਕ ਕਰਦੀ ਹੈਂ। ਬਰਸਾਤ ਦਾ ਪਾਣੀ ਇਕੱਠਾ ਹੋਈ ਜਾਂਦੈ ਤਾਂ ਨਦੀਆਂ ਵਗਣ ਲੱਗ ਜਾਂਦੀਆਂ ਨੇ। ਇਸ ਵਿਚ ਖਾਸ ਗੱਲ ਹੈ ਕੀ! ਸ਼ਾਸਤਰਾਂ ਮੁਤਾਬਕ ਪਤੀ ਪਰਮੇਸਰ ਹੁੰਦੈ। ਮੇਰਾ ਕਹਿਣਾ ਮੰਨ, ਹਰਦੁਆਰ ਦੀ ਮੁਹਾਰਨੀ ਪੜ੍ਹਨੀ ਛੱਡ, ਕੰਜੂਸੀ ਦੀ ਮਾਲਾ ਜਪ। ਇਸ ਤੋਂ ਪਵਿੱਤਰ ਤੇ ਮਹਾਨ ਨਾ ਕੋਈ ਤੀਰਥ, ਨਾ ਧਰਮ, ਨਾ ਮੰਦਿਰ, ਨਾ ਭਗਤੀ, ਨਾ ਭਗਵਾਨ, ਨਾ ਮੁਕਤੀ। ਇੱਕ ਵਾਰ ਵਰਤ ਕੇ ਇਸ ਦਾ ਜ਼ਾਇਕਾ ਤਾਂ ਦੇਖ।"

ਹੱਥ ਨਚਾ ਕੇ ਸੇਠਾਣੀ ਬੋਲੀ, "ਤੁਹਾਡੇ ਪਿੱਛੇ ਲੱਗੀ ਹਾਂ ਜਦੋਂ ਦੀ, ਜਾਇਕਾ ਹੀ ਤਾਂ ਚੱਖ ਰਹੀ ਹਾਂ, ਮਰਨ ਤੱਕ ਚੱਖਦੀ ਰਹੂੰਗੀ। ਬਕਵਾਸ ਕਰਨ ਦੀ ਕੰਜੂਸੀ ਕਰ ਲੈਂਦੇ, ਮੇਰੀ ਮੁਸੀਬਤ ਟਲ ਜਾਂਦੀ। ਬਕਵਾਸ ਵੰਡਣ ਦੀ ਦਾਤ ਮੈਨੂੰ ਚੰਗੀ ਨ੍ਹੀਂ ਲਗਦੀ।"

"ਕਿਉਂ? ਬਕਵਾਸ ਕਰਨ ਨਾਲ ਕਿਹੜਾ ਦੰਦ ਘਸਦੇ ਨੇ? ਕਿਹੜਾ ਜੇਬ ਹਲਕੀ ਹੁੰਦੀ ਹੈ? ਤੇਰੇ ਜਿਹੀ ਬੇਸਮਝ ਜਨਾਨੀ ਮੈਨੂੰ ਨ੍ਹੀਂ ਲਗਦਾ ਹੋਰ ਹੋਵੇ ਕੋਈ।"

ਜਾਂਦੀ ਹੋਈ ਸੇਠਾਣੀ ਬੋਲੀ, "ਤੁਹਾਡੇ ਨਾਲ ਤਾਂ ਗੱਲ ਕਰਨ ਵਿਚ ਵੀ ਘਾਟਾ। ਅੱਗੇ ਤੋਂ ਕਦੇ ਹਰਦੁਆਰ ਦੀ ਗੱਲ ਕਰਾਂ, ਕਾਲਾ ਨਾਗ ਲੜ ਜਾਏ। ਤੁਹਾਡੇ ਨਾਲ ਜਿਉਣਾ ਵੀ ਕੋਈ ਜਿਉਣਾ ਹੈ? ਅੱਜ ਤੋਂ ਮੈਂ ਰੋਟੀ ਛੱਡੀ। ਦਸ ਦਿਨ ਬਾਅਦ ਖੂਹ ਵਿਚ ਛਾਲ ਮਾਰ ਦਿਆਂਗੀ, ਤੇਰੀ ਜ਼ਿੰਦਗੀ ਸੁਧਰੇ। ਮੇਰੇ ਮਰਨ ਪਿੱਛੋਂ ਖਰਚ ਘਟੇਗਾ ਤਾਂ ਖੁਸ਼ੀ ਦੀ ਬੰਸਰੀ ਵਜਾਉਂਦੇ ਫਿਰਿਓ!"

"ਸਮਝ ਗਿਆ, ਇਹ ਕਮਲੀ ਸਮਝੇਗੀ ਨਹੀਂ। ਹਾਂ! ਦਸ ਦਿਨ ਰੋਟੀ ਨਾ ਖਾਣ ਵਾਲੀ ਗੱਲ ਜਚਦੀ ਹੈ, ਬੱਚਤ ਹੋਵੇਗੀ। ਇਸ ਤੋਂ ਘੱਟ ਖਰਚੇ ਨਾਲ ਹਰਦੁਆਰ ਚਲਾ ਜਾਊਂਗਾ।"

ਦਸ ਦਿਨ ਆਪਣੀ ਗੱਲ 'ਤੇ ਅੜਿਆ ਰਿਹਾ ਪਰ ਗਿਆਰਵੇਂ ਦਿਨ ਜਦੋਂ ਸੇਠਾਣੀ ਲੜਖੜਾਉਂਦੀ ਹੋਈ ਛਾਲ ਮਾਰਨ ਵਾਸਤੇ ਖੂਹ ਵੱਲ ਚੱਲੀ ਤਾਂ ਦਬੇ ਸੁਰ ਵਿਚ ਬੋਲਿਆ, "ਚੰਗਾ ਬਾਬਾ, ਤੂੰ ਜਿੱਤੀ ਮੈਂ ਹਾਰਿਆ।"

ਸੇਠਾਣੀ ਵੀ ਮੰਨ ਗਈ। ਉਲਾਂਭਾ ਦਿੱਤਾ, "ਫਿਰ ਮੈਨੂੰ ਭੁੱਖੀ ਮਾਰ ਕੇ ਕੀ ਮਿਲਿਆ? ਪਹਿਲੋਂ ਹੀ ਮੰਨ ਜਾਂਦੇ।"

ਨਾਸਤਕ ਹੋ ਕੇ ਵੀ ਆਸਤਕ ਹੋਣ ਦਾ ਪਖੰਡ ਕਰਦਿਆਂ ਬੋਲਿਆ, "ਮੰਨਣਾ, ਨਾ ਮੰਨਣਾ ਤਾਂ ਭਗਵਾਨ ਦੇ ਹੱਥ ਹੈ। ਉਸ ਦੀ ਮਰਜ਼ੀ ਬਿਨਾ ਪੱਤਾ ਨਹੀਂ ਹਿੱਲਦਾ। ਉਸ ਦੇ ਹੁਕਮ ਤੋਂ ਪਹਿਲਾਂ ਹਰਦੁਆਰ ਕਿਵੇਂ ਚਲਾ ਜਾਂਦਾ?"

ਸੇਠਾਣੀ ਨੇ ਭਗਵਾਨ ਨੂੰ ਯਾਦ ਕਰਕੇ ਹੱਥ ਜੋੜੇ, ਸਿਰ ਨਿਵਾਇਆ। ਫਿਰ ਲੜਖੜਾਉਂਦੀ ਰਸੋਈ ਵੱਲ ਤੁਰੀ। "ਮੈਂ ਦਲੀਆ ਬਣਾਉਂਦੀ ਹਾਂ, ਤੁਸੀਂ ਤਾਂਗਾ ਤਾਂ ਭਾੜੇ 'ਤੇ ਕਰ ਲਿਆਓ।"

"ਤਾਂਗਾ! ਤਾਂਗਾ ਕਿਸ ਵਾਸਤੇ?"

"ਹਰਦੁਆਰ ਪੈਦਲ ਜਾਓਗੇ? ਤੁਹਾਨੂੰ ਤਾਂ ਮੇਰੀ ਪਰਵਾਹ ਨਹੀਂ, ਪਰ ਮੈਨੂੰ ਤਾਂ ਤੁਹਾਡੀ ਹੈ। ਬਿਮਾਰੀ ਤੋਂ ਮਸਾਂ ਉਠੇ ਹੋ। ਕਮਜ਼ੋਰੀ ਅਜੇ ਗਈ ਨਹੀਂ। ਪੈਦਲ ਨਹੀਂ ਜਾਣਾ। ਤਾਂਗਾ ਨਹੀਂ ਤਾਂ ਚੰਗੇ ਬਲਦਾਂ ਵਾਲਾ ਗੱਡਾ ਕਰ ਲਓ, ਆਰਾਮ ਰਹੇਗਾ।"

ਸਿਰ ਹਿਲਾਉਂਦਿਆਂ ਬਾਣੀਆ ਬੋਲਿਆ, "ਇਹ ਗੱਲ ਹੈ! ਫੇਰ ਮੈਂ ਜਾਂਦਾ ਈ ਨ੍ਹੀਂ। ਇਹ ਗੱਲ ਨ੍ਹੀਂ ਮੈਂ ਮੰਨਣੀ। ਤੀਰਥ ਜਾਣ ਵੇਲੇ ਜਿੰਨਾ ਦੁਖ ਉਠਾਓ, ਉਨਾ ਪੁੰਨ ਲਗਿਆ ਕਰਦੈ। ਤੈਨੂੰ ਤਾਂ ਖੁਸ਼ ਹੋਣਾ ਚਾਹੀਦੈ।"

"ਮਨ ਪਿੱਛੇ ਨ੍ਹੀਂ ਪੈਂਦਾ, ਤਾਂ ਕਹਿਨੀ ਆਂ। ਤੁਹਾਨੂੰ ਬੁਰੀ ਲਗਦੀ ਹੈ, ਗੱਲ ਜੋ ਮਰਜ਼ੀ ਕਰੋ। ਪਰ ਅੱਧ ਵਿਚਾਲਿਓਂ ਮੁੜ ਨਾ ਆਇਓ ਰਸਤੇ ਵਿਚੋਂ ਹੀ।"

ਮੋਢੇ 'ਤੇ ਫਟੀ ਪੁਰਾਣੀ ਕੰਬਲੀ, ਲੱਕ ਪੁਰਾਣਾ ਪਰਨਾ ਬੰਨ੍ਹਿਆ, ਰੱਸੀ ਦੇ ਵੰਗਣੇ ਨਾਲ ਕਟੋਰਾ ਲਟਕਾ ਲਿਆ ਤੇ ਚਲ ਪਿਆ ਪੈਦਲ ਹਰਦੁਆਰ। ਪੈਰ ਜ਼ਮੀਨ 'ਤੇ, ਜਾਂਦੇ ਜਾਂਦੇ ਨਿਗ੍ਹਾ ਦਰੱਖਤਾਂ ਦੇ ਕੰਦ ਮੂਲ, ਫਲ ਪੱਤਿਆਂ ਉਪਰ। ਤੋੜਦਾ, ਖਾ ਕੇ ਗੁਜ਼ਾਰਾ ਕਰੀ ਜਾਂਦਾ। ਬੋਝੇ ਵਿਚੋਂ ਖਰਚਾ ਕੌਣ ਕਰੇ? ਮੁਫਤ ਦਾ ਮਾਲ ਕੌਣ ਛੱਡੇ? ਪੇਟ 'ਚ ਥਾਂ ਨਹੀਂ ਬਚੀ, ਚੀਜ਼ ਪਰਨੇ 'ਚ ਬੰਨ੍ਹ ਲੈਂਦਾ।

ਲੱਛਮੀ ਵੀ ਘਰੋਂ ਪਵਣ ਰੂਪ ਹੋ ਕੇ ਸੇਠ ਦੇ ਨਾਲ ਨਾਲ ਤੁਰ ਪਈ। ਉਹ ਆਪਣੇ ਭਗਤ ਨੂੰ ਪਰਖਣਾ ਚਾਹੁੰਦੀ ਸੀ। ਸੋਚਦੀ ਸੀ, ਸੁਣਿਆ ਹੈ ਇਸ ਜਿਹਾ ਭਗਤ ਧਰਤੀ 'ਤੇ ਕੋਈ ਨਹੀਂ। ਇਹ ਤਾਂ ਕੰਜੂਸੀ ਮੁਕਾਬਲੇ ਰੱਬ ਨੂੰ ਵੀ ਕੁਝ ਨਹੀਂ ਜਾਣਦਾ। ਮੀਆਂ-ਬੀਵੀ ਦੀ ਬਹਿਸ ਲੱਛਮੀ ਨੇ ਕੰਨੀਂ ਸੁਣੀ ਸੀ। ਦੇਖਦੇ ਆਂ ਕਿੱਥੋਂ ਤੱਕ ਨਿਭਦੈ।

ਰਸਤੇ ਵਿਚ ਭੇਡਾਂ ਬੱਕਰੀਆਂ ਘਾਹ ਚਰਦੀਆਂ ਵੇਖੀਆਂ। ਗਿਆਨ ਤਾਂ ਕਦਮ ਕਦਮ 'ਤੇ ਬਿਖਰਿਆ ਪਿਆ ਹੈ, ਅੱਖ ਖੁੱਲ੍ਹਣ ਦੀ ਦੇਰ ਹੈ ਬਸ। ਸੋਚਣ ਲੱਗਾ, 'ਭੇਡਾਂ ਵਾਂਗ ਆਦਮੀ ਘਾਹ ਚਰਨ ਲੱਗੇ ਤਾਂ ਕਿੰਨੀ ਬੱਚਤ ਹੋ ਜਾਏ! ਅੰਨ ਖਾ ਖਾ ਪੇਟ ਭਰਨ ਦੀ ਬੁਰੀ ਆਦਤ ਪਤਾ ਨਹੀਂ ਕਦੋਂ ਛੁੱਟੇਗੀ।'

ਲੱਛਮੀ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਦਿਲ ਕੀਤਾ ਭਗਤ ਦੇ ਚਰਨਾਂ ਦੀ ਧੂੜ ਮੱਥੇ ਲਾ ਲਵੇ। ਕੰਜੂਸੀ ਦੀ ਕਦਰ ਅੱਜ ਤੱਕ ਮੂਰਖ ਦੁਨੀਆਂ ਸਮਝੀ ਨਹੀਂ। ਮੇਰੇ ਕਹੇ ਅਨੁਸਾਰ ਚੱਲਣ ਵਾਲਾ ਅਵਤਾਰ ਹੁਣ ਤੱਕ ਪੈਦਾ ਹੀ ਨਹੀਂ ਸੀ ਹੋਇਆ।

ਇੱਕ ਗੱਲ ਦਾ ਸੇਠ ਨੂੰ ਹੋਰ ਗਿਆਨ ਹੋਇਆ। ਸਾਰੇ ਤੀਰਥ, ਮੰਦਿਰ, ਦੇਵੀ-ਦੇਵਤੇ ਇੱਕੋ ਥਾਂ ਹੋਇਆ ਕਰਦੇ, ਕਿੰਨਾ ਚੰਗਾ ਹੁੰਦਾ। ਅੱਡੋ ਅੱਡ ਤੀਰਥਾਂ ਦੀ ਯਾਤਰਾ ਦਾ ਕਿੰਨਾ ਖਰਚ ਬਚਦਾ। ਆਸਤਕਾਂ ਨੂੰ ਬਹੁਤੀ ਅਕਲ ਨ੍ਹੀਂ ਹੁੰਦੀ। ਜਿਸ ਬੰਦੇ ਵਿਚ ਕੰਜੂਸੀ ਦਾ ਗੁਣ ਨਹੀਂ, ਉਸ ਦਾ ਦੁਨੀਆਂ ਵਿਚ ਆਉਣਾ ਤੇ ਜਿਉਣਾ ਫਜ਼ੂਲ ਹੈ। ਹਰਿਦੁਆਰ ਤੱਕ ਸੇਠ ਆਪਣੇ ਅਸੂਲ 'ਤੇ ਕਾਇਮ ਰਿਹਾ। ਲੱਛਮੀ ਮੰਨ ਗਈ ਕਿ ਲੋਕਾਂ ਨੇ ਖਾਹ ਮਖਾਹ ਦਾਨ ਪੁੰਨ ਕਰਨ 'ਤੇ ਭਾਸ਼ਣ ਦਿੱਤੇ। ਜਿਸ ਨਾਲ ਜਸ ਵਧੇ, ਉਹ ਕੰਮ ਤਾਂ ਸਾਰੇ ਈ ਕਰਦੇ ਨੇ; ਧੰਨ ਹੈ ਇਹ ਬਾਣੀਆ, ਦੁਨੀਆਂ ਦੀ ਨਿੰਦਿਆ ਤੇ ਬਦਨਾਮੀ ਤਾਂ ਬਰਦਾਸ਼ਤ ਕਰਦਾ ਹੀ ਹੈ, ਘਰ ਵਾਲੀ ਵੀ ਦਿਨ ਵਿਚ ਦਸ ਵਾਰ ਲਾਹਨਤਾਂ ਪਾਉਂਦੀ ਹੈ ਤਾਂ ਵੀ ਕੰਜੂਸੀ ਵਿਚ ਢਿੱਲ ਨਹੀਂ ਵਰਤਦਾ। ਇਸ ਦੀ ਕਰਨੀ ਦਾ ਮੁਕਾਬਲਾ ਕੌਣ ਕਰ ਸਕਦੈ? ਤਾਂ ਵੀ ਅਜੇ ਹੋਰ ਪਰਖ ਕਰਨੀ ਪਵੇਗੀ।

ਹਰਿਦੁਆਰ ਪੁਜਿਆ, ਵੱਡੇ ਵੱਡੇ ਮੰਦਿਰਾਂ ਨੂੰ ਨਫਰਤ ਨਾਲ ਦੇਖਿਆ। ਮੂਰਖ ਭਗਤਾਂ ਦੀ ਕੁਰਬਲ ਕੁਰਬਲ ਕਰਦੀ ਭੀੜ! ਲਾਲਚੀ ਪਾਂਡਿਆਂ ਦੇ ਪਖੰਡ। ਨਾਸਤਕ ਸੇਠ ਦਾ ਸ਼ੱਕ ਗੰਗਾ ਵਾਂਗ ਉਸ ਦੇ ਦਿਲ ਵਿਚ ਹਲੋਰੇ ਲੈਣ ਲੱਗਾ। ਅੰਨ੍ਹੇ ਇਨਸਾਨ ਨੇ ਧਰਮ, ਭਗਵਾਨ, ਮੰਦਿਰ, ਦੇਵੀ-ਦੇਵਤਿਆਂ ਦੇ ਨਾਂ 'ਤੇ ਕਿੰਨਾ ਧਨ ਬਰਬਾਦ ਕੀਤਾ ਹੈ! ਇਸ ਮੂਰਖਤਾ ਦਾ ਕਿਤੇ ਅੰਤ ਨਜ਼ਰ ਵੀ ਨਹੀਂ ਆਉਂਦਾ ਦਿਸਦਾ! ਇਨ੍ਹਾਂ ਨਾਲੋਂ ਤਾਂ ਪਸ਼ੂ-ਪੰਛੀ ਚੰਗੇ, ਨਾ ਕਿਸੇ ਦੇਵੀ ਦੇਵਤੇ ਨੂੰ ਮੰਨਣ, ਨਾ ਕਿਸੇ ਮੂਰਤੀ ਅੱਗੇ ਮੱਥਾ ਟੇਕਣ!

ਪਾਂਡਿਆਂ ਦੇ ਕਾਰਨਾਮੇ ਦੇਖ ਕੇ ਜ਼ਿਆਦਾ ਸਮਾ ਖਲੋ ਨਾ ਸਕਿਆ। ਉਨ੍ਹਾਂ ਦੇ ਡਰੋਂ ਸਿੱਧਾ ਮੁਰਦਘਾਟ ਪੁੱਜਿਆ। ਉਸ ਨੂੰ ਪਰਖਣ ਲਈ ਲੱਛਮੀ ਪਾਂਡਾ ਬਣ ਕੇ ਪਿੱਛੇ ਪਹੁੰਚ ਗਈ। ਬਾਣੀਏ ਨੂੰ ਕਿਧਰੇ ਪਾਂਡਾ ਨਹੀਂ ਦਿਖਾਈ ਦਿੱਤਾ। ਕੱਪੜੇ ਪੋਟਲੀਆਂ ਵਿਚ ਰੱਖੇ, ਪਰਨਾ ਲੱਕ ਨਾਲ ਵਲੇਟ ਕੇ ਪਾਣੀ ਵਿਚ ਉਤਰ ਗਿਆ। ਇਸ ਅਵਤਾਰ ਦੀ ਚਰਨਛੁਹ ਪ੍ਰਾਪਤ ਕਰਕੇ ਗੰਗਾ ਜਲ ਪਵਿੱਤਰ ਹੋ ਗਿਆ। ਠੰਢੇ ਪਾਣੀ ਨਾਲ ਸਰੀਰ ਵਿਚ ਕਾਂਬਾ ਛਿੜਿਆ। ਫਿਰ ਵੀ ਪਾਣੀ ਦੀ ਛੂਹ ਚੰਗੀ ਲੱਗੀ। ਪਤਾ ਨਹੀਂ ਕਿੰਨੀਆਂ ਜੜੀਆਂ-ਬੂਟੀਆਂ ਦੀ ਛੋਹ ਇਸ ਵਿਚ ਘੁਲੀ ਹੋਈ ਹੈ। ਛੋਟੀ ਮੋਟੀ ਬਿਮਾਰੀ ਤਾਂ ਇਸੇ ਤਰ੍ਹਾਂ ਗਾਇਬ ਹੋ ਜਾਏਗੀ। ਹਿੰਮਤ ਕਰਕੇ ਪਾਣੀ 'ਚ ਲੱਕ ਤੱਕ ਅੰਦਰ ਚਲਾ ਗਿਆ। ਤਿੰਨ ਚਾਰ ਡੁਬਕੀਆਂ ਲਾ ਕੇ ਅੱਖਾਂ ਖੋਲ੍ਹੀਆਂ। ਸਾਹਮਣੇ ਪਾਂਡਾ ਖੜ੍ਹਾ ਦੇਖ ਕੇ ਚੌਂਕ ਗਿਆ, ਪਰ ਫਿਰ ਸੰਭਲ ਗਿਆ, ਪਾਂਡਾ ਆਪਣਾ ਕੰਮ ਕਰ ਰਿਹੈ, ਕਰੇਗਾ ਈ ਕਰੇਗਾ। ਬਾਣੀਆਂ ਮੁਸਕਾਂਦਾ ਬੋਲਿਆ, "ਤੈਥੋਂ ਡਰਦਾ ਮੈਂ ਮੁਰਦਘਾਟ ਆਇਆ, ਪਰ ਤੂੰ ਇੱਥੇ ਵੀ ਮੇਰਾ ਖਹਿੜਾ ਨਹੀਂ ਛੱਡਦਾ। ਇਹ ਖੁਸ਼ੀ ਦੀ ਹੀ ਗੱਲ ਹੈ...!"

"ਪੀੜ੍ਹੀਆਂ ਦੇ ਪਾਂਡੇ ਨੂੰ ਦੇਖ ਕੇ ਤੁਹਾਡੇ ਵਰਗੇ ਜਜਮਾਨ ਖੁਸ਼ ਨਾ ਹੋਣਗੇ, ਹੋਰ ਕੌਣ ਹੋਵੇਗਾ?"

"ਲੱਛਮੀ ਦੀ ਇਸ ਭਗਤੀ ਦੀ ਮੈਂ ਸ਼ਲਾਘਾ ਕਰਦਾ ਹਾਂ, ਪਰ ਮੈਂ ਵੀ ਤੁਹਾਥੋਂ ਕਿਸੇ ਤਰ੍ਹਾਂ ਘੱਟ ਨਹੀਂ। ਤੁਸੀਂ ਵੀ ਮੇਰੀ ਲੱਛਮੀ ਭਗਤੀ ਦੇ ਬਲਿਹਾਰ ਜਾਓਗੇ।"

"ਲੱਛਮੀ ਭਗਤਾਂ ਦਾ ਹੀ ਤਾਂ ਸਾਨੂੰ ਸਹਾਰਾ ਹੈ। ਦਾਨਵੀਰ ਮੇਰੇ ਜਜਮਾਨ, ਸੱਜੇ ਹੱਥ ਨਾਲ ਮੈਨੂੰ ਸੋਨੇ ਦੀ ਮੋਹਰ ਦਾਨ ਕਰੋ। ਕਲਿਆਣ ਹੋਵੇਗਾ।"

"ਸੱਜੇ ਨਾਲ ਜਾਂ ਖੱਬੇ ਨਾਲ, ਜੋ ਆਪਣੇ ਹੱਥੀਂ ਆਪ ਮੋਹਰ ਦਾਨ ਕਰੇ, ਉਹ ਲੱਛਮੀ ਦਾ ਹਰਗਿਜ਼ ਭਗਤ ਨਹੀਂ, ਘੋਰ ਨਾਸਤਕ ਹੈ!"

"ਜੋ ਮਰਜ਼ੀ ਹੋਵੇ, ਮੈਂ ਤੁਹਾਡੇ ਹੱਥੋਂ ਸੋਨੇ ਦੀ ਮੋਹਰ ਲੈ ਕੇ ਰਹਾਂਗਾ।"

ਦਿਲ ਖੋਲ੍ਹ ਕੇ ਬਾਣੀਏ ਨੂੰ ਗੱਲ ਕਰਨ ਦਾ ਮੌਕਾ ਪਹਿਲੀ ਵਾਰ ਮਿਲਿਆ। ਬੋਲਿਆ, "ਪਾਗਲ

(ਬਾਕੀ ਅਗਲੇ ਸਫੇ 'ਤੇ)

# ਕੰਜੂਸ ਯੋਧਾ

(ਪਿਛਲੇ ਸਫੇ ਦੀ ਬਾਕੀ)

ਤਾਂ ਨਹੀਂ ਹੋ ਗਿਆ? ਮੈਂ ਤਾਂ ਇੱਕ ਕੰਕਰ ਨਹੀਂ ਦਿੰਦਾ ਕਿਸੇ ਨੂੰ। ਮੰਗਣਾ ਤੇਰਾ ਧਰਮ, ਇਨਕਾਰ ਕਰਨਾ ਮੇਰਾ। ਦੋਹਾਂ ਨੂੰ ਇੱਕ ਦੂਜੇ ਦਾ ਆਦਰ ਕਰਨਾ ਚਾਹੀਦੈ। ਤੁਹਾਨੂੰ ਦੇਖ ਕੇ ਮੈਂ ਖੁਸ਼ ਹੋਇਆਂ, ਮੈਨੂੰ ਦੇਖ ਕੇ ਤੁਹਾਨੂੰ ਖੁਸ਼ੀ ਹੋਣੀ ਚਾਹੀਦੀ ਹੈ।"

ਪਾਂਡੇ ਦੇ ਰੂਪ ਵਿਚ ਲੱਛਮੀ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ! ਪਰ ਉਸ ਨੇ ਆਪਣੀ ਖੁਸ਼ੀ ਜਾਹਰ ਨਹੀਂ ਹੋਣ ਦਿੱਤੀ। ਨਿਮਰਤਾ ਨਾਲ ਕਹਿਣ ਲੱਗਾ, "ਕੋਰੀ ਖੁਸ਼ੀ ਨਾਲ ਢਿੱਡ ਨਹੀਂ ਭਰਦਾ ਜਜਮਾਨ! ਕੁਝ ਨਾ ਕੁਝ ਲਏ ਬਿਨਾ ਮੈਂ ਕਿਹੜਾ ਜਾਣ ਵਾਲਾ ਹਾਂ। ਚਲ ਸੋਨੇ ਦੀ ਮੋਹਰ ਨਾ ਸਹੀ, ਚਾਂਦੀ ਦਾ ਰੁਪੱਈਆ ਦੇ ਦੇਹ। ਜੇ ਇਸ ਦਾ ਵੀ ਮਨ ਨ੍ਹੀਂ ਮੰਨਦਾ, ਤਾਂਬੇ ਦਾ ਹੀ ਦੇ ਦੇਹ।"

ਪਾਂਡੇ ਨੂੰ ਥਾਪੀ ਦੇ ਕੇ ਬਾਣੀਆ ਬੋਲਿਆ, "ਸ਼ਾਬਾਸ਼! ਡਟੇ ਰਹੋ ਇਸੇ ਤਰ੍ਹਾਂ। ਜਦ ਤੱਕ ਮੂੰਹ 'ਚ ਜ਼ਬਾਨ ਚਲਦੀ ਹੈ, ਚਲਾਈ ਚੱਲੋ, ਮੰਗੀ ਜਾਓ। ਗੰਗਾ ਦੇ ਪਵਿੱਤਰ ਘਾਟ ਉਪਰ ਤੁਹਾਡੀ ਲੱਛਮੀ ਭਗਤੀ ਦੇਖ ਕੇ ਮਨ ਦੀ ਕਲੀ ਕਲੀ ਖਿੜ ਗਈ। ਮੈਨੂੰ ਤਾਂ ਲਗਦੈ ਸਾਰੇ ਤੀਰਥ, ਧਾਮ, ਧਰਮ ਦਾ ਸਾਰ ਪੈਸੇ ਦੀ ਲੁੱਟ ਖਸੁੱਟ ਹੈ, ਹੋਰ ਕੱਖ ਨਹੀਂ।"

"ਭਗਤੀ ਤੇ ਧਰਮ ਦੀ ਨਿੰਦਿਆ ਕਰਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ? ਤੈਨੂੰ ਪਤਾ ਨਹੀਂ, ਮੈਂ ਸਿੱਧ ਪਾਂਡਾ ਹਾਂ।"

"ਧੰਨ ਹੋ। ਮੇਰਾ ਵੀ ਤੁਹਾਨੂੰ ਪਤਾ ਨਹੀਂ, ਸਿੱਧ ਬਾਣੀਆ ਹਾਂ।"

"ਤੇਰੀ ਜਾਤ ਹੀ ਨਿਕੰਮੀ ਹੈ। ਡਰ ਬਿਨਾ ਤੇਰੇ ਪੇਚ ਢਿੱਲੇ ਨਹੀਂ ਹੋਣੇ।"

"ਗੰਗਾ ਦਾ ਵਗਦਾ ਪਾਣੀ ਡਰਦਾ ਹੋਵੇ ਕਿਸੇ ਤੋਂ, ਤਾਂ ਬਾਣੀਆ ਡਰੇ!"

ਚਿਹਰੇ ਉਪਰ ਡਰ ਦਾ ਪਰਛਾਵਾਂ ਤੱਕ ਕਿੱਧਰੇ ਨਹੀਂ। ਆਪਣੇ ਭਗਤ ਦੀ ਦ੍ਰਿੜਤਾ ਦੇਖ ਕੇ ਲੱਛਮੀ ਬੜੀ ਖੁਸ਼ ਹੋਈ, ਪਰ ਇਹਨੂੰ ਅਜੇ ਤਾਂ ਆਖਰੀ ਸਾਹ ਤੱਕ ਪਰਖਣਾ ਹੈ। ਮੇਰੀ ਭਗਤੀ ਵਿਚ ਕੀ ਇਹ ਜਾਨ ਤੱਕ ਵਾਰ ਸਕਦਾ ਹੈ? ਗੁੱਸੇ ਵਿਚ ਅੱਖਾਂ ਲਾਲ ਕਰਕੇ ਪੰਡਿਤ ਨੇ ਪਾਣੀ ਦੀ ਉਂਗਲੀ ਭਰੀ, ਗੱਜ ਕੇ ਕਿਹਾ, "ਇਹ ਪਾਣੀ ਤੇਰੇ ਉਪਰ ਸੁੱਟਾਂਗਾ, ਤੂੰ ਭਸਮ ਹੋ ਜਾਏਂਗਾ...ਬੋਲ ਕੁਝ ਦਏਂਗਾ ਕਿ ਨਹੀਂ?"

ਬਾਣੀਆ ਕਿੱਥੇ ਡਰਨ ਵਾਲਾ! ਕਹਿਣ ਲੱਗਾ, "ਸਾਰਿਆਂ ਨੇ ਮਰਨਾ ਹੈ ਇੱਕ ਦਿਨ, ਘਬਰਾਉਣਾ ਕਿਸ ਵਾਸਤੇ? ਜਿਉਂਦੇ ਜੀਅ ਆਦਮੀ ਨੂੰ ਆਪਣਾ ਧਰਮ ਨਹੀਂ ਛੱਡਣਾ ਚਾਹੀਦਾ। ਅਸੀਂ ਬਾਣੀਏ ਜਿਹੋ ਜਿਹੇ ਵੀ ਹਾਂ, ਸੋ ਹਾਂ, ਪਰ ਤੁਸੀਂ ਬਾਹਮਣ ਕਿਹੜਾ ਘੱਟ ਹੋ? ਪੈਸੇ ਵਾਸਤੇ ਤੁਸੀਂ ਆਦਮੀ ਨੂੰ ਮਾਰ ਸਕਦੇ ਹੋ, ਪੈਸੇ ਵਾਸਤੇ ਮੈਂ ਮਰਨ ਲਈ ਤਿਆਰ ਹਾਂ। ਕਿਸੇ ਨੂੰ ਮਾਰਨ ਦੀ ਥਾਂ ਮੈਂ ਮਰਨਾ ਪਸੰਦ ਕਰਦਾ ਹਾਂ।"

"ਅੱਛਾ, ਖੈਰ ਕੋਈ ਗੱਲ ਨਹੀਂ। ਆਪਾਂ ਦੋਵੇਂ ਇੱਕੋ ਜਿਹੇ ਹਾਂ। ਲਿਆ ਇੱਕ ਚੁਟਕੀ ਮਿੱਟੀ ਦੇ ਦੇਹ। ਮੇਰੇ ਲਈ ਇਹੋ ਬਹੁਤ। ਆਪਣਾ ਦੋਹਾਂ ਦਾ ਧਰਮ ਨਿਭ ਜਾਏਗਾ।"

"ਪਾਗਲ ਹੋਏ ਹੋ? ਦੇਣ ਦੀ ਗੱਲ ਕਰਦੇ ਹੋ? ਮੈਂ ਤਾਂ ਕਿਸੇ ਨੂੰ ਗਾਲ੍ਹ ਵੀ ਨਹੀਂ ਦਿੰਦਾ, ਤੁਸੀਂ ਚੁਟਕੀ ਮਿੱਟੀ ਦੀ ਮੰਗਦੇ ਹੋ! ਇਹ ਤਾਂ ਵੱਡੀ ਮੰਗ ਕਰ ਲਈ ਹੈ।"

ਪਾਂਡੇ ਦੀ ਹਾਲਤ ਖਰਾਬ ਹੋ ਗਈ। ਹੁਣ ਕੀ ਕਰੇ? ਹੱਥ ਜੋੜ ਕੇ ਬੋਲਿਆ, "ਸੇਠ ਸਵੇਰੇ ਸਵੇਰੇ ਨਾਂਹ ਨਾ ਕਰੋ। ਬੋਹਣੀ ਦਾ ਵੇਲਾ ਹੈ। ਅੱਛਾ, ਇੱਥੇ ਤਾਂ ਇੱਕ ਚੁਟਕੀ ਮਿੱਟੀ ਦੀ ਵੀ ਨਹੀਂ ਦੇਣੀ, ਪਰ ਪਿੰਡ ਜਾ ਕੇ ਤਾਂ ਇੱਕ ਸੀਧਾ (ਰਾਸ਼ਣ) ਦੇ ਦਿਉਗੇ? ਇੱਕ ਸੀਧੇ ਦੀ ਹਾਮੀ ਭਰ ਦਿਉ। ਹੱਥ ਜੋੜ ਕੇ ਬੇਨਤੀ ਕਰਦਾ ਹਾਂ, ਮਨਜ਼ੂਰ ਕਰੋ।"

ਪਾਂਡੇ ਦਾ ਹਠ ਦੇਖ ਕੇ ਬਾਣੀਆਂ ਖੁਸ਼ ਹੋਇਆ। ਸੋਚਿਆ, ਇੱਕ ਸੀਧਾ ਲੈਣ ਵਾਸਤੇ ਕੌਣ ਸੌ ਕੋਹ ਦੂਰ ਪਿੰਡ ਆਊਗਾ? ਜੇ ਹਾਂ ਕਰ ਦਿਆਂ ਤਾਂ ਮੇਰੀ ਜੇਬ ਵਿਚੋਂ ਕੀ ਜਾਂਦਾ ਹੈ? ਏਡੀ ਦੂਰ ਆਉਣ-ਜਾਣ ਵਿਚ ਹੀ ਇਸ ਦੇ ਸੌ ਸੀਧੇ ਲੱਗ ਜਾਣਗੇ। ਪਾਂਡੇ ਨੂੰ ਥਾਪੀ ਦੇ ਕੇ ਕਹਿੰਦਾ, "ਸਾਰੀ ਉਮਰ ਪਹਿਲੀ ਵਾਰ ਕਿਸੇ ਆਦਮਜਾਤ ਨੇ ਖੁਸ਼ ਕੀਤਾ। ਸਿਰਫ ਸੀਧਾ ਲੈਣ ਮੇਰੇ ਪਿੰਡ ਆਏਂ, ਸੀਧਾ ਜ਼ਰੂਰ ਦਿਆਂਗਾ।"

ਪੂਰਾ ਯਕੀਨ ਸੀ ਕਿ ਇੰਨੀ ਦੂਰ ਮਗਜ਼ ਮਾਰਦਾ, ਪੈਂਡਾ ਕੱਟਦਾ ਕਿਹੜਾ ਪਿੰਡ ਆਏਗਾ? ਬੋਹਣੀ ਵਾਸਤੇ ਵਿਚਾਰਾ ਤਰਲੇ ਕਰਕੇ ਹਾਂ ਕਰਵਾਉਣੀ ਚਾਹ ਰਿਹਾ ਹੈ। ਇਸ ਵਾਸਤੇ ਕੀ ਇਨਕਾਰ ਕਰਨਾ? ਹਾਂ ਹਾਂ ਕਰਦੇ ਦੋਵੇਂ ਖੁਸ਼ ਹੋ ਗਏ। ਫਿਰ ਵੀ ਬਾਣੀਏ ਨੇ ਕਿਹਾ, "ਮੈਂ ਸੀਧਾ ਦੇਣ ਦੀ ਹਾਂ ਕੀਤੀ ਹੈ, ਦਿੱਤਾ ਨਹੀਂ। ਮੈਨੂੰ ਤਾਂ ਇਸ 'ਦੇਣ' ਸ਼ਬਦ ਤੋਂ ਖਿਝ ਚੜ੍ਹ ਜਾਂਦੀ ਹੈ।"

ਪਾਂਡਾ ਅਸੀਸ ਦਿੰਦਾ ਬੋਲਿਆ, "ਇੱਕੋ ਗੱਲ ਹੈ। ਮੈਂ ਵੀ ਤੁਹਾਡੇ ਤੋਂ ਹਾਂ ਲਈ ਹੈ। ਸੱਚ ਕਹਾਂ, ਲੈਣ ਸ਼ਬਦ ਤੋਂ ਵੱਧ ਮਿੱਠਾ ਤਾਂ ਮੈਨੂੰ ਰਾਮ ਦਾ ਨਾਮ ਵੀ ਨਹੀਂ ਲਗਦਾ। ਰਾਮ ਦੀ ਮਹਿਮਾ ਇਸ ਲਈ ਗਾਉਂਦੇ ਹਾਂ, ਉਸ ਦੇ ਨਾਮ 'ਤੇ ਲੋਕ ਕੁਝ ਦੇ ਦਿੰਦੇ ਹਨ।"

ਪਾਂਡੇ ਤੋਂ ਖਹਿੜਾ ਛੁਡਾ ਕੇ ਕੰਦਮੂਲ, ਫਲ ਆਦਿਕ ਤੋੜ ਤੋੜ ਖਾਂਦਾ ਖਾਂਦਾ ਬਾਣੀਆ ਪਿੰਡ ਵੱਲ ਤੁਰ ਪਿਆ। ਤੀਰਥ ਯਾਤਰਾ ਦੇ ਨਵੇਂ ਤਜਰਬੇ ਨਾਲ ਉਸ ਦਾ ਮਾਇਆ ਵਿਚ ਵਿਸ਼ਵਾਸ ਹੋਰ ਪੱਕਾ ਹੋ ਗਿਆ।

ਦੇਖਿਆ, ਰਸਤੇ ਵਿਚ ਮਰੇ ਪਸ਼ੂ ਨੂੰ ਗਿਰਝਾਂ ਨੋਚ ਰਹੀਆਂ ਸਨ। ਹੋਠਾਂ 'ਤੇ ਮੁਸਕਾਨ ਤੈਰ ਆਈ, ਜਿਵੇਂ ਸੂਰਜ ਚੜ੍ਹ ਗਿਆ ਹੋਵੇ, ਇਹੋ ਜਿਹੀ ਅਜੀਬ ਮੁਸਕਾਨ! ਭੋਜਨ ਕਰਨ ਵਾਸਤੇ ਆਦਮੀ ਕਿੰਨੀਆਂ ਮੁਸੀਬਤਾਂ ਝਲਦਾ ਹੈ। ਖੇਤੀਬਾੜੀ, ਪੀਹਣਾ, ਪਕਾਣਾ, ਮਿਰਚ ਮਸਾਲਾ, ਪਤਾ ਨਹੀਂ ਕੀ ਕੀ। ਕੇਹਾ ਚੰਗਾ ਹੁੰਦਾ ਇਨ੍ਹਾਂ ਪੰਛੀਆਂ ਵਾਂਗ ਆਦਮੀ ਆਪਣਾ ਪੇਟ ਭਰ ਸਕਦਾ। ਸਾਰਾ ਪੈਸਾ ਰਸੋਈ ਦੇ ਧੂੰਏਂ ਵਿਚ ਹੀ ਉਡ ਜਾਂਦੈ।

ਤੀਰਥ ਯਾਤਰਾ ਪੂਰੀ ਕਰਕੇ ਆਖਰ ਘਰ ਪੁੱਜਾ। ਸੇਠਾਣੀ ਥਾਲ ਵਿਚ ਨਾਰੀਅਲ, ਸੰਧੂਰ, ਗੁੜ ਅਤੇ ਘਿਉ ਦਾ ਦੀਵਾ ਬਾਲ ਕੇ ਆਰਤੀ ਉਤਾਰਨ ਅੱਗੇ ਵਧੀ। ਬਾਣੀਏ ਨੇ ਅੱਖਾਂ ਕੱਢ ਕੇ ਕਿਹਾ, "ਰਾਮ ਜਾਣੇ ਤੈਨੂੰ ਕਦੇ ਅਕਲ ਆਏਗੀ ਵੀ ਕਿ ਨਹੀਂ। ਇਸ ਤਰ੍ਹਾਂ ਬੇਕਾਰ ਘਿਉ ਜਲਾਣ ਦਾ ਕੀ ਫਾਇਦਾ? ਅਰ ਆਹ ਸੰਧੂਰ...!"

ਸੇਠਾਣੀ ਦੇ ਹੱਥ ਕੰਬੇ, "ਬੱਸ ਕਰੋ ਬੱਸ। ਤੀਰਥ ਯਾਤਰਾ ਦਾ ਵੀ ਕੋਈ ਅਸਰ ਨਹੀਂ? ਹੇ ਭਗਵਾਨ!"

"ਭਗਵਾਨ ਦੀ ਮਾਸੀ, ਤੂੰ ਨਾਲ ਜਾਂਦੀ, ਖੁਦ ਦੇਖ ਲੈਂਦੀ, ਸਾਰੇ ਪਾਸੇ ਪੈਸੇ ਬਟੋਰਨ ਦਾ ਜਾਲ ਵਿਛਿਆ ਹੋਇਆ ਹੈ। ਗੰਗਾ ਜਾਣੈ, ਜਾਓ, ਠੀਕ ਹੈ, ਪਰ ਹਰ ਪਾਸੇ ਪੈਸੇ ਦੀ ਲੁੱਟ ਖਸੁੱਟ। ਤੀਰਥ, ਧਰਮ, ਭਗਵਾਨ, ਮੁਕਤੀ, ਸਭ ਬਹਾਨੇ। ਸੇਠਾਣੀ ਦਾ ਮੱਥਾ ਠਣਕਿਆ, ਬੋਲੀ, "ਪਾਂਡਿਆਂ ਨੂੰ ਕੁਝ ਦੱਖਣਾ ਬੱਖਣਾ ਦਿੱਤੀ ਕਿ ਨਹੀਂ?"

"ਤੈਨੂੰ ਪਤਾ ਨਹੀਂ ਕੁਝ ਦੇਣਾ ਮੇਰੇ ਵਾਸਤੇ ਕਿੱਡਾ ਪਾਪ ਹੈ? ਫੇਰ ਵੀ ਇਹ ਸੋਚ ਕੇ ਕਿ ਤੂੰ ਬੁੜਬੁੜ ਕਰੇਂਗੀ, ਲਿਹਾਜ ਸਦਕਾ ਪਾਂਡੇ ਨੂੰ ਇੱਕ ਸੀਧੇ ਦੀ ਹਾਂ ਕਰ ਆਇਆਂ।"

ਉਹ ਦੰਗ ਰਹਿ ਗਈ, "ਇੰਨੀ ਦੂਰ ਸੀਧਾ ਲੈਣ ਲਈ ਅਕਲ ਦਾ ਅੰਨ੍ਹਾ ਹੀ ਆਏਗਾ। ਚਲੋ ਹਾਂ ਕਰਨ ਨਾਲ ਤੁਹਾਡਾ ਕੀ ਘਟਿਆ।"

ਪਰ ਉਸ ਅਕਲ ਦੇ ਅੰਨ੍ਹੇ ਪਾਂਡੇ ਨੂੰ ਕਿਤੇ ਆਉਣ-ਜਾਣ ਦੀ ਲੋੜ ਹੀ ਨਹੀਂ ਸੀ। ਉਹ ਤਾਂ ਉਸ ਦੇ ਘਰ ਵਿਚ ਹੀ ਵਸਦਾ ਸੀ! ਪੰਜਵੇਂ ਦਿਨ ਪਾਂਡਾ ਆ ਧਮਕਿਆ। ਬਾਹਰ ਚਬੂਤਰੇ 'ਤੇ ਬੈਠੀ, ਚਿਲਮ ਦੀ ਰਾਖ ਨਾਲ ਸੇਠਾਣੀ ਦੰਦਾਂ 'ਤੇ ਮੰਜਨ ਕਰ ਰਹੀ ਸੀ। ਰਾਮ ਰਾਮ ਕਰਨ ਬਾਅਦ ਪਾਂਡੇ ਨੇ ਪੁੱਛਿਆ, "ਸੇਠ ਜੀ ਕਿੱਥੇ ਨੇ?"

ਮੰਜਨ ਕਰਦੀ ਕਰਦੀ ਬੋਲੀ, "ਕੀ ਕੰਮ ਹੈ?" ਸੀਧੇ ਦੀ ਗੱਲ ਸੁਣਨ ਸਾਰ ਉਸ ਦੀਆਂ ਅੱਖਾਂ ਅਸਮਾਨੀ ਚੜ੍ਹ ਗਈਆਂ। ਗੌਰ ਨਾਲ ਦੇਖਦੀ ਹੋਈ ਹੈਰਾਨੀ ਨਾਲ ਪੁੱਛਣ ਲੱਗੀ, "ਹਰਿਦੁਆਰ ਤੋਂ ਸੀਧਾ ਲੈਣ ਆਏ ਹੋ? ਧੰਨ ਹੋ! ਤੁਸੀਂ ਕਿਹੜਾ ਸੇਠ ਤੋਂ ਘੱਟ ਹੋ!"

ਸੇਠਾਣੀ ਵਾੜੇ ਵਿਚ ਗਈ, ਜਿੱਥੇ ਸੇਠ ਨੇੜ੍ਹੀ ਵਿਚ ਉਡ ਕੇ ਆਇਆ ਘਾਹ ਫੂਸ ਰਸੋਈ ਵਾਸਤੇ ਇਕੱਠਾ ਕਰਨ ਲੱਗਾ ਹੋਇਆ ਸੀ। ਸੇਠਾਣੀ ਦੀ ਕੰਬਦੀ ਅਵਾਜ਼ ਸੁਣੀ, "ਗੱਲ ਸੁਣਦੇ ਹੋ? ਸੀਧਾ ਲੈਣ ਵਾਸਤੇ ਤੁਹਾਡਾ ਉਹ ਪਾਂਡਾ ਦਰਵਾਜੇ 'ਤੇ ਖੜ੍ਹਾ ਹੈ। ਬੇਚਾਰਾ ਕਿੰਨੀ ਦੂਰੋਂ ਲੱਤਾਂ ਘਸੀਟਦਾ ਆਇਐ। ਜਲਦੀ ਸੀਧਾ ਦਿਉ ਤੇ ਵਿਦਾ ਕਰੋ।"

ਲਾਲਾ ਹੱਕਾ-ਬੱਕਾ! ਦਿਲ ਵਿਚ ਆਇਆ ਕਿ ਇਸ ਫਰਿਸ਼ਤੇ ਦੇ ਦਰਸ਼ਨ ਕੀਤੇ ਜਾਣ, ਪਰ ਫੇਰ ਸੀਧਾ ਦੇਣਾ ਪੈਣੈ। ਹਾਰ ਕਿਵੇਂ ਮੰਨੇ? ਭੋਲਿਆ, "ਕਹਿ ਦੇ ਸੇਠ ਦੇ ਪੇਟ ਵਿਚ ਜਬਰਦਸਤ ਦਰਦ ਹੋ ਰਿਹੈ। ਕੱਲ੍ਹ ਆਈਂ। ਸਾਡੀ ਜਾਨ ਨਿਕਲ ਰਹੀ ਹੈ ਤੈਨੂੰ ਸੀਧੇ ਦੀ ਪਈ ਹੈ!"

"ਮਾਮੂਲੀ ਸੀਧੇ ਵਾਸਤੇ ਕਿਉਂ ਬਹਾਨੇ ਘੜਦੇ ਹੋ? ਬੇਚਾਰਾ ਸੌ ਕੋਹ ਤੋਂ ਆਸ ਲੈ ਕੇ ਆਇਆ ਹੈ। ਨਾਲੇ ਖਾਨਦਾਨੀ ਪਾਂਡਾ ਹੈ, ਉਸ ਨਾਲ ਧੋਖਾ ਠੀਕ ਨਹੀਂ।

ਤੀਲੇ ਡੱਕੇ ਚੁਗਦਾ ਚੁਗਦਾ ਸੇਠ ਬੋਲਿਆ, "ਤੈਨੂੰ ਸਮਝ ਨਹੀਂ। ਜੋ ਕਹੀ ਜਾਣਾ ਕਰੀ ਚੱਲ। ਤੈਂ ਵਾਦਾ ਕੀਤਾ ਸੀ ਕਿ ਹਰਿਦੁਆਰ ਤੋਂ ਆਉਣ ਬਾਅਦ ਤੂੰ ਮੇਰਾ ਆਖਾ ਮੰਨਿਆ ਕਰੇਂਗੀ। ਬੇਕਾਰ ਬਹਿਸ ਨਾ ਕਰ। ਜੋ ਮੈਂ ਦੱਸਿਆ, ਕਹਿ ਦੇ। ਤੈਨੂੰ ਲਗਦੈ ਸੀਧਾ ਮਾਮੂਲੀ ਚੀਜ਼ ਹੁੰਦੀ ਐ। ਜਿਸ ਸੀਧੇ ਖਾਤਰ ਉਹ ਸੌ ਕੋਹ ਚੱਲ ਕੇ ਆਇਐ, ਤੇਰਾ ਖਿਆਲ ਐ ਮੈਂ ਘਰ ਬੈਠਾ ਬੈਠਾ ਫੜਾ ਦਿਆਂ? ਪਾਗਲ ਨ੍ਹੀਂ ਹੋਇਆ ਮੈਂ। ਦੋ ਅਵਤਾਰਾਂ ਦੀ ਲੜਾਈ ਹੋਣ ਲੱਗੀ ਹੈ, ਦੇਖੀ ਚੱਲ ਕਿ ਕੌਣ ਜਿਤਦਾ, ਕੌਣ ਹਾਰਦਾ। ਦੁਨੀਆਂ ਫਤਿਹ ਕਰਨ ਨਾਲੋਂ ਔਖਾ ਕੰਮ ਐ ਇਹ! ਕਿਤੇ ਅੰਦਰ ਈ ਨਾ ਲੰਘ ਆਏ!"

ਪੇਟ ਦਰਦ ਦੀ ਗੱਲ ਸੁਣ ਕੇ ਪਾਂਡਾ ਕਹਿੰਦਾ, "ਚਿੰਤਾ ਦੀ ਕੀ ਗੱਲ? ਇਸ ਦਾ ਇਲਾਜ ਤਾਂ ਮੇਰੇ ਖੱਬੇ ਹੱਥ ਦੀ ਖੇਡ ਹੈ। ਇੱਕ ਚੁਟਕੀ ਨਾਲ ਠੀਕ ਕਰ ਦਿੰਨਾ।"

ਸੇਠਾਣੀ ਬੋਲੀ, "ਸੇਠ ਜੀ ਕਿਸੇ ਹੋਰ ਤੋਂ ਇਲਾਜ ਨ੍ਹੀਂ ਕਰਵਾਉਂਦੇ, ਚਾਹੇ ਧਨਵੰਤਰੀ ਵੈਦ ਆ ਜਾਵੇ।"

"ਕੋਈ ਗੱਲ ਨ੍ਹੀਂ, ਰਾਮ ਖੈਰ ਵਰਤਾਉਣ, ਮੈਂ ਕੱਲ੍ਹ ਨੂੰ ਪਤਾ ਲੈਣ ਆ ਜਾਊਂਗਾ।"

ਅਗਲੇ ਦਿਨ ਪਾਂਡਾ ਪਤਾ ਲੈਣ ਆਇਆ। ਘਰ ਵਿਚ ਰੋਣ, ਪਿਟ ਸਿਆਪਾ ਹੋ ਰਿਹਾ ਸੀ। ਛਾਤੀ ਕੁਟਦੀ ਸੇਠਾਣੀ ਉਚੀ ਉਚੀ ਰੋ ਰਹੀ ਸੀ। ਸੇਠ ਦੇ ਆਪਣੀ ਤਾਂ ਕੋਈ ਔਲਾਦ ਨਹੀਂ ਸੀ, ਭਤੀਜਾ ਭੱਜਾ ਆਇਆ। ਆਉਣ ਸਾਰ ਮੌਤ ਦਾ ਭੇਦ ਖੁੱਲ੍ਹ ਗਿਆ। ਸੇਠ ਨੇ ਸਮਝਾਇਆ, "ਬੇਟੇ ਮੇਰੀ ਇੱਜਤ ਹੁਣ ਤੇਰੇ ਹੱਥ। ਕਿਤੇ ਪਾਂਡੇ ਤੋਂ ਹਰਾ ਨਾ ਦੇਈਂ। ਮਰਨਾ ਕਬੂਲ, ਆਪਣਾ ਧਰਮ ਨ੍ਹੀਂ ਛੱਡੀਦਾ। ਆਪਣੇ ਘਰਾਣੇ ਦਾ ਨੱਕ ਨਾ ਕਟ ਜਾਵੇ। ਆਦਮੀ ਦਾ ਸਭ ਤੋਂ ਵੱਡਾ ਗੁਣ ਕੰਜੂਸੀ ਹੈ।"

ਭਤੀਜਾ ਰੋਂਦਾ ਰੋਂਦਾ ਬਾਹਰ ਆਇਆ, ਬੋਲਿਆ, "ਚਾਚਾ ਜੀ ਚੱਲ ਵਸੇ।" ਧਾਹਾਂ ਮਾਰ ਮਾਰ ਰੋਣ ਲੱਗਾ। ਫਿਰ ਪਾਂਡੇ ਨੂੰ ਕਿਹਾ, "ਤੁਹਾਨੂੰ ਬੜੀ ਤਕਲੀਫ ਹੋਈ, ਪਰ ਮੌਤ ਅੱਗੇ ਕਿਸ ਦਾ ਜ਼ੋਰ? ਹੁਣ ਸੀਧਾ ਕਿਵੇਂ ਦੇਈਏ? ਹਰਿਦੁਆਰ ਜਾਓ, ਉਥੇ ਦੇ ਆਵਾਂਗੇ ਫੁੱਲ ਪਾਉਣ ਗਏ ਤਾਂ।"

ਅੱਖਾਂ ਵਿਚ ਹੰਝੂ ਲਟਕਾ ਕੇ ਪਾਂਡਾ ਬੋਲਿਆ, "ਇਹ ਕਿਵੇਂ ਹੋ ਸਕਦੈ? ਸੇਠ ਮੇਰਾ ਖਾਸ ਜਜਮਾਨ ਸੀ। ਸੀਧੇ ਨੂੰ ਮਾਰੋ ਗੋਲੀ। ਉਹ ਮਰ ਗਏ, ਮੈਨੂੰ ਏਨਾ ਨੀਚ ਸਮਝਦੇ ਹੋ ਕਿ ਦਾਹ ਸਸਕਾਰ ਕਰਵਾਏ ਬਿਨਾ ਚਲਾ ਜਾਵਾਂ? ਕਿਰਿਆ ਕਰਕੇ ਜਾਊਂਗਾ।"

ਭਤੀਜਾ ਰੋਂਦਾ ਰੋਂਦਾ ਅੰਦਰ ਗਿਆ। ਸਾਰੀ ਗੱਲ ਦੱਸੀ। ਸੁਣ ਕੇ ਸੇਠ ਜੋਸ਼ ਵਿਚ ਆ ਗਿਆ, ਬੋਲਿਆ, "ਬੇਟੇ ਡਰਦਾ ਕਿਉਂ ਹੈਂ? ਪਾਂਡੇ ਦੇ ਕਹੇ ਕਹਾਏ ਸੀਧਾ ਦੇ ਦਿਆਂ, ਮਾਂ ਦੇ ਦੁੱਧ ਨੂੰ ਲਾਜ ਲੱਗੇਗੀ। ਤੂੰ ਫਿਕਰ ਨਾ ਕਰ। ਮੈਨੂੰ ਜਿਉਂਦੇ ਨੂੰ ਅੱਗ ਲਾ ਦਿਊ, ਪਰਵਾਹ ਨੀ, ਪਰ ਮੇਰਾ ਸਿਰ ਇਸ ਪਾਂਡੇ ਅੱਗੇ ਝੁਕਣਾ ਨ੍ਹੀਂ ਚਾਹੀਦਾ। ਮੈਂ ਦੁਨੀਆਂ ਨੂੰ ਦਸ ਦਊਂਗਾ, ਮੈਂ ਕੀ ਹੁੰਨਾਂ। ਤੁਸੀਂ ਕਿਰਿਆ ਦੀ ਤਿਆਰੀ ਕਰਕੇ ਰੋਂਦੇ ਰੋਂਦੇ ਮੈਨੂੰ ਸ਼ਮਸ਼ਾਨਘਾਟ ਲੈ ਚੱਲੋ। ਰਸਤੇ ਵਿਚ ਕੋਈ ਗੱਲ ਪੁੱਛਣ ਨਾ ਲੱਗ ਜੀਂ ਕਿਤੇ। ਪਾਂਡੇ ਨੂੰ ਸ਼ੱਕ ਹੋ ਜਾਣੈ ਫਿਰ।"

ਚਾਚੇ ਦੀ ਜ਼ਿੱਦ ਅੱਗੇ ਭਤੀਜੇ ਦੀ ਕੀ ਔਕਾਤ? ਅਰਥੀ 'ਤੇ ਲਿਟਾ ਕੇ ਭਤੀਜਾ ਉਪਰ ਚਾਦਰ ਪਾਉਣ ਵਾਸਤੇ ਨਵਾਂ ਥਾਨ ਪਾੜਨ ਲੱਗਾ ਹੀ ਸੀ ਕਿ ਸੇਠ ਨੂੰ ਗੁੱਸਾ ਆ ਗਿਆ, "ਓ ਪਾਗਲ, ਕੋਈ ਪੁਰਾਣਾ ਕੱਪੜਾ ਪਾ ਦੇਹ। ਨਵਾਂ ਖਰਾਬ ਕਰਨੈ?"

ਭਤੀਜਾ ਹੰਝੂ ਪੂੰਝਦਾ ਬੋਲਿਆ, "ਠੀਕ ਐ ਚਾਚਾ।"

ਸੇਠਾਣੀ ਗੁੱਸੇ ਵਿਚ ਬੋਲੀ, "ਤੈਨੂੰ ਲਗਦੈ ਮੁੰਡਿਆ ਇਹ ਮੁਫਤ ਦਾ ਮਾਲ ਤੇਰਾ ਹੀ ਹੈ, ਸੋ ਇਹੋ ਜਿਹੀ ਗੱਲ ਮੰਨੇਗਾ ਹੀ ਤੂੰ।"

ਸੇਠ ਦਾ ਹਠ ਦੇਖ ਕੇ ਘਰ ਵਾਲੇ ਸਾਰੇ ਰੋਣ ਲੱਗੇ। ਉਸ ਨੇ ਵੀ ਇੱਜਤ ਰੱਖਣ ਲਈ ਜਿਉਂਦੇ ਜੀਅ ਸੜਨ ਦਾ ਫੈਸਲਾ ਕਰ ਲਿਆ, ਪਰ ਮਨ ਨੂੰ ਕਿਵੇਂ ਸਮਝਾਏ? ਘਰਦਿਆਂ ਨੂੰ ਪਹਿਲੋਂ ਹੀ ਧਮਕੀ ਦੇ ਰੱਖੀ ਸੀ ਕਿ ਜੇ ਕਿਸੇ ਨੇ ਮੇਰੇ ਪ੍ਰਣ ਵਿਚ ਵਿਘਨ ਪਾਉਣ ਦੀ ਸੋਚੀ, ਮੈਂ ਖੂਹ ਵਿਚ ਛਾਲ ਮਾਰ ਦਿਆਂਗਾ। ਜਿਊਣ ਦਾ ਧਿਰਗ ਤਾਂ ਫਿਰ ਰਹੇਗਾ ਈ ਨਹੀਂ! ਉਸ ਸੂਰਬੀਰ ਦੇ ਹਠ ਅੱਗੇ ਕਿਸੇ ਦੀ ਇੱਕ ਨਾ ਚੱਲੀ।

ਸੇਠ ਨੇ ਸਾਹ ਉਪਰ ਚੜ੍ਹਾ ਲਿਆ। ਅਰਥੀ ਚੁੱਕਣ ਵੇਲੇ ਸੇਠਾਣੀ ਨੇ ਕਿਹਾ, "ਮੇਰੀ ਸਹੁੰ, ਅਜੇ ਵੀ ਮੰਨ ਜਾਓ। ਇੱਕ ਸੀਧੇ ਖਾਤਰ ਕਿਉਂ ਜਾਨ ਗਵਾਉਣ ਲੱਗੇ ਹੋ! ਸਾਨੂੰ ਰੋਂਦੇ ਦੇਖ ਕੇ ਤਰਸ ਨਹੀਂ ਆਉਂਦਾ?"

ਸੇਠ ਦਾ ਇੱਕੋ ਜਵਾਬ, "ਮੈਂ ਦੁਨੀਆਂ ਵਿਚ ਐਵੇਂ ਨੀ ਆਇਆ। ਕੰਜੂਸੀ ਦਾ ਨਾਮ ਰੋਸ਼ਨ ਕਰਾਂਗਾ। ਮੇਰੇ ਪਿੱਛੋਂ ਤੁਸੀਂ ਵੀ ਮੇਰੀ ਆਨ ਰੱਖਿਓ! ਕਿਤੇ ਮੇਰੇ ਨਾਂ ਨੂੰ ਕਲੰਕ ਨਾ ਲਾ ਦਿਓ। ਲੱਕੜਾਂ ਦੀ ਬੱਚਤ ਕਰਿਓ। ਸੁਕਿਆ ਹੋਇਆ ਤਾਂ ਹਾਂ ਮੈਂ। ਅੱਧੀਆਂ ਲੱਕੜਾਂ ਨਾਲ ਕੰਮ ਚੱਲ ਜੂ। ਹੁਣ ਦੇਰ ਨਾ ਕਰੋ। ਗੱਲ ਦੀ ਭਾਫ ਨਾ ਨਿਕਲੇ।"

ਜਿਉਂਦੇ ਪਤੀ ਦੀ ਅਰਥੀ ਉਠਦੀ ਦੇਖ ਕੇ ਸੇਠਾਣੀ ਦੁਹੱਥੜੇ ਪਿੱਟਣ ਲੱਗੀ। ਇੰਨਾ ਦਰਦ ਮੌਤ ਦੇ ਮਾਤਮ ਦਾ ਨਹੀਂ ਹੋਇਆ ਕਰਦਾ, ਜਿੰਨਾ ਜਿਉਂਦੇ ਦਾ; ਪਰ ਇਹ ਯੋਧਾ ਬਿਲਕੁਲ ਬੇਚੈਨ ਨਹੀਂ। ਜਿਵੇਂ ਅਰਥੀ ਉਪਰ ਕਾਹਨੂੰ, ਪਲੰਘ 'ਤੇ ਲੇਟਿਆ ਹੋਵੇ! ਸ਼ਮਸ਼ਾਨਘਾਟ ਤੱਕ ਹਿੱਲਿਆ ਤੱਕ ਨਹੀਂ। ਅਰਥੀ ਚਿਖਾ ਉਪਰ ਰੱਖੀ ਤਾਂ ਵੀ ਅਡੋਲ। ਰੋਣ ਬਹਾਨੇ ਭਤੀਜੇ ਨੇ ਕੰਨ ਨੇੜੇ ਮੂੰਹ ਲਿਜਾ ਕੇ ਕਿਹਾ, "ਚਾਚਾ ਹੁਣ ਵੀ ਮੰਨ ਜਾ। ਲੋਕ ਕਿਹਾ ਕਰਨਗੇ ਪੈਸੇ ਦੇ ਲੋਭ ਵਿਚ ਭਤੀਜੇ ਨੇ ਚਾਚਾ ਜਿਉਂਦਾ ਜਲਾ ਦਿੱਤਾ।"

"ਲੋਕ ਕਹਿੰਦੇ ਨੇ ਬੇਟੇ ਕਹੀ ਜਾਣ, ਲੋਕਾਂ ਦੀ ਜ਼ਬਾਨ ਕੋਈ ਨ੍ਹੀਂ ਫੜ ਸਕਿਆ। ਮੇਰੇ ਮਰਨ ਪਿਛੋਂ ਤੂੰ ਪੁੰਨ ਦਾਨ ਉਪਰ ਇੱਕ ਕੌਡੀ ਵੀ ਖਰਚ ਕੀਤੀ ਤਾਂ ਮੇਰੀ ਗਤੀ ਨ੍ਹੀਂ ਹੋਣੀ। ਤੂੰ ਪਾਪ ਵਿਚ ਡੁੱਬ ਜਾਏਂਗਾ। ਹੁਣ ਸੋਚਦਾ ਕੀ ਐਂ? ਅੱਗ ਲਾਉਣ ਦੀ ਕਰ।"

ਹੁਣ ਹੋਰ ਕੀਤਾ ਵੀ ਕੀ ਜਾ ਸਕਦੈ? ਅਗਨੀ ਦੇਣੀ ਪਈ। ਚਿਤਾ ਲਟ ਲਟ ਕਰਕੇ ਬਲ ਉਠੀ। ਕੰਜੂਸ ਸੇਠ ਹਿੱਲਿਆ ਤੱਕ ਨਹੀਂ...!

ਹੈਰਾਨ ਹੋਏ ਲੋਕ ਕੀ ਦੇਖਦੇ ਹਨ, ਅਚਾਨਕ ਆਸਮਾਨ ਵੱਲੋਂ ਫੁੱਲਾਂ ਦੀ ਬਾਰਸ਼ ਹੋਣੀ ਸ਼ੁਰੂ ਹੋ ਗਈ! ਚਿਤਾ ਦੀ ਅੱਗ ਉਪਰ ਫੁੱਲ ਡਿੱਗਣ ਲੱਗੇ, ਅੱਗ ਬੁਝਦੀ ਗਈ। ਦੇਖਦੇ ਦੇਖਦੇ ਚਿਤਾ ਠੰਡੀ ਹੋ ਗਈ। ਲੱਕੜਾਂ ਆਪੇ ਪਰ੍ਹੇ ਸਰਕ ਗਈਆਂ। ਕੰਜੂਸ ਸੂਰਮਾ ਕੱਪੜੇ ਝਾੜਦਾ ਝਾੜਦਾ ਖੜ੍ਹਾ ਹੋ ਗਿਆ। ਦੇਵਤੇ ਚੌਰ ਕਰਨ ਲੱਗੇ, ਪਰੀਆਂ ਆਰਤੀ ਉਤਾਰਨ ਲੱਗੀਆਂ, ਲੱਛਮੀ ਸਾਖਿਆਤ ਦੇਹ ਧਾਰ ਕੇ ਪ੍ਰਗਟ ਹੋ ਗਈ! ਸੇਠ ਦੇ ਸਿਰ ਉਪਰ ਹੱਥ ਧਰਕੇ ਬੋਲੀ, "ਬੇਟੇ, ਮੈਂ ਤੇਰੀ ਪਰਖ ਕਰ ਲਈ। ਤੇਰੇ ਜਿਹਾ ਬੀਰ ਅੱਜ ਤੱਕ ਜੰਮਿਆ ਨਹੀਂ ਕਿਤੇ ਕੋਈ। ਤੇਰਾ ਵੀ ਨਾਮ ਅਮਰ ਹੋਇਆ, ਤੇਰੇ ਕਰਕੇ ਮੇਰਾ ਵੀ। ਮੈਂ ਬਹੁਤ ਖੁਸ਼ ਹਾਂ, ਤੇਰੇ 'ਤੇ ਮਿਹਰਬਾਨ ਹਾਂ। ਤੇਰੀ ਹਰ ਕਾਮਨਾ ਹੁਣ ਪੂਰੀ ਹੋਇਆ ਕਰੇਗੀ। ਬੋਲ ਤੇਰੀ ਕੀ ਇੱਛਾ ਹੈ? ਸੁਰਗ ਦਾ ਰਾਜ ਸਿੰਘਾਸਣ? ਕੁਬੇਰ ਦਾ ਖਜਾਨਾ ਕਿ ਦੁਨੀਆਂ ਦਾ ਚੱਕਰਵਰਤੀ ਰਾਜ ਹਮੇਸ਼ਾਂ ਹਮੇਸ਼ ਲਈ? ਹਰ ਮੰਗ ਪੂਰੀ ਕਰਕੇ ਲੋਪ ਹੋਵਾਂਗੀ।"

ਹੱਥ ਜੋੜ ਕੇ ਧੀਰਜ ਨਾਲ ਬਾਣੀਏ ਨੇ ਕਿਹਾ, "ਮੈਨੂੰ ਕੁਝ ਨਹੀਂ ਚਾਹੀਦਾ ਮਾਂ। ਮਿਹਰਬਾਨ ਹੋਈ ਹੈਂ ਤਾਂ ਪਾਂਡੇ ਦਾ ਸੀਧਾ ਮਾਫ ਕਰਵਾ ਦੇਹ। ਉਹਨੂੰ ਹਰਿਦੁਆਰ ਭੇਜ ਦੇ। ਮੈਂ ਸਮਝੂੰਗਾ ਸਭ ਕੁਝ ਪਾ ਲਿਆ।"

## ਸੁਣ ਧਰਤੀਏ ਪੰਜਾਬ ਦੀਏ

ਸੁਣ ਧਰਤੀਏ ਪੰਜਾਬ ਦੀਏ,
ਗੁਰਾਂ ਪੀਰਾਂ ਦੀਏ ਧੀਏ।
ਸਵਾਲ ਮੇਰੇ, ਤੂੰ ਉਤਰ ਦੇ ਦੇ,
ਬੂੰਦ ਨੂੰ ਤਰਸਣ ਪਪੀਹੇ।

ਸੋਹਣੀ ਅਤੇ ਸੁਨੱਖੀ ਤੂੰ ਸੀ,
ਚਾਅ ਰਹਿੰਦਾ ਸੀ ਚੜ੍ਹਿਆ।
ਨਿਕਲਦਾ ਨਹੀਂ ਸੀ ਏਸ ਸਵਰਗ 'ਚੋਂ,
ਜੋ ਏਥੇ ਆ ਵੜਿਆ।
ਸੁਣਿਆ ਲੋਕੀਂ ਗੱਲਾਂ ਕਰਦੇ,
ਸੋਨ ਚਿੜੀ ਵੀ ਸੀ ਏਹ...।

ਜਿੱਥੇ ਬਹਿ ਲਿਖੀ ਗੁਰਾਂ ਨੇ ਬਾਣੀ,
ਭਗਤਾਂ ਭਗਤੀ ਕੀਤੀ।
ਕਿਹੋ ਜਿਹਾ ਸੀ ਵੇਲਾ ਓਹ ਵੀ,
ਮੈਂ ਸੁਣਨੀ ਹੱਡ ਬੀਤੀ।
ਬਾਬੇ ਨਾਨਕ ਦੇ ਪੈਰ ਤੂੰ ਚੁੰਮੇ,
ਤੇਰੀ ਕਿਸਮਤ ਸੀ ਏਹ...।

ਬੁੱਲੇ ਸ਼ਾਹ ਤੇ ਵਾਰਿਸ ਸ਼ਾਹ ਦੇ,
ਗੀਤ ਤੇ ਕਿੱਸੇ ਗੂੰਜਣ।
ਸ਼ਿਵ ਦੇ ਗੀਤਾਂ ਦੇ ਵੀ ਹੰਝੂ,
ਪੰਜਾਬ ਦੇ ਲੋਕੀਂ ਪੂੰਝਣ।
ਸੱਚ ਦੇ ਆਸ਼ਿਕ, ਹੱਕ ਦੇ ਆਸ਼ਿਕ,
ਲੋਕ ਵੀ ਹੁੰਦੇ ਸੀ ਏਹ...।

ਛਿੰਝਾਂ ਵਿਚ ਸੀ ਦਾਰੇ ਗੱਜਦੇ,
ਦੁੱਧ ਮੱਖਣਾਂ ਦੇ ਪਾਲੇ।
ਸੁਣਿਆ ਹੈ, ਸਿੱਖ ਉਡਣੇ ਮਿਲਖੇ,
ਸੰਸਾਰਪੁਰ ਹਾਕੀ ਵਾਲੇ।
ਗੁੱਟ ਫੜ ਕੇ ਏਹ ਨਹੀਂ ਛੱਡਦੇ ਸੀ,
ਵਿਚ ਕਬੱਡੀਆਂ ਵੀ ਏਹ...।

ਪੰਜਾਬ ਦੇ ਗੱਭਰੂ ਲਾ ਕੇ ਡੌਂਕੀਆਂ,
ਵਿਚ ਪਰਦੇਸਾਂ ਜਾਵਣ।
ਅੱਧੇ ਤਾਂ ਰਾਹੀਂ ਮਰ ਖੱਪ ਜਾਂਦੇ,
ਅੱਧੇ ਸਰ ਕਰ ਪਾਵਣ।
ਪੰਜਾਬ ਦੇ ਲੀਡਰਾਂ ਦੀ ਨੀਅਤ
ਨੀਂ ਦੱਸੀਂ ਜ਼ਰਾ ਕੀ ਏ...।

ਚਿੱਟੇ ਦੇ ਸੌਦਾਗਰਾਂ ਚਿੱਟਾ,
ਪੰਜਾਬ 'ਚ ਕਿਵੇਂ ਪਹੁੰਚਾਇਆ।
ਕਿਨ੍ਹਾਂ ਦੀਆਂ ਗਿਣੀਆਂ ਮਿੱਥੀਆਂ ਚਾਲਾਂ,
ਧਰਮ 'ਚ ਅ-ਧਰਮ ਰਚਾਇਆ।
ਆਪਣੇ ਧੀਆਂ ਪੁੱਤਰ ਨਸ਼ਿਆਂ 'ਤੇ,
ਲਾਉਂਦੇ ਵੀ ਨੇ ਕੀ ਏਹ...?

ਸੰਨ ਸੰਤਾਲੀ ਨਹੀਂ ਸੀ ਭੁੱਲਿਆ,
ਫੇਰ ਚੁਰਾਸੀ ਆਇਆ।
ਨਸਲਕੁਸ਼ੀ ਵੀ ਕੀਤੀ ਜ਼ਾਲਮਾਂ,
ਅਕਾਲ ਤਖਤ ਵੀ ਢਾਹਿਆ।

ਬੇਕਸੂਰ ਤੇ ਨਿਹੱਥੇ ਕਿਉਂ ਮਾਰੇ,
ਲੱਖਾਂ ਮਾਰ ਕੇ ਦੱਸਦੇ ਵੀਹ ਏਹ...।

ਰਸਾਇਣਕ ਖਾਦਾਂ ਪਾ-ਪਾ ਕਰ ਲਈ
ਬੰਜਰ ਧਰਤੀ ਮਾਂ ਵੀ।
ਦੁਸ਼ਮਣ ਬਰਬਾਦ ਤੇ ਕਰਨਗੇ ਸਾਨੂੰ,
ਗੁਨਾਹਗਾਰ ਅਸੀਂ ਹਾਂ ਵੀ।
ਜ਼ਹਿਰ ਪਿਲਾਵੇ ਜੇ ਕੋਈ ਸਾਨੂੰ,
ਖੁੱਲ੍ਹੀਆਂ ਅੱਖਾਂ ਅਸੀਂ ਪੀਈਏ...।

ਐਨ. ਆਰ. ਆਈ. ਵੀ ਤੜਫਣ ਬੈਠੇ,
ਕਿਸ 'ਤੇ ਆਸ ਪ੍ਰੋਵਣ।
ਘਰ ਬਾਹਰ ਜਿਹਦਾ ਉਜੜਦਾ ਹੋਵੇ,
ਵਿੱਡ ਦੇ ਮੁੱਕੀਆਂ ਰੋਵਣ।
'ਸੁਖਵਿੰਦਰ ਬੋਦਲਾਂਵਾਲਿਆ' ਰੱਖੀ,
ਉਜਾੜਨ ਦੀ ਕਿਸ ਨੀਂਹ ਏਹ...?

ਸੁਣੋ ਪੰਜਾਬੀਓ, ਸੁਣ ਲਓ ਉਠੋ,
ਖੂਨੋ ਅਣਖ ਜਗਾਵੋ।
ਪੁਰਾਣੇ ਚੋਲੇ ਲਾਹ ਕੇ ਸੁੱਟ ਦਿਓ,
ਨਵਿਆਂ ਨੂੰ ਅਜ਼ਮਾਵੋ।
ਓਹੀ ਰੱਬ ਨੂੰ ਪਾਵਣ ਜੋ ਬੋਲਣ,
ਅੰਮ੍ਰਿਤ ਵੇਲੇ ਬਬੀਹੇ...।
ਸਵਾਲ ਮੇਰੇ, ਤੂੰ ਉਤਰ ਦੇ ਦੇ,
ਬੂੰਦ ਨੂੰ ਤਰਸਣ ਪਪੀਹੇ।

-ਸੁਖਵਿੰਦਰ ਸਿੰਘ ਬੋਦਲਾਂਵਾਲਾ
Sukhvinderbodal@yahoo.com

## ਮਿਹਨਤ

ਮਿਨੀ ਕਹਾਣੀ

ਮੇਲਾ ਤੇ ਗੇਲਾ ਦੋਵੇਂ ਭਰਾ ਸਨ। ਕਿੱਲਾ ਕਿੱਲਾ ਜ਼ਮੀਨ ਸੀ। ਮੇਲੇ ਨੇ ਹਲਵਾਈ ਦਾ ਕੰਮ ਸਿੱਖ ਲਿਆ, ਗੇਲੇ ਨੇ ਉਸ ਨੂੰ ਬੜਾ ਮੰਦਾ ਚੰਗਾ ਬੋਲਿਆ, ਜੱਟ ਹੋਣ ਦੀ ਧੌਂਸ ਤੇ ਅਣਖ ਦਾ ਵਾਸਤਾ ਦਿੱਤਾ; ਪਰ ਮੇਲਾ ਕਹਿੰਦਾ ਕਿ ਮਿਹਨਤ ਮਜ਼ਦੂਰੀ ਦਾ ਕੋਈ ਮਿਹਣਾ ਨਹੀਂ ਹੁੰਦਾ। ਕਿੱਲੇ ਨਾਲ ਟੱਬਰ ਨਹੀਂ ਪਲਣਾ। ਮੇਲਾ ਸਿਆਲਾਂ ਵਿਚ ਵਿਆਹਾਂ ਦੀਆਂ ਸਾਈਆਂ ਲਾ ਛੱਡਦਾ ਤੇ ਗਰਮੀਆਂ ਵਿਚ ਸ਼ਹਿਰ 'ਚ ਜੂਸ ਦੀ ਰੇਹੜੀ ਲਾ ਲੈਂਦਾ। ਪੂਰਾ ਸਾਲ ਪੈਸਿਆਂ ਵਿਚ ਖੇਡਦਾ। ਬੱਚੇ ਵੀ ਚੰਗੇ ਸਕੂਲ 'ਚ ਪੜ੍ਹਦੇ।

ਉਧਰ ਗੇਲੇ ਦੀ ਧੌਣ ਵਿਚ ਜੱਟਵਾਦ ਦਾ ਸਰੀਆ ਮੁੜਨ ਦਾ ਨਾਂ ਨਹੀਂ ਸੀ ਲੈਂਦਾ। ਕਰਜ਼ੇ ਦੀ ਪੰਡ ਦਿਨੋਂ ਦਿਨ ਭਾਰੀ ਹੋ ਰਹੀ ਸੀ। ਪੁਰਾਣਾ ਘਰ ਡਿੱਗਣ ਲੱਗ ਗਿਆ ਸੀ। ਦੂਜੇ ਪਾਸੇ ਮੇਲੇ ਨੇ ਵਧੀਆ ਘਰ ਪਾ ਲਿਆ ਸੀ। ਮੇਲੇ ਨੇ ਅੰਦਰਲਾ ਜੱਟ ਮਾਰ ਨੇ ਮਿਹਨਤ ਨਾਲ ਸਭ ਕੁਝ ਬਣਾ ਲਿਆ ਤੇ ਗੇਲੇ ਨੇ ਅੰਦਰਲਾ ਜੱਟ ਜਿਉਂਦਾ ਰੱਖ ਕੇ ਆਪਣੇ ਇੱਕ ਕਿੱਲੇ 'ਤੇ ਅੰਗੂਠਾ ਲਾ ਦਿੱਤਾ।

ਖਰੀਦਦਾਰਾਂ ਨੇ ਜੂਸ ਪੀਣ ਲਈ ਗੱਡੀ ਮੇਲੇ ਦੀ ਰੇਹੜੀ 'ਤੇ ਰੋਕ ਲਈ। ਅੰਦਰ ਬੈਠਾ ਗੇਲਾ ਸ਼ਰਮ ਨਾਲ ਪਾਣੀ ਪਾਣੀ ਹੋ ਗਿਆ। ਮੇਲੇ ਨੇ ਜੂਸ ਦਾ ਗਲਾਸ ਫੜਾ ਦਿੱਤਾ, ਪਰ ਬੋਲਿਆ ਕੁਝ ਨਾ। ਗੇਲੇ ਦੇ ਅੰਦਰੋਂ ਉਠੀਆਂ ਲਾਹਨਤਾਂ ਨੇ ਉਸ ਨੂੰ ਟਾਹਲੀ ਨਾਲ ਲਟਕਾ ਦਿੱਤਾ। ਗੇਲੇ ਦਾ ਜੱਟਵਾਦ ਅਖਬਾਰ ਦੀ ਸੁਰਖੀ ਬਣ ਗਿਆ। ਮੇਲੇ ਦੀ ਮਿਹਨਤ ਅੱਧੇ ਪਿੰਡ ਨੂੰ ਮਦਦ ਦੇਣ ਜੋਗੀ ਹੋ ਗਈ ਸੀ।

-ਮੇਜਰ ਕੁਲਾਰ ਬੋਪਾਰਾਏ ਕਲਾਂ, ਫੋਨ: 916-273-2856

# ਅਣਗੌਲਿਆ ਸ਼ਹਿਰ ਨਾਭਾ



*1898 ਵਿਚ ਖਿੱਚੀ ਗਈ ਨਾਭਾ ਦੇ ਹੀਰਾ ਮਹਿਲ ਦੀ ਤਸਵੀਰ*

***ਰਿਆਸਤੀ ਸ਼ਹਿਰ ਨਾਭਾ ਦਾ ਆਪਣਾ ਰੰਗ ਅਤੇ ਆਪਣਾ ਢੰਗ ਹੈ; ਇਸ ਨੇ ਬੜੇ ਵਕਤ ਹੰਢਾਏ ਹਨ, ਪਰ ਇਸ ਸ਼ਹਿਰ ਨੂੰ ਉਹ ਮਾਣ-ਤਾਣ ਨਹੀਂ ਮਿਲ ਸਕਿਆ, ਜਿਸ ਦਾ ਇਹ ਹੱਕਦਾਰ ਸੀ। ਦਲਬਾਰਾ ਸਿੰਘ ਮਾਂਗਟ ਨੇ ਆਪਣੇ ਇਸ ਲੇਖ ਵਿਚ ਨਾਭਾ ਦੀ ਵਿਰਾਸਤ ਬਾਰੇ ਚਰਚਾ ਛੇੜਦਿਆਂ ਇਸ ਸ਼ਹਿਰ ਨਾਲ ਜੁੜੇ ਕਈ ਵਾਕਿਆਤ ਬਿਆਨ ਕੀਤੇ ਹਨ। -ਸੰਪਾਦਕ***



**ਦਲਬਾਰਾ ਸਿੰਘ ਮਾਂਗਟ**
**ਫੋਨ: 269-267-9621**

ਕੁਝ ਮਹੀਨੇ ਪਹਿਲਾਂ ਆਪਣੀ ਪੰਜਾਬ ਫੇਰੀ ਦੌਰਾਨ ਨਾਭਾ ਸ਼ਹਿਰ ਜਾਣ ਦਾ ਮੌਕਾ ਮਿਲਿਆ, ਜਿਥੇ ਕਈ ਅਹਿਮ ਸ਼ਖਸੀਅਤਾਂ ਨਾਲ ਮੁਲਾਕਾਤ ਹੋਈ ਅਤੇ ਡੂੰਘੀਆਂ ਵਿਚਾਰਾਂ ਵੀ ਹੋਈਆਂ। ਨਾਭਾ, ਪਟਿਆਲਾ ਅਤੇ ਜੀਂਦ ਦੇ ਮਹਾਰਾਜਾ ਇਕੋ ਖਾਨਦਾਨ ਵਿਚੋਂ ਸਨ, ਜਿਨ੍ਹਾਂ ਨੂੰ ਫੂਲਕੀਆ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਜਦੋਂ ਦੇਸ਼ ਰਿਆਸਤਾਂ ਵਿਚ ਵੰਡਿਆ ਹੋਇਆ ਸੀ ਅਤੇ ਰਾਜਿਆਂ ਦੀ ਹਕੂਮਤ ਚਲਦੀ ਸੀ ਤਾਂ ਨਾਭਾ ਰਿਆਸਤ ਹੋਣ ਕਰ ਕੇ ਇਥੇ ਵੀ ਰਾਜਿਆਂ ਦਾ ਬੋਲਬਾਲਾ ਹੁੰਦਾ ਸੀ। ਫੂਲਕੀਆ ਖਾਨਦਾਨ ਦੇ 6 ਪੁੱਤਰ ਸਨ। ਵੱਡਾ ਪੁੱਤਰ ਤ੍ਰਿਲੋਕ, ਜੋ ਅੰਮ੍ਰਿਤ ਛਕ ਕੇ ਸਿੱਖ ਇਤਿਹਾਸ ਵਿਚ ਤ੍ਰਿਲੋਕ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਇਆ, ਦੇ ਦੇਹਾਂਤ ਪਿਛੋਂ ਗੁਰਦਿੱਤ ਸਿੰਘ, ਨਾਭਾ ਦਾ ਵਾਰਿਸ ਬਣਿਆ, ਪਰ 1754 ਵਿਚ ਉਨ੍ਹਾਂ ਦੀ ਅਚਾਨਕ ਮੌਤ ਪਿਛੋਂ ਪੋਤਰਾ ਹਮੀਰ ਸਿੰਘ ਗੱਦੀ 'ਤੇ ਬਿਰਾਜਮਾਨ ਹੋਇਆ। ਉਸ ਨੇ 1755 ਵਿਚ ਨਾਭਾ ਸ਼ਹਿਰ ਦੀ ਨੀਂਹ ਰੱਖੀ ਅਤੇ 1783 ਤੱਕ ਰਾਜ ਕੀਤਾ। ਉਨ੍ਹਾਂ ਪਿਛੋਂ ਉਸ ਦੇ ਬੇਟੇ ਜਸਵੰਤ ਸਿੰਘ ਨੇ 8 ਸਾਲ ਦੀ ਉਮਰ ਵਿਚ ਰਾਜ ਸੰਭਾਲਿਆ ਅਤੇ ਕਾਬਲ ਵਜ਼ੀਰਾਂ ਦੀ ਸਲਾਹ ਨਾਲ 53 ਸਾਲ ਸ਼ਾਸਨ ਕੀਤਾ, ਜਿਨ੍ਹਾਂ ਦੀ ਸਮਾਧ ਵੀ ਸਿਆਮ ਬਾਗ ਵਿਚ ਬਣੀ ਹੋਈ ਹੈ।

ਇਸ ਪਿਛੋਂ 18 ਸਾਲਾ ਦਵਿੰਦਰ ਸਿੰਘ ਨੇ ਗੱਦੀ ਸੰਭਾਲੀ। ਉਹ ਬਹੁਤ ਘੁਮੰਡੀ ਸੀ ਅਤੇ ਲੋਕ ਉਸ ਤੋਂ ਬਹੁਤ ਦੁਖੀ ਸਨ, ਜਿਸ ਕਰਕੇ ਉਸ ਨੇ ਦੁਸ਼ਮਣ ਪੈਦਾ ਕਰ ਲਏ। ਨਤੀਜਾ ਇਹ ਹੋਇਆ ਕਿ ਉਸ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ ਅਤੇ ਰਾਜਾ ਭਰਪੂਰ ਸਿੰਘ ਨੂੰ ਤਖਤ 'ਤੇ ਬਿਠਾਇਆ ਗਿਆ। ਉਹ ਗੁਰਬਾਣੀ ਦੇ ਪ੍ਰੇਮੀ ਅਤੇ ਰੱਬ ਦਾ ਸਿਮਰਨ ਕਰਨ ਵਾਲੇ ਗੁਰਸਿੱਖ ਸਨ। ਉਸ ਨੇ 1846 ਤੋਂ 1863 ਤੱਕ ਰਾਜ ਕੀਤਾ, ਪਰ ਉਹ ਵੀ ਨਰਮ ਦਿਲ ਹੋਣ ਦੇ ਬਾਵਜੂਦ ਸਫਲ ਪ੍ਰਸ਼ਾਸਕ ਨਾ ਬਣ ਸਕਿਆ। ਤਪਦਿਕ ਨਾਲ ਉਸ ਦੀ ਮੌਤ ਹੋ ਗਈ। ਉਸ ਪਿਛੋਂ ਮਹਾਰਾਜਾ ਹੀਰਾ ਸਿੰਘ ਨੇ ਗੱਦੀ ਸੰਭਾਲੀ ਅਤੇ 1871 ਤੋਂ 1911 ਤੱਕ ਰਾਜ ਕੀਤਾ, ਲੋਕਾਂ ਨੂੰ ਬੜਾ ਸੁੱਖ ਦਿੱਤਾ ਅਤੇ ਸਫਲ ਪ੍ਰਸ਼ਾਸਕ ਤੇ ਲੋਕਪ੍ਰਿਯ ਰਾਜਾ ਸਾਬਤ ਹੋਇਆ। ਉਸ ਦਾ ਯਾਦਗਾਰੀ ਬੁੱਤ ਵੀ ਲੱਗਾ ਹੋਇਆ ਹੈ ਅਤੇ ਅੰਗਰੇਜ਼ਾਂ ਵਲੋਂ 15 ਤੋਪਾਂ ਦੀ ਸਲਾਮੀ ਦੀ ਇੱਜਤ ਮਿਲੀ ਹੋਈ ਹੈ।

ਹੀਰਾ ਸਿੰਘ ਤੋਂ ਬਾਅਦ ਉਸ ਦੇ ਪੁੱਤਰ ਰਿਪੂਦਮਨ ਸਿੰਘ ਨੇ ਰਾਜਭਾਗ ਸੰਭਾਲਿਆ ਅਤੇ 1911 ਤੋਂ 1923 ਤੱਕ ਸ਼ਾਸਨ ਕੀਤਾ। ਉਹ ਪੱਕੇ ਗੁਰਸਿੱਖ ਸਨ। ਉਹ ਅੰਗਰੇਜ਼ਾਂ ਦੀਆਂ ਚਾਲਾਂ ਤੋਂ ਤੰਗ ਸਨ ਅਤੇ ਉਨ੍ਹਾਂ ਨਾਲ ਨਫਰਤ ਕਰਦੇ ਸਨ। 'ਸਿੱਖ ਅਨੰਦ ਮੈਰਿਜ ਐਕਟ' ਉਨ੍ਹਾਂ ਦੀ ਹੀ ਦੇਣ ਹੈ। ਇਥੇ ਜ਼ਿਕਰ ਵੀ ਕੀਤਾ ਜਾਂਦਾ ਹੈ ਕਿ ਮਹਾਰਾਜਾ ਪਟਿਆਲਾ ਨਾਲ ਵਧੀਆ ਰਸੂਖ ਨਾ ਹੋਣ ਕਰ ਕੇ ਉਨ੍ਹਾਂ ਨੂੰ ਅੰਗਰੇਜ਼ਾਂ ਵਲੋਂ ਜਲਾਵਤਨ ਕਰ ਕੇ 1923 ਵਿਚ ਰਾਜ ਤੋਂ ਮੁਕਤ ਕਰ ਦਿੱਤਾ ਗਿਆ ਅਤੇ ਕੋਡਾਈਕਨਾਲ (ਤਾਮਿਲਨਾਡੂ) ਭੇਜ ਦਿੱਤਾ ਗਿਆ, ਜਿਥੇ ਉਨ੍ਹਾਂ ਦੀ ਮੌਤ ਹੋ ਗਈ। ਨਾਭਾ ਦੇ ਆਖਰੀ ਮਹਾਰਾਜਾ ਪ੍ਰਤਾਪ ਸਿੰਘ ਨੇ 1923 ਵਿਚ ਸ਼ਾਸਨ ਸੰਭਾਲਿਆ ਅਤੇ ਦੇਸ਼ ਦੇ ਪਹਿਲੇ ਗ੍ਰਿਹ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਦੀ ਅਪੀਲ 'ਤੇ ਨਾਭਾ ਰਿਆਸਤ ਨੂੰ ਭਾਰਤ ਵਿਚ ਸ਼ਾਮਿਲ ਕੀਤਾ। ਇਸ ਤਰ੍ਹਾਂ ਨਾਭਾ ਰਿਆਸਤ 'ਚ ਵੱਖੋ-ਵੱਖ ਸਮੇਂ ਰਾਜਿਆਂ ਨੇ 192 ਸਾਲ ਸ਼ਾਸਨ ਕੀਤਾ।

ਨਾਭਾ ਸ਼ਹਿਰ ਪਟਿਆਲਾ-ਮਲੇਰਕੋਟਲਾ ਮੁੱਖ ਮਾਰਗ 'ਤੇ ਵਸਿਆ ਹੋਇਆ ਹੈ। ਇਸ ਦਾ ਆਕਾਰ ਛੋਟਾ ਹੋਣ ਕਰ ਕੇ ਵਸੋਂ ਵੀ ਬਹੁਤੀ ਸੰਘਣੀ ਨਹੀਂ ਹੈ। ਪਟਿਆਲਾ ਵਾਂਗ ਮਹਾਰਾਜਿਆਂ ਦੀ ਨਗਰੀ ਹੋਣ ਕਰ ਕੇ ਸਾਰੀਆਂ ਦਿਸ਼ਾਵਾਂ ਵਲੋਂ ਪ੍ਰਵੇਸ਼ ਹੋਣ ਲਈ ਪੰਜ ਗੇਟ ਬਣੇ ਹੋਏ ਹਨ-ਅਲਹੌਰਾਂ ਗੇਟ, ਪਟਿਆਲਾ ਗੇਟ, ਦੁਲੱਦੀ ਗੇਟ, ਮਹਿਸ ਗੇਟ ਅਤੇ ਬੌਰਾਂ ਗੇਟ। ਇਨ੍ਹਾਂ ਵਿਚੋਂ ਦੁਲੱਦੀ ਗੇਟ ਤੋਂ ਇਲਾਵਾ ਬਾਕੀਆਂ ਦੀ ਹਾਲਤ ਬਹੁਤ ਮਾੜੀ ਹੈ। ਸ਼ਹਿਰ ਦਾ ਬਾਹਰਲਾ ਇਲਾਕਾ ਬੀੜਾਂ-ਢੱਕੀਆਂ ਨਾਲ ਘਿਰਿਆ ਹੋਇਆ ਹੈ, ਜਿਥੇ ਰਾਜੇ ਤੇ ਖਾਨਦਾਨੀ ਮੈਂਬਰ ਸ਼ਿਕਾਰ ਕਰਦੇ ਸਨ। ਨਾਭਾ ਸ਼ਹਿਰ ਹੁਣ ਜਿਥੇ ਵਧੀਆ ਫਰਨੀਚਰ ਅਤੇ ਹਾਰਵੈਸਟ ਕੰਬਾਈਨ ਲਈ ਦੇਸ਼ ਦਾ ਮੱਕਾ ਜਾਣਿਆ ਜਾਂਦਾ ਹੈ, ਦੂਜੇ ਪਾਸੇ ਇਹ ਪੁਰਾਣੇ ਜ਼ਮਾਨੇ ਦੇ ਤਰ੍ਹਾਂ-ਤਰ੍ਹਾਂ ਦੇ ਬਾਗਾਂ ਕਰ ਕੇ ਵੀ ਮਸ਼ਹੂਰ ਸੀ। ਇਨ੍ਹਾਂ ਬਾਗਾਂ ਦੇ ਫਲਾਂ ਤੋਂ ਵਧੀਆ ਸ਼ਰਾਬ ਤਿਆਰ ਕੀਤੀ ਜਾਂਦੀ ਸੀ।

ਇਸ ਸ਼ਹਿਰ ਨੂੰ ਮਾਲਵੇ ਦਾ ਅਮੀਰ ਵਿਰਸਾ ਹੋਣ ਦਾ ਮਾਣ ਪ੍ਰਾਪਤ ਹੈ ਅਤੇ ਇਸ ਹਲਕੇ ਤੋਂ ਕੁਝ ਫਿਲਮੀ ਸਿਤਾਰੇ ਤੇ ਗੀਤਕਾਰਾਂ ਨੇ ਧਨ ਦੀ ਤਾਂ ਬਹੁਤ ਕਮਾਈ ਕਰ ਲਈ, ਪਰ ਨਾਭੇ ਦੀ ਢਹਿੰਦੀ ਹਾਲਤ ਨੂੰ ਰੋਕਣ ਲਈ ਕੋਈ ਯੋਗਦਾਨ ਨਹੀਂ ਪਾਇਆ। ਇਹੀ ਨਹੀਂ, ਪੈਪਸੂ ਸਟੇਟ ਸਮੇਂ ਗਿਆਨ ਸਿੰਘ ਰਾੜੇਵਾਲਾ ਦੇ ਮੁੱਖ ਮੰਤਰੀ ਹੁੰਦਿਆਂ ਵੀ ਇਸ ਸ਼ਹਿਰ ਦੀ ਕੋਈ ਤਰੱਕੀ ਨਾ ਹੋ ਸਕੀ।

ਇਥੇ ਇੱਕ ਪੁਰਾਣਾ ਦੁਰਗਾ-ਸ਼ਿਵ ਮੰਦਿਰ ਅਤੇ ਇਤਿਹਾਸਕ ਡੇਰਾ ਬਾਬਾ ਸਾਹਿਬ ਗੁਰਦੁਆਰਾ ਹੈ, ਜਿਸ ਦਾ ਇਤਿਹਾਸ ਦਸਮ ਗੁਰੂ ਨਾਲ ਜੁੜਿਆ ਹੋਇਆ ਹੈ। ਇਸ ਤੋਂ ਇਲਾਵਾ ਦੋ ਮਸ਼ਹੂਰ ਫੈਕਟਰੀਆਂ ਹਨ-ਇਨਡੇਨ ਗੈਸ ਕੰਪਨੀ ਅਤੇ ਗਲੈਕਸੋ ਸਮਿਥ ਕਲਾਈਨ, ਜੋ ਹੋਰਲਿਕਸ ਫੂਡ ਸਪਲਾਈ ਵਜੋਂ ਜਾਣੀ ਜਾਂਦੀ ਹੈ। ਇਥੇ ਕੋ-ਐਜੂਕੇਸ਼ਨ ਰਿਪੂਦਮਨ ਕਾਲਜ ਹੈ, ਜੋ ਮਹਾਰਾਜਾ ਪ੍ਰਤਾਪ ਸਿੰਘ ਨੇ 1945 ਵਿਚ ਕਾਇਮ ਕੀਤਾ ਸੀ। ਇਥੇ ਸਥਿਤ ਪੰਜਾਬ ਪਬਲਿਕ ਸਕੂਲ ਨੂੰ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੀ ਦੂਰ-ਅੰਦੇਸ਼ੀ ਦੀ ਦੇਣ ਕਿਹਾ ਜਾਂਦਾ ਹੈ।

ਸਿੱਖ ਸਕਾਲਰ ਜਾਂ ਐਨਸਾਈਕਲੋਪੀਡੀਆ ਆਫ ਸਿੱਖਇਜ਼ਮ ਦੇ ਨਾਂ ਨਾਲ ਜਾਣੇ ਜਾਂਦੇ ਭਾਈ ਕਾਹਨ ਸਿੰਘ ਨਾਭਾ, ਜਿਨ੍ਹਾਂ ਮਹਾਨ ਕੋਸ਼ ਦੀ ਸਥਾਪਨਾ ਕੀਤੀ, ਦਾ ਸਬੰਧ ਇਸ ਸ਼ਹਿਰ ਨਾਲ ਡੂੰਘਾ ਜੁੜਿਆ ਹੋਇਆ ਹੈ। ਉਨ੍ਹਾਂ ਦੇ ਘਰ ਜਾਣ ਦਾ ਮੌਕਾ ਵੀ ਮਿਲਿਆ ਅਤੇ ਰਾਇਲ ਪਰਿਵਾਰ ਦੇ ਮੈਂਬਰ ਮੇਜਰ ਟੀ. ਐਸ. ਮੰਕੂ ਨਾਲ ਵੀ ਮੁਲਾਕਾਤ ਹੋਈ। ਉਨ੍ਹਾਂ ਦੱਸਿਆ ਕਿ ਨਾਭਾ ਭਾਈ ਕਾਹਨ ਸਿੰਘ ਦਾ ਜੱਦੀ ਪਿੰਡ ਹੈ। ਇਹ ਸ਼ਹਿਰ ਮਹਾਰਾਜਾ ਦਾ ਸੈਕਟਰੀਏਟ ਹੋਣ ਕਰਕੇ ਇਥੇ ਕੁਝ ਇਤਿਹਾਸਕ ਇਮਾਰਤਾਂ ਹਨ, ਜਿਵੇਂ ਹੀਰਾ ਮਹਿਲ (ਰਾਜੇ ਦੀ ਰਿਹਾਇਸ਼), ਨਾਭਾ ਹਾਊਸ, ਕਿਲ੍ਹਾ ਮੁਬਾਰਕ ਆਦਿ ਮੌਜੂਦ ਹਨ, ਜਿਨ੍ਹਾਂ ਦੀ ਹਾਲਤ ਬੜੀ ਤਰਸਯੋਗ ਹੈ। ਉਨ੍ਹਾਂ ਇਹ ਚਾਨਣਾ ਵੀ ਪਾਇਆ ਕਿ ਨਾਭਾ ਸ਼ਹਿਰ ਦੀ ਵਿਰਾਸਤ ਨੂੰ ਕਾਇਮ ਰੱਖਣ ਲਈ ਨਾਭਾ ਫਾਊਂਡੇਸ਼ਨ ਬਣਾਈ ਗਈ ਹੈ ਅਤੇ ਪਟਿਆਲਾ ਨਿਵਾਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇਸ ਬਾਰੇ ਜਾਣੂ ਕਰਵਾਇਆ ਹੈ।

ਵਰਣਨਯੋਗ ਹੈ ਕਿ ਨਾਭਾ ਤੋਂ ਥੋੜ੍ਹੀ ਦੂਰ ਨਵਾਬੀ ਸ਼ਹਿਰ ਮਲੇਰਕੋਟਲਾ ਦੇ ਮੁਸਲਿਮ ਭਾਈਚਾਰੇ ਦੀ ਪਹਿਲੀ ਮਹਿਲਾ ਮੈਂਬਰ ਰਜ਼ੀਆ ਸੁਲਤਾਨ, ਜੋ 2002, 2007 ਅਤੇ 2017 ਵਿਚ ਵਿਧਾਇਕ ਬਣੀ ਅਤੇ ਹੁਣ ਕੈਬਨਿਟ ਮੰਤਰੀ ਹਨ, ਨੇ ਮੰਤਰੀ ਬਣਨ ਸਾਰ ਆਪਣੇ ਸ਼ਹਿਰ ਵਿਚ ਪਾਸਪੋਰਟ ਦਫਤਰ ਬਣਵਾ ਦਿੱਤਾ। ਇਸ ਨਾਲ ਕਸਬੇ ਦਾ ਸੁਧਾਰ ਹੋਇਆ, ਲੋਕਾਂ ਦੀ ਆਵਾਜਾਈ ਵੀ ਵਧ ਗਈ ਹੈ, ਪਰ ਨਾਭਾ ਵਿਚ ਅਜੇ ਅਜਿਹਾ ਦੇਖਣ ਨੂੰ ਨਹੀਂ ਮਿਲਿਆ।

ਇਸ ਸ਼ਹਿਰ ਵਿਚ ਪਿਛਲੇ 45 ਸਾਲਾਂ ਤੋਂ ਲਿਬਰਲਜ਼ ਹਾਕੀ ਟੂਰਨਾਮੈਂਟ ਕਰਵਾਇਆ ਜਾਂਦਾ ਹੈ, ਜਿਸ ਦੇ ਫਾਊਂਡਰ ਪ੍ਰਧਾਨ ਗੁਰਮੇਲ ਸਿੰਘ ਬੈਂਸ ਦਾ ਇਹ ਤਕੜਾ ਉਪਰਾਲਾ ਸੀ। ਟੂਰਨਾਮੈਂਟ ਕਮੇਟੀ ਦੀ ਆਪਣੀ ਕੋਈ ਗਰਾਊਂਡ ਨਹੀਂ ਅਤੇ ਹਰ ਸਾਲ ਰਿਪੂਦਮਨ ਕਾਲਜ ਦੇ ਮੈਦਾਨ ਵਿਚ ਟੂਰਨਾਮੈਂਟ ਕਰਵਾਇਆ ਜਾਂਦਾ ਹੈ, ਜਿਸ ਵਿਚ ਦੇਸ਼ ਦੀਆਂ ਚੋਟੀ ਦੀਆਂ ਟੀਮਾਂ ਤੋਂ ਇਲਾਵਾ ਬੰਗਲਾਦੇਸ਼ ਤੇ ਪਾਕਿਸਤਾਨ ਦੀਆਂ ਟੀਮਾਂ ਵੀ ਹਿੱਸਾ ਲੈ ਚੁਕੀਆਂ ਹਨ। ਇਹੋ ਵਜ੍ਹਾ ਹੈ ਕਿ ਹਾਕੀ ਇੰਡੀਆ ਨੇ ਵੀ ਇਸ ਟੂਰਨਾਮੈਂਟ ਨੂੰ 'ਏ' ਗਰੇਡ ਦਿੱਤਾ ਹੈ। ਇਹ ਪੈਪਸੂ ਯੂਨੀਅਨ ਹਾਕੀ ਐਸੋਸੀਏਸ਼ਨ ਵਲੋਂ ਵੀ ਮਾਨਤਾ ਪ੍ਰਾਪਤ ਹੈ। ਨਾਭਾ ਦੀ ਆਪਣੀ ਹਾਕੀ ਟੀਮ ਵੀ ਹੈ, ਜੋ ਲਿਬਰਲਜ਼ ਚਿਲੀ ਦੇ ਨਾਂ ਨਾਲ ਜਾਣੀ ਜਾਂਦੀ ਹੈ। ਇਹ ਇਸ ਟੂਰਨਾਮੈਂਟ ਵਿਚ ਹਰ ਸਾਲ ਹਿੱਸਾ ਲੈਂਦੀ ਹੈ।

ਨਾਭਾ ਸ਼ਹਿਰ ਨੇ ਕੌਮਾਂਤਰੀ ਪੱਧਰ ਦੇ ਕਈ ਖਿਡਾਰੀ ਪੈਦਾ ਕੀਤੇ। ਇਥੇ ਸਾਰਿਆਂ ਦੀ ਚਰਚਾ ਤਾਂ ਨਹੀਂ ਕੀਤੀ ਜਾ ਸਕਦੀ, ਪਰ ਰੁਪਿੰਦਰ ਸਿੰਘ ਗਰੇਵਾਲ (ਕਿਟੂ) ਅਤੇ ਜੋਤੀ ਸ਼ਰਮਾ ਦਾ ਹਵਾਲਾ ਜ਼ਰੂਰੀ ਹੈ। ਇਸ ਟੂਰਨਾਮੈਂਟ ਵਿਚ ਪਦਮਸ੍ਰੀ ਐਵਾਰਡ ਪ੍ਰਾਪਤ ਕਰਨ ਵਾਲੇ ਖਿਡਾਰੀ ਸੰਦੀਪ ਸਿੰਘ ਵੀ ਹਿੱਸਾ ਲੈ ਚੁਕੇ ਹਨ, ਜੋ ਅੱਜ ਕੱਲ੍ਹ ਹਰਿਆਣਾ ਸਰਕਾਰ ਵਿਚ ਖੇਡ ਮੰਤਰੀ ਹਨ। ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਬੈਂਸ ਪੰਜਾਬ ਖੇਡ ਮਹਿਕਮੇ ਦੇ ਡਾਇਰੈਕਟਰ ਰਹਿ ਚੁਕੇ ਹਨ, ਪਰ ਉਨ੍ਹਾਂ ਦੀਆਂ ਬੇਅੰਤ ਕੋਸਿਸ਼ਾਂ ਦੇ ਬਾਵਜੂਦ ਟੂਰਨਾਮੈਂਟ ਲਈ ਨਾ ਕੋਈ ਗਰਾਂਟ ਅਤੇ ਨਾ ਹੀ ਐਸਟਰੋਟਰਫ ਲੱਗ ਸਕੀ ਹੈ, ਜੋ ਸਮੇਂ ਦੀ ਲੋੜ ਹੈ।





*ਨਾਭੇ ਦਾ ਸਰਕਾਰੀ ਰਿਪੁਦਮਨ ਕਾਲਜ।*





*ਮਹਾਰਾਜਾ ਹੀਰਾ ਸਿੰਘ*

***ਰਾਜਾ ਭਰਪੂਰ ਸਿੰਘ ਦੀ ਮੌਤ ਪਿਛੋਂ ਮਹਾਰਾਜਾ ਹੀਰਾ ਸਿੰਘ ਨੇ ਗੱਦੀ ਸੰਭਾਲੀ ਅਤੇ 1871 ਤੋਂ 1911 ਤੱਕ ਰਾਜ ਕੀਤਾ, ਲੋਕਾਂ ਨੂੰ ਬੜਾ ਸੁੱਖ ਦਿੱਤਾ ਅਤੇ ਸਫਲ ਪ੍ਰਸ਼ਾਸਕ ਤੇ ਲੋਕਪ੍ਰਿਯਾ ਰਾਜਾ ਸਾਬਤ ਹੋਇਆ। ਅੰਗਰੇਜ਼ਾਂ ਵਲੋਂ 15 ਤੋਪਾਂ ਦੀ ਸਲਾਮੀ ਦੀ ਇੱਜਤ ਮਿਲੀ ਹੋਈ ਹੈ।...ਹੀਰਾ ਸਿੰਘ ਤੋਂ ਬਾਅਦ ਉਸ ਦੇ ਪੁੱਤਰ ਰਿਪੂਦਮਨ ਸਿੰਘ ਨੇ ਰਾਜਭਾਗ ਸੰਭਾਲਿਆ ਤੇ 1911 ਤੋਂ 1923 ਤੱਕ ਸ਼ਾਸਨ ਕੀਤਾ।'ਸਿੱਖ ਅਨੰਦ ਮੈਰਿਜ ਐਕਟ' ਉਨ੍ਹਾਂ ਦੀ ਹੀ ਦੇਣ ਹੈ।***



*ਮਹਾਰਾਜਾ ਰਿਪੂਦਮਨ ਸਿੰਘ*

ਆਜ਼ਾਦੀ ਪਿਛੋਂ ਇਸ ਰਿਆਸਤੀ ਨਗਰੀ ਦਾ ਵਿਕਾਸ ਤਾਂ ਕੀ ਹੋਣਾ ਸੀ, ਸਗੋਂ ਸਮੇਂ ਦੀਆਂ ਸਰਕਾਰਾਂ ਨੇ ਵਿਨਾਸ਼ ਹੀ ਕੀਤਾ। ਮਿਸਾਲ ਵਜੋਂ 1993 ਵਿਚ ਨਾਭਾ ਤਹਿਸੀਲ ਵਿਚੋਂ ਅਮਲੋਹ ਅਤੇ ਮੰਡੀ ਗੋਬਿੰਦਗੜ੍ਹ ਨੂੰ ਵੱਖ ਕਰਕੇ ਨਵੇਂ ਬਣੇ ਜਿਲੇ ਫਤਿਹਗੜ੍ਹ ਸਾਹਿਬ ਵਿਚ ਸ਼ਾਮਿਲ ਕਰ ਦਿੱਤਾ ਗਿਆ। ਇਥੇ ਗੱਲ ਇਹ ਨਹੀਂ ਕਿ ਫਤਿਹਗੜ੍ਹ ਸਾਹਿਬ ਜਿਲਾ ਕਿਉਂ ਬਣਿਆ, ਸਗੋਂ ਇਹ ਤਾਂ 'ਦੇਰ ਆਇਦ ਦਰੁਸਤ ਆਇਦ' ਵਾਲੀ ਵਧੀਆ ਗੱਲ ਹੋਈ ਕਿ ਸ਼ਹੀਦਾਂ ਦੀ ਧਰਤੀ ਨੂੰ ਮਾਣ ਮਿਲਿਆ, ਪਰ ਇਤਰਾਜ਼ ਵਾਲੀ ਗੱਲ ਇਹ ਹੈ ਕਿ ਨਾਭਾ ਹਲਕੇ ਨੂੰ ਪੰਜਾਬੀ ਸੂਬੇ ਵਾਂਗ ਲੂਲਾ ਲੰਗੜਾ ਕਰ ਦਿੱਤਾ ਗਿਆ।

ਪੈਪਸੂ ਸਮੇਂ ਇਸ ਹਲਕੇ ਦੇ ਵਿਧਾਇਕ ਜਨਰਲ ਸ਼ਿਵਦੇਵ ਸਿੰਘ ਸਿਹਤ ਮੰਤਰੀ ਸਨ ਅਤੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਸਰਕਾਰ ਸਮੇਂ ਮੰਤਰੀ ਰਹਿ ਚੁਕੇ ਗੁਰਦਰਸ਼ਨ ਸਿੰਘ ਵੀ ਇਸ ਹਲਕੇ ਤੋਂ 1962, 1972, 1977 ਅਤੇ 1980 ਵਿਚ ਵਿਧਾਇਕ ਚੁਣੇ ਗਏ ਸਨ। ਰਾਜਾ ਨਰਿੰਦਰ ਸਿੰਘ 1967, 1969, 1985 ਅਤੇ 1997 ਵਿਚ ਵਿਧਾਇਕ ਚੁਣੇ ਗਏ ਅਤੇ ਤਿੰਨ ਵਾਰੀ ਮੰਤਰੀ ਵੀ ਰਹੇ। ਨਾਭਾ ਹਲਕੇ ਤੋਂ ਹੀ ਕਾਕਾ ਰਣਦੀਪ ਸਿੰਘ ਅਤੇ ਸਾਧੂ ਸਿੰਘ ਧਰਮਸੋਤ ਦੋ-ਦੋ ਵਾਰੀ ਵਿਧਾਇਕ ਚੁਣੇ ਗਏ। ਧਰਮਸੋਤ ਮੌਜੂਦਾ ਪੰਜਾਬ ਸਰਕਾਰ ਵਿਚ ਮੰਤਰੀ ਹਨ। ਰਮੇਸ਼ ਸਿੰਗਲਾ, ਜਿਨ੍ਹਾਂ ਨੇ ਕਈ ਵਾਰ ਵਿਰੋਧੀ ਪਾਰਟੀਆਂ ਨੂੰ ਕਰਾਰੀ ਹਾਰ ਦਿੱਤੀ, ਵੀ ਵਿਧਾਇਕ ਰਹਿ ਚੁਕੇ ਹਨ।

ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ, ਆਰਮੀ ਚੀਫ ਜਨਰਲ ਬਿਕਰਮ ਸਿੰਘ, ਸਾਬਕਾ ਕੈਬਨਿਟ ਮੰਤਰੀ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੈਂਬਰ ਪਾਰਲੀਮੈਂਟ ਜਗਮੀਤ ਬਰਾੜ ਸਮੇਤ ਅਨੇਕਾਂ ਮਹਾਨ ਹਸਤੀਆਂ ਦਾ ਬਚਪਨ ਇਥੇ ਬਤੀਤ ਹੋਇਆ। ਸੇਵਾ ਮੁਕਤ ਚੀਫ ਸਕੱਤਰ ਪੰਜਾਬ ਜੈ ਸਿੰਘ ਗਿੱਲ ਨਾਭਾ ਦੇ ਜੰਮਪਲ ਹੋਣ ਦੇ ਬਾਵਜੂਦ ਨਾਭਾ ਲਾਵਾਰਿਸ ਹੀ ਰਿਹਾ ਅਤੇ ਬਹੁਤ ਸਾਰੀਆਂ ਇਤਿਹਾਸਕ ਇਮਾਰਤਾਂ ਜਿਵੇਂ ਸ਼ਾਹੀ ਕਿਲਾ ਮੁਬਾਰਕ ਢਹਿ-ਢੇਰੀ ਹੋ ਰਹੀਆਂ ਹਨ। ਪੰਡਿਤ ਜਵਾਹਰ ਲਾਲ ਨਹਿਰੂ ਨੇ ਇਥੇ 1923 ਵਿਚ ਜੈਤੋ ਮੋਰਚੇ ਸਮੇਂ ਜੇਲ੍ਹ ਕੱਟੀ ਅਤੇ ਅਨੇਕਾਂ ਦੇਸ਼ ਭਗਤ ਪੈਦਾ ਹੋਏ, ਪਰ ਇਸ ਰਿਆਸਤੀ ਨਗਰੀ ਵਿਚ ਜੈਤੋਂ ਮੋਰਚੇ ਸਬੰਧੀ ਸ਼ਹੀਦਾਂ ਦੀ ਯਾਦਗਾਰ ਨਾ ਬਣ ਸਕੀ। ਸਿਆਸਤਦਾਨਾਂ ਨੇ ਵਕਤ ਦੀਆਂ ਸਰਕਾਰਾਂ ਸਮੇਂ ਆਪਣੀਆਂ ਰੋਟੀਆਂ ਸੇਕਣ ਤੋਂ ਬਿਨਾ ਇਸ ਹਲਕੇ ਅਤੇ ਸ਼ਹਿਰ ਲਈ ਕੁਝ ਵੀ ਨਹੀਂ ਕੀਤਾ।

ਨਾਭਾ ਪਟਿਆਲਾ ਜਿਲੇ ਦਾ ਹਿੱਸਾ ਹੈ। ਪੰਜਾਬ ਦੀ ਮੌਜੂਦਾ ਸਰਕਾਰ ਵੀ ਇਸ ਨਗਰੀ ਨਾਲ ਮਤਰੇਈ ਮਾਂ ਜਿਹਾ ਸਲੂਕ ਕਰ ਰਹੀ ਹੈ। ਹੁਣ ਉਮੀਦਾਂ ਦੀ ਗਤੀ ਵੀ ਧੀਮੀ ਪੈ ਗਈ ਹੈ, ਪਰ ਕਿਹਾ ਜਾਂਦਾ ਕਿ ਆਸ ਨਹੀਂ ਛਡਣੀ ਚਾਹੀਦੀ, ਭਾਵ ਕੋਈ ਐਸਾ ਸਿਆਸਤਦਾਨ ਤੇ ਸੂਝਵਾਨ ਸ਼ਾਇਦ ਆਵੇ, ਜੋ ਇਸ ਇਤਿਹਾਸਕ ਨਗਰ ਦੀ ਸਾਰ ਲਵੇ। ਇਸ ਨਗਰ ਦੇ ਸੁਧਾਰ ਲਈ ਕੁਝ ਸੁਝਾਓ ਇਸ ਪ੍ਰਕਾਰ ਹਨ:

1. ਨਾਭਾ ਸ਼ਹਿਰ ਪਟਿਆਲਾ ਜਿਲੇ ਦਾ ਹਿੱਸਾ ਹੋਣ ਕਰਕੇ ਕੁਝ ਦਫਤਰ ਇਥੇ ਤਬਦੀਲ ਕੀਤੇ ਜਾਣ ਤਾਂ ਜੋ ਰੋਜ਼ਾਨਾ ਆਵਾਜਾਈ ਵਿਚ ਵਾਧਾ ਹੋਵੇ।

2. ਇਸ ਰਿਆਸਤੀ ਸ਼ਹਿਰ ਦੀਆਂ ਪੁਰਾਣੀਆਂ ਇਮਾਰਤਾਂ ਦੀ ਮੁਰੰਮਤ ਕਰਕੇ ਇਸ ਨੂੰ ਸੈਰ-ਸਪਾਟੇ ਦਾ ਕੇਂਦਰ ਬਣਾਇਆ ਜਾਵੇ।

3. ਲਿਬਲਰਜ਼ ਹਾਕੀ ਟੂਰਨਾਮੈਂਟ ਚਾਲੂ ਰੱਖਣ ਲਈ ਐਸਟਰੋਟਰਫ ਗਰਾਊਂਡ ਦਾ ਪ੍ਰਬੰਧ ਸਮੇਂ ਦੀ ਮੰਗ ਹੈ ਅਤੇ 'ਸਾਈ' ਖੇਡ ਸੈਂਟਰ ਖੋਲ੍ਹਿਆ ਜਾਵੇ ਤਾਂ ਜੋ ਨਵੀਂ ਪੀੜ੍ਹੀ ਦੇ ਬੱਚੇ ਤਕਨੀਕੀ ਸਿਖਲਾਈ ਲੈ ਕੇ ਦੇਸ਼ ਲਈ ਯੋਗਦਾਨ ਪਾ ਸਕਣ।

4. ਦਿੱਲੀ ਤੋਂ ਅੰਮ੍ਰਿਤਸਰ 'ਖੇਲ ਐਕਸਪ੍ਰੈਸ' ਰੇਲਗੱਡੀ, ਵਾਇਆ ਪਟਿਆਲਾ-ਨਾਭਾ ਚਾਲੂ ਕੀਤੀ ਜਾਵੇ ਤਾਂ ਕਿ ਖਿਡਾਰੀਆਂ ਨੂੰ ਕਿਸੇ ਔਕੜ ਦਾ ਸਾਹਮਣਾ ਨਾ ਕਰਨਾ ਪਵੇ।

5. ਨਾਭਾ ਨਗਰ ਕੌਂਸਲ ਅਤੇ ਇੰਪਰੂਵਮੈਂਟ ਟਰੱਸਟ ਭਾਵੇਂ ਸ਼ਹਿਰ ਦੀ ਤਰੱਕੀ ਲਈ ਕੰਮ ਕਰ ਰਹੇ ਹਨ, ਪਰ ਸਫਲਤਾ ਉਮੀਦ ਤੋਂ ਕੋਹਾਂ ਦੂਰ ਹੈ। ਇਥੇ ਲੋੜ ਹੈ, ਰੁਜ਼ਗਾਰ ਲਈ ਸਨਅਤਾਂ ਲਾਈਆਂ ਜਾਣ।

6. ਇਸ ਸਦੀ ਨੂੰ ਹਾਈਟੈਕ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਇਸ ਲਈ ਇਥੇ ਸਾਇੰਟੇਫਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਇਥੇ ਮਿਨੀ ਯੂਨੀਵਰਸਿਟੀ ਖੋਲ੍ਹਣਾ ਸ਼ਲਾਘਾਯੋਗ ਕਦਮ ਹੋਵੇਗਾ।

# ਉਰਦੂ ਸ਼ਾਇਰਾਂ ਦੀ ਜ਼ੰਨਤ ਤੇ ਜਹੱਨਮ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਨਰਕ ਤੇ ਸੁਰਗ ਕੀ ਹੈ, ਇਹਦੇ ਬਾਰੇ ਸਾਰੇ ਹੀ ਧਰਮਾਂ ਨੇ ਆਪੋ ਆਪਣੇ ਵਿਚਾਰ ਰੱਖੇ ਹਨ। ਸ਼ਰਮ ਦੇ ਲੂਇਆਂ ਨੇ ਅੰਤ ਨਹੀਂ ਛੱਡਿਆ ਨਰਕੇ ਦੀਆਂ ਪੀੜਾਂ ਦਾ ਵੀ। ਕਰੋਨਾ ਵਾਇਰਸ ਤੇ ਤਾਲਾਬੰਦੀ ਬਾਰੇ ਵੀ ਲੋਕਾਂ ਦੀ ਇੱਕ ਰਾਇ ਨਹੀਂ। ਜਿੱਥੇ ਆਮ ਜਨਤਾ ਘਰਾਂ ਵਿਚ ਬੰਦ ਹੈ ਤੇ ਕਸਟ ਭੋਗ ਰਹੀ ਹੈ, ਭਾਰਤ ਦਾ ਪ੍ਰਧਾਨ ਮੰਤਰੀ ਕਹਿੰਦਾ ਹੈ ਕਿ ਇਸ ਨੇ ਆਤਮ ਨਿਰਭਰਤਾ ਦਾ ਸਬਕ ਦਿੱਤਾ ਹੈ। ਤਾਲਾਬੰਦੀ ਦੇ ਨਫੇ-ਨੁਕਸਾਨ ਦੀ ਗੱਲ ਤਾਂ ਪਤਾ ਨਹੀਂ ਕਿੰਨੀ ਦੇਰ ਚਲਣੀ ਹੈ, ਆਪਾਂ ਵਕਤ ਕਟੀ ਲਈ ਉਰਦੂ ਸ਼ਾਇਰਾਂ ਦੀ ਜ਼ੰਨਤ ਤੇ ਜਹੱਨਮ ਉਤੇ ਝਾਤੀ ਮਾਰ ਸਕਦੇ ਹਾਂ।

ਮਿਰਜ਼ਾ ਗਾਲਿਬ ਨੇ ਵੀ ਦੋ ਟੁੱਕ ਫੈਸਲਾ ਨਹੀਂ ਦਿੱਤਾ। ਖੁਲਦ (ਜ਼ੰਨਤ) ਨੂੰ ਦਿਲ ਦਾ ਭਰਮ ਕਿਹਾ ਹੈ ਤੇ ਜਹੱਨਮ ਨੂੰ ਸੈਰਸਾਹ। ਉਹ ਇਸ ਤੋਂ ਮੁਨਕਰ ਹੈ ਵੀ ਤੇ ਨਹੀਂ ਵੀ। ਜਿਨ੍ਹਾਂ ਪਰੀਜ਼ਾਦਿਆਂ ਨੇ ਉਸ ਦਾ ਇਸ ਧਰਤੀ ਉਤੇ ਪੱਲਾ ਨਹੀਂ ਫੜਿਆ, ਉਨ੍ਹਾਂ ਤੋਂ ਖੁਲਦ ਭਾਵ ਸੁਰਗ ਵਿਚ ਬਦਲਾ ਲੈਣ ਦੀ ਗੱਲ ਕਰਦਾ ਹੈ। ਖੂਬੀ ਇਹ ਕਿ ਉਸ ਨੇ ਖੁਦ ਲਈ ਸੁਰਗ ਦੀ ਟਿਕਟ ਆਪਣੇ ਆਪ ਹੀ ਕੱਟ ਰੱਖੀ ਹੈ। ਉਸ ਦੇ ਤਿੰਨ ਸ਼ਿਅਰ ਪੇਸ਼ ਹਨ:

1. ਹਮਕੋ ਮਾਲੂਮ ਹੈ
ਜ਼ੰਨਤ ਕੀ ਹਕੀਕਤ, ਲੇਕਿਨ
ਦਿਲ ਕੋ ਖੁਸ਼ ਰਖਨੇ ਕੋ ਗਾਲਿਬ,
ਯੇ ਖਯਾਲ ਹੱਛਾ ਹੈ।

2. ਕਿਉਂ ਨਾ ਫਿਰਦੌਸ ਮੇਂ
ਦੋਜ਼ਖ ਕੋ ਮਿਲਾ ਲੇ ਯਾ ਰੱਬ
ਸੈਰ ਕੇ ਵਾਸਤੇ ਥੋੜ੍ਹੀ ਸੀ ਜਗਹ ਔਰ ਸਹੀ।

3. ਇਕ ਪਰੀਜ਼ਾਦੇ ਸੇ ਲੇਂਗੇ
ਖੁਲਦ ਮੈਂ ਹਮ ਇੰਤਕਾਮ
ਕੁਦਰਤ ਏ ਹੱਕਿ ਸੇ
ਯਹੀ ਹੂਰੇਂ ਅਗਰ ਵਹਾਂ ਹੋਗੀਂ।

ਜਿਥੋਂ ਤੱਕ ਜ਼ੰਨਤ ਦੀ ਜ਼ਿੰਦਗੀ ਉਤੇ ਵਿਅੰਗ ਕੱਸਣ ਦਾ ਸਬੰਧ ਹੈ, ਦਾਗ ਦਿਹਲਵੀ ਸੁਰਗ ਦੀਆਂ ਹੂਰਾਂ ਤੋਂ ਉਕਾ ਹੀ ਪ੍ਰਭਾਵਤ ਨਹੀਂ। ਉਹ ਬੇਅੰਤ ਬੱਚੀਆਂ ਤੇ ਬੇਕਾਰ ਹੋ ਚੁੱਕੀਆਂ ਹਨ। ਅਜਿਹੇ ਸੁਰਗ ਤੋਂ ਉਸ ਨੇ ਕੀ ਲੈਣਾ ਹੈ, ਜਿੱਥੋਂ ਦੀਆਂ ਹੂਰਾਂ ਦੀ ਉਮਰ ਲੱਖਾਂ ਵਰ੍ਹੇ ਹੈ,

ਐਸੀ ਜ਼ੰਨਤ ਕਾ ਕਯਾ ਕਰੇ ਕੋਈ
ਜਿਸ ਮੇਂ ਲਾਖੋਂ ਬਰਸ ਕੀ ਹੂਰੇਂ ਹੋਂ।

ਜ਼ੰਨਤ ਨੂੰ ਆਪਣੇ ਵਿਅੰਗ ਦਾ ਵਿਸ਼ਾ ਬਣਾਉਣ ਵਾਲੇ ਹੋਰ ਵੀ ਸ਼ਾਇਰ ਹਨ। ਮੌਲਾਨਾ ਅਬਦੁਲ ਸਲਾਮ ਨਕਵੀ ਜ਼ੰਨਤ ਤੋਂ ਖੁਦ ਹੀ ਬਾਹਰ ਨਿਕਲ ਆਉਂਦਾ ਹੈ, ਜਦੋਂ ਉਸ ਨੂੰ ਪਤਾ ਲਗਦਾ ਹੈ ਕਿ ਉਥੇ ਸ਼ੇਖ ਸਾਹਿਬ ਨੂੰ ਹੂਰ ਮਿਲ ਗਈ ਹੈ। ਉਸ ਦਾ ਮੱਤ ਹੈ ਕਿ ਇਸ ਨਾਲ ਹੂਰ ਦਾ ਅਤਿਅੰਤ ਨਿਰਾਦਰ ਹੋਇਆ ਹੈ।

ਮੈਨੇ ਜ਼ੰਨਤ ਹੀ ਕੋ ਛੋੜਾ,
ਜੋ ਮਿਲੀ ਸ਼ੇਖ ਕੋ ਹੂਰ
ਮੁਝ ਸੇ ਦੇਖਾ ਨਾ ਗਯਾ
ਹੁਸਨ ਕਾ ਰੁਸਵਾ ਹੋਨਾ।

ਸ਼ੌਕ ਬਹਿਰਾਇਚ ਦੀ ਜ਼ੰਨਤ ਉਤੇ ਦਲੀਲ ਦਾ ਕੋਈ ਮੁਕਾਬਲਾ ਨਹੀਂ। ਉਸ ਨੇ ਉਸ ਕਥਾ ਦੀ ਸ਼ਰਨ ਲਈ ਹੈ, ਜੋ ਕਹਿੰਦਾ ਹੈ ਕਿ ਆਦਮ ਨੂੰ ਰੱਬ ਨੇ ਉਸ ਦੀ ਖੁਨਾਮੀ ਕਾਰਨ ਸੁਰਗ ਵਿਚੋਂ ਧੱਕ ਦੇ ਕੇ ਬਾਹਰ ਸੁੱਟ ਦਿੱਤਾ ਸੀ। ਉਹ ਧੱਕੇ ਨਾਲ ਸੁਰਗ ਦੀ ਦਹਿਲੀਜ਼ ਪਾਰ ਕਰ ਸਕਦਾ ਹੈ:

ਮੈਂ ਘੁਸ ਜਾਊਂਗਾ ਜ਼ੰਨਤ ਮੇ,
ਖੁਦਾ ਸੇ ਬੱਸ ਯਹੀ ਕਹਿ ਕਰ
ਯਹੀਂ ਸੇ ਆਏ ਥੇ ਆਦਮ,
ਯੇ ਮੇਰੇ ਬਾਪ ਕਾ ਘਰ ਹੈ।

ਸਿੱਧਾ ਤੇ ਸਪਾਟ ਵਿਅੰਗ ਕੱਸਣ ਵਿਚ ਬੋਗਸ ਹੈਦਰਾਬਾਦੀ ਦਾ ਮੁਕਾਬਲਾ ਨਹੀਂ,

ਮੈਂ ਜਿਸਕੋ ਲਗਾ ਦੂੰ ਵਹੀ ਜ਼ੰਨਤ ਮੇ ਚਲਾ ਜਾਏ
ਲਾਯਾ ਹੂੰ ਨਸ਼ਾ ਜੂਤਾ, ਮਸਜਿਦ ਸੇ ਚੁਰਾ ਕੇ।

ਉਰਦੂ ਸ਼ਾਇਰ ਤੇ ਸ਼ਾਇਰੀ ਜ਼ਿੰਦਾਬਾਦ!

**ਸੁੰਨੀਆਂ ਸੜਕਾਂ 'ਤੇ ਸਾਹਿਬਾਂ ਦਾ ਮਿਰਜ਼ਾ:** ਕਰੋਨਾ ਵਾਇਰਸ ਤੇ ਤਾਲਾਬੰਦੀ ਨੇ ਜਰਨੈਲੀ ਸੜਕ ਦੀ ਆਵਾਜਾਈ ਠੱਪ ਕਰਵਾ ਕੇ ਪੀਲੂ ਦਾ ਮਿਰਜ਼ਾ ਚੇਤੇ ਕਰਵਾ ਦਿੱਤਾ ਹੈ। ਸਾਹਿਬਾਂ ਦੇ ਮਿਲਾਪ 'ਚ ਆਉਣ ਵਾਲੀਆਂ ਸੰਭਾਵੀ ਔਕੜਾਂ ਚਿਤਵ ਕੇ ਉਹ ਮਿਰਜੇ ਲਈ ਰਾਹ ਖੋਲ੍ਹਦਾ ਹੈ,

ਕੁੱਤੀ ਮਰੇ ਫਕੀਰ ਦੀ,
ਜੋ ਚਊਂ ਚਊਂ ਨਿੱਤ ਕਰੇ
ਪੰਜ ਸੱਤ ਮਰਨ ਗਵਾਂਢਣਾ
ਤੇ ਰਹਿੰਦੀਆਂ ਨੂੰ ਤਾਪ ਚੜ੍ਹੇ
ਗਲੀਆਂ ਹੋ ਜਾਣ ਸੁੰਞੀਆਂ
ਵਿਚ ਮਿਰਜ਼ਾ ਯਾਰ ਫਿਰੇ।

ਮੈਨੂੰ ਆਮ ਤੇ ਜਰਨੈਲੀ ਸੜਕਾਂ ਦੇ ਸੁੰਨੇ ਹੋਣ ਦੀ ਤਾਂ ਕੋਈ ਖਬਰ ਨਹੀਂ, ਪਰ ਚੰਡੀਗੜ੍ਹ ਵਿਖੇ ਕਰਫਿਊ ਹੱਟਣ ਉਤੇ ਸਵੇਰੇ ਸੈਰ ਲਈ ਨਿਕਲਿਆ ਤਾਂ ਗਲੀਆਂ ਸੁੰਨੀਆਂ ਸਨ ਤੇ ਪੈਰਾਂ ਥਲੇ ਰੁੱਖਾਂ ਦੇ ਪੱਤੇ, ਹਰ ਤਰ੍ਹਾਂ ਦਾ ਕੂੜ ਕਬਾੜ ਪੈਰ ਪੈਰ 'ਤੇ ਵੇਖਣ ਨੂੰ। ਦਿਨ ਵੇਲੇ ਆਪਣੇ ਭਾਣਜੇ ਅਮਰਪ੍ਰੀਤ ਲਾਲੀ ਨੂੰ ਟੈਲੀਫੋਨ 'ਤੇ ਸੜਕਾਂ ਦਾ ਹਾਲ ਪੁੱਛਿਆ ਤਾਂ ਪਤਾ ਲੱਗਾ ਕੇ ਉਥੇ ਸ਼ਹਿਰ ਦੀ ਗਲੀਆਂ ਨਾਲੋਂ ਵੀ ਬੁਰਾ ਹਾਲ ਹੈ। ਲਾਲੀ ਯੂਥ ਕਾਂਗਰਸ ਦਾ ਲੀਡਰ ਹੈ ਅਤੇ ਗੰਨਮੈਨਾਂ ਤੇ ਬਾਡੀ ਗਾਰਡਾਂ ਨਾਲ ਦੋ ਵਾਰੀ ਬਾਹਰ ਗਿਆ ਹੈ।

**ਅੰਤਿਕਾ: ਅੰਮਾਰ ਕੰਬਰੀ**

ਯਹਾਂ ਕੋਈ ਭੀ ਸੱਚੀ ਬਾਤ
ਅਬ ਮਾਨੀ ਨਹੀਂ ਜਾਤੀ
ਮੇਰੀ ਅਵਾਜ਼ ਇਸ ਬਸਤੀ ਮੇਂ
ਪਹਿਚਾਨੀ ਨਹੀਂ ਜਾਤੀ
ਬੜ੍ਹੋ ਆਗੇ ਕਰੋ ਰੌਸ਼ਨ
ਦਿਸ਼ਾਓਂ ਕੋ ਚਿਤਾਓਂ ਸੇ
ਅਕਾਰਥ ਦੋਸਤੋ ਕੋਈ ਭੀ
ਕੁਰਬਾਨੀ ਨਹੀਂ ਜਾਤੀ
ਮਹਲ ਹੈ, ਭੀੜ ਹੈ, ਮੰਦਿਰ ਹੈ,
ਮਸਜਿਦ ਹੈ, ਮਸ਼ੀਨੇਂ ਹੈਂ
ਮਗਰ ਫਿਰ ਭੀ ਸ਼ਹਿਰ ਸੇ
ਦੂਰ ਵੀਰਾਨੀ ਨਹੀਂ ਜਾਤੀ
ਕਹੀਂ ਬੋਤਲ, ਕਹੀਂ ਸਾਗਰ,
ਕਹੀਂ ਮੀਨਾ, ਕਹੀਂ ਸਾਕੀ
ਯੇ ਮਹਿਫਿਲ ਐਸੀ ਬਿਖਰੀ ਹੈ
ਪਹਿਚਾਨੀ ਨਹੀਂ ਜਾਤੀ
ਸੇ ਝੂਟੇ ਆਸ਼ਵਾਸਨ
ਆਪ ਅਪਨੇ ਪਾਸ ਹੀ ਰੱਖੀਏ
ਦਹਿਕਤੀ ਆਗ ਪੇ ਚਾਦਰ
ਕਭੀ ਤਾਨੀ ਨਹੀਂ ਜਾਤੀ
ਜ਼ੁਬਾਂ ਵੇਚੀ, ਕਲਾ ਵੇਚੀ,
ਯਹਾਂ ਤੱਕ ਕਲਪਨਾ ਵੇਚੀ
ਨੀਯਤ ਫਨਕਾਰ ਕੀ ਅਬ
ਕੰਬਰੀ ਜਾਨੀ ਨਹੀਂ ਜਾਤੀ।

# ਕੁਝ ਗੀਤ, ਕੁਝ ਵੈਣ!

ਮਨ ਦੀ ਹਾਲਤ ਉਖੜੀ-ਉਖੜੀ
ਇਕ ਦਿਲ ਕਰਦਾ ਗੀਤ ਮੈਂ ਗਾਵਾਂ
ਇਕ ਦਿਲ ਕਰਦਾ ਵੈਣ ਮੈਂ ਪਾਵਾਂ!

ਇਕ ਗੀਤ ਉਸ ਕੁੜੀ ਦੇ ਨਾਂ ਦਾ
ਫੁੱਲ ਜਿਹਾ ਕੁਛ ਦਿਨ ਦਾ ਨਿਆਣਾ
ਘੁੱਟ ਕੇ ਆਪਣੇ ਸੀਨੇ ਲਾਇਆ
ਪੈਰਾਂ ਹੇਠਾਂ ਲੁੱਕ ਤਪਦੀ ਹੈ
ਸਿਰ 'ਤੇ ਸੂਰਜ ਸੇਕ ਖਿਲਾਰੇ
ਜਿਗਰ ਦੇ ਟੋਟੇ ਦੀ ਠਾਰੀ ਲਈ
ਉਹ ਹੰਝੂਆਂ ਦੇ ਛਿੱਟੇ ਮਾਰੇ।

ਇਕ ਗੀਤ ਉਸ ਕੁੜੀ ਦੇ ਨਾਂ ਦਾ
ਕੁਛ ਦਿਨ ਨੂੰ ਜਿਸ ਮਾਂ ਬਣਨਾ ਹੈ
ਜਿਸ ਦੀ ਕੁੱਖ ਵਿਚ ਸੁਪਨਾ ਪਲਦਾ
ਸੁਪਨੇ ਦੀ ਉਹ ਕੰਨੀ ਫੜ ਕੇ
ਦੁੱਖ ਸਹਿੰਦੀ ਤੇ ਤੁਰਦੀ ਜਾਵੇ।

ਇਕ ਗੀਤ ਪੁੱਤ ਸਰਵਣ ਦੇ ਨਾਂ
ਤੁਰਨ ਤੋਂ ਆਹਰੀ ਬਾਪੂ ਨੂੰ ਜੋ
ਜੰਮਣ-ਭੋਂ ਦੇ ਤੀਰਥ ਦੇ ਰਾਹ
ਮੋਢਿਆਂ ਦੇ ਉਤੇ ਚੁੱਕ ਤੁਰਿਆ।

ਇਕ ਗੀਤ ਉਸ ਗੱਭਰੂ ਦੇ ਨਾਂ
ਜਿਸ ਦੀ ਗੋਦੀ ਚੜ੍ਹ ਕੇ ਪਲਿਆ
ਲਕਵੇ ਦੀ ਮਾਰੀ ਹੋਈ ਮਾਂ ਨੂੰ
ਗੋਦੀ ਚੁੱਕ ਕੇ ਘਰ ਨੂੰ ਚਲਿਆ
ਕਰਜ਼ ਕਿਵੇਂ ਵੀ ਮੁੜ ਨਾ ਸਕਦਾ
ਕੁਝ ਤਾਂ ਸੂਦ ਉਤਾਰੇ ਉਸ ਦਾ।

ਇਕ ਗੀਤ ਉਸ...
ਗੀਤ ਮੇਰੇ ਅਧਵਾਟੇ ਟੁੱਟੇ
ਆਪੇ ਹੀ ਵੈਣਾਂ ਵਿਚ ਪਲਟੇ!

ਇਕ ਵੈਣ ਉਸ ਧੀ-ਧਿਆਣੀ ਦਾ
ਬਾਰਾਂ ਸਾਲ ਦੀ ਉਮਰੇ ਘਰ ਤੋਂ
ਬਾਰਾਂ ਕੋਹ ਪਹਿਲਾਂ ਡਿੱਗ ਮੋਈ।

ਇਕ ਵੈਣ ਉਸ ਗੱਭਰੂ ਦੇ ਨਾਂ
ਬਾਰਾਂ ਸੌ ਕੋਹ ਪੈਡਲ ਮਾਰੇ
ਘਰ ਦੇ ਬੂਹੇ ਢੇਰੀ ਹੋਇਆ।

ਇਕ ਵੈਣ ਉਨ੍ਹਾਂ ਸਭਨਾਂ ਦੇ ਨਾਂ
ਕਾਰਾਂ-ਜੀਪਾਂ ਦੀਆਂ ਫੇਟਾਂ ਨੇ
ਬਾਕੀ ਰਹਿੰਦੇ ਪੰਧ ਮੁਕਾਏ।

ਇਕ ਵੈਣ ਉਨ੍ਹਾਂ ਸੌਲਾਂ ਦੇ ਨਾਂ
ਰੇਲ ਜਿਨ੍ਹਾਂ ਦੇ ਉਤੇ ਚੜ੍ਹ ਗਈ
ਆਪਣੇ ਵਿਚ ਚੜ੍ਹਾਵਣ ਦੀ ਥਾਂ
ਕੱਟ ਕੇ ਪੁਰਜ਼ਾ-ਪੁਰਜ਼ਾ ਕਰ ਗਈ।

ਇਕ ਵੈਣ ਬੇਨਾਮਿਆਂ ਦੇ ਨਾਂ
ਰਾਹਾਂ ਦੀ ਜੋ ਖਾਕ 'ਚ ਮਿਲ ਗਏ
ਪਰ ਜਿਨ੍ਹਾਂ ਦੀ ਖਬਰ ਬਣੀ ਨਾ।

ਇਕ ਵੈਣ ਨੀਰੋ ਦੇ ਨਾਂ ਦਾ
ਚਾਰ-ਚੁਫੇਰੇ ਰੋਮ ਹੈ ਬਲਦਾ
ਉਚੀ ਮਮਟੀ ਬੀਨ ਵਜਾਵੇ!

ਵੈਣ ਅੰਤਲਾ ਉਸ ਦੇ ਨਾਂ ਦਾ
ਜਿਸ ਨੇ, ਕਹਿਣ, ਸ੍ਰਿਸ਼ਟੀ ਸਾਜੀ
ਹੁਕਮਾਂ ਬਾਝੋਂ ਪੱਤ ਨਾ ਹਿੱਲੇ
ਪੱਤ ਕੀ ਹਿੱਲੇ, ਝੱਖੜ ਝੁੱਲਿਆ
ਧੌਲਰ ਅਡਿੱਗ-ਅਡੋਲ ਖਲੋਤੇ
ਝੁੱਗੀਆਂ ਉਤੇ ਕਿਆਮਤ ਬੀਤੀ!

ਉਚੇ ਬੈਠਿਆ!
ਜਾਹ ਤੈਨੂੰ ਹਾਅ ਸਾਡੀ ਮਾਰੇ
ਨੀਵਿਆਂ ਨਾਲ ਤੂੰ ਚੰਗੀ ਕੀਤੀ!

*-ਗੁਰਬਚਨ ਸਿੰਘ ਭੁੱਲਰ*
*bhullargs@gmail.com*

---

## ਸਾਨੂੰ ਜਾਣ ਦਿਓ

ਇਸ ਤੋਂ ਪਹਿਲਾਂ ਕਿ
ਅਸੀਂ ਜਾਗ ਜਾਈਏ
ਸਾਨੂੰ ਜਾਣ ਦਿਓ
ਸੁੱਤ-ਉਨੀਂਦਰੇ
ਭੁੱਖਣ-ਭਾਣੇ, ਨੰਗੇ ਪੈਰੀਂ
ਢਾਕ 'ਤੇ ਨਿਆਣਾ
ਲੰਗਾਰ-ਗੱਠੜੀ ਸਿਰ 'ਤੇ ਧਰ
ਥੱਕੇ ਹਾਰਿਆਂ ਨੂੰ
ਕਿਉਂਕਿ
ਮਨ ਵਿਚ ਹਸਰਤ ਏ
ਜਿਉਂਦੇ ਜੀਅ
ਮਿੱਟੀ ਨੂੰ ਮਿਲੀਏ
ਗਰਾਂ ਦੀ ਖੈਰ-ਸੁੱਖ ਪਤਾ ਕਰੀਏ।

ਜੇ ਜਿਉਂਦੇ ਰਹੇ ਤਾਂ
ਸ਼ਾਇਦ ਵਾਪਸ ਵੀ ਆ ਜਾਈਏ
ਪਰ, ਜੇ ਅਸੀਂ ਜਾਗ ਪਏ
ਸਾਡੀ ਸੋਚ ਵਿਚ ਧੁਖਣ ਲੱਗੇਗਾ
ਸੰਤਾਪੇ ਸੁਪਨਿਆਂ ਦਾ ਸੋਗ,
ਛੱਤਹੀਣ ਕੰਧਾਂ ਦਾ ਦਰਦ,
ਤਨ 'ਤੇ ਲਿਪਟਿਆ ਨੰਗੇਜ਼
ਬੱਚਿਆਂ ਦੀ ਵਿਲਕਣੀ
ਤੇ ਮੱਥੇ 'ਤੇ ਉਕਰੀ ਭੁੱਖਮਰੀ
ਫਿਰ ਮਨ ਦੀ
ਵਿਦਰੋਹੀ ਚੇਤਨਾ ਨੇ ਸਾਨੂੰ
ਵਾਪਸ ਨਹੀਂ ਪਰਤਣ ਦੇਣਾ।

ਤੁਹਾਡੀਆਂ ਕੋਠੀਆਂ ਵਿਚ
ਤਦ ਬੋਲਣਗੇ ਉਲੂ
ਕੁਮਲਾ ਜਾਣਗੇ ਤੁਹਾਡੇ ਖੇਤ,
ਜੰਗਾਲੀਆਂ ਜਾਣਗੀਆਂ
ਤੇਸੀਆਂ ਤੇ ਕਾਂਡੀਆਂ
ਵੀਰਾਨ ਹੋ ਜਾਣਗੀਆਂ ਫੈਕਟਰੀਆਂ,
ਪ੍ਰੇਮਾ ਬਾਈ ਦੇ ਬੱਚਿਆਂ ਨੇ
ਨਹੀਂ ਪੜ੍ਹਨੀ ਪੰਜਾਬੀ
ਖਾਲੀ ਹੋ ਜਾਣਗੇ ਸਰਕਾਰੀ ਸਕੂਲ,
ਮਾਲਕ ਦੀ ਹਾਕ 'ਤੇ
'ਛੋਟੂ' ਨੇ ਨਹੀਂ ਦੌੜੇ ਆਉਣਾ
ਤੇ ਆਮ ਬੋਲ-ਚਾਲ ਵਿਚੋਂ
ਵਿਸਰ ਜਾਵੇਗਾ 'ਭਈਆ' ਸ਼ਬਦ।

ਇਸ ਤੋਂ ਪਹਿਲਾਂ ਕਿ
ਅਸੀਂ ਜਾਗ ਜਾਈਏ
ਸਾਨੂੰ ਜਾਣ ਦਿਓ।

*-ਡਾ. ਗੁਰਬਖਸ਼ ਸਿੰਘ ਭੰਡਾਲ*

---

## ਜ਼ਿੰਦਗੀ ਅੱਜ ਕੱਲ

ਸੂਰਜ ਚੜ੍ਹਦਾ ਲਹਿੰਦਾ ਵੀ ਮੈਂ
ਬਾਰੀ ਵਿਚੋਂ ਵੇਖ ਰਿਹਾਂ।
ਬਾਰੀ ਵਿਚੋਂ ਆਉਂਦੀ ਧੁੱਪ ਮੈਂ
ਅੰਦਰ ਬੈਠਾ ਸੇਕ ਰਿਹਾਂ।

ਘਰ ਦੇ ਵਿਹੜੇ ਅੰਦਰ ਹੀ ਮੈਂ
ਤੁਰ ਲੈਂਦਾ ਹਾਂ ਮੀਲੋ ਮੀਲ,
ਸੋਚਾਂ ਵਿਚ ਮੈਂ, ਕੁਦਰਤ ਨੂੰ ਹੀ
ਮੁੜ ਮੁੜ ਮੱਥਾ ਟੇਕ ਰਿਹਾਂ।

ਕਈ ਕਿਤਾਬਾਂ ਜੋ ਮੈਂ ਕਾਫੀ
ਅਰਸਾ ਪਹਿਲਾਂ ਪੜ੍ਹੀਆਂ ਸਨ,
ਉਨ੍ਹਾਂ ਕਿਤਾਬਾਂ ਦੇ ਵਿਸ਼ਿਆਂ ਦੇ
ਸੋਚ ਨਵੇਂ ਸਿਰਲੇਖ ਰਿਹਾਂ।

ਕੁਝ ਫਿਲਮਾਂ ਜੋ, ਕਿਸੇ ਸਮੇਂ ਮੈਂ
ਖੁੰਝ ਗਿਆ ਸਾਂ ਵੇਖਣ ਤੋਂ,
ਏਸ ਵਹਿਲ ਵਿਚ, ਅਜ ਕਲ ਮੈਂ
ਉਨ੍ਹਾਂ ਨੂੰ ਹਾਂ ਦੇਖ ਰਿਹਾਂ।

ਦੇਰ ਸਵੇਰ ਤਾਂ ਵਿਗਿਆਨੀ ਹੱਲ
ਲੱਭ ਲੈਣਗੇ 'ਬੀਸਲਿਆ',
ਹਾਲੇ ਤਾਂ ਬਸ, ਬੰਧਨ ਅੰਦਰ
ਖੁਦ ਨੂੰ ਉਨ੍ਹਾਂ ਨਾ ਮੇਚ ਰਿਹਾਂ।

*-ਹਰਿੰਦਰ ਸਿੰਘ ਬੀਸਲਾ*
*ਫੋਨ: 562-726-7674*

# ਅੱਗੇ ਹੋਰ ਕੀ ਹੋਵੇਗਾ?

ਚਿੱਠੀਆਂ ਤੋਂ ਚਲਦੇ ਫੋਨਾਂ ਉਤੇ ਆਏ। ਮੋਬਾਈਲ ਫੋਨ ਤੇ ਫਿਰ ਵੱਟਸ ਐਪ ਕਾਲਾਂ, ਤੇ ਹੁਣ ਮੈਸਿਜ। ਮੈਸਿਜ ਵੀ ਲੰਗੜੇ ਹੋਣ ਲੱਗੇ ਨੇ, ਜਿਵੇਂ ਸਤਿ ਸ੍ਰੀ ਅਕਾਲ ਨੂੰ 'ਸ. ਸ. ਅ.'; ਧੰਨਵਾਦ ਨੂੰ ਟੀ.ਐਕਸ. (ਥੈਂਕਸ); ਓਕੇ ਨੂੰ ਕੇ; ਟੇਕ ਕੇਅਰ ਨੂੰ ਟੀ. ਸੀ.। ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਮਿਸਾਲਾਂ ਹਨ, ਲੰਮੇ ਝਮੇਲੇ ਵਿਚ ਨਾ



ਪਵਾਂ। ਆਪਣੇ ਅੰਦਰ ਝਾਤੀ ਮਾਰੀ ਤੇ ਪੁੱਛਿਆ ਕਿ ਤੂੰ ਵੀ ਤੇ ਸੰਖੇਪਤਾ ਵਿਚ ਆ ਗਿਆ ਏਂ? ਜਾਂ ਕਾਹਲ ਬਣ ਗਈ ਏ? ਜੁਆਬ ਕੋਈ ਨਹੀਂ ਮਿਲਿਆ। ਅੱਗੇ ਕੀ ਹੋਰ ਲੰਗੜੇ ਹੋਣਗੇ ਸ਼ਬਦ? ਸਾਡੀਆਂ ਭਾਵਨਾਵਾਂ, ਜੋ ਅਸੀਂ ਇਨ੍ਹਾਂ ਸ਼ਬਦਾਂ ਰਾਹੀਂ ਬਿਆਨਦੇ ਜਾਂ ਪੇਸ਼ ਕਰਦੇ ਹਾਂ, ਕੀ ਸੁੰਗੜ ਸੁਕੜ ਜਾਣਗੀਆਂ? ਅਜਿਹੀ ਚੁੱਪ ਚੁਪੀਤੀ ਸੰਖੇਪਤਾ ਕਿਹੋ ਜਿਹੇ ਦਿਨ ਲਿਆਵੇਗੀ! ਇਉਂ ਕਰਦੇ ਕਰਦੇ ਅਸੀਂ ਇਕ ਦਿਨ ਗੂੰਗੇ ਤਾਂ ਨਹੀਂ ਹੋ ਜਾਵਾਂਗੇ? ਅੱਗੇ ਹੋਰ ਹੋਰ ਕੀ ਹੋਵੇਗਾ?

ਕਿਸੇ ਕੋਲ ਵਕਤ ਨਹੀਂ ਇਸ ਵਕਤ!
ਵਕਤ ਵਕਤ ਕੀ ਬਾਤ ਹੈ ਭਾਈ!
ਹਾਂ, ਇਹ ਸੱਚ ਹੈ ਕਿ ਵਕਤ ਭੱਜ ਰਿਹੈ,
ਸਰਪਟ ਕੋਤਲ ਘੋੜੇ ਵਾਂਗਰ!
ਕਿਸੇ ਹੱਥ ਵਾਗ ਨਹੀਂ ਹੈ ਵਕਤ ਦੀ,
ਵਕਤ ਹੱਥ ਹੈ ਆਪਣੀ ਵਾਗ।

ਮੈਂ ਵਕਤ ਨਾਲ ਗੱਲ ਕਰਨੀ ਚਾਹੀ ਤਾਂ ਉਸ ਆਖਿਆ, "ਚੁੱਪ ਕਰ ਰਹਿ, ਮੇਰੇ ਕੋਲ ਵਕਤ ਨਹੀਂ ਤੇਰੇ ਨਾਲ ਗੱਲ ਕਰਨ ਦਾ, ਪਰ ਮੈਂ ਵਕਤ ਆਂ, ਮੇਰੀ ਵੁੱਕਤ ਜਾਣੇ ਜਣਨੀ ਜਣਿਓਂ।" ਵਕਤੋ ਵਕਤੀ ਹੋਇਆ ਵਕਤ, ਵਕਤ ਨਾਲ ਅਗਾਂਹ ਲੰਘ ਗਿਐ, ਘੂਰੀਆਂ ਵੱਟਦਾ ਹੋਇਆ ਮੈਨੂੰ। ਮੈਂ ਹਾਲੋਂ ਬੇਹਾਲ। ਨੀਂਦਰ ਢੂੰਡਾਂ ਵਕਤ ਦੇ ਨਾਲ!

ਲਾਲ ਹਨੇਰੀ ਕਮਬਖਤ! ਆਥਣ ਘੇਰੀ। ਰੁੱਖ ਪੁੱਟੇ। ਖੰਭੇ ਸੁੱਟੇ। ਪੰਛੀ ਉਡੇ। ਵੇਲਾਂ ਵੱਲਾਂ ਲੁੜਕੀਆਂ। ਨਿੰਬੂ ਦੇ ਬੂਟੇ 'ਚੋਂ ਆਲਣਾ ਉਡਾਇਆ, ਸਣੇ ਬੋਟਾਂ ਚਿੜੀ ਨਾ ਲੱਭੀ। ਮੂੰਹ ਵਲੇਟ, ਤੰਗਲੀ ਫੜੀ, ਕਣਕ ਦੇ ਨਾੜ ਸਾੜਦਾ ਕਿਸਾਨ ਮੋਟਰ ਦੀ ਕੋਠੜੀ ਵੰਨੀਂ ਭੱਜਿਆ। ਬੱਦਲ ਗੱਜਿਆ। ਟਟਹਿਰੀ ਕੁਰਲਾਵੇ। ਟੁੱਟੀ ਸੜਕ ਉਤੇ ਲਿਫ ਲਿਫ ਜਾਂਦੇ ਸਫੈਦਿਆਂ ਦੀ ਸਾਂ ਸਾਂ ਸਹਿਮ ਪਈ ਪਾਵੇ।

ਕਿਣ ਮਿਣ, ਕਿਣ ਮਿਣ। ਮੋਟੀਆਂ ਕਣੀਆਂ। ਧੂੜ ਜਮਾਈ। ਸਾਲਾਂ ਪਿਛੋਂ ਸਤਰੰਗੀ ਪੀਂਘ ਨੇ ਅਲਖ ਜਗਾਈ। ਹਰ ਕੋਈ ਇਕ ਦੂਜੇ ਨੂੰ ਆਖੇ, ਲੌਕ ਡਾਊਨ ਨੇ ਵਾਤਾਵਰਣ ਧੋਤਾ, ਤਦੇ ਹੀ ਏਹ ਪੀਂਘ ਦਿਸੀ ਹੈ। ਕਰੋਨਾ ਦੇ ਮਾੜੇ-ਚੰਗੇ ਪੱਖਾਂ ਦੇ ਘਾਟੇ ਵਾਧੇ ਗਿਣਾਉਂਦੇ, ਮੂੰਹਾਂ ਉਤੇ ਕੱਪੜੇ ਲਪੇਟੀ ਬੰਦੇ, ਗਲੀਆਂ 'ਚ ਖਲੋ ਕਨਸੋਆਂ ਲੈਂਦੇ ਵੰਨ-ਸੁਵੰਨੀਆਂ। ਪੁਲਿਸ ਦੀ ਗੱਡੀ ਦੇ ਹੂਟਰ ਤੋਂ ਡਰਦੇ, ਅਣ ਮੰਨਿਆ ਹੁੰਗਾਰਾ ਜਿਹਾ ਭਰਦੇ। ਮੌਸਮ ਸਾਫ ਹੋਣ ਦੇ ਕਿਆਫੇ ਲਾਉਂਦੇ। ਗੁਰੂ ਘਰ ਬਾਬੇ ਰਹਿਰਾਸ ਦਾ ਪਾਠ ਹੈ ਛੋਹਿਆ। ਨਿੰਬੂ ਦੇ ਬੂਟੇ ਲਾਗੇ ਚਿੜੀ ਚੀਕਦੀ, ਬੋਟ ਭਾਲਦੀ! ਕਿਹੋ ਜਿਹੇ ਦਿਨ ਹਨ। ਸਮਝੋਂ ਬਾਹਰੇ। ਕੁਦਰਤੇ ਤੇਰੇ ਵਾਰੇ ਨਿਆਰੇ!

---

ਝੁੱਗੀਆਂ 'ਚੋਂ ਲੰਗਰ ਲੈਣ ਆਈਆਂ, ਭੁਖੀਆਂ ਬਾਲੜੀਆਂ ਨੂੰ ਉਨ੍ਹਾਂ ਹੱਥੀਂ ਫੜੀਆਂ ਥਾਲੀਆਂ ਨੇ ਪੁੱਛਿਆ, "ਕੱਲ ਵੀ ਆਪਾਂ ਮੁੜੀਆਂ ਸਾਂ, ਲਗਦੈ ਕਿ ਅੱਜ ਵੀ ਖਾਲੀ ਮੁੜਨਾ ਪੈਣਾ। ਦੱਸੋ, ਕਦ ਲੰਗਰ ਮਿਲੂ ਥੋਨੂੰ?"

ਥਾਲੀਆਂ ਬਾਹਲੀਆਂ ਕਾਹਲੀਆਂ, ਨੰਨੀਆਂ ਨਿਆਣੀਆਂ ਵਾਂਗਰ ਭੁਖ ਦੀਆਂ ਸਤਾਈਆਂ। ਲੰਗਰ ਵਰਤਾਉਂਦੇ ਪਤਵੰਤਿਆਂ ਵੱਲ ਝਾਕਦੀਆਂ, ਨੰਗੇ ਪੈਰੀਂ ਖਲੋਤੀਆਂ ਕੁੜੀਆਂ ਕੁਸਕੀਆਂ, "ਥਾਲੀਓ, ਸੱਚ ਆਖੀਏ ਤਾਂ ਸਾਨੂੰ ਲੰਗਰ ਉਦੋਂ ਮਿਲੂਗਾ, ਜਦ ਸਾਡੇ ਮੰਮੀ-ਪਾਪਾ ਦੀ ਵੋਟ ਬਣੂੰਗੀ। ਚਲੋ ਚਲੋ, ਝੁੱਗੀਆਂ ਨੂੰ ਚੱਲੀਏ, ਕਿਸੇ ਹੋਰ ਦਾ ਹੋਕਾ ਉਡੀਕੀਏ, ਲੰਗਰ ਲੈ ਲੋ ਲੰਗਰ, ਭੁਖੇ ਢਿੱਡ ਕੋਈ ਨਾ ਸੌਂਵੇਂ।"

*-ਨਿੰਦਰ ਘੁਗਿਆਣਵੀ*
*ਫੋਨ: 91-94174-21700*

# ਪੰਜਾਬੀ ਰੰਗਮੰਚ ਦੀ ਪਹਿਲੀ ਅਦਾਕਾਰਾ

***ਉਮਾ ਗੁਰਬਖਸ਼ ਸਿੰਘ (27 ਜੁਲਾਈ 1927-23 ਮਈ 2020) ਨੇ ਆਪਣੇ ਪਿਤਾ ਅਤੇ ਉਘੇ ਲਿਖਾਰੀ ਗੁਰਬਖਸ਼ ਸਿੰਘ ਦੇ ਨਾਟਕ 'ਰਾਜਕੁਮਾਰੀ ਲਤਿਕਾ' ਵਿਚ ਨਾਇਕਾ ਦਾ ਰੋਲ ਨਿਭਾ ਕੇ ਇਤਿਹਾਸ ਸਿਰਜਿਆ ਅਤੇ ਉਹ ਪੰਜਾਬੀ ਰੰਗਮੰਚ ਦੀ ਪਹਿਲੀ ਅਦਾਕਾਰਾ ਬਣ ਗਈ। ਇਹ ਨਾਟਕ ਪ੍ਰੀਤ ਨਗਰ ਦੀ ਧਰਤੀ 'ਤੇ 7 ਜੂਨ 1939 ਨੂੰ ਖੇਡਿਆ ਗਿਆ ਸੀ। ਬੇਸ਼ੱਕ ਲੋਕ ਪਿੰਡਾਂ ਤੋਂ ਸ਼ਹਿਰਾਂ ਵੱਲ ਆ ਗਏ, ਪਰ ਉਮਾ ਆਖਰੀ ਸਾਹ ਤੱਕ ਪ੍ਰੀਤ ਨਗਰ ਵਿਚ ਹੀ ਰਹੇ। ਇਸ ਲੇਖ ਵਿਚ ਰੰਗਕਰਮੀ ਕੇਵਲ ਧਾਲੀਵਾਲ ਨੇ ਉਨ੍ਹਾਂ ਦੇ ਜੀਵਨ 'ਤੇ ਭਰਵੀਂ ਝਾਤ ਪਾਈ ਹੈ। -ਸੰਪਾਦਕ***



*ਉਮਾ ਗੁਰਬਖਸ਼ ਸਿੰਘ*

ਪੰਜਾਬੀ ਰੰਗਮੰਚ ਨੂੰ ਉਦੋਂ ਨਵਾਂ ਹੁਲਾਰਾ ਮਿਲਿਆ, ਜਦੋਂ ਸੁਪਨਸਾਜ਼ ਗੁਰਬਖਸ਼ ਸਿੰਘ 'ਪ੍ਰੀਤਲੜੀ' ਨੇ 1938 ਵਿਚ ਪ੍ਰੀਤ ਨਗਰ ਵਸਾਇਆ ਅਤੇ ਉਥੋਂ ਦੇ ਸੁੱਕੇ ਤਾਲਾਬ ਨੂੰ ਓਪਨ-ਏਅਰ ਥੀਏਟਰ ਦਾ ਰੂਪ ਦਿੱਤਾ। ਉਥੇ ਹੀ ਗੁਰਬਖਸ਼ ਸਿੰਘ ਨੇ ਆਪਣਾ ਲਿਖਿਆ ਨਾਟਕ 'ਰਾਜਕੁਮਾਰੀ ਲਤਿਕਾ' ਖੇਡਣਾ ਚਾਹਿਆ। ਰਾਜਕੁਮਾਰ ਦਾ ਰੋਲ ਉਦੋਂ ਨੌਜਵਾਨ ਨਵਤੇਜ ਸਿੰਘ (ਨਾਟਕਕਾਰ ਦਾ ਵੱਡਾ ਪੁੱਤਰ, ਜੋ ਪਿੱਛੋਂ ਜਾ ਕੇ ਪ੍ਰਸਿੱਧ ਕਹਾਣੀਕਾਰ ਬਣਿਆ) ਨੂੰ ਦਿੱਤਾ ਗਿਆ, ਪਰ ਹੁਣ ਨਾਟਕ ਦੀ ਮੁੱਖ ਨਾਇਕਾ 'ਰਾਜਕੁਮਾਰੀ ਲਤਿਕਾ' ਦਾ ਕਿਰਦਾਰ ਨਿਭਾਉਣ ਲਈ ਕੋਈ ਕੁੜੀ ਅੱਗੇ ਨਹੀਂ ਸੀ ਆ ਰਹੀ। ਗੁਰਬਖਸ਼ ਸਿੰਘ ਅਗਾਂਹਵਧੂ ਵਿਚਾਰਧਾਰਾ ਵਾਲੇ ਸਨ। ਇਸ ਲਈ ਇਹ ਰੋਲ ਕਿਸੇ ਮੁੰਡੇ ਕੋਲੋਂ ਨਹੀਂ ਸੀ ਕਰਵਾਉਣਾ ਚਾਹੁੰਦੇ। ਉਨ੍ਹਾਂ ਨੇ ਤੁਰੰਤ ਫੈਸਲਾ ਕੀਤਾ ਕਿ ਰਾਜਕੁਮਾਰੀ ਲਤਿਕਾ ਦਾ ਰੋਲ ਉਨ੍ਹਾਂ ਦੀ ਵੱਡੀ ਬੇਟੀ ਉਮਾ ਕਰੇਗੀ। ਨਾਟਕ ਤਿਆਰ ਹੋਇਆ, ਖੇਡਿਆ ਵੀ ਬੜੀ ਸਫਲਤਾ ਨਾਲ ਗਿਆ, ਪਰ ਲੋਕਾਂ ਦੀ ਜ਼ੁਬਾਨ 'ਤੇ ਉਸ ਸਮੇਂ ਇਹ ਚਰਚਾ ਦਾ

**ਕੇਵਲ ਧਾਲੀਵਾਲ**
ਫੋਨ: +91-98142-99422

ਵਿਸ਼ਾ ਸੀ ਕਿ ਨਾਟਕ ਵਿਚ ਕਿਸੇ ਕੁੜੀ ਨੇ ਕੰਮ ਕੀਤਾ ਹੈ, ਤੇ ਸਭ ਤੋਂ ਵੱਧ ਚਰਚਾ ਇਸ ਗੱਲ ਦੀ ਸੀ ਕਿ ਹੀਰੋ-ਹੀਰੋਇਨ ਦਾ ਰੋਲ ਸਕੇ ਭੈਣ-ਭਰਾ ਨੇ ਕੀਤਾ। ਪ੍ਰੀਤ ਨਗਰ ਦੀ ਧਰਤੀ 'ਤੇ 7 ਜੂਨ 1939 ਨੂੰ ਖੇਡੇ ਇਸ ਨਾਟਕ ਨਾਲ 'ਉਮਾ' ਦੇ ਰੂਪ ਵਿਚ ਪੰਜਾਬੀ ਰੰਗਮੰਚ ਨੂੰ ਪਹਿਲੀ ਅਭਿਨੇਤਰੀ ਮਿਲੀ।

ਉਮਾ ਜੀ ਦੇ ਰੰਗਮੰਚ ਦੇ ਪਿੜ ਵਿਚ ਆਉਣ ਨਾਲ ਹੋਰ ਕੁੜੀਆਂ ਨੂੰ ਵੀ ਹੱਲਾਸ਼ੇਰੀ ਮਿਲੀ ਤੇ ਫੇਰ ਉਨ੍ਹਾਂ ਨੇ ਵੀ ਪ੍ਰੀਤ ਨਗਰ ਵਿਚ ਖੇਡੇ ਜਾਣ ਵਾਲੇ ਨਾਟਕਾਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ।

ਪ੍ਰੀਤ ਨਗਰ ਦੇ ਐਕਟਿਵਿਟੀ ਸਕੂਲ ਵਿਚ ਮੰਗਲਵਾਰ ਦੀ ਰਾਤ 'ਗੋਲਡਨ ਨਾਈਟ' ਹੁੰਦੀ ਸੀ, ਜਿਥੇ ਬੱਚਿਆਂ ਦੇ ਨਾਟਕ ਤੇ ਹੋਰ ਸੰਗੀਤਕ ਪੇਸ਼ਕਾਰੀਆਂ ਹੁੰਦੀਆਂ। ਉਮਾ ਜੀ ਇਨ੍ਹਾਂ ਵਿਚ ਭਰਪੂਰ ਹਿੱਸਾ ਲੈਂਦੇ। ਉਹ ਗਾਉਂਦੇ ਵੀ ਤੇ ਸਿਤਾਰ ਵੀ ਵਧੀਆ ਵਜਾਉਂਦੇ ਸਨ। ਇਨ੍ਹਾਂ ਸਰਗਰਮੀਆਂ ਨੇ ਉਨ੍ਹਾਂ ਨੂੰ ਸੰਗੀਤ ਤੇ ਨਾਟਕ ਲਈ ਤਜਰਬਾ ਦਿੱਤਾ। ਸੋ, ਜਦੋਂ 23 ਮਈ 1942 ਨੂੰ ਜਵਾਹਰ ਲਾਲ ਨਹਿਰੂ ਪ੍ਰੀਤ ਨਗਰ ਦੇਖਣ ਆਏ, ਉਮਾ ਜੀ ਨੇ ਆਪਣੇ ਸਾਥੀਆਂ-ਸਾਥਣਾਂ ਨਾਲ ਰਲ ਕੇ ਡਾਕਟਰ ਇਕਬਾਲ ਦੀ ਰਾਸ਼ਟਰਵਾਦੀ ਦੀ ਰਚਨਾ 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ' ਤੇ ਗੁਰੂ ਨਾਨਕ ਦੇਵ ਜੀ ਦਾ ਰਚਿਆ ਭਾਵਪੂਰਤ ਸ਼ਬਦ 'ਗਗਨ ਮੈ ਥਾਲੁ' ਗਾਏ। ਉਸ ਪਿਛੋਂ ਉਮਾ ਜੀ ਨੇ ਲਗਾਤਾਰ 'ਪ੍ਰੀਤ ਮੁਕਟ', 'ਪ੍ਰੀਤ ਮਣੀ' ਅਤੇ 'ਸਾਡੀ ਹੋਣੀ ਦਾ ਲਿਸ਼ਕਾਰਾ' ਨਾਟਕਾਂ ਵਿਚ ਅਦਾਕਾਰੀ ਕੀਤੀ, ਜੋ ਪ੍ਰੀਤ ਨਗਰ ਵਿਚ ਹੁੰਦੀਆਂ ਰਹਿੰਦੀਆਂ ਸਾਲਾਨਾ ਪ੍ਰੀਤ ਮਿਲਣੀਆਂ ਵਿਚ ਖੇਡੇ ਜਾਂਦੇ ਰਹੇ।

ਜਦੋਂ ਉਮਾ ਜੀ ਆਪਣੀ ਬੀ. ਏ. ਦੀ ਪੜ੍ਹਾਈ ਲਈ ਫਤਿਹ ਚੰਦ ਮਹਿਲਾ ਕਾਲਜ, ਲਾਹੌਰ ਵਿਚ ਦਾਖਲ ਹੋਏ ਤਾਂ ਉਦੋਂ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੀ ਸਾਹਿਤਕ ਤੇ ਕਲਾਤਮਕ ਗੁੜ੍ਹਤੀ ਮਿਲ ਚੁਕੀ ਹੋਈ ਸੀ, ਕਿਉਂਕਿ ਉਨ੍ਹਾਂ ਦੇ ਪਿਤਾ ਜੀ ਇਕ ਲੇਖਕ ਤੇ ਵਿਚਾਰਵਾਨ ਸਨ ਤੇ ਉਨ੍ਹਾਂ ਦੇ ਵੱਡੇ ਵੀਰ ਇਕ ਉਭਰਦੇ ਕਹਾਣੀਕਾਰ।

ਉਮਾ ਜੀ ਦੇ ਇਸ ਪਿਛੋਕੜ ਨੇ ਉਨ੍ਹਾਂ ਨੂੰ ਕਾਲਜ ਦੇ ਦਿਨਾਂ ਵਿਚ ਸਾਹਿਤ, ਸੰਗੀਤ ਤੇ ਰੰਗਮੰਚ ਦੀਆਂ ਸਰਗਰਮੀਆਂ ਨਾਲ ਜੁੜੇ ਰਹਿਣ ਲਈ ਉਤਸ਼ਾਹਿਤ ਕੀਤਾ। ਇਨ੍ਹਾਂ ਦਿਨਾਂ ਵਿਚ ਹੀ ਉਨ੍ਹਾਂ ਨੇ ਬੱਚਿਆਂ ਲਈ ਕੁਝ ਕਹਾਣੀਆਂ ਲਿਖੀਆਂ, ਜੋ 'ਬਾਲ ਸੰਦੇਸ਼' ਵਿਚ ਛਪੀਆਂ। ਉਨ੍ਹਾਂ ਨੇ ਕੁਝ ਲੇਖ ਵੀ ਲਿਖੇ, ਜੋ 'ਪ੍ਰੀਤ ਲੜੀ' ਵਿਚ ਛਪੇ। ਉਮਾ ਭੈਣ ਜੀ ਨੇ ਹੌਲੀ-ਹੌਲੀ ਸ਼ੀਲਾ ਭਾਟੀਆ ਨਾਲ ਮਿਲ ਕੇ ਲਾਹੌਰ ਦੇ ਲਾਰੈਂਸ ਗਰਡਨ (ਜੋ ਹੁਣ ਫਾਤਿਮਾ ਜਿਨਾਹ ਪਾਰਕ ਹੈ) ਵਿਚਲੇ ਓਪਨ-ਏਅਰ ਥੀਏਟਰ ਵਿਚ ਹੁੰਦੇ ਉਪੇਰਿਆਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਉਦੋਂ ਉਨ੍ਹਾਂ ਦੇ ਨਾਲ ਸ਼ੀਲਾ ਭਾਟੀਆ, ਪੈਰਿਨ ਰਮੇਸ਼ ਚੰਦ, ਸੁਤੰਤਰਤਾ ਭਗਤ, ਸਨੇਹ ਲਤਾ ਸਾਨਿਆਲ, ਸ਼ੀਲਾ ਸੰਧੂ, ਸੁਰਜੀਤ ਕੌਰ, ਲਿੱਟੋ ਘੋਸ਼, ਸਵੀਰਾ ਮਾਨ, ਪੂਰਨ ਤੇ ਕਦੀ-ਕਦੀ ਹੋਰ ਵੀ ਕੁੜੀਆਂ ਇਨ੍ਹਾਂ ਨਾਟਕਾਂ ਵਿਚ ਹਿੱਸਾ ਲੈਂਦੀਆਂ। ਇਕ ਵਾਰੀ ਤਾਂ ਇਨ੍ਹਾਂ ਨਾਟਕਾਂ ਨੂੰ ਦੇਖਣ ਲਈ ਭਾਰਤ ਦੀ ਪ੍ਰਸਿੱਧ ਕਵਿੱਤਰੀ ਤੇ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਦੀ ਵੀਰਾਂਗਣਾ ਸ਼ਖਸੀਅਤ ਸਰੋਜਨੀ ਨਾਇਡੂ ਅਤੇ ਸਿੱਖ ਰਾਜ ਦੇ ਅੰਤਲੇ ਮਹਾਰਾਜਾ ਦਲੀਪ ਸਿੰਘ ਦੀ ਬੇਟੀ ਰਾਜਕੁਮਾਰੀ ਬਾਂਬਾ ਸਦਰਲੈਂਡ ਵੀ ਆਈਆਂ। ਉਮਾ ਜੀ ਨੂੰ ਇਸ ਗੱਲ ਦਾ ਵੀ ਮਾਣ ਪ੍ਰਾਪਤ ਹੋਇਆ ਕਿ ਲਾਹੌਰ ਦੇ ਲਾਰੈਂਸ ਗਾਰਡਨ ਵਿਚ ਖੇਡੇ ਗਏ ਸੰਗੀਤ ਨਾਟਕ 'ਅਮਰ ਭਾਰਤ' ਦੀ ਪੇਸ਼ਕਾਰੀ ਸਮੇਂ, ਉਨ੍ਹਾਂ ਨੇ ਉਸਤਾਦ ਸਰੋਦ-ਵਾਦਕ ਅਲੀ ਅਕਬਰ ਖਾਨ, ਵਿਖਿਆਤ ਸਿਤਾਰਵਾਦਕ ਪੰਡਿਤ ਰਵੀ ਸ਼ੰਕਰ ਤੇ ਉਸ ਸਮੇਂ ਦੇ ਉਘੇ ਰੰਗ-ਮੰਚ ਅਦਾਕਾਰ ਬਿਨੋਏ ਰਾਏ ਨਾਲ ਮੰਚ ਸਾਂਝਾ ਕੀਤਾ। ਉਮਾ ਜੀ ਬਹੁਤ ਵਾਰ ਲਾਹੌਰ ਦੇ ਗਲੀਆਂ ਮੁਹੱਲਿਆਂ ਵਿਚ ਵੀ ਨਾਟਕ ਖੇਡਣ ਜਾਂਦੇ ਰਹੇ। ਬਹੁਤੇ ਨਾਟਕ ਗੀਤ ਤੇ ਨ੍ਰਿਤ ਨਾਟਕ ਹੁੰਦੇ ਸਨ। ਉਹ ਬਹੁਤ ਵਧੀਆ ਤੇ ਬਹੁਤ ਉਚੀ ਅਵਾਜ਼ ਵਿਚ ਗਾਉਂਦੇ ਸਨ। ਉਨ੍ਹਾਂ ਦੀ ਅਵਾਜ਼ ਸੁਣ ਕੇ ਉਦੋਂ ਮੁੰਬਈ ਤੋਂ ਉਸ ਸਮੇਂ ਦੇ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਪੀ. ਸੀ. ਜੋਸ਼ੀ ਨੇ ਆਪਣੇ ਸਿਰਕਰਦਾ ਆਗੂ ਡਾ. ਗੰਗਾਧਰ ਅਧਿਕਾਰੀ ਰਾਹੀਂ ਪੰਜਾਬ ਤੋਂ ਸੰਗੀਤਕਾਰ ਪ੍ਰੇਮ ਧਵਨ ਅਤੇ ਉਮਾ ਜੀ ਨੂੰ ਬੰਬਈ, ਸਰਬ ਭਾਰਤ ਲੋਕ-ਰੰਗਮੰਚ ਸੰਗਠਨ (ਇਪਟਾ) ਦੀ ਰਾਸ਼ਟਰੀ ਟੋਲੀ ਵਿਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ, ਪਰ ਉਮਾ ਜੀ ਨੂੰ ਪੰਜਾਬੀ ਨਾਟਕ ਤੇ ਰੰਗਮੰਚ ਨਾਲ ਮੋਹ ਸੀ, ਇਸ ਲਈ ਉਹ ਬੰਬਈ ਨਹੀਂ ਗਏ ਤੇ ਪੰਜਾਬ ਵਿਚ ਹੀ ਨਾਟਕ ਖੇਡਦੇ ਰਹੇ।

ਉਨ੍ਹਾਂ ਦਿਨਾਂ ਵਿਚ ਹੀ ਉਘੇ ਕਮਿਊਨਿਸਟ ਆਗੂ ਕਾਮਰੇਡ ਦਲੀਪ ਸਿੰਘ ਟਪਿਆਲਾ ਨੇ ਉਮਾ ਜੀ ਦੀ ਉਚੀ ਅਵਾਜ਼ ਸੁਣ ਕੇ ਕਿਹਾ, "ਕੁੜੀਏ, ਮੈਂ ਤਾਂ ਸੋਚਦਾ ਸੀ ਕਿ ਸਟੇਜਾਂ 'ਤੇ ਮੈਂ ਹੀ ਸਭ ਤੋਂ ਉਚੀ ਅਵਾਜ਼ 'ਚ ਭਾਸ਼ਣ ਦੇਂਦਾ ਵਾਂ, ਤੂੰ ਤਾਂ ਮੇਰੇ ਤੋਂ ਵੀ ਉਚੀ ਅਵਾਜ਼ 'ਚ ਗੀਤ ਗਾਉਂਨੀ ਏਂ।" ਇਹ ਇਕ ਤਰ੍ਹਾਂ ਨਾਲ ਉਮਾ ਜੀ ਨੂੰ ਕਾਮਰੇਡ ਟਪਿਆਲਾ ਦਾ ਅਸ਼ੀਰਵਾਦ ਤੇ ਹੱਲਾਸ਼ੇਰੀ ਹੀ ਸੀ ਕਿ ਉਮਾ ਜੀ ਆਪਣੀਆਂ ਸਾਥਣਾਂ ਦੇ ਨਾਲ ਪਿੰਡਾਂ ਵਿਚ ਵੀ ਨਾਟਕ ਖੇਡਣ ਜਾਂਦੇ ਸੀ। ਉਦੋਂ ਹੀ ਜਦੋਂ ਇਹ ਕੁੜੀਆਂ 1945 ਵਿਚ ਪ੍ਰੀਤ ਨਗਰ ਲਾਗਲੇ ਇਕ ਪਿੰਡ ਚੁਗਾਵਾਂ ਵਿਖੇ ਸੰਗੀਤ ਨਾਟਕ 'ਹੁੱਲੇ ਹੁਲਾਰੇ' (ਜਿਸ ਨਾਟਕ ਦੀਆਂ ਉਦੋਂ ਤੱਕ ਲਗਭਗ ਵੀਹ ਪੇਸ਼ਕਾਰੀਆਂ ਲਾਹੌਰ, ਮੋਗਾ, ਅੰਮ੍ਰਿਤਸਰ ਤੇ ਪ੍ਰੀਤ ਨਗਰ ਵਗੈਰਾ ਥਾਂਵਾਂ 'ਤੇ ਹੋ ਚੁਕੀਆਂ ਸਨ) ਖੇਡ ਰਹੀਆਂ ਸਨ ਤਾਂ ਅੰਗਰੇਜ਼ ਹਕੂਮਤ ਨੂੰ ਤਕਲੀਫ ਹੋਣ ਲੱਗੀ। 'ਹੁੱਲੇ ਹੁਲਾਰੇ' ਵਿਚ ਕੁਝ ਸਤਰਾਂ ਸਨ, 'ਕੱਢ ਦਿਉ ਬਾਹਰ ਫਰੰਗੀ ਨੂੰ, ਕੱਢ ਦਿਉ ਪਾਰ ਫਰੰਗੀ ਨੂੰ।' ਨਾਟਕ ਦੀਆਂ ਇਹੋ ਸਤਰਾਂ ਅੰਗਰੇਜ਼ ਹਕੂਮਤ ਕੋਲੋਂ ਬਰਦਾਸ਼ਤ ਨਾ ਹੋਈਆਂ ਅਤੇ ਉਹਨੇ ਉਮਾ ਜੀ ਸਮੇਤ ਸੱਤ ਕੁੜੀਆਂ, ਜੋ ਨਾਟਕ ਵਿਚ ਹਿੱਸਾ ਲੈ ਰਹੀਆਂ ਸਨ, ਨੂੰ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਦੀ ਜੇਲ੍ਹ ਵਿਚ ਕੈਦ ਕਰ ਦਿੱਤਾ। ਗ੍ਰਿਫਤਾਰ ਹੋਣ ਵਾਲੀਆਂ ਇਨ੍ਹਾਂ ਸੱਤ ਕੁੜੀਆਂ ਵਿਚ ਉਮਾ, ਉਰਮਿਲਾ, ਪ੍ਰਤਿਮਾ (ਪੁੱਤਰੀਆਂ ਗੁਰਬਖਸ਼ ਸਿੰਘ 'ਪ੍ਰੀਤ ਲੜੀ'), ਸ਼ਕੁੰਤਲਾ, ਸ਼ੀਲਾ ਸੰਧੂ, ਸੁਰਜੀਤ ਕੌਰ ਤੇ ਇਕ ਹੋਰ ਸਨ (ਨਾਟਕਕਾਰ ਬਲਵੰਤ ਗਾਰਗੀ ਦੀ ਰਿਸ਼ਤੇਦਾਰ, ਜਿਸ ਨੂੰ ਸਾਰੇ 'ਚਾਚੀ' ਕਹਿੰਦੇ ਸਨ)। ਇਹ ਸਾਰੀਆਂ ਕੁੜੀਆਂ ਅੰਮ੍ਰਿਤਸਰ ਦੀ ਜੇਲ੍ਹ ਵਿਚ ਜ਼ਨਾਨਾ ਵਾਰਡ ਦੀ ਅਣਹੋਂਦ ਕਾਰਨ ਜਰਾਇਮ ਪੇਸ਼ਾ ਔਰਤਾਂ ਲਈ ਰਾਖਵੇਂ ਵਾਰਡ ਵਿਚ ਇਕ ਮਹੀਨਾ ਕੈਦ ਰਹੀਆਂ, ਪਰ ਉਥੇ ਵੀ ਆਜ਼ਾਦੀ ਦੇ ਗੀਤ ਗਾਉਂਦੀਆਂ ਰਹੀਆਂ। ਫੇਰ ਇਨ੍ਹਾਂ ਦਾ ਮੁਕੱਦਮਾ ਖੁਸ਼ਵੰਤ ਸਿੰਘ (ਉਸ ਸਮੇਂ ਵਕਾਲਤ ਕਰਦੇ, ਪਰ ਪਿਛੋਂ ਲੇਖਕ ਤੇ ਪੱਤਰਕਾਰ ਵਜੋਂ ਮਸ਼ਹੂਰ ਹੋਏ) ਨੇ ਲੜਿਆ ਤੇ ਇਹ ਕੁੜੀਆਂ ਰਿਹਾ ਹੋਈਆਂ।

ਜਦੋਂ 1947 ਵਿਚ ਦੇਸ਼ ਵੰਡਿਆ ਗਿਆ ਤਾਂ ਉਸ ਵੇਲੇ ਪ੍ਰੀਤ ਨਗਰ ਉਜੜ ਗਿਆ। ਇਥੇ ਰਹਿੰਦੇ ਮੁਸਲਮਾਨ ਪਰਿਵਾਰਾਂ ਨੂੰ ਪਹਿਲਾਂ ਇਸ ਵਸੇਬੇ ਦੀ ਮਨੋਰੰਜਨ ਕਲੱਬ, ਜੋ ਬੀਤੇ ਸਮਿਆਂ ਵਿਚ ਮੁਗਲ ਸਮਰਾਟ ਜਹਾਂਗੀਰ ਦੀ ਅਰਾਮਗਾਹ ਹੁੰਦੀ ਸੀ, ਵਿਚ ਪਨਾਹ ਦਿੱਤੀ ਗਈ। ਫਿਰ ਸਮਾਂ ਪਾ ਕੇ ਮਰਦ ਜੀਆਂ ਨੂੰ ਰਖਵਾਲੀ ਕਰ ਕੇ ਸਰਹੱਦੋਂ ਪਾਰ ਸੁਰੱਖਿਅਤ ਪਹੁੰਚਾ ਦਿੱਤਾ ਗਿਆ, ਪਰ ਔਰਤਾਂ ਤੇ ਬੱਚਿਆਂ ਨੂੰ ਇੱਕ ਲੁੱਗੇ ਘਰ ਵਿਚ, ਜੋ ਕਮਾਦ ਦੇ ਖੇਤ ਨਾਲ ਘਿਰਿਆ ਹੋਇਆ ਸੀ, ਲੈ ਆਂਦਾ ਗਿਆ ਤਾਂ ਜੋ ਫਸਾਦੀ ਉਨ੍ਹਾਂ 'ਤੇ ਹਮਲਾ ਨਾ ਕਰ ਸਕਣ। ਉਨ੍ਹਾਂ ਦਿਨਾਂ ਵਿਚ ਵੀ ਉਮਾ ਜੀ ਆਪਣੇ ਚਾਚਾ ਜੀ ਦੀ ਧੀ ਨਾਲ ਰਲ ਕੇ ਹਿੰਮਤ ਦਿਖਾਉਂਦੇ ਹੋਏ, ਫਸਾਦੀਆਂ ਤੋਂ ਛੁਪ ਕੇ ਉਥੇ ਖਾਣਾ ਪਹੁੰਚਾਉਂਦੇ ਰਹੇ, ਜਿੰਨਾ ਚਿਰ ਉਨ੍ਹਾਂ ਨੂੰ ਪਾਕਿਸਤਾਨੀ ਬਲੋਚ ਫੌਜ ਦੀ ਮਦਦ ਨਾਲ ਪਾਕਿਸਤਾਨ ਸੁਰੱਖਿਅਤ ਨਹੀਂ ਪਹੁੰਚਾਇਆ ਗਿਆ।

ਉਮਾ ਜੀ ਨੇ ਦਿੱਲੀ ਰਹਿ ਕੇ ਉਥੇ ਗੰਧਰਵ ਮਹਾਂਵਿਦਿਆਲੇ ਤੋਂ ਗਾਇਨ ਦੀ ਵਿੱਦਿਆ ਹਾਸਲ ਕੀਤੀ। ਫਿਰ ਜਦੋਂ ਉਨ੍ਹਾਂ ਦਾ ਪਰਿਵਾਰ ਮੁੜ ਪ੍ਰੀਤ ਨਗਰ ਆ ਗਿਆ ਤਾਂ ਉਮਾ ਭੈਣ ਜੀ ਉਦੋਂ ਰੰਗਮੰਚ ਦੇ ਨਾਲ-ਨਾਲ ਪੰਜਾਬੀ ਦੇ ਪ੍ਰਸਿੱਧ ਪੰਜਾਬੀ ਰਸਾਲੇ 'ਪ੍ਰੀਤ ਲੜੀ' (ਇਸ ਰਸਾਲੇ ਦੀ ਮੈਨੇਜਰ ਹੋਣ ਨਾਤੇ) ਪੋਸਟ ਕਰਨ ਦੀ ਜ਼ਿੰਮੇਵਾਰੀ ਵੀ ਨਿਭਾਉਂਦੇ ਸਨ। ਉਦੋਂ 'ਪ੍ਰੀਤ ਲੜੀ' ਦੀ ਛਪਣ-ਗਿਣਤੀ 50,000 (ਪੰਜਾਹ ਹਜ਼ਾਰ) ਸੀ। ਉਮਾ ਜੀ ਆਪਣੇ ਸਾਥੀਆਂ/ਸਾਥਣਾਂ ਨਾਲ ਬੈਠ ਕੇ ਰਸਾਲੇ ਦੀਆਂ ਪ੍ਰਤੀਆਂ 'ਤੇ ਪਤਾ-ਪਰਚੀਆਂ ਤੇ ਡਾਕ-ਟਿਕਟਾਂ ਲਗਾਉਂਦੇ ਅਤੇ ਫਿਰ ਗੱਡੇ 'ਤੇ ਲੱਦਵਾ ਕੇ ਪੋਸਟ ਆਫਿਸ ਭਿਜਵਾਉਂਦੇ।

ਫਿਰ ਇਨ੍ਹਾਂ ਦਿਨਾਂ ਵਿਚ ਭਾਰਤੀ ਲੋਕ ਰੰਗਮੰਚ ਸੰਗਠਨ (ਇਪਟਾ) ਦੀ ਪੰਜਾਬ ਸ਼ਾਖਾ ਨੂੰ ਸੁਰਜੀਤ ਕੀਤਾ ਗਿਆ ਤੇ ਪ੍ਰੀਤ ਨਗਰ ਨੂੰ ਹੀ ਇਸ ਦੀਆਂ ਸਰਗਰਮੀਆਂ ਦਾ ਕਾਰਜਕਾਰੀ ਖੇਤਰ ਬਣਾਇਆ ਗਿਆ। ਉਦੋਂ ਵੀ ਉਮਾ ਜੀ ਨੇ ਪੰਜਾਬੀ ਰੰਗਮੰਚ ਤੇ ਸੰਗੀਤ ਦਾ ਪੱਲਾ ਫੜੀ ਰੱਖਿਆ। ਉਨ੍ਹਾਂ ਨੇ ਤੇਰਾ ਸਿੰਘ ਚੰਨ ਦੇ ਲਿਖੇ ਅਤੇ ਉਨ੍ਹਾਂ ਦੀ ਨਿਰਦੇਸ਼ਨਾ ਹੇਠ ਖੇਡੇ ਗਏ ਨਾਟਕ 'ਲੱਕੜ ਦੀ ਲੱਤ' ਤੇ 'ਅਮਰ ਪੰਜਾਬ' ਉਪੇਰੇ ਨਾਟਕਾਂ ਦੇ ਸ਼ੋਅ ਕੀਤੇ। ਜੋਗਿੰਦਰ ਬਾਹਰਲਾ ਦੇ ਲਿਖੇ ਨਾਟ ਉਪੇਰੇ 'ਹਾੜ੍ਹੀਆਂ ਸੌਣੀਆਂ' ਵਿਚ ਵੀ ਕੰਮ ਕੀਤਾ। ਉਸ ਸਮੇਂ ਉਨ੍ਹਾਂ ਨੇ ਅਮਰਜੀਤ ਗੁਰਦਾਸਪੁਰੀ, ਨਿਰੰਜਨ ਸਿੰਘ ਮਾਨ, ਜਗਦੀਸ਼ ਫਰਿਆਦੀ, ਹੁਕਮ ਚੰਦ ਖਲੀਲੀ, ਪ੍ਰਿਤਪਾਲ ਸਿੰਘ ਮੈਣੀ, ਸਵਰਨ ਸਿੰਘ, ਗੁਰਚਰਨ ਸਿੰਘ ਬੋਪਾਰਾਏ ਤੇ ਕੰਵਲਜੀਤ ਸਿੰਘ ਸੂਰੀ ਅਤੇ ਕੁਝ ਇਕ ਹੋਰ ਸਾਥੀਆਂ ਨਾਲ, ਜੋ ਸਮੇਂ-ਸਮੇਂ ਸ਼ਾਮਿਲ ਹੁੰਦੇ ਗਏ, ਨਾਲ ਕੰਮ ਕੀਤਾ। ਉਦੋਂ ਹੀ ਉਨ੍ਹਾਂ ਨੇ ਮੁੱਖ ਗਾਇਕਾ ਸੁਰਿੰਦਰ ਕੌਰ ਦਾ ਨਾਟ-ਉਪੇਰਿਆਂ ਵਿਚ ਸਾਥ ਦਿੱਤਾ। ਉਨ੍ਹਾਂ ਨਾਲ ਇਹ ਸਾਥ ਦੇਣ ਵਾਲੀਆਂ ਸਾਥਣਾਂ ਸਨ: ਰਾਜਵੰਤ ਮਾਨ 'ਪ੍ਰੀਤ' (ਨਿਰੰਜਨ ਸਿੰਘ ਮਾਨ ਦੀ ਪਤਨੀ), ਸ਼ੀਲਾ ਦੀਦੀ (ਉਘੀ ਸਮਾਜ ਸੇਵਿਕਾ), ਮਹਿੰਦਰ ਕੌਰ (ਨਵਤੇਜ ਸਿੰਘ ਦੀ ਪਤਨੀ), ਆਸ਼ਾ (ਜਗਦੀਸ਼ ਫਰਿਆਦੀ ਦੀ ਪਤਨੀ), ਦੀਪ (ਅਮਰਜੀਤ ਗੁਰਦਾਸਪੁਰੀ ਦੀ ਪਤਨੀ), ਇਕਬਾਲ ਕੌਰ (ਉਘੀ ਇਸਤਰੀ ਆਗੂ ਬਲਜੀਤ ਕੌਰ ਕਲਸੀ ਦੀ ਭੈਣ), ਦਲਬੀਰ ਕੌਰ (ਬਾਬਾ ਗੁਰਮੁੱਖ ਸਿੰਘ ਲਲਤੋਂ ਦੀ ਭਤੀਜੀ), ਰਜਿੰਦਰ ਕੌਰ (ਪੰਜਾਬੀ ਲੇਖਕ ਪ੍ਰੀਤਮ ਬੇਲੀ ਦੀ ਭੈਣ), ਭਗਵੰਤ ਗਿੱਲ (ਸਿਹਤ ਵਿਗਿਆਨ ਬਾਰੇ ਪੰਜਾਬੀ ਵਿਚ ਲਿਖਣ ਦੀ ਪਿਰਤ ਪਾਉਣ ਵਾਲੀ ਲੇਖਕਾ ਜਸਵੰਤ ਗਿੱਲ ਦੀ ਭਤੀਜੀ) ਤੇ ਕੁਝ ਹੋਰ। ਇਹ ਪ੍ਰੋਗਰਾਮ ਬਠਿੰਡਾ, ਮੋਗਾ, ਜਲੰਧਰ, ਪਟਿਆਲਾ, ਅੰਮ੍ਰਿਤਸਰ 'ਚ ਲਗਾਤਾਰ ਖੇਡੇ ਗਏ। ਇਨ੍ਹਾਂ ਨੇ ਪੰਜਾਬੀ ਰੰਗਮੰਚ 'ਤੇ ਅਮਿੱਟ ਛਾਪ ਛੱਡੀ।

1953 ਵਿਚ ਉਮਾ ਜੀ ਨੇ ਰੋਮਾਨੀਆ ਦੀ ਰਾਜਧਾਨੀ ਬੁਖਾਰੈਸਟ ਵਿਚ ਹੋਏ ਨੌਜਵਾਨਾਂ ਤੇ ਵਿਦਿਆਰਥੀਆਂ ਵਿਚਾਲੇ ਅਮਨ ਅਤੇ ਦੋਸਤੀ ਨੂੰ ਸਮਰਪਿਤ ਚੌਥੇ ਕੌਮਾਂਤਰੀ ਮੇਲੇ ਵਿਚ ਹਿੱਸਾ ਲਿਆ। ਉਹ ਸੋਵੀਅਤ ਯੂਨੀਅਨ ਮੁਲਕਾਂ, ਚੀਨ, ਹਾਂਗਕਾਂਗ, ਆਸਟਰੀਆ, ਸਵਿਟਰਜ਼ਰਲੈਂਡ ਵੀ ਗਏ। ਰੂਸ ਵਿਚ ਮਾਸਕੋ ਵਿਖੇ ਬੈਲੇ 'ਸਵਾਨ ਲੇਕ' ਤੇ ਉਜ਼ਬੇਕਿਸਤਾਨ ਵਿਚ ਉਪੇਰਾ 'ਡਾਨ ਕਿਖੋਟੇ' ਦੇਖੇ। ਫਿਰ ਆਪਣੇ ਦਾਰ ਜੀ ਸ. ਗੁਰਬਖਸ਼ ਸਿੰਘ 'ਪ੍ਰੀਤ ਲੜੀ' ਨਾਲ ਉਹ ਕੈਨੇਡਾ, ਵੈਨਜ਼ੁਏਲਾ, ਇੰਗਲੈਂਡ, ਅਮਰੀਕਾ ਵੀ ਗਏ। ਪਿਛੋਂ ਉਹ ਦੋ ਵਾਰ ਅਮਰੀਕਾ ਤੇ ਇਕ ਵਾਰ ਫਰਾਂਸ ਵੀ ਗਏ।

ਉਮਾ ਜੀ ਅੱਜ ਸਾਡੇ ਵਿਚਾਲੇ ਨਹੀਂ ਰਹੇ। ਉਹ ਪੰਜਾਬੀ ਰੰਗਮੰਚ ਦੀ ਪਹਿਲੀ ਅਭਿਨੇਤਰੀ ਸੀ। ਉਹ ਪੰਜਾਬੀ ਰੰਗਮੰਚ ਦੇ ਇਤਿਹਾਸ ਨੂੰ ਨਵਾਂ ਮੋੜ ਦੇਣ ਵਾਲੀ ਪਹਿਲੀ ਮਹਿਲਾ ਅਦਾਕਾਰਾ ਹੈ, ਜਿਸ ਨੇ ਸੰਗੀਤ ਤੇ ਅਦਾਕਾਰੀ ਨੂੰ ਉਨ੍ਹਾਂ ਸਮਿਆਂ ਵਿਚ ਅਪਨਾਇਆ, ਜਦੋਂ ਕੁੜੀਆਂ ਦਾ ਸਟੇਜ 'ਤੇ ਆਉਣਾ ਤਾਂ ਦੂਰ, ਘਰੋਂ ਨਿਕਲਣਾ ਵੀ ਮੁਸ਼ਕਿਲ ਸੀ। ਉਮਾ ਜੀ ਨੇ ਲੰਮੀ ਤੇ ਭਰਵੀਂ ਉਮਰ ਗੁਜ਼ਾਰੀ ਅਤੇ 93 ਸਾਲ (ਜਨਮ 27 ਜੁਲਾਈ 1927, ਖਨਾਈ, ਬਲੋਚਿਸਤਾਨ, ਹੁਣ ਪਾਕਿਸਤਾਨ ਵਿਚ) ਦੀ ਉਮਰ ਤੱਕ ਪ੍ਰੀਤ ਨਗਰ ਦੀ ਰੰਗਮੰਚ ਪਰੰਪਰਾ ਨੂੰ ਜ਼ਿੰਦਾ ਰੱਖਿਆ।

ਉਮਾ ਜੀ ਪੰਜਾਬੀ, ਹਿੰਦੀ, ਅੰਗਰੇਜ਼ੀ ਜ਼ੁਬਾਨਾਂ ਦੀ ਚੰਗੀ ਜਾਣਕਾਰੀ ਰੱਖਦੇ ਸਨ। ਇਸ ਦੇ ਨਾਲ ਹੀ ਉਹ ਹਮੇਸ਼ਾ ਸਾਫ ਸਫਾਈ, ਸਲੀਕੇ, ਅਨੁਸ਼ਾਸਨ ਅਤੇ ਮਿਹਨਤ ਵਿਚ ਯਕੀਨ ਰੱਖਦੇ ਸਨ। ਹਰ ਮਹੀਨੇ ਹੋਣ ਵਾਲੇ ਨਾਟਕ ਦੀ ਆਈ ਟੀਮ ਲਈ, ਉਹਦੇ ਠਹਿਰਨ ਦੇ ਇੰਤਜ਼ਾਮ ਤੋਂ ਲੈ ਕੇ ਉਹਦੀ ਪੇਸ਼ਕਾਰੀ ਦੇ ਇੰਤਜ਼ਾਮ ਤੱਕ ਨਾਲ ਹੀ ਟੀਮ ਦੇ ਖਾਣ-ਪੀਣ ਦਾ ਇੰਤਜ਼ਾਮ ਆਪਣੀ ਨਿਗਰਾਨੀ ਹੇਠ ਕਰਦੇ ਸਨ। ਉਨ੍ਹਾਂ ਨੂੰ ਇਸ ਉਮਰ ਵਿਚ ਵੀ ਮੈਂ ਕਦੇ ਵੀ ਥੱਕਿਆ ਜਾਂ ਉਦਾਸ ਨਹੀਂ ਵੇਖਿਆ। ਮੈਂ ਤਾਂ ਇਹ ਦੇਖਿਆ ਕਿ ਉਹ ਬੇਹੱਦ ਮਿਲਾਪੜੇ ਸੁਭਾਅ ਦੇ ਸਨ, ਕਦੇ ਵੀ ਉਨ੍ਹਾਂ ਦੇ ਮੱਥੇ 'ਤੇ ਸ਼ਿਕਨ ਨਹੀਂ ਸੀ ਆਉਂਦੀ। ਹਮੇਸ਼ਗ ਪਿੱਛੇ ਰਹਿ ਕੇ, ਸਭਨਾਂ ਦਾ ਸਾਥ ਦਿੰਦੇ ਸਨ।

ਬੇਸ਼ੱਕ ਲੋਕ ਪਿੰਡਾਂ ਤੋਂ ਸ਼ਹਿਰਾਂ ਵੱਲ ਆ ਗਏ, ਪਰ ਉਮਾ ਜੀ ਆਖਰੀ ਸਾਹ ਤੱਕ ਪ੍ਰੀਤ ਨਗਰ ਵਿਚ ਹੀ ਰਹਿੰਦੇ ਰਹੇ। ਉਨ੍ਹਾਂ ਨੂੰ ਰੰਗਮੰਚ ਦਾ ਏਨਾ ਸ਼ੌਕ ਸੀ ਕਿ ਉਹ ਆਪਣੇ ਛੋਟੇ ਭਰਾ ਹਿਰਦੇਪਾਲ ਸਿੰਘ ਤੇ ਭਾਬੀ ਪਰਵੀਨ ਦੇ ਨਾਲ ਅੰਮ੍ਰਿਤਸਰ ਸ਼ਹਿਰ ਵਿਚ ਹੋਣ ਵਾਲੇ ਨਾਟਕ ਦੇਖਣ ਲਈ ਅਕਸਰ ਆਉਂਦੇ ਰਹਿੰਦੇ। ਉਹ ਨੌਜਵਾਨ ਕਲਾਕਾਰਾਂ ਲਈ ਪ੍ਰੇਰਨਾ ਸਰੋਤ ਬਣੇ ਰਹਿਣਗੇ। ਪੰਜਾਬੀ ਰੰਗਮੰਚ ਦੇ ਲੰਮੇ ਸਫਰ ਵਿਚ ਇਤਿਹਾਸਕ ਭੂਮਿਕਾ ਨਿਭਾਉਣ ਵਾਲੀ ਅਦਾਕਾਰਾ ਉਮਾ ਗੁਰਬਖਸ਼ ਸਿੰਘ ਨੂੰ ਸਲਾਮ!



***ਉਮਾ ਜੀ ਪੰਜਾਬੀ, ਹਿੰਦੀ, ਅੰਗਰੇਜ਼ੀ ਜ਼ੁਬਾਨਾਂ ਦੀ ਚੰਗੀ ਜਾਣਕਾਰੀ ਰੱਖਦੇ ਸਨ। ਇਸ ਦੇ ਨਾਲ ਹੀ ਉਹ ਹਮੇਸ਼ਾਂ ਸਾਫ ਸਫਾਈ, ਸਲੀਕੇ, ਅਨੁਸ਼ਾਸਨ ਅਤੇ ਮਿਹਨਤ ਵਿਚ ਯਕੀਨ ਰੱਖਦੇ ਸਨ। ਹਰ ਮਹੀਨੇ ਹੋਣ ਵਾਲੇ ਨਾਟਕ ਦੀ ਆਈ ਟੀਮ ਲਈ, ਉਹਦੇ ਠਹਿਰਨ ਦੇ ਇੰਤਜ਼ਾਮ ਤੋਂ ਲੈ ਕੇ ਉਹਦੀ ਪੇਸ਼ਕਾਰੀ ਦੇ ਇੰਤਜ਼ਾਮ ਤੱਕ ਨਾਲ ਹੀ ਟੀਮ ਦੇ ਖਾਣ-ਪੀਣ ਦਾ ਇੰਤਜ਼ਾਮ ਆਪਣੀ ਨਿਗਰਾਨੀ ਹੇਠ ਕਰਦੇ ਸਨ। ਉਨ੍ਹਾਂ ਨੂੰ ਇਸ ਉਮਰ ਵਿਚ ਵੀ ਮੈਂ ਕਦੇ ਵੀ ਥੱਕਿਆ ਜਾਂ ਉਦਾਸ ਨਹੀਂ ਵੇਖਿਆ। ਉਹ ਬੇਹੱਦ ਮਿਲਾਪੜੇ ਸੁਭਾਅ ਦੇ ਸਨ।***





*ਰੰਗਕਰਮੀ ਕੇਵਵਲ ਧਾਲੀਵਾਲ, ਉਮਾ ਗੁਰਬਖਸ਼ ਸਿੰਘ ਅਤੇ ਰੰਗਕਰਮੀ (ਮਰਹੂਮ) ਅਜਮੇਰ ਸਿੰਘ ਔਲਖ।*

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

# ਨਾ-ਮੁਕੰਮਲ ਸੱਚ ਦਿਖਾਉਂਦੀ ਫਿਲਮ





*ਸਿਨੇਮਾ ਯਾਦਾਂ, ਚੇਤਿਆਂ ਅਤੇ ਸੁਪਨਿਆਂ ਨੂੰ ਪੁਨਰ-ਸੁਰਜੀਤ ਕਰਨ ਦੀ ਕਲਾ ਹੈ। ਸਾਰੀਆਂ ਕਲਾਵਾਂ ਵਿਚੋਂ ਸਿਨੇਮਾ ਇਸ ਲਈ ਵੀ ਖਾਸ ਹੈ ਕਿ ਇਸ ਦੀ ਆਪਣੀ ਜ਼ੁਬਾਨ ਹੈ। ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾਉਣਗੇ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਇਸ ਵਾਰ ਇਰਾਨ ਦੇ ਫਿਲਮਸਾਜ਼ ਅੱਬਾਸ ਕਇਰੋਸਤਮੀ ਦੀ ਫਿਲਮ 'ਕਲੋਜ਼-ਅੱਪ' ਬਾਰੇ ਗੱਲ ਕੀਤੀ ਗਈ ਹੈ। -ਸੰਪਾਦਕ*

ਇਰਾਨ ਵਿਚ ਹੋਈ ਇਸਲਾਮਿਕ 'ਕ੍ਰਾਂਤੀ' ਦੇ ਦੌਰ ਵਿਚ ਅੱਬਾਸ ਕਇਰੋਸਤਮੀ ਨੇ ਬਹੁਤ ਸਾਰੀਆਂ ਡਾਕੂਮੈਂਟਰੀਆਂ ਦਾ ਨਿਰਮਾਣ ਅਤੇ ਨਿਰਦੇਸ਼ਨ ਕੀਤਾ। ਇਨ੍ਹਾਂ ਹੀ ਦਿਨਾਂ ਵਿਚ ਇੱਕ ਸਵੇਰ ਅਖਬਾਰ ਪੜ੍ਹਦਿਆਂ ਉਸ ਦੀ ਨਜ਼ਰ ਇੱਕ ਅਜੀਬੋ-ਗਰੀਬ ਮੁਕੱਦਮੇ 'ਤੇ ਪਈ। ਇਸ ਖਬਰ ਅਨੁਸਾਰ ਹੁਸੈਨ ਸਬਜ਼ਿਆਨ ਨਾਮ ਦੇ ਫਿਲਮਾਂ ਅਤੇ ਕਲਾ ਵਿਚ ਨੱਕੋ-ਨੱਕ ਡੁੱਬੇ ਬੇਰੁਜ਼ਗਾਰ ਮੁੰਡੇ ਨੇ ਇੱਕ ਪਰਿਵਾਰ ਨੂੰ ਇਹ ਕਹਿ ਕੇ ਆਪਣੇ ਝਾਂਸੇ ਵਿਚ ਲੈ ਲਿਆ ਕਿ ਉਹ ਇਰਾਨ ਦਾ ਮਸ਼ਹੂਰ ਫਿਲਮਸਾਜ਼ ਮੋਹਸਿਨ ਮਖਮਲਬਾਫ ਹੈ ਅਤੇ ਉਨ੍ਹਾਂ ਦੇ ਮੁੰਡਿਆਂ ਨੂੰ ਫਿਲਮਾਂ ਵਿਚ ਕੰਮ ਦਿਵਾ ਸਕਦਾ ਹੈ।

ਇਸ ਖਬਰ ਨੇ ਅੱਬਾਸ ਦਾ ਧਿਆਨ ਦੋ ਕਾਰਨਾਂ ਕਰਕੇ ਖਿੱਚਿਆ। ਪਹਿਲਾ, ਉਸ ਅਣਪਛਾਤੇ ਤੇ ਨਾਮਾਲੂਮ ਮੁੰਡੇ ਦੀ ਫਿਲਮਾਂ ਪ੍ਰਤੀ ਇੰਨੀ ਖਿੱਚ ਪਿੱਛੇ ਛੁਪੇ ਵਰਤਾਰੇ ਨੂੰ ਜਾਣਨ ਦੀ ਲਲਕ ਅਤੇ ਦੂਜਾ, ਇਹ ਤੱਥ ਕਿ ਉਸ ਸਮੇਂ ਅੱਬਾਸ ਤਹਿਰਾਨ ਵਿਚ ਸਰਕਾਰੀ ਮਹਿਕਮੇ (ਦਿ ਇੰਸਟੀਚਿਊਟ ਫਾਰ ਇੰਟਲੈਕਚੂਅਲ ਡਿਵੈਲਪਮੈਂਟ ਆਫ ਯੰਗ ਚਿਲਡਰਨ ਐਂਡ ਅਡਲਟਜ਼) ਵਿਚ ਕੰਮ ਕਰਦਾ ਸੀ। ਅੱਬਾਸ ਨੇ ਇਸ ਕੇਸ ਨੂੰ ਤਰੁੰਤ ਰਿਕਾਰਡ ਕਰਨ ਦਾ ਮਨ ਬਣਾ ਲਿਆ। ਇਸ ਫਿਲਮ ਨੂੰ 'ਫਿਲਮ ਬਾਰੇ ਫਿਲਮ' ਕਹਿਣਾ ਜ਼ਿਆਦਾ ਸਹੀ ਹੈ। ਇਸ ਫਿਲਮ ਦੀ ਖਾਸੀਅਤ ਇਹ ਹੈ ਕਿ ਇਹ ਫਿਲਮ ਹੁਸੈਨ ਦੁਆਰਾ ਕੀਤੇ ਫਰੇਬ ਨੂੰ ਨੈਤਿਕਤਾ ਜਾਂ ਕਾਨੂੰਨੀ ਪੇਚੀਦਗੀਆਂ ਵਿਚੋਂ ਪਰਖਣ ਦੀ ਥਾਂ ਫਿਲਮਾਂ ਦੁਆਰਾ ਉਸ ਅੰਦਰ ਉਪਜਾਏ ਸਿਰਜਣਾਤਮਿਕ, ਸਭਿਆਚਾਰਕ ਅਤੇ ਕਲਾਤਮਿਕ ਸਰਮਾਏ ਨੂੰ ਪੜ੍ਹਨ ਦੀ ਕੋਸ਼ਿਸ਼ ਕਰਦੀ ਹੈ।

ਫਿਲਮ 'ਕਲੋਜ਼-ਅੱਪ' (ਇਰਾਨੀ ਵਿਚ ਫਿਲਮ ਦਾ ਨਾਮ 'ਨਿਮਾ-ਯੇ-ਨਜ਼ਦੀਕ' ਹੈ ਜਿਸ ਦਾ ਅਰਥ ਬਣਦਾ ਹੈ 'ਕੋਲ ਤੇ ਨੇੜੇ') ਦੇ ਸ਼ੁਰੂ ਵਿਚ ਕਿਸੇ ਮੈਗਜ਼ੀਨ ਦਾ ਪੱਤਰਕਾਰ ਅਹਨ ਖਾਨ ਦੇ ਘਰ ਜਾਣ ਲਈ ਕਿਸੇ ਸਵਾਰੀ ਦੇ ਇੰਤਜ਼ਾਰ ਵਿਚ ਹੈ। ਅਹਨ ਖਾਨ ਦੇ ਪਰਿਵਾਰ ਨਾਲ ਅਜੀਬ ਵਾਕਿਆ ਹੋ ਗਿਆ ਹੈ। ਹੋਇਆ ਇਹ ਕਿ ਇਕ ਦਿਨ ਬੇਗਮ ਅਹਨ ਖਾਨ ਜਦੋਂ ਬੱਸ ਵਿਚ ਸਫਰ ਕਰ ਰਹੀ ਸੀ ਤਾਂ ਉਸ ਦੇ ਨਾਲ ਵਾਲੀ ਸੀਟ 'ਤੇ ਕੋਈ ਮੁਸਾਫਿਰ ਫਿਲਮ 'ਸਾਈਕਲਿਸਟ' ਦੇ ਸਕਰੀਨ-ਪਲੇਅ ਦੀ ਕਾਪੀ ਪੜ੍ਹ ਰਿਹਾ ਹੈ। ਅਹਨ ਖਾਨ ਦਾ ਪੂਰਾ ਪਰਿਵਾਰ ਕਿਉਂਕਿ ਸਿਨੇਮਾ ਦੇਖਣ ਦਾ ਸ਼ੌਕੀਨ ਹੈ, ਬੇਗਮ ਅਹਨ ਖਾਨ ਉਸ ਮੁਸਾਫਿਰ ਨਾਲ ਫਿਲਮਾਂ ਬਾਰੇ ਗੱਲਬਾਤ ਵਿਚ ਰੁਝ ਜਾਂਦੀ ਹੈ। ਇਸ ਮੁਸਾਫਿਰ ਹੁਸੈਨ ਸਬਜ਼ੈਨ ਦੇ ਦਿਮਾਗ ਵਿਚ ਇਕਦਮ ਫੁਰਨਾ ਫੁਰਦਾ ਹੈ ਅਤੇ ਉਹ ਬੇਗਮ ਅਹਨ ਖਾਨ ਦੇ ਪਰਿਵਾਰ ਦੀ ਫਿਲਮਾਂ ਪ੍ਰਤੀ ਦੀਵਾਨਗੀ ਭਾਂਪਦਿਆਂ ਖੁਦ ਨੂੰ ਇਰਾਨ ਦਾ ਮਸ਼ਹੂਰ ਫਿਲਮਸਾਜ਼ ਮੋਹਸਿਨ ਮਖਮਲਬਾਫ ਦੱਸਦਾ ਹੈ। ਇਹ ਕਹਾਣੀ ਇੱਥੇ ਹੀ ਖਤਮ ਨਹੀਂ ਹੁੰਦੀ ਸਗੋਂ ਆਪਣੀ ਧੁਨ ਵਿਚ ਲਾਪਰਵਾਹ ਹੁਸੈਨ ਅਹਨ ਖਾਨ ਦੇ ਘਰ ਜਾ ਕੇ ਉਨ੍ਹਾਂ ਦੇ ਮੁੰਡਿਆਂ ਨੂੰ ਫਿਲਮਾਂ ਵਿਚ ਕੰਮ ਦੇਣ ਦਾ ਝਾਂਸਾ ਦਿੰਦਾ ਹੈ ਅਤੇ ਆਨੀ-ਬਹਾਨੀ ਪੈਸਾ-ਟਕਾ ਵੀ ਉਧਾਰ ਲੈ ਲੈਂਦਾ ਹੈ। ਉਹ ਪਰਿਵਾਰ ਨੂੰ ਦੱਸਦਾ ਹੈ ਕਿ ਉਸ ਨੇ ਅਗਲੀ ਫਿਲਮ ਉਨ੍ਹਾਂ ਦੇ ਵਿਹੜੇ ਵਿਚ ਹੀ ਫਿਲਮਾਉਣੀ ਹੈ। ਇਕ ਦਿਨ ਅਹਨ ਖਾਨ ਅਚਾਨਕ ਕਿਸੇ ਮੈਗਜ਼ੀਨ ਵਿਚ ਛਪੀ ਮੋਹਸਿਨ ਮਖਮਲਬਾਫ ਦੀ ਫੋਟੋ ਦੇਖਦਾ ਹੈ ਤਾਂ ਉਸ ਨੂੰ ਸ਼ੱਕ ਪੈ ਜਾਂਦਾ ਹੈ। ਉਹ ਆਪਣਾ ਸ਼ੱਕ ਕੱਢਣ ਲਈ ਮੈਗਜ਼ੀਨ ਦੇ ਪੱਤਰਕਾਰ ਨਾਲ ਸੰਪਰਕ ਕਰਦਾ ਹੈ ਜਿਹੜਾ ਉਸ ਨੂੰ ਸੱਚ ਤੋਂ ਵਾਕਿਫ ਕਰਵਾਉਂਦਾ ਹੈ ਤੇ ਰੰਜ਼ ਨਾਲ ਭਰਿਆ ਪਰਿਵਾਰ, ਹੁਸੈਨ ਨੂੰ ਪੁਲਿਸ ਦੇ ਹਵਾਲੇ ਕਰ ਦਿੰਦਾ ਹੈ; ਪਰ ਕੀ ਸੱਚ ਇੰਨਾ ਹੀ ਹੈ?






*ਫਿਲਮਸਾਜ਼ ਅੱਬਾਸ ਕਇਰੋਸਤਮੀ (ਖੱਬੇ) ਦੀ ਫਿਲਮ 'ਕਲੋਜ਼-ਅੱਪ' ਦਾ ਪੋਸਟਰ।*


ਇੱਥੋਂ ਅੱਬਾਸ ਇਸ ਫਿਲਮ ਦੇ ਦ੍ਰਿਸ਼ਾਂ ਵਿਚ ਸ਼ਾਮਿਲ ਹੁੰਦਾ ਹੈ। ਉਹ ਕਿਤੋਂ ਵੀ ਕੋਈ ਵੀ ਚੀਜ਼, ਕੋਈ ਦ੍ਰਿਸ਼, ਕੋਈ ਆਵਾਜ਼, ਕੋਈ ਵੀ ਪਲ ਇਧਰੋਂ-ਉਧਰ ਨਹੀਂ ਕਰਦਾ। ਦਰਸ਼ਕਾਂ ਨੂੰ ਇਹ ਜਾਣ ਕੇ ਅਚੰਭਾ ਲੱਗ ਸਕਦਾ ਹੈ ਕਿ ਉਹਨੇ ਹੁਸੈਨ ਸਮੇਤ ਇਸ ਸਾਰੀ ਘਟਨਾ ਵਿਚ ਸ਼ਾਮਿਲ ਕਿਰਦਾਰਾਂ, ਥਾਵਾਂ ਅਤੇ ਹਾਲਾਤ ਨੂੰ ਜਿਉਂ ਦਾ ਤਿਉਂ ਰੱਖਿਆ ਹੈ। ਉਸ ਨੂੰ ਅੰਦਰੂਨੀ ਜਾਣਕਾਰ ਵਜੋਂ ਅਤੇ ਹਮਦਰਦੀ ਦੇ ਨਜ਼ਰੀਏ ਨਾਲ ਫਿਲਮਾਇਆ ਹੈ। ਫਿਲਮ ਦੇ ਇੱਕ ਅਹਿਮ ਦ੍ਰਿਸ਼ ਵਿਚ ਮੈਗਜ਼ੀਨ ਦਾ ਪੱਤਰਕਾਰ ਇਕ ਸ਼ਖਸ ਨਾਲ ਮੋਟਰਸਾਇਕਲ 'ਤੇ ਸਫਰ ਕਰ ਰਿਹਾ ਹੈ ਅਤੇ ਉਸ ਨੂੰ ਹੁਸੈਨ ਵਾਲੀ ਘਟਨਾ ਸੁਣਾਉਂਦਿਆਂ ਅਚਾਨਕ ਹੀ ਪੁੱਛਦਾ ਹੈ, 'ਕੀ ਤੈਨੂੰ ਪਤਾ ਹੈ ਕਿ ਮੋਹਸਿਨ ਮਖਮਲਬਾਫ ਕੌਣ ਹੈ?' ਉਹ ਸ਼ਖਸ ਬਹੁਤ ਆਰਾਮ ਨਾਲ ਜਵਾਬ ਦਿੰਦਾ ਹੈ, 'ਮੈਂ ਫਿਲਮਾਂ ਨਹੀਂ ਦੇਖਦਾ।' ਇਸ ਫਿਲਮ ਦਾ ਸਾਰਾ ਫਲਸਫਾ ਇਸੇ 'ਸੱਚ' ਦੇ ਇਰਦ-ਗਿਰਦ ਘੁੰਮਦਾ ਹੈ। ਅੱਬਾਸ ਇਸੇ ਸੱਚ ਵਿਚੋਂ ਹੁਸੈਨ ਦਾ ਸੱਚ ਨਿਤਾਰਨਾ ਚਾਹੁੰਦਾ ਹੈ। ਉਸ ਨੂੰ ਇਹ ਜਾਣਨ ਵਿਚ ਦਿਲਚਸਪੀ ਹੈ: ਕੀ ਵਾਕਿਆ ਹੀ ਸਭ ਤੋਂ ਸੁੱਚੇ ਸੱਚ ਦਾ ਰਸਤਾ ਬਹੁਤ ਸਾਰੇ ਝੂਠਾਂ ਵਿਚੋਂ ਹੋ ਕੇ ਜਾਂਦਾ ਹੈ।

ਅੱਬਾਸ ਜੱਜ ਤੋਂ ਇਸ ਮੁਕੱਦਮੇ ਦੀ ਸਾਰੀ ਕਾਰਵਾਈ ਰਿਕਾਰਡ ਕਰਨ ਦੀ ਇਜਾਜ਼ਤ ਲੈ ਲੈਂਦਾ ਹੈ। ਉਹ ਹੁਸੈਨ ਦੇ ਇਕਬਾਲੀਆ ਬਿਆਨ ਦੇ ਇੰਤਜ਼ਾਰ ਵਿਚ ਹੈ। ਆਪਣੇ ਬਚਾਉ ਵਿਚ ਹੁਸੈਨ ਦੱਸਦਾ ਹੈ ਕਿ ਇਸ ਘਟਨਾ ਪਿੱਛੇ ਉਸ ਦੀ ਫਿਲਮਾਂ ਅਤੇ ਮੋਹਸਿਨ ਮਖਮਲਬਾਫ ਪ੍ਰਤੀ ਮੁਹੱਬਤ ਜ਼ਿੰਮੇਵਾਰ ਹੈ। ਪਤਾ ਲੱਗਦਾ ਹੈ ਕਿ ਇਸ ਮੁਕੱਦਮੇ ਦਾ ਜੱਜ ਵੀ ਫਿਲਮਾਂ ਨਹੀਂ ਦੇਖਦਾ। ਹੁਣ ਅਸਲ ਮੁਸੀਬਤ ਸ਼ੁਰੂ ਹੁੰਦੀ ਹੈ। ਜੱਜ ਕਾਨੂੰਨੀ ਨੁਕਤੇ ਤੋਂ ਇਸ ਨੂੰ ਹੱਲ ਨਹੀਂ ਕਰ ਸਕਦਾ। ਇਸ ਦਾ ਹੱਲ ਦਰਅਸਲ ਕਿਸੇ ਕੋਲ ਵੀ ਨਹੀਂ। ਇਸ ਮੁਕੱਦਮੇ ਨੂੰ ਸਿਰਫ ਹੁਸੈਨ ਅਤੇ ਅੱਬਾਸ ਦਾ ਕਲਾ ਦਾ ਫੁੰਡਿਆ ਦਿਲ ਹੀ ਝੱਲ ਸਕਦਾ ਹੈ। ਇੱਥੇ ਸੱਚ, ਕਲਾ ਅਤੇ ਨੈਤਕਿਤਾ ਦੇ ਆਪਸੀ ਰਿਸ਼ਤੇ ਦੀ ਖੂਬਸੂਰਤੀ ਉਘੜ ਕੇ ਸਾਹਮਣੇ ਆਉਂਦੀ ਹੈ। ਫਰੇਬ ਖਾਧਾ ਪਰਿਵਾਰ ਹੁਸੈਨ ਨੂੰ ਮੁਆਫ ਕਰ ਦਿੰਦਾ ਹੈ ਬਸ਼ਰਤੇ ਉਸ ਦਾ ਦਿਲ ਗੁਨਾਹ ਤੋਂ ਸਦਾ ਲਈ ਮੁਨਕਰ ਹੋ ਜਾਵੇ। ਅੱਬਾਸ ਲਈ ਉਸ ਦੇ ਗੁਨਾਹ ਤੋਂ ਇਲਾਵਾ ਉਸ ਦੀ ਆਤਮਾ ਦਾ ਸੱਚ ਅਤੇ ਉਸ ਦੀਆਂ ਸਮਾਜਿਕ-ਆਰਥਿਕ ਸੱਚਾਈਆਂ ਦਾ ਸੱਚ ਕਿਤੇ ਵੱਡਾ ਹੈ। ਇਸ ਮੁਸ਼ਕਿਲ ਦੌਰ ਵਿਚ ਉਲਝੇ ਗੁੰਝਲਦਾਰ ਦਿਮਾਗ ਦਾ ਸੱਚ ਹੈ।

ਇਸ ਫਿਲਮ ਤੋਂ ਪੰਜ ਸਾਲਾਂ ਬਾਅਦ 1995 ਵਿਚ ਮੋਹਸਿਨ ਮਖਮਲਬਾਫ ਫਿਲਮ 'ਹੈਲੋ ਸਿਨੇਮਾ' (ਮੂਲ ਨਾਂ: ਸਲਾਮ ਸਿਨੇਮਾ) ਬਣਾਉਂਦਾ ਹੈ। ਇਸ ਫਿਲਮ ਵਿਚ ਉਹ ਉਨ੍ਹਾਂ ਲੋਕਾਂ ਦੇ ਆਡੀਸ਼ਨ ਲੈ ਰਿਹਾ ਹੈ ਜਿਹੜੇ ਫਿਲਮਾਂ ਵਿਚ ਅਦਾਕਾਰ ਬਣਨ ਦੀ ਝਾਕ ਰੱਖਦੇ ਹਨ। ਅੱਬਾਸ ਅਤੇ ਮੋਹਸਿਨ, ਦੋਵਾਂ ਨੂੰ ਪਤਾ ਹੈ ਕਿ ਕੈਮਰੇ ਦੇ ਪਿੱਛੇ ਵਾਪਰ ਰਹੀ ਜ਼ਿੰਦਗੀ ਵੀ ਨਾ-ਮੁਕੰਮਲ ਫਿਲਮ ਵਾਂਗ ਹੀ ਹੈ। ਓਨੀ ਹੀ ਸੱਚੀ ਅਤੇ ਓਨੀ ਹੀ ਝੂਠੀ।

ਅੱਬਾਸ ਇਸ ਫਿਲਮ ਵਿਚ ਵੀ ਆਪਣੀਆਂ ਹੋਰ ਫਿਲਮਾਂ ਵਾਂਗ ਅਨੰਤ ਯਾਤਰਾ ਦੀ ਪੈੜ ਨੱਪਦਾ ਹੈ। ਫਿਲਮ ਵਿਚ ਅੱਬਾਸ, ਹੁਸੈਨ, ਝੂਠ ਦੀ ਜ਼ੱਦ ਵਿਚ ਆਇਆ ਪਰਿਵਾਰ ਅਤੇ 'ਸੱਚ', ਸਾਰੇ ਦੇ ਸਾਰੇ ਨਿਰੰਤਰ ਸਫਰ ਵਿਚ ਹਨ। ਇਸ ਫਿਲਮ ਵਿਚ ਅੱਬਾਸ ਤੇ ਹੁਸੈਨ, ਦੋਵਾਂ ਨੂੰ ਕੈਮਰੇ ਦਾ ਸੱਚ ਖਾਸ ਮੁਕਾਮ 'ਤੇ ਖਿੱਚ ਲਿਆਉਂਦਾ ਹੈ। ਹੁਸੈਨ ਇਸ ਮੁਕਾਮ ਨੂੰ 'ਲਾਸਟ ਕੈਪਚਰ' ਦਾ ਨਾਮ ਦਿੰਦਾ ਹੈ। ਇਹ ਦੇਖਣਾ ਕਿੰਨਾ ਸੋਹਣਾ ਹੈ ਜਦੋਂ ਮੋਹਸਿਨ ਮਖਮਲਬਾਫ ਹੁਸੈਨ ਨੂੰ ਪੁੱਛਦਾ ਹੈ, "ਤੈਨੂੰ ਕੀ ਬਣੇ ਰਹਿਣਾ ਪਸੰਦ ਹੈ- ਹੁਸੈਨ ਜਾਂ ਮੋਹਸਿਨ ਮਖਮਲਬਾਫ' ਤਾਂ ਉਹ ਥੋੜ੍ਹੀ ਮਾਸੂਮੀਅਤ ਨਾਲ ਆਖਦਾ ਹੈ, 'ਮੈਂ ਆਪ ਬਣ-ਬਣ ਕੇ ਥੱਕ ਚੁੱਕਿਆ ਹਾਂ।'

ਫਿਲਮ ਦੇ ਅੰਤ ਵਿਚ ਮੋਹਸਿਨ ਮਖਮਲਬਾਫ ਨੂੰ ਮੋਟਰ-ਸਾਈਕਲ 'ਤੇ ਘਰ ਛੱਡਣ ਜਾ ਰਿਹਾ। ਉਨ੍ਹਾਂ ਦੀਆਂ ਗੱਲਾਂ ਮੁੱਕਣ ਦਾ ਨਾਮ ਨਹੀਂ ਲੈ ਰਹੀਆਂ। ਉਨ੍ਹਾਂ ਦੀ ਆਪਸੀ ਸਮਝ ਕਲਾ ਦੀ ਸਮਝ ਵਿਚੋਂ ਨਿਕਲੀ ਸਮਝ ਹੈ, ਸਿਨੇਮਾ ਨੂੰ ਮੁਹੱਬਤ ਕਰਨ ਵਿਚੋਂ ਨਿਕਲੀ ਸਮਝ ਹੈ ਜਿਸ ਦੀ ਖੂਬਸੂਰਤੀ ਨੂੰ ਇਹ ਫਿਲਮ ਬਹੁਤ ਬਾਰੀਕੀ ਨਾਲ ਕੈਮਰੇ ਰਾਹੀਂ ਦਰਸ਼ਕਾਂ ਤਕ ਲੈ ਕੇ ਜਾਂਦੀ ਹੈ।






*ਮੋਹਸਿਨ ਮਖਮਲਬਾਫ (ਖੱਬੇ) ਦੀ ਫਿਲਮ 'ਸਲਾਮ ਸਿਨੇਮਾ' ਦਾ ਪੋਸਟਰ।*

# ਮਿਥੁਨ ਦਾ ਮੁੰਡਾ ਵੀ ਹੀਰੋ ਬਣਿਆ

1980ਵਿਆਂ ਵਿਚ ਥੀਏਟਰ ਅਤੇ ਫਿਲਮੀ ਦੁਨੀਆਂ ਵਿਚ ਧੜੱਲੇ ਨਾਲ ਛਾ ਜਾਣ ਵਾਲੇ ਅਦਾਕਾਰ ਮਿਥੁਨ ਚੱਕਰਵਰਤੀ ਦਾ ਪੁੱਤਰ ਨਮਾਸ਼ੀ ਚੱਕਰਵਰਤੀ ਵੀ ਹੁਣ ਅਦਾਕਾਰੀ ਦੀ ਦੁਨੀਆਂ ਵਿਚ ਕੁੱਦ ਪਿਆ ਹੈ। ਉਹ ਮਸ਼ਹੂਰ ਫਿਲਮਸਾਜ਼ ਰਾਜ ਕੁਮਾਰ ਸੰਤੋਸ਼ੀ ਦੀ ਨਵੀਂ ਫਿਲਮ 'ਬੈਡ ਬੁਆਏ' ਵਿਚ ਨਾਇਕ ਬਣ ਕੇ ਆ ਰਿਹਾ ਹੈ। ਇਹ ਫਿਲਮ ਇਸੇ ਸਾਲ ਦੀਵਾਲੀ ਮੌਕੇ ਰਿਲੀਜ਼ ਕਰਨ ਦੀ ਯੋਜਨਾ ਹੈ।

ਇਸ ਫਿਲਮ 'ਚ ਨਮਾਸ਼ੀ ਨਾਲ ਨਾਇਕਾ ਵਜੋਂ ਅਮਰੀਨ ਕੁਰੈਸ਼ੀ ਆ ਰਹੀ ਹੈ। ਇਸ ਫਿਲਮ ਦਾ ਨਿਰਮਾਤਾ ਅਮਰੀਨ ਦਾ ਅੱਬਾ ਸਾਜਿਦ ਕੁਰੈਸ਼ੀ ਹੈ। ਇਸ ਫਿਲਮ ਬਾਰੇ ਐਲਾਨ ਰਾਜ ਕੁਮਾਰ ਸੰਤੋਸ਼ੀ ਨੇ ਪਿਛਲੇ ਸਾਲ ਮਈ ਵਿਚ ਕੀਤਾ ਸੀ ਅਤੇ ਹੁਣ ਫਿਲਮ ਦੀ ਸ਼ੂਟਿੰਗ ਕੀਤੀ ਜਾ ਰਹੀ ਹੈ। ਫਿਲਮ ਵਿਚ ਨਮਾਸ਼ੀ ਅਤੇ ਅਮਰੀਨ ਤੋਂ ਇਲਾਵਾ ਸਾਸਵਤਾ ਚੈਟਰਜੀ, ਜੌਹਨੀ ਲੀਵਰ, ਰਾਜੇਸ਼ ਸ਼ਰਮਾ ਆਦਿ ਕਲਾਕਾਰ ਕੰਮ ਕਰ ਰਹੇ ਹਨ। ਫਿਲਮ ਦਾ ਸੰਗੀਤ ਹਿਮੇਸ਼ ਰੇਸ਼ਮੀਆ ਦਾ ਹੈ ਜੋ ਸਨੀ ਹਿੰਦੁਸਤਾਨੀ, ਅਸੀਸ ਕੌਰ, ਅਰਿਜਿਤ ਸਿੰਘ ਅਤੇ ਅੰਤਰਾ ਮਿਤਰਾ ਤੋਂ ਇਸ ਫਿਲਮ ਲਈ ਗੀਤ ਤਿਆਰ ਕਰਵਾ ਰਿਹਾ ਹੈ।

ਆਪਣੇ ਮਾਮੂਲੀ ਜਿਹੇ ਜੁੱਸੇ ਕਾਰਨ ਮਿਥੁਨ ਚੱਕਰਵਰਤੀ ਨੇ ਪੰਜਾਬ ਵਿਚ ਖੂਬ ਧਮਾਲਾਂ ਪਾਈਆਂ ਸਨ। ਉਸ ਦੀ 1982 ਵਿਚ ਆਈ ਫਿਲਮ 'ਡਿਸਕੋ ਡਾਂਸਰ' ਨੇ ਸਭ ਦਾ ਧਿਆਨ ਖਿੱਚਿਆ ਸੀ। ਹੁਣ ਉਸ ਨੂੰ ਆਸ ਹੈ ਕਿ ਉਸ ਦਾ ਪੁੱਤਰ ਵੀ ਉਸੇ ਤਰ੍ਹਾਂ ਧਮਾਲਾਂ ਪਾਵੇਗਾ। ਫਿਲਮਸਾਜ਼ ਰਾਜ ਕੁਮਾਰ ਸੰਤੋਸ਼ੀ ਇਸ ਤੋਂ ਪਹਿਲਾਂ 'ਘਾਇਲ', 'ਦਾਮਿਨੀ', 'ਘਾਤਕ', 'ਚਾਈਨਾ ਗੇਟ', 'ਲੱਜਾ', 'ਦਿ ਲੀਜੈਂਡ ਆਫ ਭਗਤ ਸਿੰਘ', 'ਹੱਲਾ ਬੋਲ' ਵਰਗੀਆਂ ਫਿਲਮਾਂ ਬਣਾ ਚੁੱਕਾ ਹੈ।

*-ਗੁਰਜੰਟ ਸਿੰਘ*





*ਨਮਾਸ਼ੀ ਚੱਕਰਵਰਤੀ ਅਤੇ ਅਮਰੀਨ ਕੁਰੈਸ਼ੀ*

# XPressCargo

**Tel.: 317-426-5410**
**Ext 311 or 340**

**Cell : 317-701-4230**
Fax : 317-308-6424

**Pay Every Week**
**Single upto 42 Cent + Team Upto 50 Cent**

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




**ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ**

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

**ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ**
**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

**Online Application @ www.xpresscargoinc.com**